Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969 CA DRE# 00966763

Ad space available
Please call
Ph: 847-359-0746

Ad space available
Please call
Ph: 847-359-0746

Eighteenth Year of Publication ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

ਪੰਜਾਬ ਟਾਈਮਜ਼

Punjab Times, Vol 18, Issue 24, June 17, 2017 20451 N Plum Grove Rd., Palatine, IL 60074 Ph:847-359-0746, Fax:847-705-9388

ਸਿਆਸਤ ਕਰਨ ਕਰ ਕੇ ਘਿਰੀ ਸ਼੍ਰੋਮਣੀ ਕਮੇਟੀ

ਬਾਦਲਾਂ ਦੇ ਧਰਨਿਆਂ ਵਿਚ ਸ਼ਾਮਲ ਹੋਣ ਦੀ ਹੋਈ ਤਿੱਖੀ ਨੁਕਤਾਚੀਨੀ

ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ): ਪੰਜਾਬ ਵਿਚ ਸੱਤਾ ਬਦਲਦਿਆਂ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਥਕ ਮਸਲਿਆਂ ਦੀ ਯਾਦ ਆ ਗਈ ਹੈ। ਕਾਂਗਰਸ ਸਰਕਾਰ ਖਿਲਾਫ ਬਾਦਲਾਂ ਵਾਲੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵੱਲੋਂ ਵਿੱਢੇ ਸੰਘਰਸ਼ ਵਿਚ ਸ਼੍ਰੋਮਣੀ ਕਮੇਟੀ ਖੁੱਲ੍ਹ ਕੇ ਨਿੱਤਰੀ ਹੋਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਸਰਕਾਰ ਖਿਲਾਫ ਮੋਰਚੇ ਵਿਚ ਬਾਦਲਾਂ ਦਾ ਸਾਥ ਦੇਣ ਦਾ ਐਲਾਨ ਕੀਤਾ ਹੋਇਆ ਹੈ। ਇਥੋਂ ਤੱਕ ਕਿ ਬਾਦਲਾਂ ਦੇ ਧਰਨਿਆਂ ਵਿਚ ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਮੱਕੜ ਵੀ ਹਾਜ਼ਰੀ ਭਰ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਸਰਕਾਰ ਖਿਲਾਫ ਇਸ 'ਮੋਰਚੇ' ਦੀ ਵੱਡੇ ਪੱਧਰ 'ਤੇ ਨੁਕਤਾਚੀਨੀ ਹੋ ਰਹੀ ਹੈ। ਸਵਾਲ ਕੀਤਾ ਜਾ ਰਿਹਾ ਹੈ ਕਿ ਬਾਦਲ ਸਰਕਾਰ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਸਿੱਖਾਂ ਦੀ ਇਸ ਸਿਰਮੌਰ ਸੰਸਥਾ ਨੇ ਰੋਸ ਪ੍ਰਗਟ ਕਰ ਰਹੀ ਸੰਗਤ ਦਾ ਸਾਥ ਕਿਉਂ ਨਹੀਂ ਦਿੱਤਾ?

ਸੰਸਥਾ ਨੇ ਅੱਜ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਖਿਲਾਫ ਕਦੇ ਧਰਨੇ ਨਹੀਂ ਦਿੱਤੇ ਅਤੇ ਨਾ ਹੀ 2015 ਵਿਚ ਬਰਗਾੜੀ ਬੇਅਦਬੀ ਕਾਂਡ ਵੇਲੇ ਲੋਕਾਂ ਵੱਲੋਂ ਦਿੱਤੇ ਧਰਨਿਆਂ ਦਾ ਖੁੱਲ੍ਹ

(ਬਾਕੀ ਸਫਾ 6 'ਤੇ)

ਜਥੇਦਾਰ ਵਲੋਂ ਵੀ ਇਤਰਾਜ਼ ਪ੍ਰਗਟ

ਅੰਮ੍ਰਿਤਸਰ: ਸਿਆਸੀ ਪਾਰਟੀ ਵੱਲੋਂ ਉਲੀਕੇ ਧਰਨਿਆਂ ਵਿਚ ਸ਼੍ਰੋਮਣੀ ਕਮੇਟੀ ਦੀ ਸ਼ਮੂਲੀਅਤ ਦੇ ਹੋ ਰਹੇ ਵਿਰੋਧ 'ਤੇ ਉਸ ਵੇਲੇ ਪੰਥਕ ਮੋਹਰ ਵੀ ਲੱਗ ਗਈ ਜਦੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖ ਦਿੱਤਾ ਕਿ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਇਨ੍ਹਾਂ ਸਿਆਸੀ ਧਰਨਿਆਂ ਵਿਚ ਸ਼ਮੂਲੀਅਤ ਨਹੀਂ ਕਰਨੀ ਚਾਹੀਦੀ। ਇਸ ਸਬੰਧੀ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਤਾਂ ਜਥੇਦਾਰ ਨੇ ਆਖਿਆ ਕਿ ਇਸ ਬਾਰੇ ਜਵਾਬ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੀ ਦੇ ਸਕਦੇ ਹਨ, ਪਰ ਉਨ੍ਹਾਂ ਦੀ ਨਿੱਜੀ ਰਾਇ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਅਜਿਹੇ ਸਿਆਸੀ ਧਰਨਿਆਂ ਵਿਚ ਸ਼ਮੂਲੀਅਤ ਤੋਂ ਦੂਰ ਰਹਿਣਾ ਚਾਹੀਦਾ ਹੈ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਧਰਨਿਆਂ ਵਿਚ ਸ਼ਾਮਲ ਹੋਣ ਦੀ ਸਖਤ ਅਲੋਚਨਾ ਕੀਤੀ ਹੈ ਅਤੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਸਿਰਫ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਨੁਮਾਇੰਦਗੀ ਨਹੀਂ ਕਰਦੀ ਸਗੋਂ ਇਹ ਦੁਨੀਆਂ ਭਰ ਦੇ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੈ।

ਨਸ਼ਾ ਤਸਕਰੀ 'ਚ ਮੁੜ ਮਜੀਠੀਆ ਵੱਲ ਉਂਗਲ

ਚੰਡੀਗੜ੍ਹ: ਪੰਜਾਬ ਵਿਚ ਨਸ਼ਾ ਤਸਕਰੀ ਮਾਮਲੇ ਵਿਚ ਇਕ ਵਾਰ ਮੁੜ ਬਾਦਲ ਸਰਕਾਰ ਦੇ ਚਹੇਤੇ ਮੰਤਰੀ ਰਹੇ ਬਿਕਰਮ ਸਿੰਘ ਮਜੀਠੀਆ ਵੱਲ ਉਂਗਲ ਉਠੀ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਟਾਸਕ ਫੋਰਸ ਵੱਲੋਂ ਨਸ਼ਿਆਂ ਦੇ ਮਾਮਲੇ ਵਿਚ ਗ੍ਰਿਫਤਾਰ ਕੀਤੇ ਪੁਲਿਸ ਇੰਸਪੈਕਟਰ ਇੰਦਰਜੀਤ ਸਿੰਘ ਦੀ ਗ੍ਰਿਫਤਾਰੀ ਪਿੱਛੋਂ ਖੁਲਾਸਾ ਹੋਇਆ ਹੈ ਕਿ ਉਹ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੇ ਚਹੇਤੇ ਪੁਲਿਸ ਅਫਸਰਾਂ ਵਿਚ ਗਿਣਿਆ ਜਾਂਦਾ ਰਿਹਾ ਹੈ।

ਇਸੇ ਕਰ ਕੇ ਉਸ ਦੀ ਤਾਇਨਾਤੀ ਵੀ ਚੰਗੇ ਟਿਕਾਣਿਆਂ 'ਤੇ ਹੁੰਦੀ ਰਹੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇੰਦਰਜੀਤ ਸਿੰਘ ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਦਾ ਵੀ ਖਾਸ ਸੀ। ਜਿਥੇ ਵੀ ਸੀਨੀਅਰ ਅਫਸਰ ਦੀ ਬਦਲੀ ਹੁੰਦੀ ਸੀ, ਉਹ ਇੰਦਰਜੀਤ ਸਿੰਘ ਨੂੰ ਵੀ ਆਪਣੇ ਨਾਲ ਹੀ ਲੈ ਜਾਂਦਾ ਸੀ।

ਦੱਸਣਯੋਗ ਹੈ ਕਿ ਐਸ.ਟੀ.ਐਫ. ਨੇ ਇਸ ਇੰਸਪੈਕਟਰ ਦੀਆਂ ਦੋ ਰਿਹਾਇਸ਼ਾਂ ਉਤੇ ਛਾਪੇ ਮਾਰ ਕੇ ਚਾਰ ਕਿਲੋ ਹੈਰੋਇਨ, ਤਿੰਨ ਕਿਲੋ ਸਮੈਕ, ਏ.ਕੇ. 47 ਰਾਈਫਲ, 9 ਵਿਦੇਸ਼ੀ ਪਿਸਤੌਲ, ਅਣਚੱਲੇ ਕਾਰਤੂਸ ਅਤੇ ਸਾਢੇ ਸੋਲ੍ਹਾਂ ਲੱਖ ਨਕਦੀ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਇਹ ਵੀ ਦੱਸਿਆ ਗਿਆ ਹੈ ਕਿ ਪਿਛਲੇ ਪੰਜ ਸਾਲਾਂ ਦੌਰਾਨ ਉਹ ਜਿਥੇ ਵੀ ਤਾਇਨਾਤ ਰਿਹਾ, ਉਸ ਨੇ ਵੱਡੇ ਪੱਧਰ 'ਤੇ ਨਸ਼ਿਆਂ ਦੀਆਂ ਬਰਾਮਦਗੀਆਂ ਕੀਤੀਆਂ। ਇਸੇ ਕਾਰਨ ਉਸ ਨੂੰ ਚੋਖੇ ਮਾਣ-ਸਨਮਾਨ ਵੀ ਮਿਲਦੇ

ਰਹੇ। ਮਾਣ-ਸਨਮਾਨ ਦੇਣ ਵਾਲੇ ਸੀਨੀਅਰ ਅਧਿਕਾਰੀਆਂ ਨੇ ਕਦੇ ਇਹ ਘੋਖਣ ਦਾ ਯਤਨ ਤੱਕ ਨਹੀਂ ਕੀਤਾ ਕਿ ਉਸ ਵੱਲੋਂ ਬਤੌਰ ਜਾਂਚ ਅਧਿਕਾਰੀ (ਆਈ.ਓ.) ਪੜਤਾਲੇ ਗਏ ਕੇਸ ਅਦਾਲਤਾਂ ਵਿਚ ਜਾ ਕੇ ਫੇਲ੍ਹ ਕਿਉਂ ਹੋ ਜਾਂਦੇ ਹਨ ਅਤੇ ਮੁਲਜ਼ਮ ਬਰੀ ਕਿਉਂ ਹੋ ਜਾਂਦੇ ਸਨ।

ਐਸ.ਟੀ.ਐਫ. ਦੇ ਮੁਖੀ ਹਰਪ੍ਰੀਤ ਸਿੰਘ ਸਿੱਧੂ ਦਾ ਦਾਅਵਾ ਹੈ ਕਿ ਇਹ ਇੰਸਪੈਕਟਰ ਆਪਣੇ ਵੱਲੋਂ ਫੜੇ ਗਏ ਤਸਕਰਾਂ ਜਾਂ ਉਨ੍ਹਾਂ ਦੇ ਸਰਗਨਿਆਂ ਨਾਲ ਸੌਦੇਬਾਜ਼ੀ ਕਰ ਲੈਂਦਾ ਸੀ ਅਤੇ ਫਿਰ ਕੇਸ ਇੰਨੇ ਕੁ ਕਮਜ਼ੋਰ ਤਿਆਰ ਕਰਦਾ ਸੀ ਕਿ ਮੁਲਜ਼ਮ ਬਰੀ ਹੋ ਜਾਣ। ਉਸ ਦੇ ਅਜਿਹੇ ਰਿਕਾਰਡ ਦੇ ਮੱਦੇਨਜ਼ਰ ਉਸ ਦੀ ਕਾਰਗੁਜ਼ਾਰੀ ਦਾ ਜਾਇਜ਼ਾ ਲਿਆ ਗਿਆ ਅਤੇ ਇਸੇ ਜਾਇਜ਼ੇ ਦੇ ਆਧਾਰ ਉਤੇ ਉਸ ਖਿਲਾਫ਼ ਕਾਰਵਾਈ ਹੋਈ ਹੈ।

We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Raja SWEETS & CATERING
AUTHORIZED CATERER FOR MAJOR 5-STAR HOTELS
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Follow us on:
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA(367-7252)
www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਇਥੋਪੀਆ: 78 ਲੱਖ ਲੋਕ ਹੋ ਜਾਣਗੇ ਰੋਟੀ ਤੋਂ ਮੁਥਾਜ

ਇਥੋਪੀਆ: ਸੰਯੁਕਤ ਰਾਸ਼ਟਰ ਸੰਘ ਨੇ ਚਿਤਾਵਨੀ ਜਾਰੀ ਕਰਦੇ ਹੋਏ ਕਿਹਾ ਹੈ ਕਿ ਜੂਨ ਮਹੀਨੇ ਦੇ ਖਤਮ ਹੋਣ ਦੇ ਨਾਲ ਹੀ ਇਥੋਪੀਆ ਨੂੰ 78 ਲੱਖ ਲੋਕਾਂ ਲਈ ਉਪਲਬਧ ਕਰਵਾਈ ਗਈ ਐਮਰਜੈਂਸੀ ਮਦਦ ਖਤਮ ਹੋ ਜਾਵੇਗੀ। ਸੰਯੁਕਤ

ਰਾਸ਼ਟਰ ਸੰਘ ਦੀ ਏਜੰਸੀ ਵਰਲਡ ਫੂਡ ਪ੍ਰੋਗਰਾਮ ਦੇ ਸਾਨ ਆਇਲਫ ਨੇ ਕਿਹਾ, ਸਾਡਾ ਖਾਣ ਪੀਣ ਦਾ ਸਾਮਾਨ ਜੂਨ ਮਹੀਨੇ ਖਤਮ ਹੋਣ ਜਾ ਰਿਹਾ ਹੈ। ਇਸ ਦਾ ਮਤਲਬ ਹੈ ਕਿ 78 ਲੱਖ ਲੋਕਾਂ ਨੂੰ ਅਚਾਨਕ ਖਾਣਾ ਮਿਲਣਾ ਬੰਦ ਹੋ ਜਾਵੇਗਾ।

'ਸੇਵ ਦ ਚਿਲਡਰਨ' ਸੰਸਥਾ ਨਾਲ ਜੁੜੇ ਜਾਨ ਗ੍ਰਾਹਮ ਨੇ ਕਿਹਾ ਕਿ ਜਦੋਂ ਖਾਣਾ ਖਤਮ ਹੋ ਜਾਵੇਗਾ ਤਾਂ ਸਾਨੂੰ ਨਹੀਂ ਪਤਾ ਕੀ ਹੋਵੇਗਾ, ਖਾਣ ਦੀਆਂ ਬੁਨਿਆਦੀ ਚੀਜ਼ਾਂ ਤੋਂ ਬਿਨਾਂ ਖਤਰਨਾਕ ਕੁਪੋਸ਼ਣ ਦੀ ਸਮੱਸਿਆ ਸਾਹਮਣੇ ਆਏਗੀ, ਕਿਉਂਕਿ ਲੋਕਾਂ ਦੇ ਖਾਣੇ ਲਈ ਕੁਝ ਨਹੀਂ ਮਿਲ ਰਿਹਾ ਹੋਵੇਗਾ। ਇਹ ਬੱਚੇ ਗੰਭੀਰ ਕੁਪੋਸ਼ਣ ਦੇ ਸ਼ਿਕਾਰ ਹੋ ਜਾਣਗੇ ਜੋ ਬੇਹੱਦ ਖਤਰਨਾਕ ਸਥਿਤੀ ਹੋਵੇਗੀ। ਇਥੋਪੀਆ ਦੀ ਸਰਕਾਰ ਤੇ ਹੋਰ ਸਮਾਜਿਕ ਸੰਸਥਾਵਾਂ ਨੇ ਦੁਨੀਆਂ ਭਰ ਦੇ ਦਾਨੀ ਸੱਜਣਾਂ ਤੋਂ ਮਦਦ ਮੰਗੀ ਹੈ ਪਰ ਉਹ ਅਣਸੁਣਿਆ ਕਰ ਦਿੱਤੇ ਜਾਣ ਦੇ ਖਦਸ਼ੇ ਤੋਂ ਡਰੇ ਹੋਏ ਹਨ। ਸੰਯੁਕਤ ਰਾਸ਼ਟਰ ਨੇ ਉਤਰ ਪੂਰਬੀ ਨਾਇਜੀਰੀਆ, ਦੱਖਣੀ ਸੂਡਾਨ, ਯਮਨ ਅਤੇ ਸੋਮਾਲੀਆ ਵਿਚ ਚੱਲ ਰਹੇ ਅਕਾਲ ਨੂੰ 1945 ਤੋਂ ਬਾਅਦ ਦੁਨੀਆਂ ਦਾ ਸਭ ਤੋਂ ਵੱਡਾ ਮਨੁੱਖੀ ਸੰਕਟ ਐਲਾਨਿਆ ਹੈ। ਇਥੋਪੀਆ ਸਰਕਾਰ ਨੇ ਹਾਲ ਹੀ ਵਿਚ ਸੋਕੇ ਤੋਂ ਨਿਪਟਣ ਵਿਚ ਸਫਲਤਾ ਹਾਸਲ ਕੀਤੀ ਹੈ ਪਰ ਹਾਲੇ ਤੱਕ ਸਰਕਾਰ ਕੋਲ ਆਪਣੇ ਦਮ 'ਤੇ ਸੋਕੇ ਨਾਲ ਨਿਪਟਣ ਲਈ ਲੋੜੀਂਦਾ ਧਨ ਨਹੀਂ ਹੈ। ਬੀਤੇ ਦੋ ਸਾਲਾਂ ਵਿਚ ਸਰਕਾਰ ਨੇ 381 ਮਿਲੀਅਨ ਡਾਲਰ ਦੀ ਰਾਸ਼ੀ ਸੋਕੇ ਨਾਲ ਨਿਪਟਣ ਲਈ ਵੰਡੀ ਸੀ ਪਰ ਸੋਕੇ ਦਾ ਸੰਕਟ ਹਾਲੇ ਤੱਕ ਬਣਿਆ ਹੋਇਆ ਹੈ।

ਭਾਰਤੀ ਮੂਲ ਦੇ ਦੋ ਨਾਗਰਿਕ ਧੋਖਾਧੜੀ ਦੇ ਦੋਸ਼ 'ਚ ਕਾਬੂ

ਨਿਊ ਯਾਰਕ: ਅਮਰੀਕਾ ਵਿਚ ਫੈਡਰਲ ਏਜੰਟ ਬਣਾ ਕੇ ਲੋਕਾਂ ਨੂੰ ਇਮੀਗਰੇਸ਼ਨ ਦਾ ਦਰਜਾ ਦਿਵਾਉਣ ਦਾ ਵਾਅਦਾ ਕਰ ਕੇ 60 ਲੱਖ ਡਾਲਰ ਦੀ ਠੱਗੀ ਮਾਰਨ ਵਾਲੇ ਭਾਰਤੀ ਮੂਲ ਦੇ ਦੋ ਵਿਅਕਤੀਆਂ ਸਮੇਤ ਤਿੰਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਹੋਮਲੈਂਡ ਸਕਿਊਰਿਟੀ ਵਿਭਾਗ ਦੇ ਅਧਿਕਾਰੀ ਬਣ ਕੇ ਕੈਲੀਫੋਰਨੀਆ ਦੇ ਹਰਦੇਵ ਪਨੇਸਰ (69) ਅਤੇ ਮੈਕਸੀਕੋ ਦੇ ਰਾਫੇਲ ਹੈਜ਼ਟਾਈ (47) ਨੇ ਮੋਟੀ ਫੀਸ ਬਦਲੇ ਲੋਕਾਂ ਨੂੰ ਇਮੀਗਰੇਸ਼ਨ ਦਰਜਾ ਦਿਵਾਉਣ ਦਾ ਵਾਅਦਾ ਕੀਤਾ ਸੀ। ਫਰਜ਼ੀ ਯੋਜਨਾ 'ਚ ਸਾਥ ਦੇਣ ਵਾਲੇ ਕੈਲੀਫੋਰਨੀਆ ਦੇ ਗੁਰਦੇਵ ਸਿੰਘ (56) ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਖਿਲਾਫ ਹੁਣ ਕੇਸ ਚੱਲੇਗਾ।

PERSONAL INJURY ATTORNEYS

LAW OFFICES OF MANPREET S. BAINS
LAW OFFICES OF WILLIAM E. WEISS

AN ASSOCIATION OF LAW FIRMS

Offering Joint Representation at No Additional Cost

No Fees Unless Recovery for Your Injuries is Made

Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights

RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results

Personal Injury matters are time sensitive!

For a free consultation, please call (510) 474-0028
E-mail: BainsWeiss@gmail.com

Serving the Bay Area and Beyond • Offices in San Francisco and Union City

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥

ਸ. ਮਹਿੰਦਰ ਸਿੰਘ ਗਿੱਲ

ਸਾਡੇ ਪੂਜਨੀਕ ਪਿਤਾ ਜੀ ਸ. ਮਹਿੰਦਰ ਸਿੰਘ ਗਿੱਲ ਪਰਮ ਪਿਤਾ ਪਰਮੇਸ਼ਰ ਵਲੋਂ ਬਖਸ਼ੀ ਆਰਜ਼ਾ ਭੋਗ ਕੇ 6 ਜੂਨ 2017 ਨੂੰ ਇਸ ਫਾਨੀ ਸੰਸਾਰ ਤੋਂ ਸਦਾ ਲਈ ਅਲਵਿਦਾ ਆਖ ਗਏ ਸਨ। ਉਨ੍ਹਾਂ ਦੀਆਂ ਅੰਤਿਮ ਰਸਮਾਂ ਹੇਠ ਲਿਖੇ ਅਨੁਸਾਰ ਹੋਣਗੀਆਂ। ਸਮੂਹ ਮਿੱਤਰਾਂ/ਸਨੇਹੀਆਂ ਨੂੰ ਇਨ੍ਹਾਂ ਰਸਮਾਂ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।

ਅੰਤਿਮ ਸਸਕਾਰ

ਸਨਿਚਰਵਾਰ 17 ਜੂਨ 2017 ਦੁਪਹਿਰ 12 ਤੋਂ ਤਿੰਨ ਵਜੇ ਤਕ
ਚੈਪਲ ਆਫ ਚਾਈਮਜ਼, ਹੇਵਰਡ
32992 Mission Blvd, Hayward, CA 94544 Ph:(510) 400-4442

ਅੰਤਿਮ ਅਰਦਾਸ

ਬਾਅਦ ਦੁਪਹਿਰ 3:30 ਤੋਂ 5:30 ਵਜੇ ਤੱਕ
ਗੁਰਦੁਆਰਾ ਫਰੀਮਾਂਟ
300 ਗੁਰਦਆਰਾ ਰੋਡ, ਫਰੀਮਾਂਟ ਕੈਲੀਫੋਰਨੀਆ 94536
ਫੋਨ: 510-790-0177

ਵਲੋਂ: ਜਸਵਿੰਦਰ (ਜੱਸੀ) ਸਿੰਘ ਗਿੱਲ ਅਤੇ ਸਮੂਹ ਪਰਿਵਾਰ, ਫੋਨ: 510-304-9292

ਸੈਨ ਫਰਾਂਸਿਸਕੋ ਵਿਚ ਸਜਿਆ ਮਹਾਨ ਨਗਰ ਕੀਰਤਨ

ਸੈਨ ਫਰਾਂਸਿਸਕੋ (ਬਿਊਰੋ): ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੂਨ 1984 ਵਿਚ ਦਰਬਾਰ ਸਾਹਿਬ 'ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਆਪਰੇਸ਼ਨ

ਬਲਿਊ ਸਟਾਰ ਦੀ 33 ਵੀਂ ਵਰ੍ਹੇਗੰਢ ਮੌਕੇ ਇਥੇ ਇਕ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ, ਜਿਸ ਵਿਚ ਕੈਲੀਫੋਰਨੀਆ ਦੇ ਵਖ ਵਖ ਸ਼ਹਿਰਾਂ ਅਤੇ ਹੋਰਨਾਂ ਸਟੇਟਾਂ ਤੋਂ ਵਡੀ ਗਿਣਤੀ ਵਿਚ ਸਿੱਖ ਸੰਗਤਾਂ ਨੇ ਹਾਜਰੀ ਭਰੀ।

ਨਗਰ ਕੀਰਤਨ ਉਪਰੰਤ ਇਥੇ ਸਿਵਿਕ ਸੈਂਟਰ ਦੀ ਖੁੱਲੀ ਪਾਰਕ ਚ ਦੀਵਾਨ ਵੀ ਸਜੇ ਜਿਥੇ ਵਖ ਵਖ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਇਹ ਗੱਲ ਨੂੰ ਜੋਰ ਦੇ ਕੇ ਉਭਾਰੀ ਕਿ 33 ਸਾਲ ਬੀਤ ਜਾਣ ਪਿਛੋਂ ਵੀ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ ਅਤੇ ਅਜੇ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਿਰਦੋਸ਼ ਸਿੱਖ ਜੇਲ੍ਹਾਂ ਵਿਚ ਬੰਦ ਹਨ। ਭਾਰਤ ਵਿਚ ਸਿਰਫ ਸਿੱਖਾਂ ਨੂੰ ਹੀ ਨਹੀਂ, ਸਾਰੀਆਂ ਘੱਟ ਗਿਣਤੀਆਂ ਨੂੰ ਹੀ ਜਬਰ ਦਾ ਸ਼ਿਕਾਰ ਬਣਨਾ ਪੈ ਰਿਹਾ ਹੈ। 1984 ਵਿਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਭਾਰਤ ਦੇ ਹੋਰਨਾਂ ਸ਼ਹਿਰਾਂ ਵਿਚ ਹੋਏ ਸਿੱਖ ਕਤਲੇਆਮ ਦੇ ਪੀੜਤ ਅਜੇ ਵੀ ਇਨਸਾਫ ਦੀ ਉਡੀਕ ਕਰ ਰਹੇ ਹਨ ਤੇ ਕਿਸੇ ਵੀ ਦੋਸ਼ੀ ਨੂੰ ਸਜਾ ਨਹੀਂ ਮਿਲੀ।

ਸਮਾਗਮ ਦੇ ਮੁੱਖ ਬੁਲਾਰਿਆਂ ਵਿਚ ਹੋਰਨਾਂ ਤੋਂ ਇਲਾਵਾ ਰਾਗੀ ਭਾਈ ਬਲਬੀਰ ਸਿੰਘ, ਕਸਮੀਰ ਤੋਂ ਡਾ. ਹੁਮਾ ਦਾਰ, ਟੋਰਾਂਟੋ ਤੋਂ ਭਾਈ ਹਰਪ੍ਰੀਤ ਸਿੰਘ ਅਤੇ ਇੰਗਲੈਂਡ ਤੋਂ ਭਾਈ ਸੁੱਖਾ

ਸਿੰਘ ਸ਼ਾਮਲ ਸਨ।

ਡਾ. ਹੁਮਾ ਦਾਰ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਸਿੱਖਾਂ ਦੇ ਬੱਚੇ ਵੀ ਆਪਣੇ ਨਾਲ ਹੋਈਆਂ ਜਿਆਦਤੀਆਂ ਤੋਂ ਚੇਤੰਨ ਹਨ, ਕਿਹਾ ਕਿ ਕਸਮੀਰੀਆਂ ਅਤੇ ਸਿੱਖਾਂ ਨੇ ਭਾਰਤੀ ਹਕੂਮਤ ਹੱਥੋਂ ਬਰਾਬਰ ਦਾ ਦਰਦ ਹੰਢਾਇਆ ਹੈ ਤੇ ਸਿੱਖ ਤੇ ਕਸਮੀਰੀ ਅਜਾਦੀ ਹਾਸਲ ਹੋਣ ਤੱਕ ਜੂਝਦੇ ਰਹਿਣਗੇ।

ਭਾਈ ਹਰਪ੍ਰੀਤ ਸਿੰਘ ਟੋਰਾਂਟੋ ਨੇ ਵੱਖ ਵੱਖ ਸਰਕਾਰਾਂ ਵਲੋ ਸਿੱਖਾਂ ਉਤੇ ਕੀਤੀਆਂ ਗਈਆਂ ਜ਼ਿਆਦਤੀਆਂ ਦਾ ਵੇਰਵਾ ਦਿੰਦਿਆਂ ਕਿਹਾ ਕਿ ਸਿੱਖਾਂ ਨੂੰ ਕੁੱਤਿਆਂ ਵਾਂਗ ਮਾਰਿਆ ਗਿਆ ਤੇ ਅੱਜ ਤੱਕ ਇਨਸਾਫ ਨਹੀਂ ਮਿਲਿਆ। ਭਾਈ ਸੁੱਖਾ ਸਿੰਘ ਨੇ ਵੀ ਸਿੰਘਾ ਦੀਆਂ ਕੁਰਬਾਨੀਆਂ ਅਤੇ ਭਾਰਤੀ ਸਰਕਾਰ ਵਲੋਂ ਕੀਤੀ ਗਈ ਸਿੱਖਾਂ ਦੇ ਕਤਲੇਆਮ ਦੀ ਦਾਸਤਾਨ ਬਿਆਨ ਕੀਤੀ।

ਹੋਰ ਬੁਲਾਰਿਆਂ ਨੇ ਕਿਹਾ ਕਿ ਅਸੀ ਇਥੇ ਹਰ ਸਾਲ ਇਕੱਠੇ ਹੁੰਦੇ ਹਾਂ ਤੇ ਦਰਬਾਰ ਸਾਹਿਬ ਦੀ ਰਾਖੀ ਲਈ ਆਪਣੀਆਂ ਜਾਨਾਂ ਵਾਰ ਗਏ ਆਪਣੇ ਭੈਣਾਂ/ਭਰਾਵਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਾਂ। ਅਸੀ ਉਨ੍ਹਾਂ ਨੂੰ ਕਦੀ ਵੀ ਨਹੀਂ ਭੁਲ ਸਕਦੇ ਤੇ ਨਾ ਹੀ ਕਦੀ ਭੁਲਾਉਣਾ ਚਾਹੀਦਾ ਹੈ। ਵੱਖਰਾ ਸਿੱਖ ਰਾਜ ਹੀ ਸਿੱਖਾਂ ਦੀ ਸੁਰਖਿਆ ਦਾ ਇਕੋ ਇਕ ਹੱਲ ਹੈ। ਅਪਰੇਸ਼ਨ ਬਲਿਊ ਸਟਾਰ ਭਾਰਤੀ ਇਤਿਹਾਸ ਵਿਚ ਇਕ ਕਦੀ ਨਾ ਮਿਟਣ ਵਾਲਾ ਕਾਲਾ ਧੱਬਾ ਬਣ ਗਿਆ, ਜਿਸ ਦਾ ਮਕਸਦ ਕਿਸੇ ਸਿਆਸੀ ਆਗੂ ਨੂੰ ਗ੍ਰਿਫਤਾਰ ਕਰਨਾ ਜਾਂ ਮਾਰਨਾ ਨਹੀਂ, ਸਗੋਂ ਖੁਦਮੁਖਤਿਆਰੀ ਦੀ ਮੰਗ ਕਰ ਰਹੇ ਸਿੱਖਾਂ ਨੂੰ ਦਬਾਉਣਾ ਸੀ। ਪਰ ਦਰਬਾਰ ਸਾਹਿਬ ਦੀ ਬੇਹੁਰਮਤੀ ਖਿਲਾਫ ਡੱਟੇ ਸਿੱਖਾਂ ਨੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਭਾਰਤੀ ਫੌਜ ਦਾ ਡਟ ਕੇ ਮੁਕਾਬਲਾ ਕੀਤਾ। ਇਸ ਹਮਲੇ ਦੀ ਕੋਈ ਜਾਂਚ ਨਹੀਂ ਕਰਵਾਈ ਗਈ, ਨਾ ਕਿਸੇ ਨੂੰ ਇਸ ਖਾਤਰ ਜਵਾਬਦੇਹ ਬਣਾਇਆ ਗਿਆ।

ਇਸ ਵਿਸਾਲ ਸਮਾਗਮ ਵਿੱਚ ਪਹੁੰਚੇ ਹੋਰ ਉਘੇ ਸਿੱਖ ਲੀਡਰਾਂ ਵਿਚ ਡਾ. ਪ੍ਰਿਤਪਾਲ ਸਿੰਘ, ਜੌਹਨ ਸਿੰਘ ਗਿੱਲ, ਜਸਜੀਤ ਸਿੰਘ ਸੰਤ ਸਿੰਘ ਹੋਠੀ, ਮਲਕੀਤ ਸਿੰਘ ਬੋਪਾਰਾਏ, ਸ਼ਮਨਜੀਤ ਸਿੰਘ ਉਪੱਲ, ਹਰਜੋਤ ਸਿੰਘ ਖਾਲਸਾ, ਬਲਵੰਤ ਸਿੰਘ ਵਿਰਕ, ਜਸਵਿੰਦਰ ਸਿੰਘ ਜੰਡੀ, ਲਾਲੀ ਧਨੋਆ, ਭਿੰਦਾ ਗਾਖਲ, ਕੁਲਜੀਤ ਸਿੰਘ ਨਿਝੱਰ, ਹਰਨੇਕ ਸਿੰਘ ਅਟਵਾਲ, ਬਲਰਾਜ ਸਿੰਘ ਢਿਲੋਂ, ਜਸਦੇਵ ਸਿੰਘ, ਕਸਮੀਰ ਸਿੰਘ ਸਾਹੀ, ਰਵਿੰਦਰ ਸਿੰਘ ਕਾਹਲੋਂ, ਰੇਡੀਓ ਪੰਜਾਬ ਤੋਂ ਐਸ ਪੀ ਸਿੰਘ, ਵੂਡਲੈਂਡ ਤੋ ਕੁਲਦੀਪ ਸਿੰਘ ਕੰਗ ਸ਼ਾਮਲ ਸਨ।

ਧਾਰਮਿਕ ਸਟੇਜ ਤੋਂ ਕਾਰਵਾਈ ਦਵਿੰਦਰ ਸਿੰਘ ਬੱਬਰ ਨੇ ਚਲਾਈ। ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਤੇ ਰਿਸਤੇਦਾਰਾਂ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।

ਰਵੀ ਬਾਠ

ਰੀਅਲ ਐਸਟੇਟ ਕੰਸਲਟੈਂਟ ਅਤੇ ਨੋਟਰੀ ਪਬਲਿਕ

ਅੱਜ ਦੀ ਮਾਰਕਿਟ ਵਿਚ ਤੁਹਾਡੇ ਘਰ ਦੀ ਕੀ ਕੀਮਤ ਹੈ, ਇਹ ਜਾਣਨ ਲਈ ਫਰੀ ਮਾਰਕਿਟ ਅਨੈਲੇਸਿਸ ਰਿਪੋਰਟ ਲਈ ਜਾਂ ਬੇ ਏਰੀਏ ਵਿਚ ਰੀਅਲ ਐਸਟੇਟ ਸਬੰਧੀ ਕੋਈ ਵੀ ਪ੍ਰੋਫੈਸ਼ਨਲ ਸੇਵਾ ਲੈਣ ਲਈ ਬਿਨਾ ਝਿਜਕ ਫੋਨ ਕਰ ਸਕਦੇ ਹੋ।

I may help you in securing loans at good rates as well.

ਫੋਨ: 925-323-8626

rvbaat@gmail.com

Ravi Batth
M.A.(Eco.), SFR
Broker-Associate
Notary
BRE Lic.#01394943
ravi.batth@bhghome.com
Off: 925-776-2740
Fax: 925-776-2741

5887A Lone Tree Way
Antioch, CA 94531

Better Homes and Gardens REAL ESTATE | MASON-McDUFFIE

ਨਸ਼ੇ ਸਪਲਾਈ ਕਰਨ ਵਾਲਾ ਦਿਨ-ਦਿਹਾੜੇ ਵੱਢਿਆ

ਤਲਵੰਡੀ ਸਾਬੋ: ਕੈਪਟਨ ਸਰਕਾਰ ਵੱਲੋਂ ਨਸ਼ਾ ਤਸਕਰੀ ਖਿਲਾਫ਼ ਕੋਈ ਪੁਖਤਾ ਕਦਮ ਨਾ ਚੁੱਕਣ ਮਗਰੋਂ ਲੋਕ ਖ਼ੁਦ ਹੀ ਕਾਨੂੰਨ ਹੱਥ ਵਿਚ ਲੈਣ ਲੱਗੇ ਹਨ। ਆਪਣੀ ਕਿਸਮ ਦੀ ਪਹਿਲੀ ਘਟਨਾ ਵਿਚ ਪਿੰਡ ਵਾਸੀਆਂ ਨੇ ਤੰਗ ਆ ਕੇ ਨਸ਼ਾ ਤਸਕਰ ਨੂੰ ਪਹਿਲਾਂ ਕੁੱਟਿਆ ਤੇ ਫਿਰ ਉਸ ਦੇ ਹੱਥ ਪੈਰ ਵੱਢ ਦਿੱਤੇ।

ਜ਼ਖਮੀ ਨੌਜਵਾਨ ਦਾ ਪਿੰਡ ਵਾਸੀਆਂ ਨੇ ਇਲਾਜ ਵੀ ਨਾ ਹੋਣ ਦਿੱਤਾ। ਘਟਨਾ ਪਿੰਡ ਭਾਗੀਵਾਂਦਰ ਦੀ ਹੈ। ਇਹ ਆਪਣੀ ਕਿਸਮ ਦਾ ਪੰਜਾਬ ਵਿਚ ਪਹਿਲਾ ਮਾਮਲਾ ਸਾਹਮਣੇ ਆਇਆ ਹੈ। ਦੂਜੇ ਪਾਸੇ ਪੁਲਿਸ ਨੇ ਨਸ਼ਾ ਤਸਕਰ ਦੱਸ ਕੇ ਵੱਢਣ ਦੇ ਦੋਸ਼ ਹੇਠ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਹੈ। ਜ਼ਖ਼ਮੀ ਨੌਜਵਾਨ ਜਦੋਂ ਤੜਫ ਰਿਹਾ ਸੀ ਤਾਂ ਪਿੰਡ ਵਾਸੀਆਂ ਨੇ ਪੁਲਿਸ ਨੂੰ ਨੌਜਵਾਨ ਦੇ ਨੇੜੇ ਜਾਣ ਨਹੀਂ ਦਿੱਤਾ। ਇਸ ਤੋਂ ਬਾਅਦ ਤਲਵੰਡੀ ਸਾਬੋ ਪੁਲਿਸ ਜਦੋਂ ਜ਼ਖ਼ਮੀ ਨੂੰ ਹਸਪਤਾਲ ਲਿਆਈ ਤਾਂ ਪਿੰਡ ਵਾਸੀਆਂ ਨੇ ਹਸਪਤਾਲ ਦਾ ਘਿਰਾਓ ਕਰ ਕੇ ਨਾਅਰੇਬਾਜ਼ੀ ਕੀਤੀ ਤੇ ਤਕਰੀਬਨ ਤਿੰਨ ਘੰਟੇ ਬੁਰੀ ਤਰ੍ਹਾਂ ਜ਼ਖ਼ਮੀ ਨੌਜਵਾਨ ਦਾ ਇਲਾਜ ਨਾ ਹੋਣ ਦਿੱਤਾ ਜਿਸ ਕਾਰਨ ਉਸ ਦੀ ਮੌਤ ਹੋ ਗਈ।

ਮ੍ਰਿਤਕ ਦੀ ਪਛਾਣ ਵਿਨੋਦ ਕੁਮਾਰ ਉਰਫ਼ ਸੋਨੂੰ ਅਰੋੜਾ ਵਜੋਂ ਹੋਈ ਹੈ। ਪੁਲਿਸ ਅਨੁਸਾਰ ਜਦੋਂ ਉਨ੍ਹਾਂ ਦੀ ਟੀਮ ਸੋਨੂੰ ਅਰੋੜਾ ਨੂੰ ਸਰਕਾਰੀ ਹਸਪਤਾਲ ਲੈ ਕੇ ਆਈ ਤਾਂ ਪਿੰਡ ਦੀ ਮਹਿਲਾ ਸਰਪੰਚ ਚਰਨਜੀਤ ਕੌਰ ਤੇ ਅਕਾਲੀ ਆਗੂ ਮਨਦੀਪ ਕੌਰ ਬਰਾੜ ਦੀ ਅਗਵਾਈ 'ਚ ਪਹੁੰਚੇ ਪਿੰਡ ਵਾਸੀਆਂ ਨੇ ਇਹ ਕਹਿੰਦਿਆਂ ਹਸਪਤਾਲ ਦਾ ਘਿਰਾਓ ਕਰ ਲਿਆ ਕਿ ਪੁਲਿਸ ਇਸ ਮਾਮਲੇ ਵਿਚ ਸਰਪੰਚ ਦੇ ਪੁੱਤਰ ਅਮਰਿੰਦਰ ਸਿੰਘ ਰਾਜੂ 'ਤੇ ਕੇਸ ਦਰਜ ਕਰ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਅਮਰਿੰਦਰ ਸਿੰਘ ਰਾਜੂ ਦੀ ਅਗਵਾਈ ਵਿਚ ਚਾਰ ਦਿਨ ਪਹਿਲਾਂ ਪਿੰਡ ਵਾਸੀਆਂ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ ਸੀ ਕਿ ਸੋਨੂੰ ਅਰੋੜਾ ਪਿੰਡ ਦੇ ਨੌਜਵਾਨਾਂ ਨੂੰ ਨਸ਼ੇ ਵੇਚਦਾ ਹੈ, ਪਰ ਉਸ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ।

ਭਾਗੀਵਾਂਦਰ ਵਿਚ ਨਸ਼ਾ ਤਸਕਰ ਕੁੱਟ-ਕੁੱਟ ਮਾਰਿਆ

ਪਿੰਡ ਵਾਸੀਆਂ ਨੂੰ ਆਪਣੇ ਕੀਤੇ 'ਤੇ ਫਖਰ

ਬਠਿੰਡਾ: ਨਸ਼ਾ ਤਸਕਰ ਦੱਸ ਕੇ ਨੌਜਵਾਨ ਦੀ ਵੱਢ ਟੁੱਕ ਕਰਨ ਵਾਲੇ ਪਿੰਡ ਭਾਗੀਵਾਂਦਰ ਨੇ ਇਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਇਕੋ ਮੋਰੀ ਨਿਕਲਣ ਦਾ ਫੈਸਲਾ ਕੀਤਾ ਹੈ। ਪਿੰਡ ਵਾਸੀਆਂ ਨੇ ਸਾਂਝਾ ਕੇਸ ਲੜਨ ਲਈ ਪੈਸੇ ਇਕੱਠੇ ਕਰ ਲਏ ਹਨ। ਪਿੰਡ ਵਾਸੀਆਂ ਦਾ ਕਹਿਣਾ ਹੈ ਉਨ੍ਹਾਂ ਨੂੰ ਤਸਕਰ ਦੇ ਹੱਥ ਪੈਰ ਕੱਟਣ ਦਾ ਕੋਈ ਅਫਸੋਸ ਨਹੀਂ ਹੈ ਕਿਉਂਕਿ ਇਸ ਤਸਕਰ ਨੇ ਪਿੰਡ ਵਾਸੀਆਂ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਜੇਕਰ ਜ਼ਿਲ੍ਹਾ ਪੁਲਿਸ ਕੇਸ ਦਰਜ ਕਰਨਾ ਚਾਹੁੰਦੀ ਹੈ ਤਾਂ ਪੂਰੇ ਪਿੰਡ ਖਿਲਾਫ਼ ਕੀਤਾ ਜਾਵੇ। ਪਿੰਡ ਦੀ ਸਰਪੰਚ ਚਰਨਜੀਤ ਕੌਰ ਪਿੰਡ ਵਾਸੀਆਂ ਦੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।

ਅਣਖ ਖਾਤਰ ਧੀ ਮਾਰਨ ਵਾਲੇ ਪਿਉ ਨੂੰ ਉਮਰ ਕੈਦ

ਸੰਗਰੂਰ: ਅਦਾਲਤ ਨੇ ਪ੍ਰੇਮ ਵਿਆਹ ਕਰਵਾਉਣ ਬਦਲੇ ਧੀ ਮਾਰਨ ਵਾਲੇ ਪਿਉ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੁਲਿਸ ਨੇ ਸਾਬਕਾ ਫੌਜੀ ਬੰਤ ਸਿੰਘ ਵਾਸੀ ਗੁਰੂ ਤੇਗ ਬਹਾਦਰ ਨਗਰ ਧੂਰੀ ਖਿਲਾਫ਼ ਆਪਣੀ ਧੀ ਦਾ ਕਤਲ ਕਰਨ ਦਾ ਮਾਮਲਾ ਦਰਜ ਕੀਤਾ ਸੀ।

ਕੇਸ ਮੁਤਾਬਕ ਬੰਤ ਸਿੰਘ ਦੀ ਲੜਕੀ ਹਰਪ੍ਰੀਤ ਕੌਰ ਦੇ ਅਵਤਾਰ ਸਿੰਘ ਉਰਫ਼ ਤਾਰੀ ਵਾਸੀ ਧੂਰੀ ਨਾਲ ਪ੍ਰੇਮ ਸਬੰਧ ਸਨ। ਹਰਪ੍ਰੀਤ ਕੌਰ ਨੇ ਫਰਵਰੀ 2016 'ਚ ਅਵਤਾਰ ਸਿੰਘ ਨਾਲ ਵਿਆਹ ਕਰ ਲਿਆ, ਜਿਸ ਬਾਰੇ ਬੰਤ ਸਿੰਘ ਨੂੰ ਪਤਾ ਲੱਗਿਆ ਤਾਂ ਉਸ ਨੇ ਹਰਪ੍ਰੀਤ ਕੌਰ 'ਤੇ ਲੋਹੇ ਦੇ ਦਾਤਰ ਨਾਲ ਕਈ ਵਾਰ ਕਰ ਦਿੱਤੇ ਜਦ ਦੂਜੀ ਲੜਕੀ ਗੁਰਪ੍ਰੀਤ ਕੌਰ ਛੁਡਾਉਣ ਲੱਗੀ ਤਾਂ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਹਰਪ੍ਰੀਤ ਕੌਰ ਦੀ ਮੌਤ ਹੋ ਗਈ। ਹੁਣ ਅਦਾਲਤ 'ਚ ਸੁਣਵਾਈ ਮੁਕੰਮਲ ਹੋਣ ਜੱਜ ਨੇ ਬੰਤ ਸਿੰਘ ਨੂੰ ਧੀ ਦੇ ਕਤਲ ਦੇ ਦੋਸ਼ਾਂ 'ਚ ਉਮਰ ਕੈਦ ਅਤੇ ਇਕ ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ।

ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਰਾਹੁਲ ਗਾਂਧੀ

ਅੰਮ੍ਰਿਤਸਰ: ਆਲ ਇੰਡੀਆ ਕਾਂਗਰਸ ਕਮੇਟੀ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਅਚਾਨਕ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚੇ। ਉਨ੍ਹਾਂ ਨੇ ਵੀ. ਆਈ.ਪੀ. ਸੇਵਾਵਾਂ ਲੈਣ ਤੋਂ ਇਨਕਾਰ ਕਰਦਿਆਂ ਆਮ ਸ਼ਰਧਾਲੂਆਂ ਵਾਂਗ ਕਰੀਬ 45 ਮਿੰਟ ਕਤਾਰ ਵਿਚ ਲੱਗ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਸ੍ਰੀ ਹਰਿਮੰਦਰ ਸਾਹਿਬ ਦੇ ਸੱਚਖੰਡ ਸਥਾਨ ਵਿਖੇ ਸੀਸ ਨਿਵਾਉਣ ਤੋਂ ਪਹਿਲਾਂ ਉਹ ਦਸ ਮਿੰਟ ਤੱਕ ਬਾਹਰ ਬੈਠੇ ਰਹੇ ਅਤੇ ਕੀਰਤਨ ਸਰਵਣ ਕੀਤਾ।

ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਉਪਰੰਤ ਜਦੋਂ ਉਹ ਬਾਹਰ ਆਏ ਤਾਂ ਸੁਰੱਖਿਆ ਕਰਮੀਆਂ ਦੀ ਬਦਇੰਤਜ਼ਾਮੀ ਅਤੇ ਪੱਤਰਕਾਰਾਂ ਵੱਲੋਂ ਪੈਦਾ ਕੀਤੇ ਹਾਲਾਤ ਕਾਰਨ ਦੇ ਮੱਦੇਨਜ਼ਰ ਉਹ ਉਥੇ ਮੌਜੂਦ ਪੱਤਰਕਾਰਾਂ ਦੇ ਰੂਬਰੂ ਨਾ ਹੋ ਸਕੇ। ਇਸ ਕਾਰਨ ਸੁਰੱਖਿਆ ਕਰਮੀ ਉਨ੍ਹਾਂ ਨੂੰ ਕਾਹਲੀ ਨਾਲ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਲੈ ਗਏ, ਜਿਥੋਂ ਉਹ ਚਾਰਟਰਡ ਹਵਾਈ ਜਹਾਜ਼ ਲੈਣ ਲਈ ਸਿੱਧੇ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚ ਗਏ।

ਸ੍ਰੀ ਗਾਂਧੀ ਦੇ ਇਸ ਦੌਰੇ ਨੂੰ ਨਿਰੋਲ ਨਿੱਜੀ ਦੌਰਾ ਦੱਸਦਿਆਂ ਗੁਰਜੀਤ ਸਿੰਘ ਔਜਲਾ ਨੇ ਕਿਹਾ ਕਿ ਉਹ ਇਕ ਆਮ ਸ਼ਰਧਾਲੂ ਵਾਂਗ ਗੁਰੂ ਹਰਗੋਬਿੰਦ ਜੀ ਦੇ ਪ੍ਰਕਾਸ਼ ਪੁਰਬ 'ਤੇ ਸ਼ਰਧਾ ਭਾਵਨਾ ਵਜੋਂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਏ ਸਨ। ਸ੍ਰੀ ਔਜਲਾ ਨੇ ਕਾਂਗਰਸੀ ਆਗੂ ਦੇ ਇਸ ਦੌਰੇ ਦਾ ਸਾਕਾ ਨੀਲਾ ਤਾਰਾ ਦੇ ਨਾਲ ਕਿਸੇ ਤਰ੍ਹਾਂ ਦਾ ਕੋਈ ਵੀ ਸਬੰਧ ਹੋਣ ਤੋਂ ਇਨਕਾਰ ਕੀਤਾ ਹੈ।

ਕੁਰਾਹੇ ਪਏ ਨੌਜਵਾਨਾਂ ਨੂੰ ਮਿਲੇਗਾ ਸੁਧਰਨ ਦਾ ਮੌਕਾ

ਸੰਗਰੂਰ: ਪੰਜਾਬ ਪੁਲਿਸ ਨੇ ਅਨਜਾਣਪੁਣੇ ਜਾਂ ਗਲਤੀ ਨਾਲ ਗੈਂਗਸਟਰਾਂ ਦੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਵਾਲੇ ਨੌਜਵਾਨਾਂ ਨੂੰ ਸੁਧਰਨ ਦਾ ਮੌਕਾ ਦੇਣ ਲਈ ਪਾਰਦਰਸ਼ੀ ਪਲੇਟਫਾਰਮ ਤਿਆਰ ਕੀਤਾ ਹੈ, ਜਿਸ ਤਹਿਤ ਏ.ਡੀ.ਜੀ.ਪੀ. (ਕਾਨੂੰਨ ਵਿਵਸਥਾ) ਰੋਹਿਤ ਚੌਧਰੀ ਹਰ ਜ਼ਿਲ੍ਹੇ ਵਿਚ ਅਜਿਹੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵਿਸ਼ੇਸ਼ ਮੀਟਿੰਗਾਂ ਕਰ ਰਹੇ ਹਨ। ਇਸੇ ਮੰਤਵ ਤਹਿਤ ਸ੍ਰੀ ਚੌਧਰੀ ਵੱਲੋਂ ਇਥੇ ਪੁਲਿਸ ਲਾਈਨ ਵਿਚ ਜ਼ਿਲ੍ਹੇ ਨਾਲ ਸਬੰਧਤ 40 ਤੋਂ ਵੱਧ ਨੌਜਵਾਨਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਗਈ। ਏ.ਡੀ.ਜੀ.ਪੀ. ਰੋਹਿਤ ਚੌਧਰੀ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਅਜਿਹੇ ਨੌਜਵਾਨਾਂ ਨੂੰ ਸੁਧਰਨ ਦਾ ਮੌਕਾ ਦੇਣ ਲਈ ਇਕ ਪਾਰਦਰਸ਼ੀ ਪਲੇਟਫਾਰਮ ਤਿਆਰ ਕੀਤਾ ਗਿਆ ਹੈ, ਜਿਹੜੇ ਅਨਜਾਣਪੁਣੇ ਜਾਂ ਗਲਤੀ ਨਾਲ ਅਪਰਾਧਕ ਗਤੀਵਿਧੀਆਂ ਵਿਚ ਸ਼ਾਮਲ ਹੋ ਗਏ।

ਦੇਖਣ ਵਿਚ ਆਇਆ ਹੈ ਕਿ ਸੋਸ਼ਲ ਮੀਡੀਆ 'ਤੇ ਗੈਂਗਸਟਰਾਂ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਗੁਮਰਾਹ ਹੋ ਰਹੇ ਹਨ ਤੇ ਅਪਰਾਧਕ ਦੁਨੀਆਂ ਦੀ ਅਸਲੀਅਤ ਸਾਹਮਣੇ ਆਉਣ ਤੱਕ ਉਨ੍ਹਾਂ ਕੋਲ ਵਾਪਸੀ ਦਾ ਕੋਈ ਰਾਹ ਨਹੀਂ ਬਚਦਾ। ਅਜਿਹੇ ਨੌਜਵਾਨਾਂ ਨੂੰ ਪੰਜਾਬ ਪੁਲਿਸ ਸੁਧਰਨ ਦਾ ਮੌਕਾ ਦੇਣਾ ਚਾਹੁੰਦੀ ਹੈ। ਜਿਹੜੇ ਨੌਜਵਾਨ ਅਜਿਹੀਆਂ ਗਤੀਵਿਧੀਆਂ ਛੱਡ ਚੁੱਕੇ ਹਨ, ਉਨ੍ਹਾਂ ਨੂੰ ਪੁਲਿਸ ਵੱਲੋਂ ਤੰਗ ਨਾ ਕੀਤਾ ਜਾਣਾ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ। ਸ੍ਰੀ ਚੌਧਰੀ ਨੇ ਦੱਸਿਆ ਕਿ ਪੁਲਿਸ ਤੇ ਲੋਕਾਂ ਦੀ ਸਾਂਝ ਮਜ਼ਬੂਤ ਬਣਾਉਣ ਲਈ ਵੱਟਸਐਪ ਗਰੁੱਪ ਵੀ ਬਣਾਏ ਜਾ ਰਹੇ ਹਨ। ਥਾਣਾ ਮੁਖੀਆਂ 'ਤੇ ਆਧਾਰਤ ਗਰੁੱਪ ਵੀ ਬਣਾਏ ਜਾ ਰਹੇ ਹਨ ਤਾਂ ਜੋ ਕਿਸੇ ਵੀ ਅਪਰਾਧਿਕ ਘਟਨਾ ਦੀ ਸੂਚਨਾ ਤੁਰਤ ਪੁਲਿਸ ਨੂੰ ਮਿਲ ਸਕੇ।

ਮੁਕਾਬਲੇ ਤੋਂ ਬਾਅਦ ਗੈਂਗਸਟਰ ਵਿੱਕੀ ਗੌਂਡਰ ਦਾ ਸਾਥੀ ਕਾਬੂ

ਗੁਰਦਾਸਪੁਰ: ਔਜਲਾ ਬਾਈਪਾਸ 'ਤੇ ਗੈਂਗਸਟਰ ਵਿੱਕੀ ਗੌਂਡਰ ਅਤੇ ਸਾਥੀਆਂ ਵੱਲੋਂ ਬੀਤੀ 20 ਅਪਰੈਲ ਨੂੰ ਆਪਣੇ ਵਿਰੋਧੀ ਗੈਂਗ ਦੇ ਤਿੰਨ ਜਣਿਆਂ ਨੂੰ ਮਾਰ ਦੇਣ ਦੇ ਮਾਮਲੇ ਵਿਚ ਲੋੜੀਂਦੇ ਮੁਲਜ਼ਮਾਂ ਵਿਚੋਂ ਇਕ ਨੂੰ ਮੁਕਾਬਲੇ ਤੋਂ ਬਾਅਦ ਪੁਲਿਸ ਨੇ ਜ਼ਖ਼ਮੀ ਹਾਲਤ ਵਿਚ ਕਾਬੂ ਕਰ ਲਿਆ ਜਦਕਿ ਦੋ ਜਣੇ ਫਰਾਰ ਹੋ ਗਏ। ਕਾਬੂ ਕੀਤੇ ਮੁਲਜ਼ਮ ਦੀ ਪਛਾਣ ਰਵਿੰਦਰ ਸਿੰਘ ਉਰਫ ਗਿਆਨਾ ਵਾਸੀ ਖਰਲਾਂ ਵਜੋਂ ਹੋਈ ਹੈ। ਉਸ ਦੇ ਪੱਟ ਵਿਚ ਗੋਲੀ ਲੱਗਣ ਕਾਰਨ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਤਲਾਸ਼ੀ ਦੌਰਾਨ ਉਸ ਕੋਲੋਂ 32 ਬੋਰ ਦਾ ਇਕ ਪਿਸਤੌਲ ਅਤੇ ਤਿੰਨ ਗੋਲੀਆਂ ਬਰਾਮਦ ਕੀਤੀਆਂ ਹਨ। ਦੱਸਣਯੋਗ ਹੈ ਕਿ ਹਰਪ੍ਰੀਤ ਸਿੰਘ ਉਰਫ ਸੂਬੇਦਾਰ, ਸਾਹਿਬ ਸਿੰਘ ਉਰਫ ਹੈਪੀ, ਸੁਖਚੈਨ ਸਿੰਘ ਉਰਫ ਜੱਟ, ਇੰਦਰਜੀਤ ਸਿੰਘ ਅਤੇ ਦਮਨ ਮਹਾਜਨ 20 ਅਪਰੈਲ ਨੂੰ ਤਰੀਕ ਭੁਗਤ ਕੇ ਜਾ ਰਹੇ ਸਨ ਤਾਂ ਔਜਲਾ ਬਾਈਪਾਸ ਪੁਲ ਹੇਠਾਂ ਚਿੱਟੇ ਰੰਗ ਦੀ ਕਾਰ ਵਿਚ ਸਵਾਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ, ਸੁਖਮੀਤਪਾਲ ਸਿੰਘ ਉਰਫ ਸੁੱਖ, ਰਵਿੰਦਰ ਸਿੰਘ ਉਰਫ ਗਿਆਨਾ, ਸੁਪਰੀਤ ਸਿੰਘ ਉਰਫ ਹੈਰੀ ਚੱਠਾ ਮਜੀਠੀਆ ਅਤੇ ਗੁਰਪ੍ਰੀਤ ਸਿੰਘ ਉਰਫ ਗੋਪੀ ਉਰਫ ਕੌੜਾ ਨੇ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ।

ਬਾਦਲ ਸਰਕਾਰ ਵੇਲੇ ਚੰਮ ਦੀਆਂ ਚਲਾਉਣ ਵਾਲਿਆਂ ਨੂੰ ਪਿਆ ਘੇਰਾ

ਚੰਡੀਗੜ੍ਹ: ਕੈਪਟਨ ਸਰਕਾਰ ਨੇ ਪਿਛਲੇ 10 ਸਾਲ ਚੰਮ ਦੀਆਂ ਚਲਾਉਣ ਵਾਲਿਆਂ ਉਤੇ ਸ਼ਿਕੰਜਾ ਕਸ ਦਿੱਤਾ ਹੈ। ਇਸ ਦੀ ਸ਼ੁਰੂਆਤ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਬੇਹੱਦ ਨੇੜਲੇ ਸੁਰਿੰਦਰਪਾਲ ਸਿੰਘ ਉਰਫ ਪਹਿਲਵਾਨ ਤੋਂ ਹੋਈ ਹੈ। ਮੰਡੀ ਬੋਰਡ ਦੇ ਨਿਗਰਾਨ ਇੰਜੀਨੀਅਰ (ਐਸ.ਈ.) ਸੁਰਿੰਦਰਪਾਲ ਨੇ ਅਕਾਲੀ ਸਰਕਾਰ ਵੇਲੇ ਚੰਮ ਦੀਆਂ ਚਲਾਈਆਂ ਹਨ। ਉਸ ਉਤੇ ਚਹੇਤੀਆਂ ਦੀਆਂ ਉਸਾਰੀ ਫਰਮਾਂ ਤੇ ਠੇਕੇਦਾਰਾਂ ਦੀ ਤਰਫਦਾਰੀ ਕਰ ਕੇ ਦਿੱਤੇ ਟੈਂਡਰਾਂ ਰਾਹੀਂ ਬੇਹਿਸਾਬੀ ਜਾਇਦਾਦ ਬਣਾਉਣ ਤੇ ਗੈਰਕਾਨੂੰਨੀ ਧਨ ਨੂੰ ਆਪਣੇ ਪਰਿਵਾਰ ਦੀਆਂ ਜਾਅਲੀ ਫਰਮਾਂ ਵਿਚ ਜਮ੍ਹਾਂ ਕਰਵਾਉਣ ਦੇ ਇਲਜ਼ਾਮ ਹਨ।

ਸੁਰਿੰਦਰਪਾਲ ਸਿੰਘ ਪਿਛਲਾ ਇਕ ਦਹਾਕਾ ਬਾਦਲਾਂ ਦੇ ਰਾਜ 'ਚ ਵਿਵਾਦਤ ਅਫਸਰ ਵਜੋਂ ਜਾਣਿਆ ਜਾਂਦਾ ਸੀ। ਸਿਆਸੀ ਰਸੂਖ ਕਾਰਨ ਉਹ ਆਈ.ਏ.ਐਸ. ਅਫਸਰਾਂ ਨੂੰ ਵੀ ਟਿੱਚ ਜਾਣਦਾ ਸੀ। ਇਸ ਵਿਅਕਤੀ ਨੂੰ ਬਾਦਲ ਸਰਕਾਰ ਨੇ ਇਕੋ ਸਮੇਂ ਵੱਖ-ਵੱਖ ਵਿਭਾਗਾਂ ਤੇ ਅਦਾਰਿਆਂ ਵਿਚ ਕੁੱਲ 8 ਚਾਰਜ/ਵਾਧੂ ਚਾਰਜ ਦਿੱਤੇ ਹੋਏ ਸਨ। ਪੰਜਾਬ ਵਿਜੀਲੈਂਸ ਬਿਊਰੋ ਨੇ ਸੁਰਿੰਦਰਪਾਲ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫਤਾਰ ਕੀਤਾ ਹੈ। ਸੱਤਾ ਤਬਦੀਲੀ ਬਾਅਦ ਵਿਜੀਲੈਂਸ ਵੱਲੋਂ ਬਾਦਲ ਪਰਿਵਾਰ ਦੇ ਕਿਸੇ ਕਰੀਬੀ ਨੂੰ ਸਲਾਖਾਂ ਪਿੱਛੇ ਡੱਕਣ ਦਾ ਇਹ ਪਹਿਲਾ ਮਾਮਲਾ ਹੈ। ਵਿਜੀਲੈਂਸ ਟੀਮਾਂ ਨੇ ਇਕੋ ਵੇਲੇ ਚੰਡੀਗੜ੍ਹ, ਲੁਧਿਆਣਾ ਤੇ ਮੁਹਾਲੀ 'ਚ ਇਸ ਵਿਅਕਤੀ ਤੇ ਕਈ ਕੰਪਨੀਆਂ ਦੇ 9 ਟਿਕਾਣਿਆਂ ਉਤੇ ਛਾਪੇ ਮਾਰੇ।

ਹਰਸਿਮਰਤ ਬਾਦਲ ਦੀ ਕੈਪਟਨ ਸਰਕਾਰ ਨੂੰ ਵੰਗਾਰ

ਚੰਡੀਗੜ੍ਹ: ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਹੈ ਕਿ ਪੰਜਾਬ ਵਿਚ ਨਸ਼ੇ ਲਈ ਸਾਨੂੰ ਬਦਨਾਮ ਕਰਨ ਵਾਲੇ ਕੈਪਟਨ ਅਮਰਿੰਦਰ ਸਿੰਘ ਹੁਣ ਮੇਰੇ ਪਰਿਵਾਰ ਨੂੰ ਗ੍ਰਿਫਤਾਰ ਕਿਉਂ ਨਹੀਂ ਕਰ ਰਹੇ ਹਨ? ਉਨ੍ਹਾਂ ਇਹ ਵੀ ਕਿਹਾ ਕਿ ਚਾਰ ਹਫਤਿਆਂ ਵਿਚ ਨਸ਼ਾ ਬੰਦ ਕਰਨ ਦਾ ਦਾਅਵਾ ਕਰਨ ਵਾਲੇ ਕੈਪਟਨ ਦੀ ਸਰਕਾਰ ਨੂੰ ਬਣਿਆਂ 80 ਤੋਂ ਉਪਰ ਦਿਨ ਹੋ ਚੁੱਕੇ ਹਨ, ਪਰ ਅਜੇ ਤਕ ਕੋਈ ਇਕ ਵੀ ਵੱਡਾ ਸਮਗਲਰ ਫੜਿਆ ਨਹੀਂ ਗਿਆ ਹੈ।

ਅਕਾਲੀਆਂ ਦੇ ਚਹੇਤੇ ਅਫਸਰਾਂ ਨੂੰ ਆਈਆਂ ਤ੍ਰੇਲੀਆਂ

ਚੰਡੀਗੜ੍ਹ: ਪੰਜਾਬ ਮੰਡੀ ਬੋਰਡ ਦੇ ਨਿਗਰਾਨ ਇੰਜੀਨੀਅਰ (ਐਸ.ਈ.) ਸੁਰਿੰਦਰਪਾਲ ਸਿੰਘ ਪਹਿਲਵਾਨ ਦੀ ਗ੍ਰਿਫਤਾਰੀ ਨੇ ਕਈ ਅਫਸਰ ਫਿਕਰਾਂ ਵਿਚ ਡੋਬ ਦਿੱਤੇ ਹਨ। ਸੂਤਰਾਂ ਮੁਤਾਬਕ ਬਾਦਲ ਪਰਿਵਾਰ ਦੇ ਕਰੀਬੀ ਮੰਨੇ ਜਾਂਦੇ ਇਕ ਸੇਵਾ ਮੁਕਤ ਆਈ.ਏ.ਐਸ. ਅਧਿਕਾਰੀ ਦੇ ਪੁੱਤਰ ਦੀ ਕੰਪਨੀ ਨੂੰ ਵੀ 'ਭਲਵਾਨ' ਨੇ ਲਾਭ ਪਹੁੰਚਾਇਆ ਹੈ। ਇਹ ਗੱਲ ਭਲਵਾਨ ਨੇ ਪੁੱਛ ਪੜਤਾਲ ਦੌਰਾਨ ਮੰਨੀ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਪਹਿਲਵਾਨ ਦੀ ਪੁਸ਼ਤਪਨਾਹੀ ਕਰਨ ਵਾਲੇ ਆਈ.ਏ.ਐਸ. ਅਧਿਕਾਰੀਆਂ ਨੂੰ ਵਿਜੀਲੈਂਸ ਹੱਥ ਪਾਉਣ ਦੇ ਰੌਂਅ ਵਿਚ ਨਹੀਂ ਹੈ। 'ਭਲਵਾਨ' ਵੱਲੋਂ ਵੱਡੇ ਸਿਆਸਤਦਾਨਾਂ ਦੀ 'ਸੇਵਾ' ਕਰਨ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਵਿਜੀਲੈਂਸ ਦੇ ਇਕ ਸੀਨੀਅਰ ਅਫਸਰ ਦਾ ਮੰਨਣਾ ਹੈ ਕਿ ਸਰਕਾਰ ਨੇ ਹਾਲ ਦੀ ਘੜੀ ਕਿਸੇ ਹੋਰ ਅਧਿਕਾਰੀ ਖ਼ਿਲਾਫ਼ ਕਾਰਵਾਈ ਨੂੰ ਹਰੀ ਝੰਡੀ ਨਹੀਂ ਦਿੱਤੀ।

ਪੁਲਿਸ ਘੇਰੇ 'ਚ ਆਏ ਤਿੰਨ ਗੈਂਗਸਟਰਾਂ ਵੱਲੋਂ ਖੁਦਕੁਸ਼ੀ

ਡੱਬਵਾਲੀ: ਪੰਜਾਬ ਅਤੇ ਹਰਿਆਣਾ ਪੁਲਿਸ ਵੱਲੋਂ ਪਿੰਡ ਸੁਖੇਰਾਖੇੜਾ ਦੀ ਢਾਣੀ ਨੇੜੇ ਕੀਤੀ ਸਾਂਝੀ ਕਾਰਵਾਈ ਦੌਰਾਨ ਘਿਰੇ ਪੰਜਾਬ ਦੇ ਤਿੰਨ ਗੈਂਗਸਟਰਾਂ ਨੇ ਖੁਦ ਨੂੰ ਗੋਲੀਆਂ ਮਾਰ ਕੇ ਖੁਦਕੁਸ਼ੀ ਕਰ ਲਈ।

ਗੈਂਗਸਟਰਾਂ ਦੀ ਸ਼ਨਾਖਤ ਜਸਪ੍ਰੀਤ ਸਿੰਘ ਜੰਪੀ ਉਰਫ ਜਿੰਮੀ ਡੌਨ, ਕੰਵਲਜੀਤ ਸਿੰਘ ਉਰਫ ਬੰਟੀ ਤੇ ਨਿਸ਼ਾਨ ਸਿੰਘ ਵਜੋਂ ਹੋਈ ਹੈ। ਜਸਪ੍ਰੀਤ ਤੇ ਕੰਵਲਜੀਤ ਢਾਣੀ ਵਿਚ ਬਣੇ ਮਕਾਨ ਦੀ ਛੱਤ 'ਤੇ ਮ੍ਰਿਤਕ ਪਾਏ ਗਏ ਜਦੋਂਕਿ ਨਿਸ਼ਾਨ ਸਿੰਘ ਨੇ ਹਸਪਤਾਲ ਲਿਜਾਂਦੇ ਸਮੇਂ ਦਮ ਤੋੜਿਆ। ਦਵਿੰਦਰ ਬੰਬੀਹਾ ਗੈਂਗ ਨਾਲ ਸਬੰਧਤ ਇਹ ਤਿੰਨੇ ਗੈਂਗਸਟਰ ਅੱਜ-ਕੱਲ੍ਹ 'ਜਿੰਮੀ ਡੌਨ' ਗੈਂਗ ਨਾਂ ਹੇਠ ਅਪਰਾਧਾਂ ਨੂੰ ਅੰਜਾਮ ਦਿੰਦੇ ਸਨ। ਪੁਲਿਸ ਨੇ ਦਾਅਵਾ ਕੀਤਾ ਹੈ ਕਿ ਤਿੰਨੇ ਗੈਂਗਸਟਰਾਂ ਨੇ ਪੁਲਿਸ ਦਾ ਘੇਰਾ ਪੈਣ ਮਗਰੋਂ ਖੁਦ ਨੂੰ ਗੋਲੀ ਮਾਰ ਕੇ ਆਤਮ ਹੱਤਿਆ ਕੀਤੀ ਹੈ ਜਾਂ ਆਪਸ 'ਚ ਗੋਲੀ ਮਾਰ ਕੇ ਜਾਨ ਦੇ ਦਿੱਤੀ।

ਤਿੰਨੇ ਗੈਂਗਸਟਰਾਂ ਖਿਲਾਫ਼ ਪੰਜਾਬ ਅਤੇ ਹਰਿਆਣਾ ਵਿਚ ਕਤਲ, ਡਕੈਤੀ ਅਤੇ ਅਗਵਾ ਦੇ ਦਰਜਨ ਤੋਂ ਵੱਧ ਕੇਸ ਦਰਜ ਹਨ। ਚੌਟਾਲਾ ਵਿਚ ਵਾਪਰੇ ਦੋਹਰੇ ਕਤਲ ਵਿਚ ਇਸੇ ਗੈਂਗ ਦਾ ਹੱਥ ਸੀ। ਜਾਣਕਾਰੀ ਅਨੁਸਾਰ ਫਰੀਦਕੋਟ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਨਾਲ ਸਬੰਧਤ ਤਿੰਨੇ ਗੈਂਗਸਟਰਾਂ ਨੂੰ ਕਾਬੂ ਕਰਨ ਲਈ ਫਰੀਦਕੋਟ ਪੁਲਿਸ ਕਈ ਦਿਨਾਂ ਤੋਂ ਇਨ੍ਹਾਂ ਦੀ ਪੈੜ ਨੱਪ ਰਹੀ ਸੀ।

ਭਾਰਤੀ ਇੰਜੀਨੀਅਰ ਦੇ ਕਾਤਲ ਅਮਰੀਕੀ ਖਿਲਾਫ ਦੋਸ਼ ਤੈਅ

ਇਕ ਹੋਰ ਸਿੱਖ ਉਤੇ ਨਸਲੀ ਟਿੱਪਣੀ

ਵਾਸ਼ਿੰਗਟਨ: 22 ਫਰਵਰੀ ਨੂੰ ਕੰਸਾਸ ਸ਼ਹਿਰ ਦੇ ਇਕ ਬਾਰ ਵਿਚ ਭਾਰਤੀ ਇੰਜੀਨੀਅਰ ਦੀ ਹੱਤਿਆ ਕਰਨ ਵਾਲੇ ਖਿਲਾਫ ਨਸਲੀ ਨਫਰਤ ਤੇ ਹਥਿਆਰ ਰੱਖਣ ਦੇ ਦੋਸ਼ ਤੈਅ ਹੋ ਗਏ ਹਨ। ਦੋਸ਼ੀ ਐਡਮ ਪੁਰਿੰਟਨ ਨੇ ਸ੍ਰੀਨਿਵਾਸ ਕੁਚੀਭੋਤਲਾ ਤੇ ਉਸ ਦੇ ਦੋਸਤ ਆਲੋਕ ਮਦਸਾਨੀ ਸਮੇਤ ਇਕ ਹੋਰ ਨੌਜਵਾਨ 'ਤੇ ਸ਼ਰੇਆਮ ਗੋਲੀਆਂ ਚਲਾਈਆਂ ਸਨ। ਇਸ ਦੌਰਾਨ ਸ੍ਰੀਨਿਵਾਸ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦਕਿ ਬਾਕੀ ਦੋ ਜ਼ਖਮੀ ਹੋ ਗਏ ਸਨ। ਦੋਸ਼ ਤੈਅ ਹੋਣ ਤੋਂ ਬਾਅਦ ਐਡਮ ਨੂੰ ਫਾਂਸੀ ਜਾਂ ਉਮਰ ਕੈਦ ਦੀ ਸਜ਼ਾ ਸੁਣਾਈ ਜਾ ਸਕਦੀ ਹੈ। ਐਡਮ ਖਿਲਾਫ ਫੈਡਰਲ ਗ੍ਰੈਂਡ ਜਿਊਰੀ ਨੇ ਦੋਸ਼ ਤੈਅ ਕਰਦਿਆਂ ਕਿਹਾ, ''ਐਡਮ ਨੇ ਸ੍ਰੀਨਿਵਾਸ ਨੂੰ ਗੋਲੀ ਮਾਰੀ, ਉਸ ਦਾ ਕਤਲ ਕੀਤਾ, ਇਕ ਹੋਰ ਭਾਰਤੀ ਅਲੋਕ ਮਦਸਾਨੀ ਦੀ ਜਾਨ ਲੈਣ ਦੀ ਵੀ ਕੋਸ਼ਿਸ਼ ਕੀਤੀ। ਅਜਿਹਾ ਐਡਮ ਨੇ ਰੰਗ, ਧਰਮ ਤੇ ਨਾਗਰਿਕਤਾ ਦੇ ਭੇਦਭਾਵ ਕਾਰਨ ਕੀਤਾ।''

ਨਿਊ ਯਾਰਕ: ਅਮਰੀਕਾ ਵਿਚ ਸਿੱਖ ਨਾਲ ਨਸਲੀ ਵਿਤਕਰੇ ਦੀ ਤਾਜ਼ਾ ਘਟਨਾ ਵਿਚ ਨਿਊ ਯਾਰਕ ਯੂਨੀਵਰਸਿਟੀ ਵਿਚ ਪੋਸਟ ਡਾਕਟਰੇਟ ਫੈਲੋ ਅਮਰੀਕੀ ਸਿੱਖ ਨੂੰ ਇਕ ਅੱਲ੍ਹੜ ਨੇ 'ਉਸਾਮਾ' ਸੱਦਿਆ। ਨਿਊ ਯਾਰਕ ਯੂਨੀਵਰਸਿਟੀ ਦੇ 'ਸੈਂਟਰ ਫਾਰ ਰਿਲੀਜਨ ਤੇ ਮੀਡੀਆ' ਦੇ ਪੋਸਟ ਡਾਕਟਰੇਟ ਫੈਲੋ ਅਤੇ ਸਿੱਖਾਂ ਦੇ ਅਧਿਕਾਰਾਂ ਲਈ ਲੜਨ ਵਾਲੀ ਜਥੇਬੰਦੀ 'ਸਿੱਖ ਕੁਲੀਸ਼ਨ' ਦੇ ਸੀਨੀਅਰ ਰਿਲੀਜਨ ਫੈਲੋ ਸਿਮਰਨਜੀਤ ਸਿੰਘ ਨੇ ਐਨ.ਬੀ.ਸੀ. ਨਿਊਜ਼ ਉਤੇ ਲਿਖੇ ਲੇਖ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ। ਉਸ ਨੇ ਲਿਖਿਆ ਕਿ ਉਹ ਜਦੋਂ ਸ਼ਹਿਰ ਵਿਚ ਹਡਸਨ ਦਰਿਆ ਦੇ ਨਾਲ-ਨਾਲ ਆਪਣੇ ਦਫਤਰ ਤੋਂ ਘਰ ਵੱਲ ਜਾ ਰਿਹਾ ਸੀ ਤਾਂ ਕਿਸੇ ਨੇ ਉਸ ਨੂੰ 'ਉਸਾਮਾ, ਉਸਾਮਾ' ਸੱਦਿਆ। ਭਾਵੇਂ ਉਸ ਨੇ ਕੰਨਾਂ ਉਤੇ ਹੈੱਡਫੋਨ ਲਾਏ ਹੋਏ ਸਨ ਪਰ ਫਿਰ ਵੀ ਉਸ ਨੂੰ ਇਹ ਰੌਲਾ ਸਪੱਸ਼ਟ ਸੁਣਾਈ ਦਿੱਤਾ।

ਵਿਜੈ ਮਾਲਿਆ ਨੂੰ ਜ਼ਮਾਨਤ

ਲੰਡਨ: ਭਾਰਤ ਵਿਚ ਬੈਂਕਾਂ ਦਾ ਕਰਜ਼ਾ ਨਾ ਮੋੜਨ ਦੇ ਮਾਮਲੇ ਵਿਚ ਲੋੜੀਂਦੇ ਸਨਅਤਕਾਰ ਵਿਜੈ ਮਾਲਿਆ ਨੂੰ ਲੰਡਨ ਦੀ ਅਦਾਲਤ ਨੇ ਚਾਰ ਦਸੰਬਰ ਤੱਕ ਜ਼ਮਾਨਤ ਦੇ ਦਿੱਤੀ ਹੈ। ਕਿੰਗਫਿਸ਼ਰ ਏਅਰਲਾਈਨਜ਼ ਦਾ ਸਾਬਕਾ ਮੁਖੀ ਮਾਲਿਆ ਲੰਡਨ ਵਿਚ ਵੈਸਟਮਿਨਸਟਰ ਮੈਜਿਸਟਰੇਟ ਦੀ ਅਦਾਲਤ ਵਿਚ ਪੇਸ਼ ਹੋਇਆ। ਇਸ ਤੋਂ ਪਹਿਲਾਂ ਭਾਰਤ ਦੇ ਇਹ ਭਗੌੜੇ ਕਾਰੋਬਾਰੀ ਵਿਜੈ ਮਾਲਿਆ ਜਦੋਂ ਓਵਲ ਮੈਦਾਨ ਵਿਚ ਭਾਰਤ ਤੇ ਦੱਖਣ ਅਫਰੀਕਾ ਦੀ ਚੈਂਪੀਅਨਜ਼ ਟਰਾਫੀ ਮੈਚ ਦੇਖਣ ਪਹੁੰਚਿਆ ਤਾਂ ਸਟੇਡੀਅਮ ਦੇ ਬਾਹਰ ਹੂਟਿੰਗ ਦਾ ਸਾਹਮਣਾ ਕਰਨਾ ਪਿਆ। ਕ੍ਰਿਕਟ ਪ੍ਰੇਮੀਆਂ ਨੇ ਮਾਲਿਆ ਨੂੰ ਵੇਖਦੇ ਹੀ 'ਚੋਰ ਚੋਰ' ਚੀਕਣਾ ਸ਼ੁਰੂ ਕਰ ਦਿੱਤਾ।

ਗੁਰਦੁਆਰਾ ਗਿਆਨ ਗੋਦੜੀ ਲਈ ਕਮੇਟੀ ਦਾ ਐਲਾਨ

ਅੰਮ੍ਰਿਤਸਰ: ਹਰਿਦੁਆਰ ਸਥਿਤ ਹਰਿ ਕੀ ਪਉੜੀ ਵਿਖੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਨਾ ਵਾਸਤੇ ਸੰਘਰਸ਼ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਪੰਦਰਾਂ ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਹੈ।

ਇਹ ਫੈਸਲਾ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਚ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਦੌਰਾਨ ਲਿਆ ਗਿਆ। ਇਸ ਦੌਰਾਨ ਨੀਲਧਾਰੀ ਸੰਪਰਦਾ ਦੇ ਮੁਖੀ ਬਾਬਾ ਸਤਨਾਮ ਸਿੰਘ ਪਿਪਲੀਵਾਲੇ ਨੂੰ ਕਥਾ ਦੌਰਾਨ ਇਤਰਾਜ਼ਯੋਗ ਸ਼ਬਦ ਵਰਤਣ ਦੇ ਮਾਮਲੇ ਵਿਚ ਨਿੱਜੀ ਤੌਰ 'ਤੇ ਹਾਜ਼ਰ ਹੋਣ ਮਗਰੋਂ ਮੁਆਫੀ ਦੇ ਦਿੱਤੀ ਗਈ ਹੈ।

ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਗਿਆਨ ਗੋਦੜੀ ਦੀ ਪੁਰਾਣੀ ਥਾਂ 'ਤੇ ਸਥਾਪਨਾ ਲਈ ਪੰਦਰਾਂ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ ਇਸ ਸਬੰਧੀ ਸੰਘਰਸ਼ ਦੀ ਅਗਲੀ ਰੂਪ ਰੇਖਾ ਤਿਆਰ ਕਰੇਗੀ ਅਤੇ ਸੰਘਰਸ਼ ਨੂੰ ਅਗਾਂਹ ਤੋਰੇਗੀ। ਇਸ ਤੋਂ ਪਹਿਲਾਂ ਚਾਰ ਅਪਰੈਲ ਦੀ ਇਕੱਤਰਤਾ ਵਿਚ ਵੀ ਬਾਬਾ ਸਤਨਾਮ ਸਿੰਘ ਦਾ ਮੁਆਫੀਨਾਮਾ ਪ੍ਰਵਾਨ ਕਰਨ ਦਾ ਐਲਾਨ ਕੀਤਾ ਗਿਆ ਸੀ ਪਰ ਉਦੋਂ ਉਹ ਖੁਦ ਹਾਜ਼ਰ ਨਹੀਂ ਹੋਏ ਸਨ, ਜਿਸ ਦਾ ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਵਿਰੋਧ ਕੀਤਾ ਸੀ। ਇਸੇ ਕਾਰਨ ਇਸ ਮਾਮਲੇ ਨੂੰ ਮੁੜ ਵਿਚਾਰਿਆ ਗਿਆ ਹੈ।

Satwant Singh Insurance Services

We serve all over California

Auto, Home, Life, Business, Workers Comp.

See how much you can save. Get free quote for Auto, Home, Life and Business.

Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

Now we have 3 locations:

San Jose: 2774 Aborn Road
San Jose, CA 95121

Sunnyvale: 830 Stewart Dr Ste #126
Sunnyvale, CA 94085

Fremont: 44790 S Grimmer Blvd,
Fremont, CA 94538

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ

Call today for your FREE, no-obligation quote:

1-408-771-2438

satwant@satwantins.com

Satwant Singh, CLCS, MBA
(CA Lic # 0H11256)

Allied Insurance
a Nationwide Insurance® company

Punjab Times

Established in 2000
18th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018

Ph:847-359-0746
Fax:847-705-9388
Email:punjabtimes1@gmail.com
www.punjabtimesusa.com

Editor:
Amolak Singh Jammu
Astt. Editors:
Jaspreet Kaur
Kuljeet Singh

Our Columnists
Ashok Bhaura
Tarlochan Singh Dupalpur
Baljit Basi
Major Kular

California:
Shiara Dhindsa
Photographer
661-703-6664

Sacramento
Gurbarinder Singh Raja
916-533-2678

Distributed in:
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 100 ਡਾਲਰ
ਪੰਜ ਸਾਲ ਲਈ: 450 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

Disclaimer

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

All disputes subject to Chicago jurisdiction.

ਪੰਚਾਇਤੀ ਰਾਜ 'ਚ ਔਰਤਾਂ ਨੂੰ ਮਿਲੇਗੀ 50 ਫੀਸਦੀ ਨੁਮਾਇੰਦਗੀ

ਚੰਡੀਗੜ੍ਹ: ਪੰਜਾਬ ਸਰਕਾਰ ਨੇ ਪੰਚਾਇਤੀ ਅਦਾਰਿਆਂ ਅਤੇ ਸਥਾਨਕ ਸਰਕਾਰਾਂ ਵਿਭਾਗ ਵਿਚ ਔਰਤਾਂ ਦੀ ਨੁਮਾਇੰਦਗੀ ਦੇ ਰਾਖਵੇਂਕਰਨ ਦਾ ਕੋਟਾ 33 ਫੀਸਦੀ ਤੋਂ ਵਧਾ ਕੇ ਪੰਜਾਹ ਫੀਸਦੀ ਕਰ ਦਿੱਤਾ ਹੈ। ਇਹ ਫੈਸਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਪੰਜਾਬ ਵਜ਼ਾਰਤ ਦੀ ਮੀਟਿੰਗ ਵਿਚ ਲਿਆ ਗਿਆ।

ਪੰਚਾਇਤੀ ਅਦਾਰਿਆਂ ਵਿਚ ਪੰਜਾਹ ਫੀਸਦੀ ਰਾਖਵਾਂਕਰਨ ਦੇਣ ਲਈ ਪੰਚਾਇਤੀ ਰਾਜ ਐਕਟ 1994 ਸੋਧ ਬਿੱਲ, ਸਥਾਨਕ ਸਰਕਾਰ ਵਿਭਾਗ ਦੇ ਅਦਾਰਿਆਂ ਵਿਚ ਪੰਜਾਹ ਫੀਸਦੀ ਰਾਖਵਾਂਕਰਨ ਦੇਣ ਲਈ ਪੰਜਾਬ ਮਿਊਂਸਪਲ ਐਕਟ 1911 ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਵਿਚ ਸੋਧ ਲਈ ਬਿੱਲ ਬਜਟ ਸੈਸ਼ਨ ਵਿਚ ਪੇਸ਼ ਕੀਤੇ ਜਾਣਗੇ। ਸਰਕਾਰ ਵੱਲੋਂ ਚੇਅਰਮੈਨੀਆਂ ਤੇ ਮੇਅਰ ਦੀ ਚੋਣ ਸਮੇਂ ਵੀ ਔਰਤਾਂ ਨੂੰ ਬਰਾਬਰ

ਦੀ ਨੁਮਾਇੰਦਗੀ ਦੇਣ ਦੀ ਤਿਆਰੀ ਹੈ।

ਸਰਕਾਰ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਖਾਲਸਾ ਕਾਲਜ ਅੰਮ੍ਰਿਤਸਰ ਨੂੰ ਯੂਨੀਵਰਸਿਟੀ 'ਚ ਬਦਲਣ ਦੇ ਫੈਸਲੇ ਨੂੰ ਆਰਡੀਨੈਂਸ ਜਾਰੀ ਕਰ ਕੇ ਰੱਦ ਕਰ ਦਿੱਤਾ ਸੀ ਤੇ ਖਾਲਸਾ ਯੂਨੀਵਰਸਿਟੀ ਦਾ ਪੱਕੇ ਤੌਰ 'ਤੇ ਭੋਗ ਪਾਉਣ ਲਈ ਆਰਡੀਨੈਂਸ ਦੀ ਥਾਂ ਐਕਟ ਲਿਆਉਣ ਦਾ ਫੈਸਲਾ ਕੀਤਾ ਹੈ।

ਅਮਰੀਕਾ ਵਿਚ ਕਿਰਪਾਨ ਕਾਰਨ ਸਿੱਖ ਗ੍ਰਿਫਤਾਰ

ਵਾਸ਼ਿੰਗਟਨ: ਅਮਰੀਕਾ 'ਚ ਇਕ ਵਾਰ ਫਿਰ ਇਕ ਸਿੱਖ ਨੂੰ ਧਾਰਮਿਕ ਚਿੰਨ੍ਹ ਕਿਰਪਾਨ ਕਾਰਨ ਨਿਸ਼ਾਨਾ ਬਣਾਇਆ ਗਿਆ ਹੈ। ਅਮਰੀਕਾ ਪੁਲਿਸ ਨੇ ਬਾਲਟੀਮੋਰ ਦੇ ਰਹਿਣ ਵਾਲੇ ਹਰਪ੍ਰੀਤ ਸਿੰਘ ਨੂੰ ਮੈਰੀਲੈਂਡ 'ਚ ਕਿਰਪਾਨ ਪਾਈ ਹੋਣ ਕਾਰਨ ਗ੍ਰਿਫਤਾਰ ਕਰ ਲਿਆ। ਹਰਪ੍ਰੀਤ ਸਿੰਘ ਗਰੋਸਰੀ ਸਟੋਰ 'ਚ ਸੀ ਜਦੋਂ ਕੁਝ ਹੋਰ ਗਾਹਕਾਂ ਨੇ ਉਸ ਨੂੰ ਸ਼ੱਕੀ ਸਮਝ ਕੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ।

ਪੁਲਿਸ ਉਸ ਨੂੰ ਗ੍ਰਿਫਤਾਰ ਕਰ ਕੇ ਲੈ ਗਈ ਭਾਵੇਂ ਕਿ ਬਾਅਦ 'ਚ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਆਪਣੇ ਫੇਸਬੁੱਕ ਅਕਾਊਂਟ 'ਤੇ ਇਸ ਬਾਰੇ ਜਾਣਕਾਰੀ ਦਿੰਦਿਆਂ ਹਰਪ੍ਰੀਤ ਨੇ ਲਿਖਿਆ ਹੈ ਕਿ ਪੁਲਿਸ ਨੇ ਉਸ ਛੋਟੀ ਕਿਰਪਾਨ ਨੂੰ ਮਾਰੂ ਹਥਿਆਰ ਸਮਝਦਿਆਂ ਉਸ ਨੂੰ ਹੱਥਕੜੀ ਲਗਾਈ ਤੇ ਧਾਰਮਿਕ ਚਿੰਨ੍ਹ ਨੂੰ ਸਮਾਜ ਲਈ ਖਤਰਾ ਦੱਸਿਆ।

ਕਿਸਾਨਾਂ 'ਚ ਖੁਦਕੁਸ਼ੀਆਂ ਦਾ ਰੁਝਾਨ ਵਧਿਆ

ਚੰਡੀਗੜ੍ਹ: ਕਰਜ਼ੇ ਦੇ ਝੰਬੇ ਪੰਜਾਬ ਦੇ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਵਧ ਰਹੀ ਨਾ-ਉਮੀਦੀ ਕਾਰਨ ਖੁਦਕੁਸ਼ੀਆਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਇਸ ਸਾਲ ਦੇ ਪਹਿਲੇ ਪੰਜ ਮਹੀਨਿਆਂ ਦੌਰਾਨ ਚਾਰ ਬਲਾਕਾਂ ਦੇ 110 ਪਿੰਡਾਂ ਦੇ 24 ਕਿਸਾਨ ਅਤੇ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਇਹ ਖੁਲਾਸਾ ਬਾਬਾ ਨਾਨਕ ਐਜੂਕੇਸ਼ਨ ਸੁਸਾਇਟੀ ਦੇ ਬਚਾਓ ਅਤੇ ਪੁਨਰਵਾਸ ਮਿਸ਼ਨ ਵੱਲੋਂ ਕੀਤੇ ਅਧਿਐਨ ਤੋਂ ਹੋਇਆ ਹੈ। ਇਨ੍ਹਾਂ ਅੰਕੜਿਆਂ ਨੂੰ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ ਨੇ ਬਾਕਾਇਦਾ ਹਲਫ਼ਨਾਮੇ ਦੇ ਕੇ ਤਸਦੀਕ ਕੀਤਾ ਹੈ। ਸੰਗਰੂਰ ਜ਼ਿਲ੍ਹੇ ਦੇ ਲਹਿਰਾ, ਮੂਨਕ ਤੇ ਸੁਨਾਮ ਬਲਾਕ ਅਤੇ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਬਲਾਕ ਅੰਦਰ ਆਉਂਦੇ ਕੁੱਲ 110 ਪਿੰਡਾਂ ਵਿਚ ਪਹਿਲੀ ਜਨਵਰੀ ਤੋਂ 2 ਜੂਨ 2017 ਤੱਕ ਕੀਤੇ ਅਧਿਐਨ ਮੁਤਾਬਕ ਪੇਂਡੂ ਅਰਥਵਿਵਸਥਾ ਇਸ ਹੱਦ ਤੱਕ ਝੰਬੀ ਗਈ ਹੈ ਕਿ ਕਿਸਾਨ ਅਤੇ ਖੇਤ ਮਜ਼ਦੂਰ ਲਗਾਤਾਰ ਖੁਦਕੁਸ਼ੀਆਂ ਕਰ ਰਹੇ ਹਨ। ਇਹ ਤੱਥ ਵੀ ਲਗਾਤਾਰ ਸਾਹਮਣੇ ਆ ਰਹੇ ਹਨ ਕਿ ਪੰਜਾਬ ਦਾ ਮਾਲਵਾ ਖੇਤਰ ਖੁਦਕੁਸ਼ੀਆਂ ਦੇ ਮਾਮਲੇ ਵਿਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੈ।

ਐਚ-1 ਬੀ ਵੀਜ਼ੇ ਬਾਰੇ ਟਰੰਪ ਨੂੰ ਮਿਲਣਗੇ ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਲ 26 ਜੂਨ ਨੂੰ ਐਚ-1 ਬੀ ਵੀਜ਼ਾ ਵਿਚ ਸੰਭਾਵਿਤ ਤਬਦੀਲੀਆਂ ਸਬੰਧੀ ਭਾਰਤ ਦੀ ਚਿੰਤਾ ਜ਼ਾਹਿਰ ਕਰਨ ਸਮੇਤ ਕਈ ਮੁੱਦਿਆਂ ਉਤੇ ਚਰਚਾ ਕਰਨਗੇ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮੋਦੀ-ਟਰੰਪ ਚਰਚਾ ਡੂੰਘੀ ਦੁਵੱਲੀ ਗੱਲਬਾਤ ਲਈ ਨਵੀਂ ਦਿਸ਼ਾ ਪ੍ਰਦਾਨ ਕਰੇਗੀ। ਪ੍ਰਧਾਨ ਮੰਤਰੀ 26 ਜੂਨ ਨੂੰ ਰਾਸ਼ਟਰਪਤੀ ਟਰੰਪ ਨਾਲ ਸਰਕਾਰੀ ਪੱਧਰ ਦੀ ਗੱਲਬਾਤ ਕਰਨਗੇ।

ਪਿਛਲੇ ਹਫਤੇ ਆਪਣਾ ਸਾਲਾਨਾ ਪ੍ਰੈੱਸ ਕਾਨਫਰੰਸ ਵਿਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਸੀ ਕਿ ਮੋਦੀ ਟਰੰਪ ਨਾਲ ਐਚ-1 ਬੀ ਵੀਜ਼ੇ ਦਾ ਮੁੱਦਾ ਉਠਾਉਣਗੇ।

ਗੁਰਦੁਆਰੇ 'ਚ ਚਾਰ ਸਰੂਪ ਅਗਨ ਭੇਟ

ਕਾਹਨੂੰਵਾਨ: ਪਿੰਡ ਗਾਜ਼ੀਕੋਟ ਦੇ ਇਕ ਗੁਰਦੁਆਰੇ ਵਿਚ ਏ.ਸੀ. ਦੇ ਸ਼ਾਰਟ ਸਰਕਟ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਅੱਗ ਦੀ ਭੇਟ ਚੜ੍ਹ ਗਏ।

ਗੁਰਦੁਆਰੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸੁਖ ਆਸਣ ਵਾਲੇ ਕਮਰੇ ਵਿਚ ਚਾਰ ਪਾਵਨ ਸਰੂਪ ਪਏ ਸਨ। ਗੁਰਦੁਆਰਾ ਕਮੇਟੀ ਦੇ ਮੈਂਬਰ ਕੁਲਦੀਪ ਸਿੰਘ ਨੇ ਦੱਸਿਆ ਕਿ ਰਹਿਰਾਸ ਤੋਂ ਪਹਿਲਾਂ ਪਿੰਡ ਦੇ ਬੱਚਿਆਂ ਨੇ ਸੁਖ ਆਸਣ ਵਾਲੇ ਕਮਰੇ ਵਿਚੋਂ ਧੂੰਆਂ ਨਿਕਲਦਾ ਦੇਖਿਆ। ਉਨ੍ਹਾਂ ਨੇ ਇਸ ਦੀ ਸੂਚਨਾ ਗੁਰਦੁਆਰੇ ਦੇ ਗ੍ਰੰਥੀ ਨੂੰ ਦਿੱਤੀ। ਮੌਕੇ 'ਤੇ ਪੁੱਜੇ ਪਿੰਡ ਵਾਸੀਆਂ ਦੇ ਦੇਖਦੇ ਹੀ ਦੇਖਦੇ ਗੁਰੂ ਗ੍ਰੰਥ ਸਾਹਿਬ ਦੇ ਚਾਰ ਪਾਵਨ ਸਰੂਪ ਅੱਗ ਦੀ ਭੇਟ ਚੜ੍ਹ ਗਏ।

ਪਿੰਡ ਵਾਸੀਆਂ ਅਤੇ ਕਮੇਟੀ ਪ੍ਰਬੰਧਕਾਂ ਦੇ ਯਤਨਾਂ ਸਦਕਾ ਅੱਗ ਬੁਝਾਈ ਗਈ। ਗੁਰਦੁਆਰਾ ਕਮੇਟੀ ਨੇ ਘਟਨਾ ਬਾਰੇ ਸੂਚਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਦਿੱਤੀ। ਧਾਰਮਿਕ ਮਰਿਆਦਾ ਨਾਲ ਅਗਨ ਭੇਟ ਹੋਏ ਪਾਵਨ ਸਰੂਪਾਂ ਨੂੰ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਸਕਾਰ ਲਈ ਭੇਜ ਦਿੱਤਾ।

ਸਿਆਸਤ ਕਰਨ ਕਰ ਕੇ ਘਿਰੀ ਸ਼੍ਰੋਮਣੀ ਕਮੇਟੀ

(ਸਫਾ ਇਕ ਦੀ ਬਾਕੀ)

ਕੇ ਸਾਥ ਦਿੱਤਾ ਜਾਂ ਹਮਾਇਤ ਕੀਤੀ। 2015 ਵਿਚ ਬੇਅਦਬੀ ਦੀ ਪੀੜ ਨਾਲ ਝੰਬੇ ਤੇ ਇਨਸਾਫ ਮੰਗ ਰਹੇ ਹਰ ਸਿੱਖ ਨੂੰ ਇਸ ਸ਼੍ਰੋਮਣੀ ਸੰਸਥਾ ਵੱਲੋਂ ਡਟਵਾਂ ਸਾਥ ਮਿਲਣ ਦੀ ਵੱਡੀ ਆਸ ਸੀ, ਪਰ ਸੰਸਥਾ ਲੋਕਾਂ ਦੀ ਆਸ 'ਤੇ ਖਰੀ ਨਹੀਂ ਉਤਰੀ। ਬੇਅਦਬੀ ਦਾ ਸਿਲਸਿਲਾ ਸਾਲ 2015 ਵਿਚ ਸ਼ੁਰੂ ਹੋਇਆ ਸੀ ਜੋ ਅੱਜ ਤੱਕ ਬਾਦਸਤੂਰ ਜਾਰੀ ਹੈ ਅਤੇ 100 ਤੋਂ ਵੱਧ ਵਾਰ ਬੇਅਦਬੀ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਪਿਛਲੀ ਅਕਾਲੀ-ਭਾਜਪਾ ਸਰਕਾਰ ਵੇਲੇ ਵੀ ਬੇਅਦਬੀ ਦਾ ਕੋਈ ਦੋਸ਼ੀ ਨਹੀਂ ਸੀ ਫੜਿਆ ਗਿਆ। 2017 ਵਿਧਾਨ ਸਭਾ ਚੋਣਾਂ ਵੇਲੇ ਬੇਅਦਬੀ ਮੁੱਖ ਚੋਣ ਮੁੱਦਿਆਂ ਵਿਚੋਂ ਇਕ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਪ੍ਰਚਾਰ ਦੌਰਾਨ ਨਸ਼ੇ ਖਤਮ ਕਰਨ ਅਤੇ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਵਾਅਦਾ ਕੀਤਾ ਸੀ, ਪਰ ਨਵੀਂ ਸਰਕਾਰ ਦੇ 3 ਮਹੀਨਿਆਂ ਦੇ ਕਾਰਜਕਾਲ ਦੌਰਾਨ ਵੀ ਕਈ ਵਾਰ ਗੁਰਬਾਣੀ ਦੀ ਬੇਅਦਬੀ ਹੋ ਚੁੱਕੀ ਹੈ, ਪਰ ਦੋਸ਼ੀਆਂ ਤੱਕ ਪਹੁੰਚ ਹਾਲੇ ਵੀ ਨਹੀਂ ਹੋ ਸਕੀ।

ਯਾਦ ਰਹੇ ਕਿ ਹੈ ਕਿ ਅਕਾਲੀ ਦਲ ਅਤੇ ਭਾਜਪਾ ਵੱਲੋਂ ਇਹ ਧਰਨੇ ਕਿਸਾਨ ਖੁਦਕੁਸ਼ੀਆਂ, ਰੇਤੇ ਦੀਆਂ ਖੱਡਾਂ ਦੇ ਮਾਮਲੇ ਵਿਚ ਰਾਣਾ ਗੁਰਜੀਤ ਸਿੰਘ ਦੀ ਗ੍ਰਿਫਤਾਰੀ ਅਤੇ ਕਾਂਗਰਸ ਸਰਕਾਰ ਦੇ 90 ਦਿਨ ਬੀਤ ਜਾਣ 'ਤੇ ਆਪਣੇ ਵਾਅਦੇ ਨਾ ਪੂਰੇ ਕਰਨ ਖਿਲਾਫ ਦਿੱਤੇ ਗਏ ਸਨ। ਉਧਰ, ਪ੍ਰੋ. ਕਿਰਪਾਲ ਸਿੰਘ ਬਡੂੰਗਰ ਦਾ ਦੋਸ਼ ਹੈ ਕਿ ਕੈਪਟਨ ਸਰਕਾਰ ਸਿੱਖ ਮਸਲਿਆਂ 'ਤੇ ਜਾਣਬੁਝ ਕੇ ਨਾਂਹ ਪੱਖੀ ਰਵੱਈਆ ਅਪਣਾ ਰਹੀ ਹੈ ਜਿਨ੍ਹਾਂ ਵਿਚ ਕਾਂਗਰਸੀ ਲੋਕਾਂ ਵੱਲੋਂ ਗੁਰਦੁਆਰਿਆਂ ਦੀਆਂ ਜ਼ਮੀਨਾਂ 'ਤੇ ਕਬਜ਼ੇ ਕਰਨੇ, ਸਰਕਾਰ ਦੇ ਮੰਤਰੀ ਸਿੱਖ ਵਿਰਾਸਤਾਂ ਪ੍ਰਤੀ ਗਲਤ ਸ਼ਬਦਾਵਲੀ ਵਰਤਿਆ ਜਾਣਾ, 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਨੂੰ ਵਿਗਾੜਿਆ ਜਾਣਾ ਅਤੇ ਹਰਿਮੰਦਰ ਸਾਹਿਬ ਵਿਖੇ ਆਉਂਦੇ ਮਾਰਗ 'ਤੇ ਚੱਲਦੀਆਂ ਸਕਰੀਨਾਂ ਉਤੇ ਨਸ਼ਿਆਂ ਸਮੇਤ ਹੋਰ ਇਤਰਾਜ਼ਯੋਗ ਇਸ਼ਤਿਹਾਰ ਪ੍ਰਸਾਰਿਤ ਕਰਨ ਆਦਿ ਦਾ ਜ਼ਿਕਰ ਕੀਤਾ ਗਿਆ। ਹਾਲਾਂਕਿ ਸਕਰੀਨਾਂ ਉਤੇ ਇਸ਼ਤਿਹਾਰਬਾਜ਼ੀ ਦੇ ਦੋਸ਼ਾਂ ਦੀ ਉਸ ਸਮੇਂ ਹਵਾ ਨਿਕਲ ਗਈ ਜਦੋਂ ਇਹ ਤੱਥ ਸਾਹਮਣੇ ਆਏ ਕਿ ਬਾਦਲ ਸਰਕਾਰ ਨੇ ਸਕਰੀਨਾਂ ਲਾਉਣ ਵਾਲੀ ਕੰਪਨੀ ਨਾਲ ਗੁਰਬਾਣੀ ਕੀਰਤਨ ਦਾ ਪ੍ਰਸਾਰਨ ਲਾਜ਼ਮੀ ਕਰਨ ਦੀ ਕੋਈ ਸ਼ਰਤ ਨਹੀਂ ਰੱਖੀ ਸੀ। ਅਸਲ ਵਿਚ ਬਾਦਲ ਸਰਕਾਰ ਨੇ ਇਹ ਸਕਰੀਨਾਂ ਚੋਣਾਂ ਨੇੜੇ ਹੋਣ ਕਾਰਨ ਆਪਣੀ ਮਸ਼ਹੂਰੀ ਲਈ ਹੀ ਲਾਈਆਂ ਸਨ ਤੇ ਸ਼ੁਰੂ ਵਿਚ ਗੁਰਬਾਣੀ ਨਾਲੋਂ ਜ਼ਿਆਦਾ ਸਮਾਂ ਇਨ੍ਹਾਂ ਸਕਰੀਨਾਂ ਉਤੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਈਆਂ ਗਈਆਂ ਸਨ।

ਅਕਾਲੀ ਸਰਕਾਰ ਵੇਲੇ ਹੁਣ ਵਰਗੀ ਸਰਗਰਮੀ ਨਾ ਦਿਖਾਉਣ ਬਾਰੇ ਸਵਾਲ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਬਡੂੰਗਰ ਦਾ ਕਹਿਣਾ ਹੈ ਕਿ ਸੰਸਥਾ ਦਾ ਮੁੱਖ ਕਾਰਜ ਗੁਰਦੁਆਰਾ ਪ੍ਰਬੰਧ ਤੇ ਸੁਧਾਰ ਦਾ ਹੈ ਅਤੇ ਉਨ੍ਹਾਂ ਸਰਕਾਰ ਤੋਂ ਕਾਰਵਾਈ ਲਈ ਮੰਗ ਕੀਤੀ ਹੈ। ਸਵਾਲ ਉਠਦਾ ਹੈ ਕਿ ਪਿਛਲੀ ਸਰਕਾਰ ਵੇਲੇ ਸਮਾਜ ਵਿਚ ਅਜਿਹੇ ਕੋਈ ਮੁੱਦੇ ਨਹੀਂ ਸਨ, ਉਦੋਂ ਕਿਉਂ ਨਹੀਂ ਧਰਨੇ ਦਿੱਤੇ ਗਏ? ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੇ ਜਥੇਦਾਰ ਉਤੇ ਦੋਸ਼ ਲੱਗਦੇ ਰਹੇ ਹਨ ਕਿ ਉਹ ਬਾਦਲ ਪਰਿਵਾਰ ਦੇ ਇਸ਼ਾਰਿਆਂ ਉਤੇ ਕੰਮ ਕਰਦੇ ਹਨ।

ਅਕਾਲੀ ਸਰਕਾਰ ਵੇਲੇ ਡੇਰਾ ਸਿਰਸਾ ਮੁਖੀ ਨੂੰ ਮੁਆਫੀ ਦੇਣ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਵੱਡੇ ਪੱਧਰ ਉਤੇ ਸਿੱਖ ਸੰਗਤ ਦੇ ਰੋਹ ਦਾ ਸ਼ਿਕਾਰ ਹੋਣਾ ਪਿਆ ਸੀ। ਉਦੋਂ ਦੋਸ਼ ਲੱਗੇ ਸਨ ਕਿ ਡੇਰਾ ਮੁਖੀ ਨੂੰ ਮੁਆਫੀ ਸੁਖਬੀਰ ਸਿੰਘ ਬਾਦਲ ਦੇ ਇਸ਼ਾਰੇ ਉਤੇ ਦਿੱਤੀ ਗਈ ਹੈ। ਇਸ ਬਾਰੇ ਪੁਖਤਾ ਸਬੂਤ ਵੀ ਸਾਹਮਣੇ ਆਏ ਸਨ, ਪਰ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਇਹੀ ਦਾਅਵਾ ਕਰਦੇ ਰਹੇ ਕਿ ਇਹ ਫੈਸਲਾ ਸਿਰਫ ਜਥੇਦਾਰਾਂ ਦਾ ਸੀ ਅਤੇ ਇਸ ਵਿਚ ਕਿਸੇ ਤਰ੍ਹਾਂ ਦਾ ਸਿਆਸੀ ਦਬਾਅ ਨਹੀਂ ਸੀ।

ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ

ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ

ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

ਮੀਡੀਆ ਦੀ ਆਜ਼ਾਦੀ ਦੇ ਹੱਕ ਵਿਚ ਲਾਮਬੰਦੀ

ਨਵੀਂ ਦਿੱਲੀ: ਐਨ.ਡੀ. ਟੀ.ਵੀ. ਦੇ ਪ੍ਰਮੋਟਰ ਉਤੇ ਸੀ.ਬੀ.ਆਈ. ਛਾਪਾ ਕਾਂਡ ਨੇ ਦੇਸ਼ ਦੇ ਪੱਤਰਕਾਰ ਭਾਈਚਾਰੇ, ਬੁੱਧੀਜੀਵੀ ਤੇ ਰਾਜਨੀਤਕ ਪਾਰਟੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਦਿੱਤਾ ਹੈ। ਦੇਸ਼ ਵਿਚ ਬਵਾਲ ਇਸ ਗੱਲ ਦਾ ਹੈ ਕਿ ਸਰਕਾਰ ਨੇ ਕਿਵੇਂ ਮੀਡੀਆ ਨੂੰ ਹੱਥ ਪਾ ਲਿਆ ਹੈ। ਕਾਂਗਰਸ ਦੇ ਸੀਨੀਅਰ ਨੇਤਾ ਗੁਲਾਮ ਨਬੀ ਆਜ਼ਾਦ ਨੇ ਕਿਹਾ ਇਹ ਛਾਪੇਮਾਰੀ ਸਰਕਾਰ ਦੀ ਬੇਸ਼ਰਮੀ ਦਿਖਾਉਂਦੀ ਹੈ।

ਲੋਕ ਹਜ਼ਾਰਾਂ ਕਰੋੜ ਰੁਪਏ ਲੈ ਕੇ ਭੱਜ ਗਏ ਹਨ। ਅਜਿਹੇ ਵਿਚ ਸਰਕਾਰ 50 ਕਰੋੜ ਰੁਪਏ ਦੇ ਮਾਮਲੇ ਵਿਚ ਇੰਨਾ ਕਿਉਂ ਪ੍ਰੇਸ਼ਾਨ ਹੈ? ਕੇਜਰੀਵਾਲ ਨੇ ਕਿਹਾ ਇਹ ਆਜ਼ਾਦੀ ਤੇ ਸੱਤਾ ਵਿਰੋਧੀ ਅਵਾਜ਼ਾਂ ਨੂੰ ਬੰਦ ਕਰਨ ਦੀ ਕੋਸ਼ਿਸ਼ ਹੈ। ਲਾਲੂ ਪ੍ਰਸ਼ਾਦ ਯਾਦਵ ਨੇ ਕਿਹਾ ਜਿਹੜੇ ਨੇਤਾ, ਪੱਤਰਕਾਰ ਤੇ ਮੀਡੀਆ ਘਰਾਣੇ ਉਨ੍ਹਾਂ ਦੇ ਨਾਮ ਦਾ ਵਾਜਾ ਨਹੀਂ ਵਜਾਉਣਗੇ, ਸਰਕਾਰ ਦਾ ਭੋਂਪੂ

ਨਹੀਂ ਬਣਨਗੇ, ਉਨ੍ਹਾਂ ਉਤੇ ਇਹ ਕੇਸ, ਮੁਕੱਦਮੇ ਤੇ ਛਾਪੇ ਮਰਵਾਉਣਗੇ। ਇਹੀ ਐਮਰਜੈਂਸੀ ਹੈ। ਮਮਤਾ ਬੈਨਰਜੀ ਨੇ ਲਿਖਿਆ ਇਹ ਪ੍ਰੇਸ਼ਾਨ ਕਰਨ ਵਾਲਾ ਟਰੈਂਡ ਹੈ। ਆਮ ਆਦਮੀ ਪਾਰਟੀ ਦੇ ਬੁਲਾਰੇ ਤੇ ਸਾਬਕਾ ਸੰਸਦ ਮੈਂਬਰ ਆਸ਼ੂਤੋਸ਼ ਨੇ ਕਿਹਾ ਇਹ ਹਿੰਦੁਸਤਾਨ ਦੀ ਆਜ਼ਾਦ, ਸੁਤੰਤਰ ਮੀਡੀਆ ਨੂੰ ਕੁਚਲਣ ਦੀ ਬਹੁਤ ਵੱਡੀ ਕੋਸ਼ਿਸ਼ ਹੈ। ਇਹ ਸਾਫ ਤੌਰ ਉਤੇ ਮੋਦੀ ਸਰਕਾਰ ਵੱਲੋਂ ਇਕ ਇਸ਼ਾਰਾ ਹੈ ਕਿ ਜਿਹੜਾ 'ਮੋਦੀ ਜੀ' ਦੀ ਆਰਤੀ ਨਹੀਂ ਕਰੇਗਾ, ਉਸ ਲਈ ਕੋਈ ਜਗ੍ਹਾ ਨਹੀਂ। ਸੀਨੀਅਰ ਪੱਤਰਕਾਰ ਰਾਜਦੀਪ ਸਰਦੇਸਾਈ ਨੇ ਕਿਹਾ ਇਹ ਕਾਰਵਾਈ ਇਸ ਵਜ੍ਹਾ ਨਾਲ ਕੀਤੀ ਜਾ ਰਹੀ ਹੈ ਕਿ ਪ੍ਰਣਯ ਰਾਏ ਦਾ ਅਕਸ਼ ਬਣ ਗਿਆ ਹੈ ਕਿ ਉਹ ਸਰਕਾਰ ਵਿਰੋਧੀ ਹੈ।

ਸੀਨੀਅਰ ਪੱਤਰਕਾਰ ਕੁਮਾਰ ਕੇਤਕਰ ਨੇ ਕਿਹਾ ਇਹ ਸਿਰਫ ਮੰਦਭਾਗੀ ਗੱਲ ਹੀ ਨਹੀਂ ਬਲਕਿ ਇਹ ਇਕ ਬਦਲੇ ਦੀ ਭਾਵਨਾ ਨਾਲ ਕੀਤੀ ਕਾਰਵਾਈ ਹੈ ਕਿਉਂਕਿ ਐਨ.ਡੀ ਟੀ.ਵੀ. ਸੁਤੰਤਰ ਹੈ ਤੇ ਮੋਦੀ ਸਰਕਾਰ ਦੀਆਂ ਗਲਤੀਆਂ ਉਤੇ ਸੱਟ ਮਾਰਦਾ ਸੀ।

ਸਾਬਕਾ ਕੇਂਦਰੀ ਮੰਤਰੀ ਤੇ ਸਾਬਕਾ ਸੰਪਾਦਕ ਅਰੁਣ ਸ਼ੌਰੀ ਨੇ ਮੋਦੀ ਸਰਕਾਰ ਉਤੇ ਸੁਆਲ ਚੁੱਕੇ ਹਨ। ਸ਼ੋਰੀ ਨੇ ਕਿਹਾ ਕਿ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਛਾਪੇ ਬਾਕੀ ਮੀਡੀਆ ਨੂੰ ਇਹ ਸੰਕੇਤ ਦੇਣ ਲਈ ਮਾਰੇ ਗਏ ਕਿ ਤੁਸੀਂ ਨਾਲ ਨਹੀਂ ਰਹੋਗੇ ਤਾਂ ਇਹੀ ਹੋਵੇਗਾ।

ਫੇਸਬੁੱਕ 'ਤੇ ਟਿੱਪਣੀ ਕਰਨ ਵਾਲੇ ਨੂੰ ਮੌਤ ਦੀ ਸਜ਼ਾ

ਲਾਹੌਰ: ਪਾਕਿਸਤਾਨ ਵਿਚ ਇਕ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਸ਼ੀਆ ਮੁਸਲਿਮ ਵਿਅਕਤੀ ਨੂੰ ਫੇਸਬੁੱਕ ਉਤੇ ਇੰਸਨਿੰਦਾ ਦੇ ਜੁਰਮ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਅਤਿਵਾਦ ਵਿਰੋਧੀ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਕੀਤੀ ਅਤੇ ਫੈਸਲਾ ਸੁਣਾਇਆ।

ਸੋਸ਼ਲ ਮੀਡੀਆ ਉਤੇ ਇੰਸਨਿੰਦਾ ਦੇ ਦੋਸ਼ ਵਿਚ ਮੌਤ ਦੀ ਸਜ਼ਾ ਸੁਣਾਏ ਜਾਣ ਦਾ ਇਹ ਪਹਿਲਾ ਮਾਮਲਾ ਹੈ। ਰਿਪੋਰਟ ਅਨੁਸਾਰ 30 ਸਾਲ ਦੇ ਤੈਮੂਰ ਰਜਾ ਨੂੰ ਪੰਜਾਬ ਸੂਬੇ ਦੇ ਬਹਾਵਲਪੁਰ ਜ਼ਿਲ੍ਹੇ ਦੀ ਅਤਿਵਾਦ ਵਿਰੋਧੀ ਅਦਾਲਤ ਨੇ ਇਸ ਲਈ ਮੌਤ ਦੀ ਸਜ਼ਾ ਸੁਣਾਈ ਹੈ ਕਿਉਂਕਿ ਉਸ ਨੇ ਫੇਸਬੁੱਕ ਉਤੇ ਇਤਰਾਜ਼ਯੋਗ ਟਿੱਪਣੀਆਂ ਪੋਸਟ ਕੀਤੀਆਂ ਸਨ।

ਭਾਜਪਾ ਨੂੰ ਘੇਰਾ ਪਾਉਣ ਲਈ ਮਹਾਂ ਗੱਠਜੋੜ ਦਾ ਦਿੱਤਾ ਸੱਦਾ

ਪਟਨਾ: ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਨੇ ਆਪਣੇ 70ਵੇਂ ਜਨਮ ਦਿਨ ਮੌਕੇ ਕੇਂਦਰ ਵਿਚ ਮਹਾਂਗੱਠਜੋੜ ਬਣਾਉਣ ਦਾ ਸੱਦਾ ਦਿੱਤਾ ਹੈ।

ਬਿਹਾਰ ਕਾਂਗਰਸ ਦੇ ਮੁਖੀ ਤੇ ਸੂਬੇ ਦੇ ਸਿੱਖਿਆ ਮੰਤਰੀ ਅਸ਼ੋਕ ਚੌਧਰੀ ਵੱਲੋਂ ਜਨਮਦਿਨ ਦੀਆਂ ਵਧਾਈਆਂ ਮਿਲਣ ਮਗਰੋਂ ਸ੍ਰੀ ਯਾਦਵ ਨੇ ਇਸ ਸਬੰਧੀ ਟਵੀਟ ਕੀਤਾ ਹੈ। ਲਾਲੂ ਪ੍ਰਸਾਦ ਯਾਦਵ ਨੇ ਕਿਹਾ ਕਿ ਦਿੱਲੀ ਹੁਣ ਮਹਾਂਗੱਠਜੋੜ ਦੀ ਸਰਕਾਰ ਦੇਖੇਗੀ।

ਸਾਰੀਆਂ ਹਮਾਇਤੀ ਧਿਰਾਂ ਨੂੰ ਤਿਆਰੀਆਂ ਸ਼ੁਰੂ ਕਰ ਦੇਣੀਆਂ ਚਾਹੀਦੀਆਂ ਹਨ। ਉਨ੍ਹਾਂ ਤ੍ਰਿਣਮੂਲ ਕਾਂਗਰਸ ਦੀ ਮੁਖੀ ਨੂੰ ਯਾਦ ਦਿਵਾਇਆ ਕਿ ਉਹ ਇਕ ਵੱਡੇ ਕਾਰਨ ਲਈ ਇਕਜੁਟ ਹੋਏ ਹਨ।

2015 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਰਾਸ਼ਟਰੀ ਜਨਤਾ ਦਲ, ਜਨਤਾ ਦਲ (ਯੂ) ਅਤੇ ਕਾਂਗਰਸ ਵੱਲੋਂ ਬਣਾਏ ਗਏ ਮਹਾਂਗੱਠਜੋੜ ਤੋਂ ਭਾਜਪਾ ਨੂੰ ਮਿਲੀ ਮਾਤ ਮਗਰੋਂ ਭਗਵਾਂ ਪਾਰਟੀ ਨੂੰ ਰੋਕਣ ਦਾ ਇਹੀ ਇਕੋ ਇਕ ਰਾਹ ਮੰਨਿਆ ਜਾ ਰਿਹਾ ਹੈ।

ਪਾਬੰਦੀਆਂ ਦੇ ਬਾਵਜੂਦ ਨਹੀਂ ਟਲ ਰਿਹਾ ਉਤਰੀ ਕੋਰੀਆ

ਸਿਓਲ: ਉਤਰੀ ਕੋਰੀਆ ਨੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਦੇ ਬਾਵਜੂਦ ਜ਼ਮੀਨ ਤੋਂ ਬੇੜੇ ਵੱਲ ਮਾਰ ਕਰਨ ਵਾਲੀਆਂ ਕਈ ਮਿਸਾਈਲਾਂ ਦਾਗੀਆਂ ਹਨ।

ਦੱਖਣੀ ਕੋਰੀਆ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਤਰੀ ਕੋਰੀਆ ਨੇ ਵੋਨਸਾਨ ਨੇੜੇ ਕਈ ਬੇਨਾਮੀ ਮਿਸਾਈਲਾਂ ਦਾਗੀਆਂ ਜੋ ਜ਼ਮੀਨ ਤੋਂ ਜੰਗੀ ਬੇੜੇ ਤੱਕ ਮਾਰ ਕਰਨ ਦੇ ਸਮਰੱਥ ਹਨ। ਉਨ੍ਹਾਂ ਕਿਹਾ ਕਿ ਸਿਓਲ ਨੇ ਸੰਭਾਵੀ ਖਤਰਿਆਂ ਖਿਲਾਫ਼ ਨਿਗਰਾਨੀ ਵਧਾ ਦਿੱਤੀ ਹੈ। ਉਤਰੀ ਕੋਰੀਆ ਵੱਲੋਂ ਪੰਜ ਹਫਤਿਆਂ ਤੋਂ ਵੀ ਘੱਟ ਸਮੇਂ ਅੰਦਰ ਕੀਤਾ ਗਿਆ ਇਹ ਚੌਥਾ ਮਿਸਾਈਲ ਪ੍ਰੀਖਣ ਹੈ।

ਅਸ਼ੋਕ ਭੌਰਾ ਨੂੰ ਸਦਮਾ, ਵੱਡੇ ਭਰਾ ਕਮਲ ਭੌਰਾ ਦਾ ਦੇਹਾਂਤ

ਨਵਾਂ ਸ਼ਹਿਰ (ਬਿਊਰੋ): ਅਮਰੀਕਾ ਵਸਦੇ ਉੱਘੇ ਕਾਲਮ ਨਵੀਸ ਅਤੇ ਪੱਤਰਕਾਰ ਐਸ. ਅਸ਼ੋਕ ਭੌਰਾ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਵੱਡੇ ਭਰਾ ਸ੍ਰੀ ਕਮਲ



ਭੌਰਾ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਪਿਛਲੇ ਦਿਨੀਂ ਚਲਾਣਾ ਕਰ ਗਏ। ਉਹ 65 ਵਰ੍ਹਿਆਂ ਦੇ ਸਨ ਅਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਭੌਰਾ ਵਿਚ ਹੀ ਰਹਿੰਦੇ ਸਨ। ਉਹ ਆਪਣੇ ਪਿੱਛੇ ਦੋ ਪੁੱਤਰ, ਇਕ ਧੀ ਅਤੇ ਪਤਨੀ ਛੱਡ ਗਏ ਹਨ। ਸਵਰਗੀ ਕਮਲ ਭੌਰਾ ਨਮਿੱਤ ਸ਼ਰਧਾਂਜਲੀ ਸਮਾਰੋਹ ਪਿੰਡ ਭੌਰਾ ਵਿਖੇ 16 ਜੂਨ ਨੂੰ ਹੋਵੇਗਾ।

ਸਵਰਗੀ ਕਮਲ ਭੌਰਾ ਦਾ ਅੰਤਿਮ ਸੰਸਕਾਰ ਪਿੰਡ ਭੌਰਾ ਵਿਚ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਲੜਕੇ ਜਸਵਿੰਦਰ ਭੌਰਾ ਨੇ ਵਿਖਾਈ। ਉਨ੍ਹਾਂ ਦੀ ਅੰਤਿਮ ਯਾਤਰਾ ਵਿਚ ਭਰਵੀਂ ਸ਼ਮੂਲੀਅਤ ਸੀ ਜਿਸ ਵਿਚ ਜ਼ਿਲ੍ਹਾ ਕਾਂਗਰਸ ਪ੍ਰਧਾਨ ਨਵਾਂਸ਼ਹਿਰ ਸਤਵੀਰ ਸਿੰਘ ਪੱਲੀ ਝਿੱਕੀ, ਸਾਬਕਾ ਸਰਪੰਚ ਅਵਤਾਰ ਸਿੰਘ ਭੌਰਾ, ਗਾਇਕ ਜੋੜੀ ਲੱਖਾ ਤੇ ਨਾਜ਼, ਮਾਸਟਰ ਪ੍ਰੇਮ ਸਿੰਘ ਸੂਰਾਪੁਰੀ, ਗਾਇਕ ਜੋੜੀ ਆਤਮਾ ਬੁੱਢੇਵਾਲੀਆ ਤੇ ਅਮਨ ਰੋਜ਼ੀ, ਆਤਮਾ ਸਵਰੂਪ, ਸਵਾਰੀਆ ਚੰਡੀਗੜ੍ਹ, ਸ਼ਾਦੀ ਲਾਲ ਸ਼ਰਮਾ, ਕੁਲਵੰਤ ਭਾਨਾ, ਸੁੰਦਰ ਦਾਸ, ਸ਼ੰਕਰ ਦਾਸ, ਦੇਵੀ ਬਾਲਾ, ਮਾਸਟਰ ਗੁਰਦੀਪ ਸਿੰਘ ਪੱਲੀ ਝਿੱਕੀ ਤੇ ਹਰਮੇਸ਼ ਵਿਰਦੀ ਆਦਿ ਸ਼ਾਮਿਲ ਹੋਏ।

ਕਮਲ ਭੌਰਾ ਦੀ ਮੌਤ 'ਤੇ ਅਦਾਰਾ ਪੰਜਾਬ ਟਾਈਮਜ਼, ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਚੇਅਰਮੈਨ ਮੱਖਣ ਸਿੰਘ ਬੈਂਸ, ਜੁਗਰਾਜ ਸਿੰਘ ਸਹੋਤਾ ਤੋਂ ਇਲਾਵਾ ਹੋਰ ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਨੇ ਅਸ਼ੋਕ ਭੌਰਾ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।

Visit us on the web: ***wwwpunjabtimesusa.com***

Convenience Store

For Sale

Busy Deli/Pizza/Convenience Store For Sale in Hudson Valley, New York
Low Rent, Long Lease, Busy Area, Extremely High Profit Margin.
45 minutes from New York City
Gross $50k+ Monthly
Asking $225,000+Inventory

Contact: 845-440-8951

23-24

ਰੈਸਟੋਰੈਂਟ ਲਈ ਲੋੜ ਹੈ

ਵਿਸਕਾਨਸਿਨ ਵਿਚ ਇੰਡੀਅਨ ਰੈਸਟੋਰੈਂਟ 'ਹਵੇਲੀ' ਲਈ ਅਨੁਭਵੀ ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ

ਸੰਪਰਕ ਕਰੋ

ਫੋਨ: 262-391-7666

22-24

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu

7021 Village Park Way, Dublin, CA 94568

Email:
Homeomedicine@yahoo.com

ਹਲਵਾਈ, ਵੈਸ਼ਨੂੰ ਕੁੱਕ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ
ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਵੈਸ਼ਨੂੰ ਕੁੱਕ ਤੇ ਡੋਸਾ ਮੇਕਰ
ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635

11-

ਬਾਦਲਾਂ ਨੂੰ ਟੱਕਰ ਦੇਣ ਲਈ ਝੀਂਡਾ ਨੇ ਬਣਾਇਆ ਜਨਤਾ ਅਕਾਲੀ ਦਲ

ਅੰਮ੍ਰਿਤਸਰ: ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਜਨਤਾ ਅਕਾਲੀ ਦਲ ਦਾ ਗਠਨ ਕਰਨ ਦਾ ਐਲਾਨ ਕੀਤਾ ਹੈ। ਝੀਂਡਾ ਨੇ ਕਿਹਾ ਕਿ ਜਨਤਾ ਅਕਾਲੀ ਦਲ ਪੂਰੀ ਤਰ੍ਹਾਂ ਜਨਤਾ ਵੱਲੋਂ, ਜਨਤਾ ਲਈ ਤੇ ਜਨਤਾ ਦਾ ਹੋਵੇਗਾ। ਇਸ ਦੇ ਸਰਪ੍ਰਸਤ ਅਵਤਾਰ ਸਿੰਘ ਚੱਕੂ, ਸੀਨੀਅਰ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਨਰੂਲਾ, ਜਨਰਲ ਸਕੱਤਰ ਜੋਗਾ ਸਿੰਘ ਯਮੁਨਾਨਗਰ ਤੇ ਖਜ਼ਾਨਚੀ ਅਮਨਦੀਪ ਸਿੰਘ ਗਿੱਲ ਕਰਨਾਲ ਨੂੰ ਬਣਾਇਆ ਗਿਆ ਹੈ।

ਝੀਂਡਾ ਨੇ ਦੱਸਿਆ ਕਿ ਜਨਤਾ ਅਕਾਲੀ ਦਲ ਇਕੱਲੇ ਹਰਿਆਣਾ ਰਾਜ ਤੱਕ ਹੀ ਸੀਮਤ ਨਹੀਂ ਬਲਕਿ ਹਿੰਦੁਸਤਾਨ ਦੇ 11 ਸੂਬਿਆਂ ਤੇ ਵਿਸ਼ਵ ਦੇ 10 ਦੇਸ਼ਾਂ ਵਿਚ ਕੰਮ ਕਰੇਗਾ। ਦਲ ਦਾ ਮੁੱਖ ਦਫਤਰ ਦਿੱਲੀ ਵਿਚ ਹੋਵੇਗਾ ਤੇ ਸਬ ਆਫਿਸ ਚੰਡੀਗੜ੍ਹ ਵਿਚ ਬਣਾਇਆ ਜਾਵੇਗਾ। ਝੀਂਡਾ ਨੇ ਦੱਸਿਆ ਕਿ ਕਿ ਬਾਦਲ ਪਰਿਵਾਰ ਦੇ ਕਬਜ਼ੇ ਵਿਚ ਆਇਆ ਅਕਾਲੀ ਦਲ ਪੂਰੀ ਤਰ੍ਹਾਂ ਸਿੱਖੀ ਸਿਧਾਂਤਾਂ ਤੋਂ ਦੂਰ ਹੋ ਚੁੱਕਾ ਹੈ।

ਉਨ੍ਹਾਂ ਦਾ ਉਦੇਸ਼ ਹੈ ਕਿ ਪਾਰਟੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਦਰਸਾਏ ਮੀਰੀ-ਪੀਰੀ ਦੇ ਸਿਧਾਂਤ ਅਨੁਸਾਰ ਧਰਮ ਦੇ ਕੁੰਡੇ ਅਧੀਨ ਹੀ ਵਿਚਰੇ। ਉਹ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਜਨਤਾ ਅਕਾਲੀ ਦਲ ਦੇ ਪ੍ਰਧਾਨ, ਦੋਵਾਂ ਵਿਚੋਂ ਇਕ ਹੀ ਅਹੁਦੇ 'ਤੇ ਰਹਿਣਗੇ ਤੇ ਇਹ ਫੈਸਲਾ ਪਾਰਟੀ ਦੀ ਪਹਿਲੀ ਅਗਸਤ, 2017 ਨੂੰ ਹੋਣ ਵਾਲੀ ਮੀਟਿੰਗ ਵਿਚ ਲਿਆ ਜਾਵੇਗਾ ਕਿ ਉਹ ਕਿਸ ਅਹੁਦੇ 'ਤੇ ਬਣੇ ਰਹਿਣ। ਇਸ ਮੌਕੇ ਸ. ਝੀਂਡਾ ਨੇ ਐਲਾਨ ਕੀਤਾ ਕਿ ਪਾਰਟੀ ਹਰਿਆਣਾ, ਹਿਮਾਚਲ, ਚੰਡੀਗੜ੍ਹ, ਪੰਜਾਬ, ਉਤਰਾਖੰਡ, ਦਿੱਲੀ, ਮੱਧ-ਪ੍ਰਦੇਸ਼, ਉੱਤਰ ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਤੇ ਜੰਮੂ ਕਸ਼ਮੀਰ ਵਿਚ ਕੰਮ ਕਰਨ ਦੇ ਨਾਲ-ਨਾਲ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਫਰਾਂਸ, ਜਰਮਨੀ, ਇਟਲੀ, ਨਿਊਜ਼ੀਲੈਂਡ, ਸਿੰਘਾਪੁਰ ਤੇ ਸਪੇਨ ਵਿਚ ਵੀ ਆਪਣੀ ਇਕਾਈ ਕਾਇਮ ਕਰੇਗੀ। ਪਾਰਟੀ ਸਾਲ 2017 ਦੀ ਹਿਮਾਚਲ ਵਿਧਾਨ ਸਭਾ ਲਈ ਹੋਣ ਵਾਲੀ ਚੋਣ ਵਿਚ ਸਥਾਨਕ ਮੁੱਦਿਆਂ ਨੂੰ ਆਧਾਰ ਬਣਾ ਕੇ ਚੋਣ ਲੜੇਗੀ।

ਲੁਟੇਰਿਆਂ ਵੱਲੋਂ ਫਾਇਨਾਂਸਰ ਤੇ ਪਤਨੀ ਦੀ ਹੱਤਿਆ

ਲੁਧਿਆਣਾ: ਦੁੱਗਰੀ ਦੇ ਇਲਾਕੇ ਐਚ. ਆਈ.ਜੀ ਫਲੈਟਾਂ ਵਿਚ ਦੋ ਹਥਿਆਰਬੰਦ ਲੁਟੇਰਿਆਂ ਵੱਲੋਂ ਇਕ ਫਾਇਨਾਂਸਰ ਅਤੇ ਉਸ ਦੀ ਪਤਨੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਵਾਰਦਾਤ ਪਿੱਛੋਂ ਭੱਜੇ ਲੁਟੇਰਿਆਂ ਵਿਚੋਂ ਇਕ ਨੂੰ ਕਾਬੂ ਕਰ ਕੇ ਲੋਕਾਂ ਨੇ ਪੁਲਿਸ ਹਵਾਲੇ ਕੀਤਾ। ਬਾਅਦ ਵਿਚ ਪੁਲਿਸ ਨੇ ਦੂਜੇ ਦੋਸ਼ੀ ਨੂੰ ਵੀ ਕਾਬੂ ਕਰ ਲਿਆ।

ਫਾਇਨਾਂਸ ਦਾ ਕਾਰੋਬਾਰ ਕਰਨ ਵਾਲਾ ਸੁਨੀਲ ਗੁਪਤਾ ਆਪਣੇ ਫਲੈਟ ਵਿਚ ਬਣਾਏ ਦਫਤਰ ਵਿਚ ਬੈਠਾ ਸੀ, ਜਦ ਕਿ ਉਸ ਦੀ ਪਤਨੀ ਨੀਲਮ ਗੁਪਤਾ (55) ਦੂਜੇ ਕਮਰੇ ਵਿਚ ਕੰਮ ਕਰ ਰਹੀ ਸੀ। ਦੋ ਨੌਜਵਾਨ ਉਨ੍ਹਾਂ ਦੇ ਦਫਤਰ ਆਏ ਅਤੇ ਗੁਪਤਾ ਪਾਸੋਂ ਨਗਦੀ ਦੀ ਮੰਗ ਕੀਤੀ, ਜਦੋਂ ਗੁਪਤਾ ਨੇ ਨਗਦੀ ਨਾ ਹੋਣ ਬਾਰੇ ਦੱਸਿਆ ਤਾਂ ਲੁਟੇਰਿਆਂ ਨੇ ਦੋਵਾਂ ਪਤੀ-ਪਤਨੀ 'ਤੇ ਗੋਲੀ ਚਲਾ ਦਿੱਤੀ।

ਅਜੇ ਲੁਟੇਰੇ ਇਸ ਵਾਰਦਾਤ ਨੂੰ ਅੰਜਾਮ ਦੇ ਰਹੇ ਸਨ ਕਿ ਸ੍ਰੀ ਗੁਪਤਾ ਦਾ ਲੜਕਾ ਰਾਹੁਲ ਉਥੇ ਆ ਗਿਆ ਅਤੇ ਉਸ ਨੇ ਇਹ ਸਭ ਕੁਝ ਦੇਖ ਕੇ ਰੌਲਾ ਪਾ ਦਿੱਤਾ। ਰੌਲੇ ਦੀ ਆਵਾਜ਼ ਸੁਣ ਕੇ ਮੁਹੱਲੇ ਦੇ ਲੋਕ ਇਕੱਠੇ ਹੋ ਗਏ, ਜਿਸ 'ਤੇ ਇਕ ਲੁਟੇਰੇ ਨੇ ਪਹਿਲੀ ਮੰਜ਼ਿਲ ਤੋਂ ਹੇਠਾਂ ਛਲਾਂਗ ਮਾਰ ਦਿੱਤੀ, ਜਿਸ 'ਤੇ ਉਸ ਦੀ ਲੱਤ ਟੁੱਟ ਗਈ ਅਤੇ ਉਹ ਫਿਰ ਉਠ ਨਹੀਂ ਸਕਿਆ। ਮੁਹੱਲੇ ਦੇ ਲੋਕਾਂ ਨੇ ਉਸ ਨੂੰ ਕਾਬੂ ਕਰ ਲਿਆ।

ਮਹਾਨ ਕੋਸ਼ ਦੇ ਨਵੇਂ ਐਡੀਸ਼ਨ ਵਿਚ ਗਲਤੀਆਂ ਕਾਰਨ ਬਡੂੰਗਰ ਖਫਾ

ਚੰਡੀਗੜ੍ਹ: ਭਾਈ ਕਾਹਨ ਸਿੰਘ ਨਾਭਾ ਦੀ ਕਿਰਤ 'ਮਹਾਨ ਕੋਸ਼' ਦੇ ਪੰਜਾਬੀ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਨਵੇਂ ਐਡੀਸ਼ਨ ਵਿਚਲੀਆਂ ਗਲਤੀਆਂ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਨਾਰਾਜ਼ਗੀ ਜ਼ਾਹਰ ਕੀਤੀ ਹੈ।

ਉਨ੍ਹਾਂ ਨੇ ਭਾਸ਼ਾ ਮਾਹਰਾਂ ਨਾਲ ਮੀਟਿੰਗ ਕਰ ਕੇ ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ। ਸ੍ਰੀ ਬਡੂੰਗਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬੀ ਯੂਨੀਵਰਸਿਟੀ ਨੂੰ ਮਹਾਨ ਕੋਸ਼ ਦੇ ਇਸ ਐਡੀਸ਼ਨ ਦੀ ਵਿਕਰੀ 'ਤੇ ਫੌਰੀ ਰੋਕ ਲਾਉਣ ਦੇ ਨਿਰਦੇਸ਼ ਦੇਣ। ਉਨ੍ਹਾਂ ਨੇ ਕੁਝ ਦਿਨ ਪਹਿਲਾਂ ਚਿੱਠੀ ਲਿਖ ਕੇ ਮੁੱਖ ਮੰਤਰੀ ਨੂੰ ਇਸ ਮਾਮਲੇ ਬਾਰੇ ਜਾਣਕਾਰੀ ਦਿੱਤੀ ਸੀ। ਪੰਜਾਬੀ ਦੇ ਨਾਲ-ਨਾਲ ਹਿੰਦੀ ਤੇ ਅੰਗਰੇਜ਼ੀ ਵਿਚ ਛਾਪੇ ਐਡੀਸ਼ਨਾਂ ਵਿਚ ਵੀ ਕਾਫੀ ਗਲਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਨੂੰ ਇਸ ਕੋਸ਼ ਨੂੰ ਮੁੜ ਛਾਪਣ ਦੀਆਂ ਸੰਭਾਵਨਾਵਾਂ ਤਲਾਸ਼ਣ ਲਈ ਕਿਹਾ ਹੈ।

ਸਿੱਧੂ ਸਿੱਖਾਂ ਤੋਂ ਮੁਆਫੀ ਮੰਗੇ: ਬਡੂੰਗਰ

ਅੰਮ੍ਰਿਤਸਰ: ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਵਿਰਾਸਤ-ਏ-ਖਾਲਸਾ ਨੂੰ 'ਚਿੱਟਾ ਹਾਥੀ' ਆਖਣ ਉਤੇ ਸ਼੍ਰੋਮਣੀ ਕਮੇਟੀ ਨੇ ਇਤਰਾਜ਼ ਦਾ ਪ੍ਰਗਟਾਵਾ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਸ੍ਰੀ ਸਿੱਧੂ ਨੂੰ ਇਸ ਸਬੰਧੀ ਆਪਣੀ ਗਲਤੀ ਦਾ ਅਹਿਸਾਸ ਕਰਦਿਆਂ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ।

ਪੰਜਾਂ ਏਕੜਾਂ ਦੇ ਮਾਲਕ ਨੂੰ ਵੀ ਮਿਲੇਗੀ ਪੈਨਸ਼ਨ

ਚੰਡੀਗੜ੍ਹ: ਹੁਣ 5 ਏਕੜ ਤੱਕ ਬਰਾਨੀ ਤੇ ਸੇਮ ਪ੍ਰਭਾਵਿਤ ਜਾਂ ਢਾਈ ਏਕੜ ਤੱਕ ਜ਼ਮੀਨ ਦੇ ਮਾਲਕ ਬਜ਼ੁਰਗਾਂ ਨੂੰ ਵੀ ਸਰਕਾਰ ਵੱਲੋਂ ਪੈਨਸ਼ਨ ਦਿੱਤੀ ਜਾਵੇਗੀ। ਪੰਜਾਬ ਦੇ ਲੋਕ ਨਿਰਮਾਣ ਤੇ ਸਮਾਜਿਕ ਸੁਰੱਖਿਆ ਮੰਤਰੀ ਬੀਬੀ ਰਜ਼ੀਆ ਸੁਲਤਾਨਾ ਨੇ ਕਿਹਾ ਕਿ ਸਰਕਾਰ ਨੇ ਪੈਨਸ਼ਨ ਦਾ ਲਾਭ ਲੈਣ ਵਾਲਿਆਂ ਲਈ ਪਹਿਲਾਂ ਨਿਰਧਾਰਤ 24000 ਰੁਪਏ ਸਾਲਾਨਾ ਆਮਦਨ ਦੀ ਹੱਦ ਵਧਾ ਕੇ ਹੁਣ 60 ਹਜ਼ਾਰ ਰੁਪਏ ਸਾਲਾਨਾ ਕਰ ਦਿੱਤੀ ਹੈ। ਇਸ ਲਈ ਲਾਭਪਾਤਰੀ ਨੂੰ ਸਿਰਫ ਇਕ ਸਵੈ-ਘੋਸ਼ਣਾ ਪੱਤਰ ਹੀ ਪੇਸ਼ ਕਰਨਾ ਪਵੇਗਾ।

ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ ਨਵੇਂ ਫੈਸਲਿਆਂ ਨਾਲ ਉਹ ਹਜ਼ਾਰਾਂ ਗਰੀਬ ਬਜ਼ੁਰਗ ਤੇ ਹੋਰ ਲੋੜਵੰਦ ਸਰਕਾਰ ਦੀਆਂ ਪੈਨਸ਼ਨਾਂ ਦੇ ਹੱਕਦਾਰ ਬਣ ਗਏ ਹਨ ਜਿਨ੍ਹਾਂ ਨੂੰ ਵੱਧ ਆਮਦਨ ਜਾਂ ਵਧੇਰੇ ਜ਼ਮੀਨ ਮਾਲਕੀ ਦੀਆਂ ਸ਼ਰਤਾਂ ਕਾਰਨ ਹੁਣ ਤੱਕ ਪੈਨਸ਼ਨਾਂ ਦੇ ਹੱਕ ਤੋਂ ਵਾਂਝਾ ਰੱਖਿਆ ਹੋਇਆ ਸੀ।

ਪਾਵਰਕੌਮ ਵੀ ਸਰਕਾਰ ਦੀ ਸਰਫਾ ਮੁਹਿੰਮ ਦੇ ਲਪੇਟੇ ਵਿਚ ਆਇਆ

ਪਟਿਆਲਾ: ਪੰਜਾਬ ਸਰਕਾਰ ਨੇ ਸੂਬੇ ਨੂੰ ਰੁਸ਼ਨਾਉਣ ਵਾਲੀ ਪਾਵਰਕੌਮ ਦਾ ਫਿਊਜ਼ ਉਡਾਉਂਦਿਆਂ ਅਦਾਰੇ ਨੂੰ ਆਪਣੇ ਖਰਚੇ ਘਟਾਉਣ ਲਈ ਕਿਹਾ ਹੈ। ਸਰਕਾਰ ਨੇ 26000 ਕਰੋੜ ਵਾਲੇ ਪਾਵਰਕੌਮ ਸਿਰ ਚੜ੍ਹੇ 25000 ਕਰੋੜ ਦੇ ਕਰਜ਼ੇ ਦੇ ਮੱਦੇਨਜ਼ਰ ਖਰਚੇ ਘਟਾਉਣ ਦੀ ਨੀਤੀ ਤਹਿਤ ਅਦਾਰੇ ਨੂੰ ਸਖਤ ਹਦਾਇਤਾਂ ਦਿੱਤੀਆਂ ਹਨ।

ਸਰਕਾਰ ਦੇ ਵਿੱਤ ਵਿਭਾਗ ਦੀ ਖਰਚਾ ਘਟਾਉਣ ਵਾਲੀ ਕਮੇਟੀ ਦੇ ਫੈਸਲੇ ਅਨੁਸਾਰ ਦੋ ਦਿਨ ਪਹਿਲਾਂ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਨੂੰ ਦਿੱਤੀਆਂ ਹਦਾਇਤਾਂ ਵਿਚ ਅਦਾਰੇ ਨੂੰ ਆਪਣੇ ਬਿਜਲੀ ਬਿੱਲ ਵਿਚ 10 ਫੀਸਦੀ ਦੀ ਕਟੌਤੀ ਕਰਨ ਲਈ ਕਿਹਾ ਹੈ। ਇਸ ਤੋਂ ਇਲਾਵਾ ਅਦਾਰੇ ਵਿਚ ਲੈਂਡਲਾਈਨ ਫੋਨਾਂ ਦੀ ਘੱਟ ਤੋਂ ਘੱਟ ਵਰਤੋਂ ਕਰਨ ਦੀ ਹਦਾਇਤ ਦਿੱਤੀ ਹੈ। ਅਧਿਕਾਰੀਆਂ ਦੀਆਂ ਮੀਟਿੰਗਾਂ ਵੀ ਪੰਜ ਸਿਤਾਰਾ ਹੋਟਲਾਂ ਵਿਚ ਕਰਨ 'ਤੇ ਵੀ ਪਾਬੰਦੀ ਲਾ ਦਿੱਤੀ ਹੈ। ਇਸ ਤੋਂ ਇਲਾਵਾ ਨਵਾਂ ਫਰਨੀਚਰ ਖਰੀਦਣ ਦੀ ਵੀ ਮਨਾਹੀ ਹੋਵੇਗੀ। ਇਸ ਤੋਂ ਇਲਾਵਾ ਅਧਿਕਾਰੀਆਂ ਨੂੰ ਸਰਕਾਰ ਖਰਚਿਆਂ 'ਤੇ ਵਿਦੇਸ਼ੀ ਦੌਰਿਆਂ, ਨਵੇਂ ਵਾਹਨਾਂ ਦੀ ਖਰੀਦ ਤੇ ਅਧਿਕਾਰਕ ਸਮਾਗਮ ਹੋਟਲਾਂ ਵਿਚ ਨਾ ਕਰਾਉਣ ਸਮੇਤ ਖਰਚੇ ਘਟਾਉਣ ਲਈ ਕਈ ਨਿਰਦੇਸ਼ ਦਿੱਤੇ ਹਨ। ਪਾਵਰਕੌਮ ਨੇ ਸਰਕਾਰ ਰਾਹੀਂ



ਜਨਵਰੀ 2016 ਵਿਚ 2 ਹਜ਼ਾਰ ਕਰੋੜ ਦਾ ਕਰਜ਼ ਲਿਆ ਸੀ।

ਇਸ ਤੋਂ ਪਹਿਲਾਂ ਸਤੰਬਰ 2015 ਵਿਚ 750 ਕਰੋੜ ਦਾ ਕਰਜ਼ ਲਿਆ ਸੀ। ਇਸ ਤੋਂ ਇਲਾਵਾ 2013 ਤੇ 2012 ਵਿਚ ਵੀ ਅਦਾਰੇ ਵੱਲੋਂ ਕਰਜ਼ਾ ਲਿਆ ਜਾ ਚੁੱਕਿਆ ਹੈ, ਜਿਸ ਕਾਰਨ ਪਾਵਰਕੌਮ ਹੁਣ 25 ਹਜ਼ਾਰ ਕਰੋੜ ਦੇ ਕਰਜ਼ੇ ਥੱਲੇ ਹੈ।

ਕੋਠਾ ਡਿੱਗਣ ਨਾਲ ਮਾਂ-ਪੁੱਤ ਸਮੇਤ ਤਿੰਨ ਹਲਾਕ

ਮੋਗਾ: ਨਿਹਾਲ ਸਿੰਘ ਵਾਲਾ ਦੇ ਪਿੰਡ ਪੱਤੋ ਹੀਰਾ ਸਿੰਘ ਵਿਚ ਹਲਕੀ ਬਰਸਾਤ ਇਕ ਪਰਿਵਾਰ ਲਈ ਕਹਿਰ ਬਣ ਕੇ ਆਈ। ਪੱਕੇ ਮਕਾਨ ਦੀ ਛੱਤ ਡਿੱਗਣ ਨਾਲ ਮਾਂ-ਪੁੱਤ ਸਮੇਤ ਤਿੰਨ ਸਾਲਾ ਲੜਕੀ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਪਿੰਡ ਪੱਤੋ ਹੀਰਾ ਸਿੰਘ ਦਾ ਇਕ ਪਰਿਵਾਰ ਨਵੇਂ ਬਣ ਰਹੇ ਮਕਾਨ ਕਾਰਨ ਪੁਰਾਣੇ ਕਮਰੇ ਅੰਦਰ ਪਿਆ ਸੀ। ਬਾਰਸ਼ ਕਾਰਨ ਮਕਾਨ ਦੀ ਛੱਤ ਡਿੱਗ ਗਈ। ਪਰਿਵਾਰ ਦੇ ਚਾਰੇ ਮੈਂਬਰਾਂ ਨੂੰ ਮਲਬੇ ਹੇਠੋਂ ਕੱਢ ਕੇ ਹਸਪਤਾਲ ਦਾਖਲ ਕਰਵਾਇਆ।

ਹਸਪਤਾਲ ਵਿਚ ਇਲਾਜ ਦੌਰਾਨ ਗੁਰਪ੍ਰੀਤ ਸਿੰਘ ਉਰਫ ਗੁਪਤਾ (23) ਦੀ ਮੌਤ ਹੋ ਗਈ ਜਦਕਿ ਗੁਰਪ੍ਰੀਤ ਦੀ ਮਾਤਾ ਪਾਲ ਕੌਰ (55) ਨੂੰ ਡਾਕਟਰਾਂ ਨੇ ਪਹਿਲਾਂ ਹੀ ਮ੍ਰਿਤਕ ਐਲਾਨ ਦਿੱਤਾ ਸੀ। ਗੁਰਪ੍ਰੀਤ ਦੀ ਭਾਣਜੀ ਸੁਮਨ (3) ਦੀ ਗੰਭੀਰ ਹਾਲਤ ਦੇ ਮੱਦੇਨਜ਼ਰ ਉਸ ਨੂੰ ਫਰੀਦਕੋਟ ਹਸਪਤਾਲ ਰੈਫਰ ਕੀਤਾ ਸੀ, ਪਰ ਉਸ ਨੇ ਵੀ ਰਾਹ ਵਿਚ ਦਮ ਤੋੜ ਦਿੱਤਾ।

ਸਰਕਾਰੀ ਤੰਤਰ ਵਿਚ ਅਕਾਲੀਆਂ ਦੀ ਹੀ ਚੱਲਣ ਤੋਂ ਕਾਂਗਰਸੀ ਬੜੇ ਔਖੇ

ਚੰਡੀਗੜ੍ਹ: ਪੰਜਾਬ ਵਿਚ ਸੱਤਾ ਤਬਦੀਲੀ ਦੇ ਬਾਅਦ ਵੀ ਸਰਕਾਰੀ ਤੰਤਰ ਵਿਚ ਅਕਾਲੀਆਂ ਦੀ ਚੜ੍ਹਤ ਨੇ ਕਾਂਗਰਸੀ ਮੰਤਰੀਆਂ ਵਿਚ ਬੇਚੈਨੀ ਪੈਦਾ ਕਰ ਦਿੱਤੀ ਹੈ। ਮੰਤਰੀਆਂ ਨੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਇਸ ਸਬੰਧੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਖੁੱਲ੍ਹ ਕੇ ਗਿਲੇ ਸ਼ਿਕਵੇ ਜ਼ਾਹਰ ਕੀਤੇ।

ਸੂਤਰਾਂ ਅਨੁਸਾਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਮੇਤ ਕਈ ਮੰਤਰੀਆਂ ਨੇ ਅਕਾਲੀ ਦਲ ਨਾਲ ਸਬੰਧਤ ਸਾਬਕਾ ਮੰਤਰੀਆਂ ਨੂੰ ਸੁਰੱਖਿਆ ਜਿਉਂ ਦੀ ਤਿਉਂ ਮੁਹੱਈਆ ਕਰਵਾਈ ਰੱਖਣ ਅਤੇ ਸਰਕਾਰੇ-ਦਰਬਾਰੇ ਉਨ੍ਹਾਂ ਦਾ ਦਬਦਬਾ ਬਰਕਰਾਰ ਰਹਿਣ ਵੱਲ ਮੁੱਖ ਮੰਤਰੀ ਦਾ ਧਿਆਨ ਦਿਵਾਇਆ। ਸ੍ਰੀ ਬਾਜਵਾ ਨੇ ਮਾਝੇ ਦੇ ਅਕਾਲੀ ਨੇਤਾ ਨਿਰਮਲ ਸਿੰਘ ਕਾਹਲੋਂ ਸਮੇਤ ਹੋਰਨਾਂ ਕਈਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਕਾਲੀ ਆਗੂਆਂ ਦੀ ਚੌਧਰ ਪਹਿਲਾਂ ਵਾਂਗ ਹੀ ਬਰਕਰਾਰ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਲੰਬੀ ਵਿਧਾਨ ਸਭਾ ਹਲਕੇ ਨਾਲ ਸਬੰਧਤ ਵਿਵਾਦਤ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ, ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਅਤੇ ਜਲਾਲਾਬਾਦ ਵਿਧਾਨ ਸਭਾ ਹਲਕੇ ਵਿਚ ਸਰਗਰਮ ਅਕਾਲੀ ਨੇਤਾ ਸਤਿੰਦਰਜੀਤ ਸਿੰਘ ਮੰਟਾ ਨੂੰ ਲੋੜੋਂ ਵੱਧ ਸੁਰੱਖਿਆ ਮੁਹੱਈਆ ਕਰਾਏ ਜਾਣ ਅਤੇ ਸਰਕਾਰੀ ਦਫਤਰਾਂ ਵਿਚ ਮਾਣ ਤਾਣ ਹੋਣ ਦੀ ਗੱਲ ਕਹੀ। ਵਜ਼ਾਰਤੀ ਮੀਟਿੰਗ ਵਿਚ ਅਧਿਕਾਰਤ ਏਜੰਡਾ ਖਤਮ ਹੋਣ ਮਗਰੋਂ ਅਫਸਰਾਂ ਨੂੰ ਤਾਂ ਬਾਹਰ ਭੇਜ ਦਿੱਤਾ ਗਿਆ ਪਰ ਮੁੱਖ ਮੰਤਰੀ ਕੋਲ ਸਾਰੇ ਮੰਤਰੀ ਤੇ ਦੋ ਕੁ ਅਫਸਰ ਬੈਠੇ ਰਹੇ।

ਇਸ ਵਿਸ਼ੇਸ਼ ਮੀਟਿੰਗ ਦੌਰਾਨ ਮੰਤਰੀਆਂ ਨੇ ਮੁੱਖ ਮੰਤਰੀ ਦੇ ਸਾਹਮਣੇ ਭੜਾਸ ਕੱਢੀ। ਪੰਚਾਇਤ ਮੰਤਰੀ ਨੇ ਕਿਹਾ ਕਿ ਨਿਰਮਲ ਸਿੰਘ ਕਾਹਲੋਂ ਨੂੰ ਦੋ ਸਰਕਾਰੀ ਗੱਡੀਆਂ ਮਿਲੀਆਂ ਹੋਈਆਂ ਹਨ। ਸ੍ਰੀ ਬਾਜਵਾ ਦੇ ਬੋਲਣ ਤੋਂ ਬਾਅਦ ਹੋਰਨਾਂ ਮੰਤਰੀਆਂ ਨੇ ਵੀ ਖੁੱਲ੍ਹ ਕੇ ਬੋਲਣਾ ਸ਼ੁਰੂ ਕਰ ਦਿੱਤਾ। ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ ਵਿਚ ਸ਼ਹਿਰੀਆਂ ਤੇ ਹਿੰਦੂਆਂ ਦਾ ਵਿਸ਼ੇਸ਼ ਯੋਗਦਾਨ ਹੈ।

ਸ੍ਰੀ ਸਿੱਧੂ ਨੇ ਕਿਹਾ ਕਿ ਸਰਕਾਰੀ ਤੰਤਰ 'ਚ ਅਕਾਲੀ ਦਲ ਅਤੇ ਭਾਜਪਾ ਆਗੂਆਂ ਦੀ ਸਰਦਾਰੀ ਕਾਇਮ ਰਹਿਣ ਦੀਆਂ ਰਿਪੋਰਟਾਂ ਆ ਰਹੀਆਂ ਹਨ। ਸ਼ਹਿਰੀ ਖੇਤਰਾਂ ਨੂੰ ਪੈਸਾ ਜਾਰੀ ਨਾ ਕਰ ਕੇ ਧੱਕਾ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਦੀਆਂ ਦਲੀਲਾਂ ਨਾਲ ਸਹਿਮਤੀ ਵੀ ਪ੍ਰਗਟਾਈ। ਸੂਤਰਾਂ ਦਾ ਦੱਸਣਾ ਹੈ ਕਿ ਕੁਝ ਹੋਰਨਾਂ ਮੰਤਰੀਆਂ ਨੇ ਵੀ ਆਪਣੇ ਸਾਥੀਆਂ ਦਾ ਸਾਥ ਦਿੰਦਿਆਂ ਕਿਹਾ ਕਿ ਸਰਕਾਰੀ ਦਫਤਰਾਂ ਤੇ ਖਾਸ ਕਰ ਕੇ ਪੁਲਿਸ ਵਿਭਾਗ 'ਚ ਕਾਂਗਰਸ ਨੇਤਾਵਾਂ ਦੇ ਕੰਮ ਨਹੀਂ ਹੁੰਦੇ ਸਗੋਂ ਅਕਾਲੀਆਂ ਦੀ ਚਲਦੀ ਹੋਣ ਕਾਰਨ ਲੋਕ ਅਕਾਲੀ ਨੇਤਾਵਾਂ ਤੋਂ ਹੀ ਸਿਫਾਰਸ਼ ਕਰਾਉਣ 'ਚ ਭਲਾਈ ਸਮਝਣ ਲੱਗੇ ਹਨ।

ਕੈਪਟਨ ਅਮਰਿੰਦਰ ਸਿੰਘ ਦਾ ਤਰਕ

ਚੰਡੀਗੜ੍ਹ: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੱਤਾ ਤਬਦੀਲੀ ਤੋਂ ਬਾਅਦ ਸਰਕਾਰੀ ਨਿਜ਼ਾਮ ਵਿਚ ਕੋਈ ਬਦਲਾਅ ਨਾ ਆਉਣ ਦੀਆਂ ਆਪਣੇ ਸਾਥੀ ਮੰਤਰੀਆਂ ਦੀਆਂ ਦਲੀਲਾਂ ਨਾਲ ਸਹਿਮਤੀ ਪ੍ਰਗਟਾਈ। ਮੁੱਖ ਮੰਤਰੀ ਨੇ ਸਿਕੰਦਰ ਸਿੰਘ ਮਲੂਕਾ ਅਤੇ ਦਿਆਲ ਸਿੰਘ ਕੋਲਿਆਂਵਾਲੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੁਲਿਸ ਦੀਆਂ ਰਿਪੋਰਟਾਂ ਮੁਤਾਬਕ ਇਨ੍ਹਾਂ ਦੋਹਾਂ ਅਕਾਲੀ ਆਗੂਆਂ ਦੀ ਜਾਨ ਨੂੰ ਖਤਰਾ ਹੈ ਤੇ ਉਨ੍ਹਾਂ ਦੀ ਜਾਨ ਮਾਲ ਦੀ ਰਾਖੀ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਹੈ।

Matrimonial

ਲੜਕੀ ਦੀ ਲੋੜ ਹੈ

ਗੁਰਸਿੱਖ ਲੜਕੇ, ਮਕੈਨੀਕਲ ਇੰਜੀਨੀਅਰ 24 ਸਾਲ ਕੱਦ 5'8" ਲਈ ਅਮਰੀਕਾ ਜਾਂ ਕੈਨੇਡਾ ਦੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਸੰਤ ਬਾਬਾ ਹਰਿਮੰਦਰ ਸਿੰਘ 91-73557-00013 or hs0013munday@gmail.com

24-27

ਵਰ ਦੀ ਲੋੜ ਹੈ

Wanted suitable U.S. citizen boy in SF Bay Area for Software Engineer U.S. citizen Jatt Sikh girl, 27, 5'-2". Computer Science/ Computer Engineering background preferred. Contact: bsinghs408@gmail.com

21-24

ਬਰਤਾਨਵੀ ਕੈਂਸਰ ਪੀੜਤ ਵੱਲੋਂ ਐਵਰੈਸਟ ਫਤਿਹ

ਲੰਡਨ: ਕੈਂਸਰ ਪੀੜਤ 47 ਸਾਲਾ ਬਰਤਾਨਵੀ ਨਾਗਰਿਕ ਨੇ ਵਿਸ਼ਵ ਦੀ ਸਭ ਤੋਂ ਉਚੀ ਟੀ.ਸੀ. ਐਵਰੈਸਟ ਨੂੰ ਫਤਹਿ ਕਰ ਲਿਆ ਹੈ। ਮੰਨਿਆ ਜਾਂਦਾ ਹੈ ਕਿ ਉਹ ਪਹਿਲਾ ਕੈਂਸਰ ਪੀੜਤ ਮਰੀਜ਼ ਹੈ, ਜੋ ਐਵਰੈਸਟ ਨੂੰ ਸਰ ਕਰਨ ਵਿਚ ਸਫਲ ਰਿਹਾ ਹੈ।

ਇਆਨ ਟੂਥਿੱਲ, ਦਿ ਸ਼ੈੱਫੀਲਡ ਵੈਡਨਸਡੇਅ ਫੁਟਬਾਲ ਕਲੱਬ ਦਾ ਪ੍ਰਸੰਸਕ ਹੈ ਤੇ ਇਹ ਗੱਲ ਭਲੀਭਾਂਤ ਜਾਣਦਾ ਹੈ ਕਿ ਉਸ ਕੋਲ ਜਿਊਣ ਲਈ ਮਹਿਜ਼ ਦੋ ਮਹੀਨੇ ਬਚੇ ਹਨ, ਨੇ ਐਵਰੈਸਟ ਦੀ ਟੀਸੀ 'ਤੇ ਪੁੱਜ ਕੇ ਚੈਰਿਟੀ ਵਜੋਂ ਵਿਰੋਧੀ ਕਲੱਬ ਸੈਫਫੀਲਡ ਯੂਨਾਈਟਿਡ ਦਾ ਝੰਡਾ ਗੱਡਿਆ।

ਟੂਥਿੱਲ ਦਾ ਪਖਾਨੇ ਦਾ ਕੈਂਸਰ ਜੂਨ 2015 ਵਿਚ ਡਾਇਗਨੋਸ ਹੋਇਆ ਸੀ ਤੇ ਸਾਲ 2016 ਦੀ ਸ਼ੁਰੂਆਤ ਵਿਚ ਉਸ ਨੇ ਇਸ ਰੋਗ ਨੂੰ ਮਾਤ ਵੀ ਦੇ ਦਿੱਤੀ, ਪਰ ਕੁਝ ਚਿਰ ਮਗਰੋਂ ਰੋਗ ਨੇ ਮੁੜ ਉਸ ਨੂੰ ਆਪਣੀ ਗ੍ਰਿਫਤ 'ਚ ਲੈ ਲਿਆ।

ਟੂਥਿੱਲ ਨੇ ਕਿਹਾ ਉਸ ਨੂੰ ਦੱਸਿਆ ਗਿਆ ਹੈ ਕਿ ਉਸ ਕੋਲ ਜਿਊਣ ਲਈ ਕੁਝ ਮਹੀਨੇ ਹਨ। ਉਹ ਨਾਰਥ ਕੋਲ ਰੂਟ ਦੇ ਸਿਖਰ 'ਤੇ 16 ਮਈ ਤੇ ਐਵਰੈਸਟ ਦੀ ਟੀਸੀ 'ਤੇ ਪੰਜ ਜੂਨ ਨੂੰ ਪੁੱਜਾ।

ਟਰੰਪ ਖਿਲਾਫ ਕੇਸ ਚਲਾਉਣ ਲਈ ਕਾਫੀ ਸਬੂਤ: ਭਰਾੜਾ

ਵਾਸ਼ਿੰਗਟਨ: ਭਾਰਤੀ ਮੂਲ ਦੇ ਸਾਬਕਾ ਅਟਾਰਨੀ ਪ੍ਰੀਤ ਭਰਾੜਾ ਨੇ ਦਾਅਵਾ ਕੀਤਾ ਹੈ ਕਿ ਰੂਸ ਦੇ ਚੋਣਾਂ 'ਚ ਦਖਲ ਬਾਰੇ ਜਾਂਚ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੀ ਦਖਲਅੰਦਾਜ਼ੀ ਕਾਰਨ ਉਨ੍ਹਾਂ ਖਿਲਾਫ਼ ਨਿਆਂ 'ਚ ਅੜਿੱਕਾ ਪਾਉਣ ਦਾ ਕੇਸ ਚਲਾਉਣ ਲਈ ਕਾਫੀ ਸਬੂਤ ਹਨ।

ਟਰੰਪ ਦਾ ਯਾਤਰਾ ਪਾਬੰਦੀ ਵਾਲਾ ਫੈਸਲਾ ਮੁੜ ਖਾਰਜ

ਨਿਊ ਯਾਰਕ: ਅਮਰੀਕਾ ਦੀ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਛੇ ਮੁਸਲਿਮ ਮੁਲਕਾਂ ਦੇ ਨਾਗਰਿਕਾਂ 'ਤੇ ਲਾਈ ਯਾਤਰਾ ਪਾਬੰਦੀ ਦਾ ਫੈਸਲਾ ਖਾਰਜ ਕਰ ਦਿੱਤਾ ਹੈ। ਅਦਾਲਤ ਮੁਤਾਬਕ, ਰਾਸ਼ਟਰਪਤੀ ਦੇ ਇਸ ਕਾਰਜਕਾਰੀ ਆਰਡਰ ਨਾਲ ਮੁਲਕ ਦੀ ਕਾਂਗਰਸ ਵੱਲੋਂ ਉਨ੍ਹਾਂ ਨੂੰ ਦਿੱਤੇ ਅਹਿਮ ਅਧਿਕਾਰਾਂ ਦੀ ਉਲੰਘਣਾ ਹੋਈ ਹੈ।

ਆਧਾਰ ਬਾਰੇ ਕੇਂਦਰ ਸਰਕਾਰ ਨੂੰ ਝਟਕਾ

ਨਵੀਂ ਦਿੱਲੀ: ਸੁਪਰੀਮ ਕੋਰਟ ਨੇ ਆਧਾਰ ਤੇ ਪੈਨ ਕਾਰਡ ਨੂੰ ਜੋੜਨ ਨਾਲ ਵਾਲੀ ਅਪੀਲ 'ਤੇ ਫੈਸਲਾ ਸੁਣਾਉਂਦਿਆਂ ਕਿਹਾ ਹੈ ਕਿ ਇਨਕਮ ਟੈਕਸ ਭਰਦੇ ਸਮੇਂ ਆਧਾਰ ਕਾਰਡ ਜ਼ਰੂਰੀ ਨਹੀਂ ਹੋਵੇਗਾ। ਹਾਲਾਂਕਿ ਜੋ ਲੋਕ ਆਧਾਰ ਬਣਵਾ ਚੁੱਕੇ ਹਨ, ਉਨ੍ਹਾਂ ਨੂੰ ਰਿਟਰਨ ਭਰਦੇ ਸਮੇਂ ਆਪਣਾ ਆਧਾਰ ਨੰਬਰ ਦੱਸਣਾ ਜ਼ਰੂਰੀ ਹੋਵੇਗਾ। ਸੁਪਰੀਮ ਕੋਰਟ ਨੇ ਇਨਕਮ ਟੈਕਸ ਰਿਟਰਨ ਵਿਚ ਆਧਾਰ ਜ਼ਰੂਰੀ ਬਣਾਏ ਜਾਣ ਵਾਲੇ ਕਾਨੂੰਨ 'ਤੇ ਫਿਲਹਾਲ ਰੋਕ ਲਾ ਦਿੱਤੀ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਨੂੰ ਕਾਨੂੰਨੀ ਮਾਹਿਰ ਵੱਡੀ ਰਾਹਤ ਮੰਨ ਰਹੇ ਹਨ।

ਹੁਣ ਨਾਗਰਿਕਤਾ ਐਕਟ ਵਿਚ ਸੋਧ ਕਰੇਗੀ ਕੈਨੇਡਾ ਸਰਕਾਰ

ਟੋਰਾਂਟੋ: ਕੈਨੇਡਾ ਦੀ ਸਰਕਾਰ ਨੇ ਸਿਟੀਜ਼ਨਸ਼ਿਪ ਐਕਟ 'ਚ ਸੋਧ ਬਾਰੇ ਬਿੱਲ ਸੀ-6 'ਤੇ ਅੱਗੇ ਵਧਣ ਦਾ ਫੈਸਲਾ ਕੀਤਾ ਹੈ, ਤਾਂ ਕਿ ਯੋਗ ਪਰਵਾਸੀ ਨਾਗਰਿਕਤਾ ਦੀਆਂ ਸ਼ਰਤਾਂ ਨੂੰ ਆਸਾਨੀ ਨਾਲ ਪੂਰਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਤਿੰਨ ਮਈ ਨੂੰ ਸੈਨੇਟ ਨੇ 3 ਸੋਧਾਂ ਨੂੰ ਅਪਣਾਉਣ ਪਿੱਛੋਂ ਹਾਊਸ ਆਫ ਕਾਮਨਸ ਨੂੰ ਸਿਟੀਜ਼ਨਸ਼ਿਪ ਨਾਲ ਜੁੜੇ ਇਸ ਬਿੱਲ ਨੂੰ ਵਾਪਸ ਭੇਜ ਦਿੱਤਾ ਸੀ।

ਸਰਕਾਰ ਨੇ ਮੌਜੂਦਾ ਨਾਗਰਿਕਤਾ ਰੱਦ ਕਰਨ ਦੀ ਪ੍ਰਕਿਰਿਆ 'ਚ ਸੁਧਾਰ ਨੂੰ ਲੈ ਕੇ ਸੈਨੇਟ ਦੇ ਸੋਧ ਦਾ ਸਮਰਥਨ ਕੀਤਾ ਹੈ, ਤਾਂ ਜੋ ਜ਼ਿਆਦਾਤਰ ਮਾਮਲਿਆਂ 'ਚ ਫੈਡਰਲ ਅਦਾਲਤ ਫੈਸਲਾ ਲੈ ਸਕੇ। ਸਰਕਾਰ ਨੇ ਬਿੱਲ ਸੀ-6 ਵਿਚ ਕੀਤੇ ਗਏ ਉਸ ਸੋਧ ਦਾ ਵੀ ਸਮਰਥਨ ਕੀਤਾ ਹੈ, ਜਿਸ ਮੁਤਾਬਕ ਉਹ ਬੱਚੇ ਵੀ ਆਸਾਨੀ ਨਾਲ ਨਾਗਰਿਕਤਾ ਹਾਸਲ ਕਰ ਸਕਣਗੇ, ਜਿਨ੍ਹਾਂ ਦੇ ਮਾਪੇ ਕੈਨੇਡੀਅਨ ਨਹੀਂ ਹਨ। ਇਸ ਤਹਿਤ ਇਹ ਵੀ ਸਾਫ ਕੀਤਾ ਗਿਆ ਹੈ ਕਿ ਬੱਚੇ ਦੀ ਨਾਗਰਿਕਤਾ ਲਈ ਕੌਣ ਅਪਲਾਈ ਕਰ ਸਕਦਾ ਹੈ। ਇਸ ਤੋਂ ਇਲਾਵਾ ਸਰਕਾਰ ਉਸ ਸੋਧ ਨੂੰ ਰੱਦ ਕਰ ਰਹੀ ਹੈ, ਜਿਸ ਤਹਿਤ ਕੋਈ ਵਿਅਕਤੀ ਧੋਖਾਧੜੀ ਦੇ ਬਾਵਜੂਦ ਪੱਕਾ ਰਹਿ ਰਿਹਾ ਹੈ।

ਰੂਪੋਸ਼ ਜਸਟਿਸ ਕਰਨਨ ਸੇਵਾ ਮੁਕਤ

ਨਵੀਂ ਦਿੱਲੀ: ਵਿਵਾਦਾਂ ਵਿਚ ਘਿਰੇ ਕੋਲਕਾਤਾ ਹਾਈ ਕੋਰਟ ਦੇ ਜੱਜ ਸੀ.ਐਸ. ਕਰਨਨ ਆਪਣੇ ਜਨਮ ਦਿਨ ਮੌਕੇ ਸੇਵਾ ਮੁਕਤ ਹੋ ਗਏ। ਅਦਾਲਤ ਦੀ ਹੱਤਕ ਦੇ ਦੋਸ਼ ਹੇਠ ਸੁਪਰੀਮ ਕੋਰਟ ਵੱਲੋਂ ਛੇ ਮਹੀਨੇ ਦੀ ਸਜ਼ਾ ਸੁਣਾਏ ਜਾਣ ਮਗਰੋਂ ਉਹ 9 ਮਈ ਤੋਂ ਗਾਇਬ ਹਨ।

ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ

ਇਸਲਾਮਾਬਾਦ: ਪਾਕਿਸਤਾਨ ਦੇ ਖੈਬਰ ਪਖਤੂਨਖਵਾ ਪ੍ਰਾਂਤ ਵਿਚ ਅਣਪਛਾਤੇ ਬੰਦੂਕਧਾਰੀਆਂ ਨੇ ਇਕ ਪੱਤਰਕਾਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਹਰੀਪੁਰ ਜ਼ਿਲ੍ਹੇ 'ਚ ਉਰਦੂ ਸਮਾਚਾਰ ਪੱਤਰ 'ਕੇ2 ਟਾਈਮਜ਼' ਦੇ ਬਿਊਰੋ ਚੀਫ ਬਖਸ਼ੀਸ਼ ਅਹਿਮਦ 'ਤੇ ਹਮਲਾ ਕੀਤਾ ਗਿਆ।

ਹਮਲਾਵਰ ਮੋਟਰਸਾਈਕਲ 'ਤੇ ਸਵਾਰ ਸਨ ਤੇ ਉਨ੍ਹਾਂ ਨੇ ਹਰੀਪੁਰ 'ਚ ਪੱਤਰਕਾਰ ਦੇ ਸਿਰ 'ਚ ਗੋਲੀ ਮਾਰੀ। ਅਧਿਕਾਰਤ ਅੰਕੜਿਆਂ ਮੁਤਾਬਕ ਬੀਤੇ 15 ਸਾਲਾਂ 'ਚ ਪਾਕਿਸਤਾਨ ਵਿਚ 117 ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ ਹੈ, ਜਿਸ ਵਿਚ ਸਿਰਫ ਤਿੰਨ ਮਾਮਲੇ ਹੀ ਅਦਾਲਤ ਪਹੁੰਚ ਸਕੇ ਹਨ।

DHOL RADIO
WEBSITE - DHOLRADIO.CO
DHOL RADIO
ਪਿੰਡ ਤੋ ਚੱਲਣ ਵਾਲਾ ਦੁਨੀਆਂ ਦਾ ਪਹਿਲਾ ਪੰਜਾਬੀ ਰੇਡੀਓ
REQUEST SONG
MUSIC 24/7
LISTEN ON PHONE
ਹੁਣ ਸ਼ਿਕਾਗੋ ਤੋ
Application For Android and iPhone - Dhol Radio
LIVE CALLS → USA 951-824-6365
skype - DHOLRADIO.ORG
LISTEN BY CALL → USA 702-489-0211
Sukhpal Gill 10 pm to 12 am (IST)
Puran singh waraich 2:30 pm to 4 pm (IST)

Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਫੁੱਲ ਟਾਈਮ ਬਾਰਬਰ ਦੀ ਲੋੜ ਹੈ
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)
Cell: (510)-677-9942
Shop: (510)-505-9605
www.princebarbershop.com

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਬਰਤਾਨੀਆ ਚੋਣਾਂ: ਟੈਰੇਜ਼ਾ ਮੇਅ ਦੀਆਂ ਆਸਾਂ 'ਤੇ ਫਿਰਿਆ ਪਾਣੀ

ਲੰਡਨ: ਬ੍ਰਿਟਿਸ਼ ਪ੍ਰਧਾਨ ਮੰਤਰੀ ਟੈਰੇਜ਼ਾ ਮੇਅ ਨੇ ਸੰਸਦੀ ਚੋਣਾਂ ਮਿਥੇ ਸਮੇਂ ਤੋਂ ਤਿੰਨ ਵਰ੍ਹੇ ਪਹਿਲਾਂ ਕਰਵਾਉਣ ਦੀ ਸ਼ਤਰੰਜੀ ਚਾਲ ਖੇਡੀ ਸੀ ਪਰ ਇਹ ਚਾਲ ਪੁੱਠੀ ਪਈ। ਉਸ ਨੂੰ ਯਕੀਨ ਸੀ ਕਿ ਯੂਰਪੀ ਯੂਨੀਅਨ (ਈ.ਯੂ.) ਨਾਲੋਂ ਬਰਤਾਨਵੀ ਤੋੜ-ਵਿਛੋੜੇ ਨਾਲ ਜੁੜੇ ਅਮਲ ਨੂੰ ਹੁਲਾਰਾ ਦੇਣ ਦੀ ਉਸ ਦੀ ਰਣਨੀਤੀ ਦੇ ਹੱਕ ਵਿਚ ਵੋਟਰ ਵੱਡੀ ਗਿਣਤੀ ਵਿਚ ਭੁਗਤਣਗੇ ਅਤੇ ਉਹ ਵੱਧ ਮਜ਼ਬੂਤੀ ਨਾਲ ਰਾਜ-ਸੱਤਾ ਉਤੇ ਪਰਤੇਗੀ। ਚੋਣ ਨਤੀਜਿਆਂ ਨੇ ਅਜਿਹੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਹੁਕਮਰਾਨ ਕੰਜ਼ਰਵੇਟਿਵ ਪਾਰਟੀ ਬਹੁਮਤ ਹਾਸਲ ਨਹੀਂ ਕਰ ਸਕੀ ਅਤੇ ਜੈਰੇਮੀ ਕੌਰਬਿਨ ਵਰਗੇ ਸਿਆਸੀ ਤੌਰ 'ਤੇ ਕਮਜ਼ੋਰ ਨੇਤਾ ਦੀ ਅਗਵਾਈ ਹੇਠਲੀ ਲੇਬਰ ਪਾਰਟੀ ਦੀ ਕਾਰਗੁਜ਼ਾਰੀ ਮੁਕਾਬਲਤਨ ਬਿਹਤਰ ਰਹੀ।

ਬੀਬੀ ਮੇਅ ਦੀ ਕੰਜ਼ਰਵੇਟਿਵ ਪਾਰਟੀ ਸਭ ਤੋਂ ਵੱਡੀ ਪਾਰਟੀ ਜ਼ਰੂਰ ਬਣੀ, ਪਰ ਆਮ ਬਹੁਮਤ ਤੋਂ ਇਸ ਦੀਆਂ ਸੀਟਾਂ ਵਿਚ ਅੱਠ ਦੀ ਕਮੀ ਰਹਿ ਗਈ। ਉਂਜ ਮਹਾਰਾਣੀ ਐਲਿਜ਼ਾਬੈਥ ਦੋਇਮ ਨੇ ਉਨ੍ਹਾਂ ਨੂੰ ਨਵੀਂ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ।

ਨਤੀਜਿਆਂ ਤੋਂ ਨਿਰਾਸ਼ ਬੀਬੀ ਮੇਅ (60) ਨੇ ਉਂਜ ਅਸਤੀਫੇ ਦੀ ਮੰਗ ਖਾਰਜ ਕਰਦਿਆਂ ਕਿਹਾ ਕਿ ਉਹ ਉਤਰੀ ਆਇਰਲੈਂਡ ਦੀ ਡੈਮੋਕਰੈਟਿਕ ਯੂਨੀਅਨਿਸਟ ਪਾਰਟੀ (ਡੀ.ਯੂ.ਪੀ.) ਦੀ ਗੈਰਰਸਮੀ ਹਮਾਇਤ ਨਾਲ ਸਰਕਾਰ ਬਣਾਉਣਗੇ। ਜੈਰੇਮੀ ਕੌਰਬਿਨ ਦੀ ਅਗਵਾਈ ਹੇਠ ਵਿਰੋਧੀ ਲੇਬਰ ਪਾਰਟੀ ਨੇ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਬੀਬੀ ਮੇਅ ਦੀਆਂ ਗਿਣਤੀਆਂ-ਮਿਣਤੀਆਂ ਹਿਲਾ ਦਿੱਤੀਆਂ। ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕੌਮਨਜ਼ ਦੀਆਂ ਕੁੱਲ 650 ਸੀਟਾਂ ਵਿਚੋਂ ਕੰਜ਼ਰਵੇਟਿਵ ਪਾਰਟੀ ਨੂੰ 318 ਤੇ ਲੇਬਰ ਪਾਰਟੀ ਨੂੰ 261 ਸੀਟਾਂ ਮਿਲੀਆਂ ਤੇ ਕੋਈ ਪਾਰਟੀ ਬਹੁਮਤ ਲਈ ਜ਼ਰੂਰੀ 326 ਸੀਟਾਂ ਨਹੀਂ ਹਾਸਲ ਕਰ ਸਕੀ। ਸਕੌਟਿਸ਼ ਨੈਸ਼ਨਲ ਪਾਰਟੀ ਨੂੰ 35, ਲਿਬਰਲ ਡੈਮੋਕ੍ਰੈਟਸ ਨੂੰ 12, ਡੀ.ਯੂ.ਪੀ. ਨੂੰ 10 ਤੇ ਹੋਰਨਾਂ ਨੂੰ 13 ਸੀਟਾਂ ਮਿਲੀਆਂ ਹਨ।

ਸਪਸ਼ਟ ਬਹੁਮਤ ਹਾਸਲ ਕਰਨ ਵਿਚ ਨਾਕਾਮ

ਜੈਰੇਮੀ ਕੌਰਬਿਨ ਦੀ ਬੱਲੇ ਬੱਲੇ

ਬਰਮਿੰਘਮ: ਯੂਰਪੀ ਯੂਨੀਅਨ ਦੀ ਰਾਇਸ਼ੁਮਾਰੀ ਤੋਂ ਬਾਅਦ ਕਈ ਚੁਣੌਤੀਆਂ ਦਾ ਸਾਹਮਣਾ ਕਰਦੇ ਆ ਰਹੇ ਲੇਬਰ ਪਾਰਟੀ ਦੇ ਨੇਤਾ ਜੈਰੇਮੀ ਕੌਰਬਿਨ ਦੀ ਇਨ੍ਹਾਂ ਚੋਣਾਂ 'ਚ ਖੂਬ ਬੱਲੇ-ਬੱਲੇ ਹੋ ਰਹੀ, ਕਿਉਂਕਿ ਲੇਬਰ ਪਾਰਟੀ ਨੂੰ ਇਨ੍ਹਾਂ ਚੋਣਾਂ ਵਿਚ 29 ਸੀਟਾਂ ਦੀ ਬੜ੍ਹਤ ਮਿਲੀ ਹੈ ਤੇ ਪਾਰਟੀ ਨੇ ਕੁੱਲ 261 ਸੀਟਾਂ ਹਾਸਲ ਕੀਤੀਆਂ ਹਨ। ਇਨ੍ਹਾਂ ਚੋਣਾਂ ਵਿਚ 46843896 ਵੋਟਰ ਸਨ, ਜਿਨ੍ਹਾਂ ਵਿਚੋਂ 68.7 ਫੀਸਦੀ ਨੇ ਵੋਟਾਂ 'ਚ ਹਿੱਸਾ ਲਿਆ। ਕੰਜ਼ਰਵੇਟਿਵ ਪਾਰਟੀ ਨੂੰ 42.4 ਫੀਸਦੀ ਦੇ ਹਿਸਾਬ ਨਾਲ 13650900, ਲੇਬਰ ਪਾਰਟੀ ਨੂੰ 40.1 ਫੀਸਦੀ ਦੇ ਹਿਸਾਬ ਨਾਲ 12858652, ਸਕਾਟਿਸ਼ ਨੈਸ਼ਨਲ ਪਾਰਟੀ ਨੂੰ 3.1 ਫੀਸਦੀ ਦੇ ਹਿਸਾਬ ਨਾਲ 977569, ਲਿਬਰਲ ਡੈਮੋਕ੍ਰੇਟਿਕ ਪਾਰਟੀ ਨੂੰ 7.3 ਫੀਸਦੀ ਦੇ ਹਿਸਾਬ ਨਾਲ 2368048 ਅਤੇ ਡੈਮੋਕ੍ਰੇਟਿਕ ਯੂਨੀਅਨਿਸਟ ਪਾਰਟੀ ਨੂੰ 0.9 ਫੀਸਦੀ ਦੇ ਹਿਸਾਬ ਨਾਲ 292316 ਵੋਟਾਂ ਪ੍ਰਾਪਤ ਹੋਈਆਂ ਹਨ।

ਪੰਜਾਬੀ ਭਾਈਚਾਰੇ ਲਈ ਸ਼ਾਨਦਾਰ ਰਹੀਆਂ ਚੋਣਾਂ

ਲੰਡਨ: ਬਰਤਾਨੀਆ ਦੇ ਇਤਿਹਾਸ ਵਿਚ ਇਹ ਚੋਣਾਂ ਪੰਜਾਬੀਆਂ ਤੇ ਖਾਸ ਤੌਰ ਉਤੇ ਸਿੱਖ ਭਾਈਚਾਰੇ ਲਈ ਸ਼ਾਨਦਾਰ ਰਹੀਆਂ। ਇਨ੍ਹਾਂ ਚੋਣਾਂ ਵਿਚ ਪੰਜਾਬੀ ਮੂਲ ਦੇ ਈਲਿੰਗ ਸਾਊਥਾਲ ਤੋਂ ਲੇਬਰ ਉਮੀਦਵਾਰ ਵਰਿੰਦਰ ਸ਼ਰਮਾ ਚੌਥੀ ਵਾਰ ਚੋਣ ਜਿੱਤੇ ਹਨ।

ਉਨ੍ਹਾਂ ਨੇ ਇਸ ਵਾਰ ਪਹਿਲਾਂ ਨਾਲੋਂ ਵੀ ਜ਼ਿਆਦਾ ਵੋਟਾਂ ਹਾਸਲ ਕੀਤੀਆਂ। ਇਸੇ ਤਰ੍ਹਾਂ ਫੈਲਥਮ ਹੈਸਟਨ ਤੋਂ ਲੇਬਰ ਉਮੀਦਵਾਰ ਸੀਮਾ ਮਲਹੋਤਰਾ 15603 ਵੋਟਾਂ ਦੇ ਫਰਕ ਨਾਲ ਜਿੱਤ ਕੇ ਤੀਜੀ ਵਾਰ ਸੰਸਦ ਮੈਂਬਰ ਬਣੀ ਹੈ। ਉਸ ਨੂੰ 32462 ਵੋਟਾਂ ਪ੍ਰਾਪਤ ਹੋਈਆਂ। ਕੰਜ਼ਰਵੇਟਿਵ ਪਾਰਟੀ ਦੇ ਸਿੱਖ ਪਿਛੋਕੜ ਵਾਲੇ ਉਮੀਦਵਾਰ ਪੋਲ ਉਪਲ ਇਕ ਵਾਰ ਫਿਰ 2185 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ ਹਨ। ਟੈਲਫੋਰਡ ਪਾਰਲੀਮੈਂਟਰੀ ਹਲਕੇ ਤੋਂ ਲੇਬਰ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਸਹੋਤਾ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਲੂਸੀ ਐਲਨ ਤੋਂ 720 ਵੋਟਾਂ ਦੇ ਫਰਕ ਨਾਲ ਚੋਣ ਹਾਰ ਗਏ ਹਨ। ਬਰਤਾਨਵੀ ਸੰਸਦ ਦੇ ਸਭ ਤੋਂ ਪੁਰਾਣੇ ਸੰਸਦ ਮੈਂਬਰ ਲੇਬਰ ਉਮੀਦਵਾਰ ਕੀਥ ਵਾਜ਼ ਇਕ ਵਾਰ ਫਿਰ ਲੈਸਟਰ ਈਸਟ ਤੋਂ ਚੋਣ ਜਿੱਤ ਗਏ ਹਨ। ਵਾਲਸਾਲ ਦੱਖਣੀ ਤੋਂ ਲੇਬਰ ਉਮੀਦਵਾਰ ਵਲੇਰੀ ਵਾਜ਼ ਨੂੰ 25286 ਪ੍ਰਾਪਤ ਹੋਈਆਂ। ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਤੇ ਸਾਬਕਾ ਰੁਜ਼ਗਾਰ ਮੰਤਰੀ ਪ੍ਰੀਤੀ ਪਟੇਲ ਨੇ ਵੈਟਹੇਮ ਹਲਕੇ ਤੋਂ 31670 ਵੋਟਾਂ ਪ੍ਰਾਪਤ ਕਰ ਕੇ 18646 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ ਹੈ।

ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇ ਸਾਬਕਾ ਮੰਤਰੀ ਅਲੋਕ ਸ਼ਰਮਾ ਨੂੰ 2876 ਵੋਟਾਂ ਨਾਲ ਜਿੱਤ ਪ੍ਰਾਪਤ ਹੋਈ ਹੈ। ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਿਸ਼ੀ ਸੁਨਕ ਨੂੰ ਰਿਚਮੰਡ (ਯੌਰਕਸ) ਹਲਕੇ ਤੋਂ ਮੁੜ ਜਿੱਤ ਪ੍ਰਾਪਤ ਹੋਈ ਹੈ। ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਸੁਈਲਾ ਫਰਨਾਡਿਸ ਨੂੰ ਫਰਹੈਮ ਹਲਕੇ ਤੋਂ 21555 ਵੋਟਾਂ ਦੇ ਫਰਕ ਨਾਲ ਜਿੱਤ ਮਿਲੀ ਹੈ। ਭਾਰਤੀ ਮੂਲ ਦੇ ਸੁਲੇਸ਼ ਵਾਹਰਾ ਤੇ ਲੀਸਾ ਨੰਦੇ ਨੇ ਵੀ ਜਿੱਤ ਪ੍ਰਾਪਤ ਕੀਤੀ।

ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਭਾਰਤੀ ਮੂਲ ਦੇ ਅਮਿਤ ਜੋਗੀਆ ਬ੍ਰਿਟ ਨੌਰਥ ਤੋਂ ਹਾਰ ਗਏ ਹਨ। ਲੇਬਰ ਉਮੀਦਵਾਰ ਰੋਹਿਤ ਦੇਸਗੁਪਤਾ ਹੈਂਮਪਸ਼ਾਇਰ ਤੋਂ ਹਾਰ ਗਏ ਹਨ ਜਦੋਂ ਕਿ ਲੇਬਰ ਉਮੀਦਵਾਰ ਨਵੀਨ ਸ਼ਾਹ ਹੈਰੋ ਈਸਟ ਤੋਂ ਹਾਰ ਗਏ ਹਨ।

ਪ੍ਰੀਤ ਗਿੱਲ ਨੇ ਵਧਾਇਆ ਪੰਜਾਬੀ ਭਾਈਚਾਰੇ ਦਾ ਮਾਣ

ਲੰਡਨ: ਇੰਗਲੈਂਡ ਦੀਆਂ ਸੰਸਦੀ ਚੋਣਾਂ ਵਿਚ ਜਿਥੇ ਪਿੰਡ ਰਾਏਪੁਰ ਦੇ ਤਨਮਨਜੀਤ ਸਿੰਘ ਢੇਸੀ ਨੇ ਚੋਣ ਜਿੱਤ ਕੇ ਪਹਿਲੇ ਦਸਤਾਰਧਾਰੀ ਮੈਂਬਰ ਪਾਰਲੀਮੈਂਟ ਹੋਣ ਦਾ ਇਤਿਹਾਸ ਰਚਿਆ, ਉਥੇ ਜਲੰਧਰ ਜ਼ਿਲ੍ਹੇ ਦੀ ਹੀ ਪ੍ਰੀਤ ਕੌਰ ਗਿੱਲ ਪਹਿਲੀ ਸਿੱਖ ਮਹਿਲਾ ਐਮ.ਪੀ. ਬਣੀ ਹੈ। ਇਹ ਦੋਵੇਂ ਰਿਸ਼ਤੇਦਾਰ ਵੀ ਹਨ। ਮੁੜ ਚੁਣੇ ਗਏ ਦੋ ਹੋਰ ਪੰਜਾਬੀ ਐਮ.ਪੀ. ਵਰਿੰਦਰ ਸ਼ਰਮਾ ਅਤੇ ਸੀਮਾ ਮਲਹੋਤਰਾ ਵੀ ਜਲੰਧਰ ਨਾਲ ਹੀ ਸਬੰਧਤ ਹਨ।

ਵਿਕਸਿਤ ਮੁਲਕਾਂ ਦੀ ਸਿਆਸਤ ਵਿਚ ਪੰਜਾਬੀਆਂ ਦਾ ਦਬਦਬਾ ਵਧਿਆ

ਜਲੰਧਰ: ਪੰਜਾਬ ਦੀ ਧਰਤੀ ਤੋਂ ਉਠ ਕੇ ਪੂਰੀ ਦੁਨੀਆਂ ਵਿਚ ਜਾ ਵਸੇ ਸਿੱਖਾਂ ਨੇ ਵੱਖ-ਵੱਖ ਦੇਸ਼ਾਂ ਵਿਚ ਆਪਣੇ ਪੈਰ ਜਮਾਉਣ ਤੋਂ ਬਾਅਦ ਹੁਣ ਉਨ੍ਹਾਂ ਦੇਸ਼ਾਂ ਦੇ ਕਾਨੂੰਨਸਾਜ਼ਾਂ 'ਚ ਸ਼ਾਮਲ ਹੋਣ ਦਾ ਸਫਰ ਵੀ ਸ਼ੁਰੂ ਕਰ ਦਿੱਤਾ ਹੈ। ਇਹ ਸਫਰ ਦੁਨੀਆਂ ਦੇ ਸਭ ਤੋਂ ਵਧੇਰੇ ਵਿਕਸਤ ਦੇਸ਼ਾਂ ਵਿਚ ਵੱਧ ਸਫਲ ਹੋ ਰਿਹਾ ਹੈ। ਪਹਿਲਾਂ-ਪਹਿਲ ਕੁਝ ਵਿਕਸਤ ਮੁਲਕਾਂ ਵਿਚ ਪੰਜਾਬੀ ਮੂਲ ਦੇ ਆਗੂ ਪਾਰਲੀਮੈਂਟ ਜਾਂ ਸੂਬਾਈ ਅਸੰਬਲੀਆਂ ਲਈ ਚੁਣੇ ਜਾਂਦੇ ਰਹੇ ਹਨ, ਪਰ ਇਹ ਸਾਰੇ ਆਗੂ ਕੇਸਾਧਾਰੀ ਨਹੀਂ ਸਨ।

ਪਹਿਲੀ ਵਾਰ ਕੋਈ ਸਾਬਤ ਸੂਰਤ ਸਿੱਖ ਕੈਨੇਡਾ ਦੀ ਪਾਰਲੀਮੈਂਟ ਲਈ 1993 ਵਿਚ ਚੁਣਿਆ ਗਿਆ ਸੀ। ਮੋਗਾ ਦੇ ਜੰਮਪਲ ਗੁਰਬਖਸ਼ ਸਿੰਘ ਮੱਲੀ ਫਿਰ ਲਗਾਤਾਰ ਚਾਰ ਵਾਰ ਮੈਂਬਰ ਪਾਰਲੀਮੈਂਟ ਚੁਣੇ ਜਾਂਦੇ ਰਹੇ ਹਨ। ਉਂਜ ਪਹਿਲਾ ਪੰਜਾਬੀ ਦਲੀਪ ਸਿੰਘ ਸਾਧੂ ਅਮਰੀਕਾ ਦੀ ਕਾਂਗਰਸ ਲਈ 1956 ਵਿਚ ਚੁਣਿਆ ਗਿਆ ਸੀ। ਉਹ ਅੰਮ੍ਰਿਤਸਰ ਦੇ ਪਿੰਡ ਛੱਜਲਵੱਡੀ ਦਾ ਜੰਮਪਲ ਸੀ ਤੇ ਲਗਾਤਾਰ ਦੋ ਵਾਰ ਕਾਂਗਰਸਮੈਨ ਬਣਿਆ ਸੀ। ਉਨ੍ਹਾਂ ਤੋਂ ਬਾਅਦ ਬਰਤਾਨੀਆ ਦੀ ਪਾਰਲੀਮੈਂਟ ਲਈ ਤਿੰਨ ਵਾਰ ਸ੍ਰੀ ਪਿਆਰਾ ਸਿੰਘ ਖਾਬੜਾ ਚੁਣੇ ਗਏ। ਉਹ ਅਪਰੈਲ 92 ਤੋਂ ਜੂਨ 2007 ਤੱਕ ਮੈਂਬਰ ਪਾਰਲੀਮੈਂਟ ਰਹੇ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਸਬਾ ਕੋਟਫਤੂਹੀ ਨੇੜੇ ਪਿੰਡ ਚੇਲਾ ਦੇ ਜੰਮਪਲ ਸਨ। ਵਰਨਣਯੋਗ ਹੈ ਕਿ ਜਿਸ ਹਲਕੇ ਤੋਂ ਪਿਆਰਾ ਸਿੰਘ ਐਮ.ਪੀ. ਜਿੱਤਦੇ ਰਹੇ ਸਨ, ਉਥੋਂ 1998 ਤੋਂ ਲਗਾਤਾਰ ਪੰਜਾਬੀ ਮੂਲ ਦੇ ਵਰਿੰਦਰ ਸ਼ਰਮਾ ਚੌਥੀ ਵਾਰ ਇਹ ਸੀਟ ਜਿੱਤ ਕੇ ਐਮ. ਪੀ. ਬਣੇ ਹਨ। 20ਵੀਂ ਸਦੀ ਦੇ ਆਖਰੀ ਦਹਾਕੇ 'ਚ ਕੈਨੇਡਾ ਦੀ ਪਾਰਲੀਮੈਂਟ ਵਿਚ ਉਜਲ ਦੁਸਾਂਝ, ਹਰਬ ਧਾਲੀਵਾਲ, ਗੁਰਬਖਸ਼ ਸਿੰਘ ਮੱਲੀ ਤੇ ਹੋਰ ਕਈ ਮੈਂਬਰ ਜਿੱਤ ਕੇ ਗਏ ਸਨ। ਉਂਟਾਰੀਓ ਤੇ ਬ੍ਰਿਟਿਸ਼ ਕੋਲੰਬੀਆ ਦੀਆਂ ਸੂਬਾਈ ਅਸੰਬਲੀਆਂ ਵਿਚ ਵੀ ਕਈ ਪੰਜਾਬੀ ਮੈਂਬਰ ਪੁੱਜੇ ਤੇ ਮੰਤਰੀ ਵੀ ਬਣੇ।

ਉਜਲ ਦੁਸਾਂਝ ਤਾਂ ਬ੍ਰਿਟਿਸ਼ ਕੋਲੰਬੀਆ ਦੇ ਮੁੱਖ ਮੰਤਰੀ ਵੀ ਰਹੇ। ਸ. ਮੱਲੀ ਨੂੰ ਛੱਡ ਕੇ ਇਹ ਸਾਰੇ ਗੈਰ-ਕੇਸਾਧਾਰੀ ਸਨ, ਪਰ ਨਵੀਂ ਸਦੀ ਦੇ ਅਰੰਭ ਹੋਣ ਤੋਂ ਪਹਿਲਾਂ ਹੀ ਸਿੱਖਾਂ ਦੀ ਪਛਾਣ ਬਾਰੇ ਜਾਗ੍ਰਿਤੀ ਅਰੰਭ ਹੋ ਗਈ ਸੀ। ਨਾ ਸਿਰਫ ਪੰਜਾਬੋਂ ਗਏ ਸਿੱਖਾਂ ਨੇ ਹੀ, ਸਗੋਂ ਵਿਦੇਸ਼ਾਂ ਵਿਚ ਪੈਦਾ ਹੋਈ ਨਵੀਂ ਪੀੜ੍ਹੀ ਨੇ ਵੀ ਸਿੱਖ ਕਕਾਰਾਂ ਭਾਵ ਦਸਤਾਰ ਬੰਨ੍ਹਣ ਤੇ ਕੇਸਾਧਾਰੀ ਹੋਣ ਵੱਲ ਰੁਝਾਨ ਵਧਾ ਲਿਆ ਸੀ।

ਬਰਤਾਨੀਆ ਵਰਗੇ ਦੁਨੀਆਂ ਦੇ ਮੋਹਰੀ ਵਿਕਸਤ ਦੇਸ਼ ਵਿਚ ਲੰਡਨ ਤੇ ਬਰਮਿੰਘਮ ਦੇ ਦੋ ਵੱਡੇ ਕੇਂਦਰਾਂ ਤੋਂ ਦੋ ਸਾਬਤ ਸੂਰਤ ਸਿੱਖ ਤਨਮਨਜੀਤ ਸਿੰਘ ਢੇਸੀ ਅਤੇ ਬੀਬੀ ਪ੍ਰੀਤ ਕੌਰ ਗਿੱਲ ਹੁਣੇ ਹੋਈਆਂ ਬਰਤਾਨੀਆ ਦੀ ਪਾਰਲੀਮੈਂਟ ਦੀਆਂ ਚੋਣਾਂ ਵਿਚ ਜਿੱਤੇ ਹਨ। ਕੈਨੇਡਾ 'ਚ ਇਸ ਵੇਲੇ ਫੈਡਰਲ ਸਰਕਾਰ ਦੇ ਛੇ ਮੰਤਰੀਆਂ ਵਿਚੋਂ ਚਾਰ ਸਾਬਤ ਸੂਰਤ ਸਿੱਖ ਹਨ। ਇਨ੍ਹਾਂ ਵਿਚੋਂ ਹਰਜੀਤ ਸਿੰਘ ਸੱਜਣ ਨੂੰ ਰੱਖਿਆ ਮੰਤਰੀ ਅਤੇ ਨਵਦੀਪ ਸਿੰਘ ਬੈਂਸ ਸਨਅਤ ਤੇ ਸਾਇੰਸ ਮੰਤਰੀ ਦੇ ਅਹਿਮ ਅਹੁਦਿਆਂ ਉਪਰ ਕੰਮ ਕਰ ਰਹੇ ਹਨ, ਜਦਕਿ ਦੋ ਔਰਤਾਂ ਪਾਰਲੀਮੈਂਟ ਮੈਂਬਰਾਂ ਬਰਦੀਸ਼ ਚੱਗਰ ਟੂਰਿਜ਼ਮ ਅਤੇ ਅਮਰਜੀਤ ਕੌਰ ਸੋਹੀ ਬੁਨਿਆਦੀ ਢਾਂਚਾ ਮੰਤਰੀ ਹਨ। ਸ. ਬੈਂਸ ਦੂਜੀ ਵਾਰ ਮੈਂਬਰ ਪਾਰਲੀਮੈਂਟ ਬਣੇ ਹਨ। ਚਾਰ ਵਾਰ ਮੈਂਬਰ ਪਾਰਲੀਮੈਂਟ ਰਹੇ ਗੁਰਬਖਸ਼ ਸਿੰਘ ਮੱਲੀ ਦੀ ਪਹਿਲੀ ਵਾਰ ਉਂਟਾਰੀਓ ਸੂਬਾਈ ਅਸੰਬਲੀ ਲਈ ਮੈਂਬਰ ਚੁਣੀ ਗਈ ਧੀ ਹਰਿੰਦਰ ਕੌਰ ਮੱਲੀ ਨੇ ਹੀ ਅਸੰਬਲੀ 'ਚ ਸਿੱਖਾਂ ਦੀ ਨਸਲਕੁਸ਼ੀ ਵਾਲਾ ਮਤਾ ਪੇਸ਼ ਕੀਤਾ ਸੀ, ਜੋ ਪਾਸ ਕਰ ਦਿੱਤਾ ਗਿਆ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿੱਖਾਂ ਦੀ ਪਛਾਣ ਨੂੰ ਕੌਮਾਂਤਰੀ ਪੱਧਰ 'ਤੇ ਉਭਾਰਨ ਵੱਲ ਇਹ ਪਹਿਲਾ ਵੱਡਾ ਮੋੜ ਕਿਹਾ ਜਾ ਰਿਹਾ ਹੈ।

ਕੈਨੇਡਾ ਦੀ ਸਿਆਸਤ ਵਿਚ ਪੱਗ ਬੰਨ੍ਹ ਕੇ ਤੇ ਖੁੱਲ੍ਹੀ ਦਾੜ੍ਹੀ ਛੱਡ ਕੇ ਕੌਮੀ ਪੱਧਰ ਦੀ ਸਿਆਸਤ 'ਚ ਉਭਰਨ ਵਾਲਾ 38 ਸਾਲਾ ਜਗਮੀਤ ਸਿੰਘ ਜਿੰਮੀ ਧਾਲੀਵਾਲ ਨਿਊ ਡੈਮੋਕਰੇਟਿਕ ਪਾਰਟੀ ਦਾ ਡਿਪਟੀ ਲੀਡਰ ਹੈ ਤੇ ਉਂਟਾਰੀਓ ਸੂਬਾਈ ਅਸੰਬਲੀ 'ਚ ਵਿਧਾਇਕ ਹੈ। ਫੈਸ਼ਨ ਦੀ ਦੁਨੀਆਂ ਵਿਚ ਨਾਂ ਚਮਕਾਉਣ ਵਾਲੇ ਜਿੰਮੀ ਨੂੰ ਕੈਨੇਡਾ 'ਚ ਐਨ.ਡੀ.ਪੀ. ਦੇ ਸੰਭਾਵਤ ਆਗੂ ਵਜੋਂ ਵੀ ਵੇਖਿਆ ਜਾ ਰਿਹਾ ਹੈ। ਨਿਊਜ਼ੀਲੈਂਡ ਪਾਰਲੀਮੈਂਟ 'ਚ 2008 ਵਿਚ ਪੁੱਜਣ ਵਾਲੇ ਕੰਵਲਜੀਤ ਸਿੰਘ ਬਖਸ਼ੀ ਵੀ ਸਾਬਤ ਸੂਰਤ ਸਿੱਖ ਹਨ ਤੇ ਉਹ ਹੁਣ ਤੀਜੀ ਵਾਰ ਪਾਰਲੀਮੈਂਟ 'ਚ ਪੁੱਜੇ ਹਨ। ਸ. ਬਖਸ਼ੀ ਦਿੱਲੀ ਦੇ ਜੰਮਪਲ ਹਨ। ਰਾਮਗੜ੍ਹੀਆ ਭਾਈਚਾਰੇ ਦੇ ਪਰਿਵਾਰ ਦੇ ਮੈਂਬਰ ਪਰਮਿੰਦਰ ਸਿੰਘ ਮਰਵਾਹਾ ਦੋ ਵਾਰ ਯੂਗਾਂਡਾ ਦੇ ਮੈਂਬਰ ਪਾਰਲੀਮੈਂਟ ਰਹਿ ਚੁੱਕੇ ਹਨ।

ਬਰਤਾਨੀਆ ਵਿਚ ਮੁਸਲਿਮ ਔਰਤ ਦਾ ਹਿਜਾਬ ਲਾਹਿਆ

ਲੰਡਨ: ਬਰਤਾਨੀਆ ਵਿਚ ਹੋਏ ਦਹਿਸ਼ਤੀ ਹਮਲਿਆਂ ਮਗਰੋਂ ਵਧੀ ਨਸਲੀ ਨਫਰਤ ਕਾਰਨ ਇਕ ਮੁਸਲਿਮ ਔਰਤ ਨੂੰ ਧੱਕਾ ਦੇ ਕੇ ਉਸ ਦਾ ਹਿਜਾਬ ਲਾ ਕੇ ਸੁੱਟਣ ਦੀ ਘਟਨਾ ਵਾਪਰੀ ਹੈ।

ਇਹ ਘਟਨਾ ਪੀਟਰਬੋਰੋ ਦੇ ਫੇਨਗੇਟ 'ਚ ਵਾਪਰੀ ਹੈ। ਇਕ ਔਰਤ ਨੇ ਆਪਣੀ ਤਿੰਨ ਸਾਲਾ ਬੇਟੀ ਨਾਲ ਕਾਰ 'ਚੋਂ ਉਤਰ ਕੇ ਸੜਕ ਪਾਰ ਕੀਤੀ ਹੀ ਕਿ ਉਸ ਨੂੰ ਪਿੱਛੇ ਤੋਂ ਕਿਸੇ ਨੇ ਖਿੱਚ ਕੇ ਹੇਠਾਂ ਸੁੱਟ ਦਿੱਤਾ ਤੇ ਉਸ ਦਾ ਹਿਜਾਬ ਲਾ ਕੇ ਉਸ ਵੱਲ ਵਗ੍ਹਾ ਮਾਰਿਆ। ਇਸ ਘਟਨਾ 'ਚ ਕੁਝ ਕਿਹਾ ਨਹੀਂ ਗਿਆ ਪਰ ਪੁਲਿਸ ਨੇ ਇਸ ਘਟਨਾ ਨੂੰ ਨਸਲੀ ਨਫਰਤ ਦਾ ਮਾਮਲਾ ਦੱਸਿਆ ਹੈ। ਪੁਰਸ਼ ਹਮਲਾਵਰ ਗੋਰਾ, ਲੰਮਾ ਵਿਅਕਤੀ ਦੱਸਿਆ ਗਿਆ ਹੈ। ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਪੀੜਤ ਔਰਤ ਨੂੰ ਕੋਈ ਸੱਟ ਤਾਂ ਨਹੀਂ ਵੱਜੀ, ਪਰ ਉਹ ਇਸ ਹਮਲੇ ਕਾਰਨ ਸਦਮੇ 'ਚ ਹੈ।

ਜ਼ਿਕਰਯੋਗ ਹੈ ਕਿ ਬਰਤਾਨੀਆ ਤੇ ਮੈਨਚੈਸਟਰ ਤੇ ਲੰਡਨ ਵਿਚ ਹੋਏ ਦਹਿਸ਼ਤੀ ਹਮਲਿਆਂ ਮਗਰੋਂ ਮੁਲਕ ਅੰਦਰ ਨਸਲੀ ਨਫਰਤ ਕਾਰਨ ਹਮਲਿਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਲੰਡਨ ਹਮਲਿਆਂ ਤੋਂ ਬਾਅਦ ਬਰਤਾਨੀਆ ਦੀ ਰਾਜਧਾਨੀ ਵਿਚ ਮੁਸਲਮਾਨਾਂ ਖਿਲਾਫ਼ ਨਸਲੀ ਘਟਨਾਵਾਂ ਪੰਜ ਗੁਣਾ ਵਧ ਗਈਆਂ ਹਨ। ਲੰਡਨ ਦੇ ਮੇਅਰ ਸਾਦਿਕ ਖਾਨ ਨੇ ਪਿਛਲੇ ਹਫਤੇ ਚਿਤਾਵਨੀ ਦਿੱਤੀ ਸੀ ਕਿ ਪੁਲਿਸ ਅਜਿਹੀਆਂ ਘਟਨਾਵਾਂ ਬਰਦਾਸ਼ਤ ਨਹੀਂ ਕਰੇਗੀ।

ਵਿਧਾਇਕ ਬੈਂਸ ਸਮੇਤ ਨੌਂ ਖਿਲਾਫ ਦੋਸ਼ ਤੈਅ

ਲੁਧਿਆਣਾ: ਅਦਾਲਤ ਨੇ ਤਹਿਸੀਲਦਾਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ ਉਪਰ ਕਾਤਲਾਨਾ ਹਮਲਾ ਕਰਨ ਦੇ ਮਾਮਲੇ 'ਚ ਵਿਧਾਇਕ ਸਿਮਰਜੀਤ ਸਿੰਘ ਬੈਂਸ ਸਮੇਤ 9 ਵਿਅਕਤੀਆਂ ਖਿਲਾਫ਼ ਦੋਸ਼ ਤੈਅ ਕਰ ਦਿੱਤੇ ਹਨ। ਇਨ੍ਹਾਂ ਵਿਅਕਤੀਆਂ 'ਚ ਕਾਂਗਰਸੀ ਆਗੂ ਅਤੇ ਬੈਂਸ ਦੇ ਸਾਬਕਾ ਸਾਥੀ ਕਮਲਜੀਤ ਸਿੰਘ ਕੜਵਲ ਵੀ ਸ਼ਾਮਲ ਹਨ। ਪੁਲਿਸ ਵੱਲੋਂ 2009 'ਚ ਤਹਿਸੀਲਦਾਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ ਉਪਰ ਕਾਤਲਾਨਾ ਹਮਲਾ ਕਰਨ ਦੇ ਦੋਸ਼ ਤਹਿਤ 32 ਦੇ ਕਰੀਬ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਸੀ, ਪਰ ਪੁਲਿਸ ਵੱਲੋਂ ਅਦਾਲਤ ਵਿਚ ਇਸ ਮਾਮਲੇ ਵਿਚ ਸਿਰਫ 9 ਵਿਅਕਤੀਆਂ ਖਿਲਾਫ਼ ਚਲਾਨ ਪੇਸ਼ ਕੀਤਾ ਗਿਆ ਸੀ। ਅਦਾਲਤ ਵੱਲੋਂ ਉਕਤ 9 ਵਿਅਕਤੀਆਂ ਖਿਲਾਫ ਦੋਸ਼ ਤੈਅ ਕੀਤੇ ਗਏ ਹਨ।

ਹਾਂਗਕਾਂਗ 'ਚ ਵੀ ਹੋਵੇਗਾ 'ਦੰਗਲ'

ਮੁੰਬਈ: ਚੀਨ ਵਿਚ ਕਮਾਈ ਦਾ ਨਵਾਂ ਰਿਕਾਰਡ ਕਾਇਮ ਕਰਨ ਵਾਲੀ ਆਮਿਰ ਖਾਨ ਦੀ ਫਿਲਮ 'ਦੰਗਲ' ਹੁਣ ਹਾਂਗਕਾਂਗ ਵਿਚ ਰਿਲੀਜ਼ ਹੋਣ ਜਾ ਰਹੀ ਹੈ। ਚੀਨ 'ਚ ਇਸ ਫਿਲਮ ਨੂੰ ਮਿਲੀ ਬੰਪਰ ਸਫਲਤਾ ਨੂੰ ਵੇਖਦੇ ਹੋਏ ਹਾਂਗਕਾਂਗ ਦੇ ਲੋਕਾਂ ਨੂੰ ਵੀ ਇਸ ਫਿਲਮ ਦੇ ਰਿਲੀਜ਼ ਹੋਣ ਦਾ ਬੇਸਬਰੀ ਨਾਲ ਇੰਤਜ਼ਾਰ ਹੈ।

ਮੰਨਿਆ ਜਾ ਰਿਹਾ ਹੈ ਕਿ ਹਾਂਗਕਾਂਗ 'ਚ ਵੀ ਫਿਲਮ ਧੂਮ ਮਚਾਏਗੀ। ਜਾਣਕਾਰੀ ਮੁਤਾਬਕ ਆਮਿਰ ਖਾਨ ਦੀ 'ਦੰਗਲ' 31 ਅਗਸਤ ਨੂੰ ਹਾਂਗਕਾਂਗ 'ਚ ਰਿਲੀਜ਼ ਹੋਵੇਗੀ। ਇਸ ਵਾਸਤੇ ਇਕ ਖਾਸ ਪੋਸਟਰ ਜਾਰੀ ਕੀਤਾ ਗਿਆ ਹੈ। ਚਾਈਨੀਜ਼ ਬਾਕਸ ਆਫਿਸ 'ਤੇ ਦੰਗਲ ਹੁਣ ਤੱਕ ਕਰੀਬ 1200 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਚੀਨ 'ਚ 5 ਮਈ ਨੂੰ ਰਿਲੀਜ਼ ਹੋਈ

ਇਸ ਫਿਲਮ ਨੂੰ 9000 ਸਕਰੀਨਾਂ 'ਤੇ ਰਿਲੀਜ਼ ਕੀਤਾ ਗਿਆ ਸੀ ਤੇ ਹੁਣ ਇਕ ਮਹੀਨੇ ਤੋਂ ਵੀ ਵੱਧ ਸਮਾਂ ਬੀਤਣ ਤੋਂ ਬਾਅਦ ਵੀ ਇਹ ਫਿਲਮ ਚੀਨ 'ਚ 7000 ਤੋਂ ਜ਼ਿਆਦਾ ਸਕਰੀਨਾਂ ਉਤੇ ਚੱਲ ਰਹੀ ਹੈ।

ਕਸ਼ਮੀਰੀ ਅਜਾਇਬਘਰ ਆਮ ਲੋਕਾਂ ਲਈ ਖੋਲ੍ਹਿਆ

ਸ੍ਰੀਨਗਰ: ਕਸ਼ਮੀਰ ਦਾ ਸ੍ਰੀ ਪ੍ਰਤਾਪ ਸਿੰਘ ਅਜਾਇਬਘਰ ਕਲਾ ਪ੍ਰੇਮੀਆਂ, ਇਤਿਹਾਸ ਵਿਚ ਦਿਲਚਸਪੀ ਰੱਖਣ ਵਾਲਿਆਂ ਅਤੇ ਜਿਗਿਆਸੂ ਲੋਕਾਂ ਲਈ ਖੋਲ੍ਹ ਦਿੱਤਾ ਗਿਆ ਹੈ। ਇਸ ਵਿਚ ਇਤਿਹਾਸਕ ਮਹੱਤਵ ਅਤੇ ਰਾਜ ਦੀ ਸੰਪੰਨ ਸਭਿਆਚਾਰਕ ਵਿਰਾਸਤ ਨਾਲ ਸਬੰਧਤ ਦੁਰਲੱਭ ਚੀਜ਼ਾਂ ਨੂੰ ਰੱਖਿਆ ਗਿਆ ਹੈ। ਇਹ ਅਜਾਇਬਘਰ ਲਾਲ ਮੰਡੀ ਇਲਾਕੇ ਵਿਚ ਜੇਹਲਮ ਨਦੀ ਦੇ ਕੰਢੇ ਸਥਿਤ ਹੈ।

ਇਸ ਅਜਾਇਬਘਰ ਦਾ ਨਿਰਮਾਣ 1898 ਵਿਚ ਜੰਮੂ ਕਸ਼ਮੀਰ ਦੇ ਤਤਕਾਲੀਨ ਡੋਗਰਾ ਸ਼ਾਸਕ ਮਹਾਰਾਜਾ ਪ੍ਰਤਾਪ ਸਿੰਘ ਨੇ ਕਰਵਾਇਆ ਸੀ। ਇਕ ਸਦੀ ਬਾਅਦ ਇਸ ਅਜਾਇਬਘਰ ਦੀ ਨਵੀਂ ਇਮਾਰਤ ਬਣਾਈ ਗਈ ਹੈ ਜੋ ਪੁਰਾਣੀ ਦੇ ਬਿਲਕੁਲ ਨਾਲ ਹੈ, ਪਰ ਇਹ ਹਾਲੇ ਤੱਕ ਪੂਰੀ ਤਰ੍ਹਾਂ ਮੁਕੰਮਲ ਨਹੀਂ ਹੋਈ। ਲੋਕਾਂ ਦੀ ਮੰਗ 'ਤੇ ਇਸ ਨੂੰ ਖੋਲ੍ਹ ਦਿੱਤਾ ਗਿਆ ਹੈ। ਅਜਾਇਬ ਘਰ ਦੀ ਨਵੀਂ ਇਮਾਰਤ ਦਾ ਨੀਂਹ ਪੱਥਰ 2008 ਵਿਚ ਤਤਕਾਲੀਨ ਮੁੱਖ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਰੱਖਿਆ ਸੀ ਅਤੇ ਇਸ ਪ੍ਰੋਜੈਕਟ ਦਾ ਨਿਰਮਾਣ ਪੁਲਿਸ ਹਾਊਸਿੰਗ ਕਾਰਪੋਰੇਸ਼ਨ ਨੂੰ ਸੌਂਪਿਆ ਗਿਆ ਸੀ, ਜਿਸ ਨੇ ਇਸ ਨੂੰ ਦੋ ਸਾਲਾਂ ਵਿਚ ਮੁਕੰਮਲ ਕਰਨਾ ਸੀ। ਇਕ ਅੰਦਾਜ਼ੇ ਅਨੁਸਾਰ ਇਸ ਅਜਾਇਬਘਰ ਵਿਚ 80 ਹਜ਼ਾਰ ਦੇ ਕਰੀਬ ਸ਼ਿਲਪਕਲਾ ਨਾਲ ਸਬੰਧਤ ਅਤੇ ਹੋਰਨਾਂ ਚੀਜ਼ਾ ਰੱਖੀਆਂ ਜਾਣਗੀਆਂ।

ਵਿਵਾਦਾਂ 'ਚ ਘਿਰਿਆ ਇੰਸਪੈਕਟਰ ਨਸ਼ੇ ਤੇ ਹਥਿਆਰਾਂ ਸਣੇ ਕਾਬੂ

ਜਲੰਧਰ: ਨਸ਼ਿਆਂ ਖਿਲਾਫ਼ ਕਾਇਮ ਕੀਤੀ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੇ ਪੰਜਾਬ ਪੁਲਿਸ ਦੀਆਂ ਅੱਖਾਂ ਦਾ ਤਾਰਾ ਮੰਨੇ ਜਾਂਦੇ ਇੰਸਪੈਕਟਰ ਇੰਦਰਜੀਤ ਸਿੰਘ ਦੀ ਰਿਹਾਇਸ਼ ਤੋਂ ਵੱਡੀ ਮਾਤਰਾ 'ਚ ਨਸ਼ਾ ਅਤੇ ਅਸਲਾ ਬਰਾਮਦ ਕੀਤਾ ਹੈ।

ਇਸ ਇੰਸਪੈਕਟਰ ਦੇ ਦੋ ਸਰਕਾਰੀ ਮਕਾਨਾਂ 'ਚੋਂ 4 ਕਿਲੋ ਹੈਰੋਇਨ ਮਿਲੀ। ਇਸ ਤੋਂ ਇਲਾਵਾ ਇੰਸਪੈਕਟਰ ਇੰਦਰਜੀਤ ਕੋਲੋਂ ਤਿੰਨ ਕਿਲੋ ਸਮੈਕ, ਇਕ ਏ.ਕੇ. 47 ਰਾਈਫਲ, ਇਕ ਇਟਲੀ ਦਾ ਬਣਿਆ 9 ਐਮ.ਐਮ. ਪਿਸਤੌਲ, ਇਕ .38 ਬੋਰ ਰਿਵਾਲਵਰ, ਵੱਖ-ਵੱਖ ਬੋਰਾਂ ਦੇ 383 ਕਾਰਤੂਸ, 16.50 ਲੱਖ ਦੀ ਭਾਰਤੀ ਕਰੰਸੀ ਅਤੇ 3550 ਪੌਂਡ ਅਤੇ ਇਕ ਇਨੋਵਾ ਗੱਡੀ ਬਰਾਮਦ ਕੀਤੀ ਗਈ ਹੈ। ਇੰਦਰਜੀਤ ਸਿੰਘ ਦੀ ਬਦਲੀ ਕੁਝ ਦਿਨ ਪਹਿਲਾਂ ਹੀ ਫਿਰੋਜ਼ਪੁਰ ਰੇਂਜ 'ਚ ਹੋਈ ਸੀ ਅਤੇ 28 ਅਪਰੈਲ ਤੋਂ 8 ਜੂਨ ਤੱਕ ਉਹ ਸੀ.ਆਈ.ਏ. ਸਟਾਫ ਕਪੂਰਥਲਾ ਦਾ ਇੰਚਾਰਜ ਰਿਹਾ।

ਇੰਦਰਜੀਤ ਕੋਲੋਂ ਨਸ਼ਾ ਤਸਕਰਾਂ ਨਾਲ ਸਬੰਧਾਂ ਅਤੇ ਬੇਨਿਯਮੀਆਂ ਬਾਰੇ ਪੁੱਛ ਪੜਤਾਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਇੰਸਪੈਕਟਰ ਇੰਦਰਜੀਤ ਸਿੰਘ ਦਾ ਨਾਂ ਵਿਵਾਦਾਂ ਨਾਲ ਜੁੜਿਆ ਰਿਹਾ ਹੈ ਅਤੇ ਉਸ ਨੂੰ ਸਭ ਤੋਂ ਵੱਧ ਨਸ਼ਾ ਬਰਾਮਦ ਕਰਨ ਵਾਲੇ ਅਫਸਰ ਵਜੋਂ ਜਾਣਿਆ ਜਾਂਦਾ ਸੀ।

ਸ਼੍ਰੋਮਣੀ ਕਮੇਟੀ ਦੇ ਲਾਪਤਾ ਅਧਿਕਾਰੀਆਂ ਬਾਰੇ ਜਾਂਚ ਮੰਗੀ

ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਰੰਧਾਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿੱਠੀ ਭੇਜ ਕੇ ਸ਼੍ਰੋਮਣੀ ਕਮੇਟੀ ਦੇ 1987 ਅਤੇ 1992 ਵਿਚ 'ਲਾਪਤਾ' ਹੋਏ ਤਿੰਨ ਅਧਿਕਾਰੀਆਂ ਦਾ ਪਤਾ ਲਾਉਣ ਲਈ ਜਾਂਚ ਮੁੜ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਦੇ ਨਿੱਜੀ ਸਕੱਤਰ ਅਬਨਾਸ਼ੀ ਸਿੰਘ ਅਤੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਬਲਦੇਵ ਸਿੰਘ ਬਰਾੜ 31 ਮਾਰਚ 1987 ਦੀ ਰਾਤ ਕਿਸੇ ਨੂੰ ਮਿਲਣ ਗਏ ਸਨ ਪਰ ਵਾਪਸ ਨਹੀਂ ਆਏ।

ਇਸੇ ਤਰ੍ਹਾਂ ਦਸ ਜੁਲਾਈ 1992 ਨੂੰ ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੈਨੇਜਰ ਰਣਜੀਤ ਸਿੰਘ ਘਰੋਂ ਗਏ ਪਰ ਪਰਤੇ ਨਹੀਂ। ਇਨ੍ਹਾਂ ਤਿੰਨਾਂ ਬਾਰੇ ਹੁਣ ਤੱਕ ਕੁਝ ਵੀ ਪਤਾ ਨਹੀਂ ਲੱਗਿਆ। ਉਨ੍ਹਾਂ ਮੰਗ ਕੀਤੀ ਕਿ ਇਨ੍ਹਾਂ ਤਿੰਨਾਂ ਸਬੰਧੀ ਕਿਸੇ ਏਜੰਸੀ ਤੋਂ ਜਾਂਚ ਕਰਾਈ ਜਾਵੇ ਤਾਂ ਜੋ ਇਨ੍ਹਾਂ ਦੇ ਪਰਿਵਾਰਾਂ ਨੂੰ ਨਿਆਂ ਮਿਲ ਸਕੇ। ਪਰਿਵਾਰਾਂ ਵਾਲੇ ਤਾਂ ਇਨ੍ਹਾਂ ਦੀਆਂ ਅੰਤਿਮ ਧਾਰਮਿਕ ਰਸਮਾਂ ਵੀ ਪੂਰੀਆਂ ਨਹੀਂ ਕਰ ਸਕੇ।

ਚਿੱਠੀ ਵਿਚ ਲਿਖਿਆ ਹੈ ਕਿ ਹਾਲ ਹੀ ਵਿਚ ਮੁੱਖ ਮੰਤਰੀ ਨੇ ਇੰਕਸਾਫ ਕੀਤਾ ਹੈ ਕਿ ਉਨ੍ਹਾਂ ਨੇ ਪੁਲਿਸ ਤੋਂ ਭਗੌੜੇ 21 ਸਿੱਖ ਨੌਜਵਾਨਾਂ ਨੂੰ 'ਬਚਾਉਣ' ਲਈ ਤਤਕਾਲੀ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਕੋਲ ਪੇਸ਼ ਕਰਾਇਆ ਸੀ ਪਰ ਨੌਜਵਾਨਾਂ ਨੂੰ ਪੁਲਿਸ ਨੇ ਮਾਰ ਦਿੱਤਾ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਦਸ ਸਾਲ ਸੱਤਾ ਵਿਚ ਰਹੀ ਹੈ ਪਰ ਉਨ੍ਹਾਂ ਨੇ ਅਜਿਹੇ ਕਿਸੇ ਮਾਮਲੇ ਦੀ ਕੋਈ ਜਾਂਚ ਨਹੀਂ ਕਰਾਈ।

ਗੁਰਦੁਆਰੇ ਦਾ ਗੁੰਬਦ ਡਿਗਿਆ, ਇਕ ਹਲਾਕ

ਪਾਣੀਪਤ: ਜੀਟੀ ਰੋਡ ਉਤੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਹਿਲੀ ਪਾਤਸ਼ਾਹੀ ਵਿਚ ਤਿੰਨ ਮੰਜ਼ਿਲਾ ਉਚਾ ਗੁੰਬਦ ਡਿੱਗਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਨੌਂ ਜਣੇ ਜਖ਼ਮੀ ਹੋ ਗਏ।

ਮ੍ਰਿਤਕ ਦੀ ਸ਼ਨਾਖਤ ਧੀਰਜ (25) ਪੁੱਤਰ ਰਾਜੇਸ਼ ਵਾਸੀ ਸੀਤਾਪੁਰ ਉਤਰ ਪ੍ਰਦੇਸ਼ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਗੁੰਬਦ ਡਿੱਗਣ ਦੀ ਘਟਨਾ ਸ਼ਾਮ ਸਵਾ ਚਾਰ ਵਜੇ ਦੇ ਕਰੀਬ ਵਾਪਰੀ। ਗੁਰਦੁਆਰੇ ਦੇ ਨਾਲ ਦਰਜਨ ਤੋਂ ਵੱਧ ਦੁਕਾਨਾਂ ਹਨ। ਗੁੰਬਦ ਦਾ ਮਲਬਾ ਡਿੱਗਣ ਨਾਲ ਉਥੇ ਭੱਜ ਨੱਠ ਸ਼ੁਰੂ ਹੋ ਗਈ।

ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ ਤੇ ਕੁਝ ਮਿੰਟਾਂ 'ਚ ਉਥੇ ਹਜ਼ਾਰਾਂ ਲੋਕ ਇਕੱਤਰ ਹੋ ਗਏ। ਦੱਸਿਆ ਜਾ ਰਿਹਾ ਹੈ ਕਿ ਜਦੋਂ ਗੁੰਬਦ ਡਿੱਗਾ ਉਦੋਂ ਗੁਰਦੁਆਰੇ 'ਚ ਉਸਾਰੀ ਕਾਰਜ ਚੱਲ ਰਿਹਾ ਸੀ। ਗੁੰਬਦ ਦਾ ਮਲਬਾ ਡਿੱਗਣ ਨਾਲ ਹੇਠਲੀ ਮੰਜ਼ਿਲ ਦਾ ਲੈਂਟਰ ਵੀ ਡਿੱਗਾ ਗਿਆ ਤੇ ਇਸ ਮੌਕੇ ਉਥੇ ਦਸ ਤੋਂ ਬਾਰ੍ਹਾਂ ਵਿਅਕਤੀ ਮੌਜੂਦ ਸਨ।

ਗਾਂਧੀ ਨੂੰ 'ਚਤੁਰ ਬਾਣੀਆ' ਆਖ ਕੇ ਘਿਰਿਆ ਅਮਿਤ ਸ਼ਾਹ

ਨਵੀਂ ਦਿੱਲੀ: ਭਾਜਪਾ ਪ੍ਰਧਾਨ ਅਮਿਤ ਸ਼ਾਹ ਵੱਲੋਂ ਮਹਾਤਮਾ ਗਾਂਧੀ ਸਬੰਧੀ 'ਚਤੁਰ ਬਾਣੀਆ' ਵਾਲੀ ਜਾਤ ਆਧਾਰਤ ਟਿੱਪਣੀ ਕਾਰਨ ਵਿਵਾਦ ਪੈਦਾ ਹੋ ਗਿਆ ਹੈ। ਕਾਂਗਰਸ ਸਣੇ ਵੱਖ-ਵੱਖ ਪਾਰਟੀਆਂ ਨੇ ਕਿਹਾ ਕਿ ਸ੍ਰੀ ਸ਼ਾਹ ਨੂੰ ਰਾਸ਼ਟਰ ਪਿਤਾ ਦੀ ਬੇਇੱਜ਼ਤੀ ਲਈ ਮੁਆਫੀ ਮੰਗਣੀ ਚਾਹੀਦੀ ਹੈ।

ਸ੍ਰੀ ਸ਼ਾਹ ਨੇ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿਚ 'ਚੋਣਵੇਂ ਸ਼ਹਿਰੀਆਂ' ਦੀ ਇਕੱਤਰਤਾ ਵਿਚ ਦੇਸ਼ ਦੇ ਵਪਾਰੀ ਭਾਈਚਾਰੇ ਦਾ ਹਵਾਲਾ ਦਿੰਦਿਆਂ ਮਹਾਤਮਾ ਗਾਂਧੀ ਨੂੰ 'ਬਹੁਤ ਚਤੁਰ ਬਾਣੀਆ' ਕਰਾਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਮਹਾਤਮਾ ਗਾਂਧੀ, ਜੋ ਇਸ ਭਾਈਚਾਰੇ ਨਾਲ ਸਬੰਧਤ ਸਨ, ਨੇ ਆਜ਼ਾਦੀ ਤੋਂ ਬਾਅਦ ਕਾਂਗਰਸ ਨੂੰ ਭੰਗ ਕਰ ਦੇਣ ਦੀ ਸਹੀ ਸਲਾਹ ਦਿੱਤੀ ਸੀ। ਉਨ੍ਹਾਂ ਨਾਲ ਹੀ ਕਿਹਾ ਕਿ ਕਾਂਗਰਸ ਦੀ ਕੋਈ ਵਿਚਾਰਧਾਰਾ ਜਾਂ ਸਿਧਾਂਤ ਨਹੀਂ ਹੈ, ਸਗੋਂ ਇਹ ਆਜ਼ਾਦੀ ਲੈਣ ਲਈ 'ਖਾਸ ਮਕਸਦ ਆਧਾਰਤ ਵਾਹਨ' ਸੀ।

ਵਿਰੋਧੀ ਧਿਰ ਦੇ ਹਮਲੇ ਦੀ ਅਗਵਾਈ ਕਰਦਿਆਂ ਕਾਂਗਰਸ ਤਰਜਮਾਨ ਰਣਦੀਪ ਸੁਰਜੇਵਾਲਾ ਨੇ ਮੰਗ ਕੀਤੀ ਕਿ ਸ੍ਰੀ ਸ਼ਾਹ ਇਸ

ਟਿੱਪਣੀ ਲਈ ਮੁਆਫੀ ਮੰਗਣ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਟਿੱਪਣੀ ਨੂੰ 'ਬੇਲੋੜੀ ਤੇ ਗ਼ੈਰਇਖ਼ਲਾਕੀ' ਕਰਾਰ ਦਿੱਤਾ ਹੈ। ਸੀ.ਪੀ.ਆਈ. ਦੇ ਜਨਰਲ ਸਕੱਤਰ ਐਸ. ਸੁਧਾਕਰ ਰੈਡੀ ਨੇ ਕਿਹਾ ਕਿ ਸ੍ਰੀ ਸ਼ਾਹ ਮੁਆਫੀ ਮੰਗਣ। ਸੀ.ਪੀ.ਐਮ. ਦੇ ਸਾਬਕਾ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਇਸ ਟਿੱਪਣੀ ਤੋਂ ਭਾਜਪਾ ਤੇ ਆਰ.ਐਸ.ਐਸ. ਦੀ ਗਾਂਧੀ ਪ੍ਰਤੀ ਸੋਚ ਜ਼ਾਹਰ ਹੁੰਦੀ ਹੈ।

Mann Insurance Brokers Inc.

DBA Global Green Insurance Agency of the Bay Area
4 Union Square #E, Union City, CA 94587

Gurdawar Singh
Lic.# OF34231

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ

PROGRESSIVE MERCURY INSURANCE GROUP THE HARTFORD Safeco Insurance A Liberty Mutual Company TRAVELERS

Ph: 510-487-1000

mann@ggiausa.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

ਪੰਜਾਬ ਟਾਈਮਜ਼

ਸਨਿਚਰਵਾਰ, 17 ਜੂਨ 2017

ਕਿਸਾਨਾਂ ਦਾ ਰੋਹ

ਤਿੰਨ ਸਾਲਾਂ ਤੋਂ 'ਅਜਿੱਤ' ਜਾਪ ਰਹੀ ਮੋਦੀ ਸਰਕਾਰ ਆਖਰਕਾਰ ਕਿਸਾਨਾਂ ਦੇ ਰੋਹ ਅਤੇ ਰੋਸ ਵਿਚਕਾਰ ਘਿਰ ਗਈ ਹੈ। ਮੱਧ ਪ੍ਰਦੇਸ਼ ਵਿਚ ਪੁਲਿਸ ਦੀ ਗੋਲੀ ਨਾਲ 6 ਕਿਸਾਨਾਂ ਦੀ ਮੌਤ ਤੋਂ ਬਾਅਦ ਕਿਸਾਨਾਂ ਦਾ ਰੋਹ ਮੁਲਕ ਭਰ ਵਿਚ ਤਿੱਖਾ ਹੋਇਆ ਹੈ। ਇਸ ਰੋਹ ਦਾ ਸੇਕ ਨਾ ਝੱਲਦਿਆਂ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਖੁਦ ਭੁੱਖ ਹੜਤਾਲ ਉਤੇ ਬੈਠਣ ਦਾ ਦਿਖਾਵਾ ਕਰਨਾ ਪੈ ਗਿਆ। ਹੁਣ ਪੀੜਤ ਪਰਿਵਾਰਾਂ ਨੂੰ ਇਕ ਇਕ ਕਰੋੜ ਰੁਪਏ ਦੇਣ ਦਾ ਐਲਾਨ ਕਰਨਾ ਪਿਆ ਹੈ। ਪਹਿਲਾਂ ਸਰਕਾਰ ਨੇ ਚਾਰ ਚਾਰ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ। ਹੁਣ ਵਿਚਲੀ ਕਹਾਣੀ ਵੀ ਸਾਹਮਣੇ ਆਈ ਹੈ। ਮੱਧ ਪ੍ਰਦੇਸ਼ ਵਿਚ ਨੋਟਬੰਦੀ, ਜਿਸ ਨੂੰ ਮੋਦੀ ਸਰਕਾਰ ਆਪਣੀ ਵੱਡੀ ਪ੍ਰਾਪਤੀ ਗਰਦਾਨ ਰਹੀ ਹੈ, ਨੇ ਕਿਸਾਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਮੰਡੀ ਵਿਚ ਫਸਲਾਂ ਵਿਕ ਨਹੀਂ ਰਹੀਆਂ; ਵਿਕ ਰਹੀਆਂ ਹਨ ਤਾਂ ਪੂਰਾ ਭਾਅ ਨਹੀਂ ਮਿਲ ਰਿਹਾ; ਉਪਰੋਂ ਨਕਦੀ ਦੀ ਥਾਂ ਚੈਕ ਮਿਲ ਰਹੇ ਹਨ। ਪੂਰੀ ਤਰ੍ਹਾਂ ਟੁੱਟਿਆ ਕਿਸਾਨ ਹੋਰ ਟੁੱਟ ਰਿਹਾ ਹੈ ਅਤੇ ਸਰਕਾਰਾਂ ਕੋਲ ਉਸ ਦੇ ਹੰਝੂ ਪੂੰਝਣ ਲਈ ਕੁਝ ਵੀ ਨਹੀਂ। ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਮੋਹਰੀ ਆਗੂ ਨਰੇਂਦਰ ਮੋਦੀ ਨੇ 2014 ਵਿਚ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ ਕਿ ਜਿਣਸਾਂ ਦਾ ਭਾਅ ਲਾਗਤ ਕਮਿਸ਼ਨ ਵੱਲੋਂ ਸੁਝਾਏ ਭਾਅ ਵਿਚ 50 ਫੀਸਦੀ ਵਾਧਾ ਕਰ ਕੇ ਤੈਅ ਕੀਤਾ ਜਾਵੇਗਾ, ਪਰ ਤਿੰਨ ਸਾਲ ਲੰਘਣ ਤੋਂ ਬਾਅਦ ਵੀ ਇਸ ਵਾਅਦੇ ਉਤੇ ਅਮਲ ਨਹੀਂ ਕੀਤਾ ਗਿਆ। ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਕੁਝ ਕਿਸਾਨਾਂ ਦਾ ਕਰਜ਼ਾ ਜ਼ਰੂਰ ਮੁਆਫ ਕਰ ਦਿੱਤਾ ਹੈ ਅਤੇ ਮਹਾਰਾਸ਼ਟਰ ਵਿਚ ਵੀ ਇਸੇ ਪਾਰਟੀ ਦੀ ਸਰਕਾਰ ਨੇ ਕਿਸਾਨਾਂ ਦੇ ਰੋਹ ਨੂੰ ਦੇਖਦਿਆਂ ਕਰਜ਼ਾ ਮੁਆਫੀ ਦਾ ਐਲਾਨ ਕੀਤਾ ਹੈ, ਪਰ ਕੇਂਦਰ ਸਰਕਾਰ ਇਸ ਮਾਮਲੇ ਵਿਚ ਕਿਸਾਨਾਂ ਦੀ ਬਾਂਹ ਫੜਨ ਤੋਂ ਸਾਫ ਮੁੱਕਰ ਗਈ ਹੈ; ਹਾਲਾਂਕਿ ਜਿਸ ਢੰਗ ਨਾਲ ਕੇਂਦਰ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਗੱਫੇ ਦੇ ਰਹੀ ਹੈ ਅਤੇ ਇਨ੍ਹਾਂ ਵੱਲੋਂ ਲਏ ਕਰਜ਼ਿਆਂ ਨੂੰ ਵੱਟੇ ਖਾਤੇ ਪਾ ਰਹੀ ਹੈ, ਕਿਸਾਨਾਂ ਦਾ ਕਰਜ਼ਾ ਇਸ ਕਾਰਪੋਰੇਟ ਲਾਣੇ ਵੱਲੋਂ ਹੜੱਪੇ ਜਾ ਰਹੀ ਰਕਮ ਤੋਂ ਬਹੁਤ ਨਿਗੂਣਾ ਹੈ। ਇਹ ਠੀਕ ਹੈ ਕਿ ਕਰਜ਼ਾ ਮੁਆਫੀ ਇਸ ਸਮੱਸਿਆ ਦਾ ਕੋਈ ਪੱਕਾ ਹੱਲ ਨਹੀਂ, ਪਰ ਹੁਣ ਤਾਂ ਹਰੇ ਇਨਕਲਾਬ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਖੇਤੀ ਵਿਗਿਆਨੀ ਐਮ.ਐਸ. ਸਵਾਮੀਨਾਥਨ ਨੇ ਵੀ ਕਹਿ ਦਿੱਤਾ ਹੈ ਕਿ ਕਿਸਾਨਾਂ ਨੂੰ ਮੌਕੇ ਦੀ ਰਾਹਤ ਤਹਿਤ ਕਰਜ਼ਾ ਮੁਆਫ ਹੋਣਾ ਚਾਹੀਦਾ ਹੈ ਅਤੇ ਲੰਮੀ ਨੀਤੀ ਤਹਿਤ ਸਰਕਾਰ ਨੂੰ ਇਸ ਸਮੱਸਿਆ ਦੇ ਹੱਲ ਲਈ ਕੋਈ ਹੋਰ ਕਾਰਗਰ ਨੀਤੀ ਘੜਨੀ ਚਾਹੀਦੀ ਹੈ। ਮੱਧ ਪ੍ਰਦੇਸ਼ ਦੇ ਕਿਸਾਨ ਇਸੇ ਤਰ੍ਹਾਂ ਦੀ ਤੁਰੰਤ ਰਾਹਤ ਹੀ ਤਾਂ ਮੰਗ ਰਹੇ ਸਨ, ਪਰ ਨਾ ਸੂਬਾ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਨੇ ਇਸ ਪਾਸੇ ਬਣਦਾ ਧਿਆਨ ਦਿੱਤਾ।

ਸਰਕਾਰਾਂ ਦੀ ਇਸ ਖਾਮੋਸ਼ੀ ਦਾ ਨਤੀਜਾ ਹੁਣ ਸਭ ਦੇ ਸਾਹਮਣੇ ਹੈ। ਕਿਸਾਨੀ ਦਾ ਸੰਕਟ ਵਿਕਰਾਲ ਰੂਪ ਅਖਤਿਆਰ ਕਰ ਰਿਹਾ ਹੈ। ਖੇਤੀ ਮਾਹਿਰ ਵਾਰ ਵਾਰ ਆਖ ਰਹੇ ਹਨ ਕਿ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਿਹਾ। ਫਸਲਾਂ ਦੇ ਝਾੜ ਖਾਤਰ ਕਿਸਾਨਾਂ ਨੂੰ ਵੱਧ ਤੋਂ ਵੱਧ ਖਾਦਾਂ ਅਤੇ ਕੀਟਨਾਸ਼ਕਾਂ/ਨਦੀਨਨਾਸ਼ਕਾਂ ਉਤੇ ਨਿਰਭਰ ਹੋਣਾ ਪੈ ਰਿਹਾ ਹੈ। ਸਿੱਟੇ ਵਜੋਂ ਖੇਤੀ ਦਾ ਖਰਚਾ ਲਗਾਤਾਰ ਵਧ ਰਿਹਾ ਹੈ, ਪਰ ਜਿਣਸਾਂ ਦੇ ਭਾਅ ਇਸ ਵਾਧੇ ਦੇ ਅਨੁਪਾਤ ਵਿਚ ਵਧਾਏ ਨਹੀਂ ਜਾ ਰਹੇ। ਕਿਸਾਨਾਂ ਨੂੰ ਖੇਤੀ ਵਾਲੇ ਹੋਰ ਖਰਚੇ ਪੂਰੇ ਕਰਨ ਲਈ ਕਰਜ਼ਾ ਲੈਣਾ ਪੈਂਦਾ ਹੈ ਅਤੇ ਕਰਜ਼ੇ ਦੀ ਇਹ ਲੜੀ ਫਿਰ ਟੁੱਟਦੀ ਨਹੀਂ। ਇਸੇ ਕਰ ਕੇ ਨਿਤ ਦਿਨ ਕਿਸਾਨ ਖੁਦਕੁਸ਼ੀਆਂ ਦੇ ਮਾਮਲੇ ਵਧ ਰਹੇ ਹਨ। ਪੰਜਾਬ, ਮਹਾਰਾਸ਼ਟਰ, ਰਾਜਸਥਾਨ, ਆਧਰਾ ਪ੍ਰਦੇਸ਼, ਤਾਮਿਲਨਾਡੂ, ਕਰਨਾਟਕ ਆਦਿ ਸੂਬਿਆਂ ਵਿਚ ਖੁਦਕੁਸ਼ੀਆਂ ਨੂੰ ਠੱਲ੍ਹ ਪੈਂਦੀ ਨਜ਼ਰ ਨਹੀਂ ਪੈ ਰਹੀ।

ਇੰਨਾ ਕੁਝ ਹੋਣ ਦੇ ਬਾਵਜੂਦ ਸਰਕਾਰਾਂ ਦੀ ਖਾਮੋਸ਼ੀ ਇਹੀ ਦੱਸਦੀ ਹੈ ਕਿ ਮੁਲਕ ਦੇ ਅੰਨ ਭੰਡਾਰ ਭਰਨ ਵਾਲੇ ਕਿਸਾਨ ਲਈ ਇਸ ਕੋਲ ਕੋਈ ਯੋਜਨਾ, ਕੋਈ ਖਾਸ ਖੇਤੀ ਨੀਤੀ ਨਹੀਂ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਿੰਨ ਸਾਲ ਤਾਂ ਕਿਸਾਨਾਂ ਲਈ ਕੁਝ ਨਹੀਂ ਕੀਤਾ, ਹੁਣ ਉਹ ਭਾਸ਼ਣਾਂ 'ਤੇ ਭਾਸ਼ਣ ਦੇ ਰਹੇ ਹਨ ਕਿ 2022 ਤਕ ਕਿਸਾਨਾਂ ਦੀ ਆਮਦਨ ਹੁਣ ਨਾਲੋਂ ਦੁੱਗਣੀ ਕਰ ਦਿੱਤੀ ਜਾਵੇਗੀ। ਕਿਸ ਤਰ੍ਹਾਂ ਕੀਤੀ ਜਾਵੇਗੀ, ਬਾਰੇ ਕੁਝ ਵੀ ਸਪਸ਼ਟ ਨਹੀਂ ਕੀਤਾ ਜਾ ਰਿਹਾ। ਆਪਣੇ ਭਾਸ਼ਣਾਂ ਵਿਚ ਉਹ ਸਿੰਜਾਈ, ਚੰਗੇ ਬੀਜ, ਮੰਡੀ, ਗੋਦਾਮ, ਫੂਡ ਪ੍ਰੋਸੈਸਿੰਗ, ਫਸਲ ਬੀਮਾ ਯੋਜਨਾ ਅਤੇ ਸਹਾਇਕ ਧੰਦਿਆਂ ਬਾਰੇ ਲੱਛੇਦਾਰ ਗੱਲਾਂ ਤਾਂ ਬਥੇਰੀਆਂ ਕਰਦੇ ਹਨ, ਪਰ ਅਮਲ ਵਿਚ ਕੁਝ ਨਹੀਂ ਹੋ ਰਿਹਾ। ਅਸਲ ਵਿਚ ਖੇਤੀ ਨੀਤੀ ਸਰਕਾਰ ਦੇ ਏਜੰਡੇ ਉਤੇ ਨਹੀਂ ਹੈ। ਹਰ ਪੱਖ ਵਿਚਾਰਨ ਤੋਂ ਇਹੀ ਸਾਬਤ ਹੋ ਰਿਹਾ ਹੈ ਕਿ ਇਹ ਸਰਕਾਰ ਕਿਸਾਨ ਪੱਖੀ ਹੋਣ ਦਾ ਸਿਰਫ ਢੌਂਗ ਹੀ ਕਰ ਰਹੀ ਹੈ। ਹਰ ਸਾਲ ਬੰਪਰ ਫਸਲ ਹੋਣ ਦਾ ਢੋਲ ਕੁੱਟਿਆ ਜਾਂਦਾ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਮਾਨਸੂਨ ਕਾਰਨ ਜੋ ਮਾਰ ਕਿਸਾਨਾਂ ਉਤੇ ਪੈ ਰਹੀ ਹੈ, ਉਸ ਦੀ ਭਰਪਾਈ ਨਹੀਂ ਹੋ ਰਹੀ। ਪਿੰਡਾਂ ਦੀਆਂ ਤਕਰੀਬਨ 50 ਫੀਸਦੀ ਔਰਤਾਂ ਖੇਤੀ ਨਾਲ ਸਬੰਧਤ ਧੰਦਿਆਂ ਨਾਲ ਜੁੜੀਆਂ ਹੋਈਆਂ ਹਨ। ਇਨ੍ਹਾਂ ਦੀ ਗਿਣਤੀ ਕਿਸੇ ਪਾਸੇ ਵੀ ਨਹੀਂ ਹੋ ਰਹੀ ਅਤੇ ਨਾ ਹੀ ਇਸ ਸਬੰਧੀ ਕਿਸੇ ਪ੍ਰਕਾਰ ਦੀ ਚਾਰਾਜੋਈ ਦੀ ਕੋਈ ਸੂਹ ਪੈ ਰਹੀ ਹੈ। ਕੁਲ ਮਿਲਾ ਕੇ ਕਿਸਾਨ ਨੂੰ ਉਸ ਦੇ ਹਾਲ ਉਤੇ ਛੱਡ ਦਿੱਤਾ ਗਿਆ ਹੈ। ਨਾਲ ਹੀ ਮਿਹਣਾ ਮਾਰਿਆ ਜਾ ਰਿਹਾ ਹੈ ਕਿ ਉਹ ਕਰਜ਼ਾ ਖੇਤੀ ਵਧਾਉਣ ਦੀ ਥਾਂ ਹੋਰ ਕੰਮਾਂ-ਕਾਰਾਂ ਲਈ ਲੈ ਰਿਹਾ ਹੈ। ਕੋਈ ਨਹੀਂ ਸਮਝ ਰਿਹਾ ਕਿ ਉਸ ਦੀ ਆਮਦਨ ਦਾ ਸਰੋਤ ਆਏ ਦਿਨ ਸੁੱਕ ਰਿਹਾ ਹੈ, ਆਮਦਨ ਠੀਕ ਨਾ ਹੋਣ ਕਾਰਨ ਗੁਜ਼ਾਰਾ ਵੀ ਨਹੀਂ ਚੱਲ ਰਿਹਾ, ਕੰਮ-ਧੰਦਿਆਂ ਲਈ ਫਿਰ ਜੇ ਉਹ ਕਰਜ਼ਾ ਨਾ ਲਵੇ ਤਾਂ ਕੀ ਕਰੇ?

ਠਾਹ-ਸੋਟਾ

-ਚਾਚਾ ਬੇਲਿਹਾਜ਼

ਰਾਖੇ ਸੰਵਿਧਾਨ ਦੇ?

ਅਸੀਂ 'ਆਹ' ਨਹੀਂ ਕਰਾਂਗੇ 'ਅਹੁ' ਕਰਨਾ, ਮਘੇ ਚੋਣ ਪ੍ਰਚਾਰ ਵਿਚ ਕਹੀ ਜਾਂਦੇ।
ਸਬਜ਼ਬਾਗ ਦਿਖਾਉਂਦੇ ਨੇ ਸਾਰਿਆਂ ਨੂੰ, ਨੀਵੇਂ ਹੋ ਹੋ ਕੇ ਭੁੰਜੇ ਹੀ ਲਹੀ ਜਾਂਦੇ।
ਭੁੱਲ ਜਾਣ ਨਤੀਜੇ ਦੇ ਆਉਂਦਿਆਂ ਹੀ, ਚੋਣਾਂ ਜਿੱਤ ਕੇ ਪਾਣੀ 'ਚ ਬਹੀ ਜਾਂਦੇ।
ਨੱਥ ਪਾਉਣ ਲਈ ਜਿਨ੍ਹਾਂ ਦੇ ਕਰੇ ਵਾਅਦੇ, ਫੇਰ ਉਨ੍ਹਾਂ ਦੇ ਸਾਹਮਣੇ ਢਹੀ ਜਾਂਦੇ।
ਪਾ ਕੇ ਲਿਸ਼ਕਦੀਆਂ ਜੈਕਟਾਂ ਪਹੁੰਚ ਜਾਂਦੇ, ਰਾਜਧਾਨੀ 'ਚ 'ਮਹਿਫਿਲਾਂ' ਜੁੜਦੀਆਂ ਨੇ।
ਗੱਦੀ ਬਹਿਣ ਸੰਵਿਧਾਨ ਦੀ ਸਹੁੰ ਖਾ ਕੇ, ਮਗਰੋਂ ਇਸ ਦੀਆਂ ਧੱਜੀਆਂ ਉਡਦੀਆਂ ਨੇ!

ਪੰਜਾਬ ਦੀ ਸਿਆਸਤ, ਕੈਪਟਨ ਸਰਕਾਰ ਅਤੇ ਵਿਰੋਧੀ ਧਿਰ

ਦਸ ਸਾਲ ਬਾਅਦ ਬਾਦਲ ਸਰਕਾਰ ਦਾ ਬਦਲ ਕੈਪਟਨ ਸਰਕਾਰ ਵਜੋਂ ਸਾਹਮਣੇ ਆਇਆ ਹੈ। ਜਿੰਨੇ ਕੁ ਬਾਦਲ ਸਾਹਿਬ ਅਕਾਲੀ ਸਨ, ਉਨੇ ਕੁ ਹੀ ਕੈਪਟਨ ਸਾਹਿਬ ਕਾਂਗਰਸੀ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਅਕਾਲੀਆਂ ਜਾਂ ਕਾਂਗਰਸੀਆਂ ਦੀ ਸਰਕਾਰ ਵਜੋਂ ਵੇਖੇ ਜਾਣ ਦੀ ਥਾਂ, ਦੋ ਪੰਜਾਬੀ ਸ਼ੈਲੀਆਂ ਦੀਆਂ ਸਰਕਾਰਾਂ ਵਜੋਂ ਵੇਖੇ ਜਾਣ ਦੀ ਲੋੜ ਹੈ। ਬਾਦਲ ਅਤੇ ਕੈਪਟਨ ਦੋਵੇਂ ਇਕੱਠੇ ਵੀ ਸਨ ਅਤੇ ਨਹੀਂ ਵੀ। ਇਸ ਨੂੰ ਸਿਆਸੀ ਸੁਰ ਵਿਚ ਬਾਦਲ ਸ਼ੈਲੀ ਅਤੇ ਕੈਪਟਨ ਸ਼ੈਲੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਦੋਹਾਂ ਸ਼ੈਲੀਆਂ ਨੂੰ ਉਨਾ ਬਾਹਰੋਂ ਖਤਰਾ ਨਹੀਂ ਹੈ, ਜਿੰਨਾ ਅੰਦਰੋਂ ਹੈ।

ਇਹ ਗੱਲ ਨਿਰਾਸ਼ ਕਰਨ ਵਾਲੀ ਹੈ ਕਿ ਅਕਾਦਮਿਕਤਾ ਵੀ ਸਿਆਸਤ ਦਾ ਸ਼ਿਕਾਰ ਹੋਣ ਵਾਲੇ ਰਾਹ ਪੈ ਚੁੱਕੀ ਹੈ ਅਤੇ ਵਿਦਿਅਕ ਅਦਾਰਿਆਂ ਨੂੰ ਫੈਕਟਰੀਆਂ ਵਾਂਗ ਲਿਆ ਜਾਣ ਲੱਗ ਪਿਆ ਹੈ। ਪਤਾ ਨਹੀਂ ਕਿਹੜੇ ਵੇਲੇ ਕੋਈ ਵਿਦਿਆਰਥੀ ਜਾਂ ਸੰਸਥਾ ਸੇਵਾਦਾਰ, ਸੰਸਥਾ ਮੁਖੀ ਨੂੰ ਦਫਤਰ ਵਿਚ ਨਾ ਜਾਣ ਦੇਵੇ ਜਾਂ ਦਫਤਰ ਵਿਚੋਂ ਨਾ ਨਿਕਲਣ ਦੇਵੇ। ਇਸ ਸਿਆਸੀ ਤਪਸ਼ ਵਾਲੇ ਮਾਹੌਲ ਵਿਚ ਵੀ ਅਕਾਦਮੀਸ਼ਨਾਂ ਨੇ ਸਿਆਸਤਦਾਨਾਂ ਤੋਂ ਉਹੋ ਜਿਹੀ ਕੀਮਤ ਕਦੇ ਵੀ ਨਹੀਂ ਮੰਗੀ, ਜਿਸ ਤਰ੍ਹਾਂ ਦੀ ਕੀਮਤ ਕਾਰਖਾਨੇਦਾਰ ਜਾਂ ਸਰਮਾਏਦਾਰ, ਸਿਆਸਤਦਾਨਾਂ ਤੋਂ ਲਗਾਤਾਰ ਵਸੂਲ ਕਰਦੇ ਆ ਰਹੇ ਹਨ। ਇਸ ਦੇ ਬਾਵਜੂਦ ਸਿਆਸਤਦਾਨਾਂ ਦੀ ਨਜ਼ਰ ਵਿਚ ਅਕਾਦਮੀਸ਼ਨਾਂ ਦਾ ਉਹੋ ਜਿਹਾ ਸਤਿਕਾਰ

ਪ੍ਰੋ. ਬਲਕਾਰ ਸਿੰਘ

ਨਹੀਂ, ਜਿਹੋ ਜਿਹਾ ਸਰਮਾਏਦਾਰਾਂ ਦਾ ਹੈ। ਇਸੇ ਕਰ ਕੇ ਸਿਆਸਤਦਾਨ, ਸਰਮਾਏਦਾਰ ਬਣਨ ਵਾਲੇ ਰਾਹ ਤਾਂ ਪੈਂਦਾ ਹੈ, ਪਰ ਅਕਾਦਮੀਸ਼ਨ ਬਣਨ ਵਾਲੇ ਰਾਹ ਕਦੇ ਨਹੀਂ ਪੈਂਦਾ। ਇਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਵਿਦਵਾਨ ਚੁੱਪ ਨਹੀਂ ਕਰਦਾ ਅਤੇ ਸਰਮਾਏਦਾਰ ਬੋਲਦਾ ਨਹੀਂ। ਸਿਆਸਤਦਾਨ ਨੂੰ ਚੁੱਪ ਠੀਕ ਬੈਠਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਵਿਦਵਾਨ ਵੀ ਚੁੱਪ ਨਾ ਰਹਿਣ ਦੀ ਕਮਜ਼ੋਰੀ ਕਰ ਕੇ ਸਿਆਸਤਦਾਨਾਂ ਵਾਂਗ ਬਿਆਨਬਾਜ਼ੀ ਕਰਨ ਲੱਗ ਪੈਣਗੇ ਤਾਂ ਮੁੱਦਿਆਂ ਦੀ ਨਿਸ਼ਾਨਦੇਹੀ ਕਰ ਕੇ ਮੁੱਦਿਆਂ ਬਾਰੇ ਸੰਵਾਦ ਰਚਾਉਣ ਦੀ ਜ਼ਿੰਮੇਵਾਰੀ ਕੌਣ ਨਿਭਾਏਗਾ? ਸਿਆਸਤ, ਕਲਯੁਗ ਦਾ ਧਰਮ ਹੁੰਦੀ ਜਾ ਰਹੀ ਹੈ, ਕਿਉਂਕਿ ਕਲਯੁਗ ਕਿਸੇ ਨੂੰ ਵੀ ਬਚ ਕੇ ਨਿਕਲਣ ਦਾ ਮੌਕਾ ਨਹੀਂ ਦਿੰਦਾ। ਫਿਰ ਵੀ ਇਹ ਤਾਂ ਸਿਆਣਿਆਂ ਨੂੰ ਹੀ ਸੋਚਣਾ ਪਵੇਗਾ ਕਿ ਜੇ ਸਿਆਸਤ ਦਾ 'ਬੈਂਗਣੀ ਰੰਗ' ਇਉਂ ਹੀ ਉਘੜਦਾ ਗਿਆ ਤਾਂ ਬੱਚੇਖਾਣੀ-ਸਿਆਸਤ ਦੇ ਨਤੀਜਿਆਂ ਦੀ ਕੀਮਤ ਹਰ ਕਿਸੇ ਨੂੰ ਕਿਸੇ ਨਾ ਕਿਸੇ ਰੂਪ ਵਿਚ ਤਾਰਨੀ ਹੀ ਪਵੇਗੀ।

ਜੋ ਕੁਝ ਅਖਬਾਰਾਂ ਵਿਚ ਵਿਦਵਾਨਾਂ ਵੱਲੋਂ ਸਿਆਸਤ ਬਾਰੇ ਛਪ ਰਿਹਾ ਹੈ, ਉਸ ਤੋਂ ਤਾਂ ਇਹੀ ਪ੍ਰਭਾਵ ਲਿਆ ਜਾ ਸਕਦਾ ਹੈ ਕਿ ਕੈਪਟਨ ਸਰਕਾਰ ਤੁਰਨ ਤੋਂ ਪਹਿਲਾਂ ਹੀ ਫੇਲ੍ਹ ਹੋ ਚੁੱਕੀ ਹੈ। ਤੁਰਨ ਤੋਂ ਪਹਿਲਾਂ ਡਿੱਗ ਪੈਣ ਦੀ ਸਿਆਸਤ ਦਾ ਆਧਾਰ ਉਹੀ ਹੈ ਜੋ ਸਿਆਸਤਦਾਨ ਇਕ ਦੂਜੇ ਨੂੰ ਮਿਹਣਿਆਂ ਵਾਂਗ ਵਰਤਾ ਰਹੇ ਹਨ। ਜਦੋਂ ਇਹੋ ਜਿਹਾ ਬਿਆਨ ਕਿਸੇ ਸਿਆਸਤਦਾਨ ਦਾ ਹੁੰਦਾ ਹੈ ਤਾਂ ਸਮਝ ਆ ਜਾਂਦਾ ਹੈ ਕਿ ਸਰਕਾਰ ਨੂੰ ਫੇਲ੍ਹ ਕਰਨਾ ਹੈ ਅਤੇ ਇਸ ਵਾਸਤੇ ਪਹਿਲਾ ਕਦਮ ਇਹ ਹੈ ਕਿ ਸਰਕਾਰ ਦੇ ਫੇਲ੍ਹ ਹੋ ਜਾਣ ਦਾ ਪ੍ਰਭਾਵ ਆਮ ਲੋਕਾਂ ਤੱਕ ਸ਼ੋਰੀਲੇ ਅਤੇ ਸਿਆਸਤੀ ਢੰਗ ਨਾਲ ਪਹੁੰਚਾਇਆ ਜਾਵੇ। ਧਾਰਨਾ ਅਤੇ ਅਸਲ ਦੀ ਲੜਾਈ ਕਿਸੇ ਵੀ ਕਿਸਮ ਦੇ ਸਿਆਸੀ ਦੰਗਲ ਦੀ ਚੂਲ ਹੁੰਦੀ ਜਾ ਹੈ। ਧਾਰਨਾ, ਇੱਛਤ ਨਤੀਜਿਆਂ ਵੱਲ ਸੇਧਿਤ ਰਹਿੰਦੀ ਹੈ ਅਤੇ ਅਸਲੀਅਤ, ਸੋਚ ਕੇ ਬੋਲਣ ਵੱਲ ਸੇਧਿਤ ਰਹਿੰਦੀ ਹੈ। ਇਹ ਗੱਲ ਵੱਖਰੀ ਹੈ ਕਿ ਸਿਆਸਤ ਨੇ ਇਨ੍ਹਾਂ ਦੋਹਾਂ ਪਰਤਾਂ ਨੂੰ ਰਲ-ਗੱਡ ਕਰ ਕੇ ਸਿਆਸੀ ਸੁਆਰਥ ਦਾ ਹਥਿਆਰ ਬਣਾ ਦਿੱਤਾ ਹੈ। ਇਸ ਨਾਲ ਹਰ ਕੋਈ ਸਿਆਸੀ ਰੰਗ ਵਿਚ ਰੰਗਿਆ ਨਜ਼ਰ ਆਉਣ ਲੱਗ ਪਿਆ ਹੈ। ਕਿਸੇ ਵੀ ਵਰਗ ਨੂੰ ਇਕ ਹੱਦ ਤੱਕ ਮਰਜ਼ੀ ਨਾਲ ਵਿਚਰਨ ਦਾ ਅਧਿਕਾਰ ਭਾਰਤੀ ਵਿਧਾਨ ਨੇ ਦਿੱਤਾ ਹੋਇਆ ਹੈ। ਅਧਿਕਾਰਾਂ ਦੀ ਵਿਧਾਨਕ ਵਰਤੋਂ ਵੀ ਇਸ ਲਈ ਮਸਲਾ ਬਣਦੀ ਜਾ ਰਹੀ ਹੈ, ਕਿਉਂਕਿ ਜੋ ਅਧਿਕਾਰਾਂ ਦੀ ਵਰਤੋਂ ਸਿਆਸੀ ਸ਼ੈਲੀ ਵਿਚ ਨਹੀਂ ਕਰ ਸਕਦਾ, ਉਸ ਨੂੰ ਅਧਿਕਾਰਾਂ ਤੋਂ ਮਹਿਰੂਮ ਹੋਣ ਵਾਲੇ ਰਾਹੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਦੂਜਿਆਂ ਦੀਆਂ ਕਮਜ਼ੋਰੀਆਂ ਦੇ ਸ਼ਿਕਾਰੀਆਂ ਅਤੇ ਵਪਾਰੀਆਂ ਨੂੰ ਸਿਆਸਤਦਾਨ ਕਿਹਾ ਜਾਣ ਲੱਗ ਪਿਆ ਹੈ। ਇਹ ਵਿਧੀ, ਸਿਆਸਤਦਾਨ ਇਕ ਦੂਜੇ ਦੇ ਖਿਲਾਫ ਵੀ ਵਰਤੀ ਜਾ ਰਹੇ ਹਨ ਅਤੇ ਇਸ ਨਾਲ ਬੋਲਣ ਵਾਸਤੇ ਬੋਲਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ। ਅਕਾਦਮੀਸ਼ਨਾਂ ਨੂੰ ਇਸ ਤੋਂ ਬਚਣਾ ਚਾਹੀਦਾ ਹੈ।

ਪੰਜਾਬ ਵਿਚ ਦਸ ਸਾਲ ਬਾਅਦ ਬਾਦਲ ਸਰਕਾਰ ਦਾ ਬਦਲ ਕੈਪਟਨ ਸਰਕਾਰ ਵਜੋਂ ਸਾਹਮਣੇ ਆਇਆ ਹੈ। ਜਿੰਨੇ ਕੁ ਬਾਦਲ ਸਾਹਿਬ ਅਕਾਲੀ ਸਨ, ਉਨੇ ਕੁ ਹੀ ਕੈਪਟਨ ਸਾਹਿਬ ਕਾਂਗਰਸੀ ਹਨ। ਇਸ ਕਰ ਕੇ ਪੰਜਾਬ ਸਰਕਾਰ ਨੂੰ ਅਕਾਲੀਆਂ ਜਾਂ ਕਾਂਗਰਸੀਆਂ ਦੀ ਸਰਕਾਰ ਵਜੋਂ ਵੇਖੇ ਜਾਣ ਦੀ ਥਾਂ, ਦੋ ਪੰਜਾਬੀ ਸ਼ੈਲੀਆਂ ਦੀਆਂ ਸਰਕਾਰਾਂ ਵਜੋਂ ਵੇਖੇ ਜਾਣ ਦੀ ਲੋੜ ਹੈ। ਬਾਦਲ ਅਤੇ ਕੈਪਟਨ ਦੋਵੇਂ ਇਕੱਠੇ ਵੀ ਸਨ ਅਤੇ ਇਕੱਠੇ ਨਹੀਂ ਵੀ ਸਨ। ਪੰਜਾਬ ਦੀਆਂ ਹੋਰ ਸਾਰੀਆਂ ਸਕਰਮਕ ਤੇ ਆਕਰਮਕ ਸਿਆਸੀ ਧਿਰਾਂ, ਇਨ੍ਹਾਂ ਦੋਹਾਂ ਦੇ ਭੇੜ ਵਿਚ ਇਹ ਸੋਚ ਕੇ ਵਿਚਰਦੀਆਂ ਰਹੀਆਂ ਹਨ ਕਿ "ਹੋਵੇਗਾ ਅਸ਼ਮੇਧ ਜੱਗ, ਰੱਜ ਖਾਣ ਸਵਾਲੀ"। ਇਸ ਨੂੰ ਸਿਆਸੀ ਸੁਰ ਵਿਚ ਬਾਦਲ ਸ਼ੈਲੀ ਅਤੇ ਕੈਪਟਨ ਸ਼ੈਲੀ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਦੋਹਾਂ ਸ਼ੈਲੀਆਂ ਨੂੰ ਉਨਾ ਬਾਹਰੋਂ ਖਤਰਾ ਨਹੀਂ ਹੈ, ਜਿੰਨਾ ਅੰਦਰੋਂ ਹੈ। ਬਾਦਲ ਸ਼ੈਲੀ ਵਿਚ ਵਿਰੋਧੀ ਦੇ ਅੰਦਰਲੇ ਖਤਰਿਆਂ ਦੀ ਸਿਆਸਤ ਨੂੰ ਪਹਿਲ ਪ੍ਰਾਪਤ ਰਹੀ ਹੈ, ਪਰ ਕੈਪਟਨ ਸ਼ੈਲੀ ਸਿਆਸਤ ਦਾ ਕੂਟਨੀਤਕ ਉਸਾਰ ਸਾਹਮਣੇ ਲਿਆਉਣ ਵੱਲ ਸੇਧਿਤ ਹੈ। ਇਸ ਨਾਲ ਕੈਪਟਨ ਸਿਆਸੀ ਫੱਟਿਆਂ ਵਾਲੀ ਰਵਾਇਤੀ ਸਿਆਸਤ ਤੋਂ ਅੱਗੇ ਲੰਘਣਾ ਚਾਹੁੰਦੇ ਹਨ। ਇਸੇ ਕਰ ਕੇ ਉਹ ਖਾੜਕੂ ਸਿਆਸਤ ਨਾਲ ਜੂਝਦੇ ਹੋਏ ਵੀ, ਖਾੜਕੂ ਸਿਆਸਤ ਦੀ ਵਾਪਸੀ ਦੇ ਤੁਰੰਤ ਸਰੋਕਾਰਾਂ ਵਿਚ ਐਸ.ਵਾਈ.ਐਲ. ਦੇ ਮੁੱਦੇ ਨੂੰ ਸ਼ਾਮਲ ਕਰ ਰਹੇ ਹਨ। ਇਸੇ ਵਿਚ ਹੀ ਉਨ੍ਹਾਂ ਦਾ ਬਾਦਲ ਵਾਂਗ ਸਵੇਰ ਤੋਂ ਸ਼ਾਮ ਤੱਕ ਲੋਕਾਂ ਨੂੰ ਮਿਲਣਾ ਸ਼ਾਮਲ ਨਹੀਂ ਹੈ। ਬਾਦਲ ਆਪਣੀ ਸਿਆਸੀ ਪਾਰੀ, ਸੱਤਾ ਵਿਚ ਰਹਿਣ ਲਈ ਕੁਝ ਵੀ ਕੀਤਾ ਜਾ ਸਕਦਾ ਹੈ, ਨਾਲ ਖਤਮ ਕਰ ਚੁੱਕੇ ਹਨ। ਦੂਜੇ ਪਾਸੇ ਕੈਪਟਨ ਨੂੰ ਸਿਆਸੀ ਪਾਰੀ ਨਾਲ ਨਿਭਣ ਦੇਣ ਦੀ ਥਾਂ, ਨਿਭਣ ਦਾ ਮੌਕਾ ਖੋਹਣ ਦੀ ਸਿਆਸਤ ਭਾਰੂ ਹੁੰਦੀ ਜਾ ਰਹੀ ਹੈ।

ਸਾਰੇ ਸਿਆਸਤਦਾਨਾਂ ਨੂੰ ਪਤਾ ਹੈ ਕਿ ਕੈਪਟਨ ਸਰਕਾਰ ਵੱਲੋਂ ਲਏ ਹੋਏ ਨੀਤੀ ਫੈਸਲਿਆਂ ਨੂੰ ਲਾਗੂ ਤਾਂ ਪ੍ਰਬੰਧਕੀ ਅਮਲੇ ਨੇ ਕਰਨਾ ਹੈ। ਇਸੇ ਨੂੰ ਜੇ ਸਰਕਾਰੀ ਕਰਿੰਦਿਆਂ ਦੀ ਕਾਰਗੁਜ਼ਾਰੀ ਵਾਂਗ ਵੇਖਾਂਗੇ ਤਾਂ ਨਤੀਜੇ ਨਿੰਦਕੀ ਸਿਆਸਤ ਵਰਗੇ ਨਿਕਲ ਆਉਣਗੇ। ਅੱਜ ਕੱਲ੍ਹ ਮੀਡੀਆ ਵਿਚ ਇਹੀ ਹੋ ਰਿਹਾ ਹੈ। ਇਹ ਠੀਕ ਹੈ ਕਿ ਚੋਣ ਵਾਅਦੇ ਜੇਤੂ ਧਿਰ ਦੇ ਹੀ ਪਰਖੇ ਜਾਂਦੇ ਹਨ, ਪਰ ਪਰਖਣ ਵਾਲਿਆਂ ਨੂੰ ਇਹ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਚੋਣ ਵਾਅਦੇ ਸਿਆਸੀ ਨੈਤਿਕਤਾ ਦਾ ਹਿੱਸਾ ਹੋਣ ਦੀ ਥਾਂ ਸਿਆਸੀ ਦੰਗਲ ਦੇ ਪੈਂਤੜੇ ਹੋ ਗਏ ਹਨ। ਵੋਟ ਬਟੋਰਨ ਦੇ ਮੁਕਾਬਲੇ ਵਾਲੀ ਸਿਆਸਤ ਵਿਚ ਵੋਟਰ ਨੂੰ ਜਾਗ੍ਰਿਤ ਕਰਨ ਦੀ ਥਾਂ, ਵੋਟਰ ਨੂੰ ਭਰਮਾਉਣ ਦੀ ਕਲਾ ਮੁੱਖ ਰਹਿੰਦੀ ਹੈ। ਇਸ ਦੇ ਪ੍ਰਭਾਵ ਤੋਂ ਚੋਣ ਮੈਨੀਫੈਸਟੋ ਵੀ ਨਹੀਂ ਬਚਦੇ। ਇਸ ਵਿਚ ਵਾਧਾ ਇਹ ਹੋ ਜਾਂਦਾ ਰਿਹਾ ਹੈ ਕਿ ਲੋਕਤੰਤਰ ਦੇ ਵਿਧਾਨਕੀ ਪ੍ਰਸੰਗ ਵਿਚ ਸਮਾਂ ਸੀਮਾ ਜਿਸ ਤਰ੍ਹਾਂ ਚੋਣ ਤਪਸ਼ ਵਿਚ ਕਹੀ ਜਾਂਦੀ ਹੈ, ਉਸ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਸਕਦੀ। ਇਸ ਨੂੰ ਵੀ ਕੈਪਟਨ ਸਰਕਾਰ ਖਿਲਾਫ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਮਿਸਾਲ ਦੇ ਤੌਰ 'ਤੇ ਕਿਸਾਨੀ ਦੇ ਮਸਲੇ ਸੁਲਝਾਉਣ ਲਈ ਲੋਕਾਂ ਨੇ ਕੈਪਟਨ 'ਤੇ ਇਤਬਾਰ ਕੀਤਾ ਸੀ ਅਤੇ ਉਸ ਇਤਬਾਰ ਨੂੰ ਤੋੜਨ ਵਾਲਾ ਅਜੇ ਤੱਕ ਕੋਈ ਵੀ ਕਦਮ ਕੈਪਟਨ ਸਰਕਾਰ ਨੇ ਨਹੀਂ ਚੁੱਕਿਆ? ਫਿਰ ਵਿਰੋਧ ਕਾਹਦਾ ਹੋ ਰਿਹਾ ਹੈ? ਕਿਸਾਨੀ ਸੰਕਟ ਸਾਰਿਆਂ ਦਾ ਮਸਲਾ ਹੈ ਅਤੇ ਇਸ ਬਾਰੇ ਸਿਰ ਜੋੜ ਕੇ ਸੋਚਣਾ ਚਾਹੀਦਾ ਹੈ। ਜੇ ਕਿਸੇ ਕੋਲ ਕੋਈ ਅਜਿਹੀ ਵਿਧੀ ਹੈ, ਜਿਸ ਨਾਲ ਕਿਸਾਨੀ ਦੇ ਕਰਜ਼ੇ ਦੇ ਮਸਲੇ ਨੂੰ ਤੁਰੰਤ ਸੁਲਝਾਇਆ ਜਾ ਸਕਦਾ ਹੈ, ਤਾਂ ਉਹ ਲੈ ਕੇ ਸਾਹਮਣੇ ਆਵੇ। ਨਸ਼ਾ ਮਾਫੀਆ ਦਾ ਵੀ ਇਹੀ ਹਾਲ ਹੈ। ਚੋਣ ਵਾਅਦਿਆਂ ਦੇ ਪ੍ਰਸੰਗ ਵਿਚ ਕੈਪਟਨ ਦੀ ਨੀਤ ਅਤੇ ਨੀਤੀ ਦੇ ਰਾਹ ਵਿਚ ਬਹੁਤ ਸਾਰੀਆਂ ਰੁਕਾਵਟਾਂ ਪਹਿਲਾਂ ਹੀ ਹਨ। ਇਨ੍ਹਾਂ ਵਿਚ ਬੇਲੋੜਾ ਵਾਧਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਕਿਉਂਕਿ ਇਨ੍ਹਾਂ ਨਾਲ ਜੂਝਣ ਦੀ ਕੋਸ਼ਿਸ਼ ਹੋ ਰਹੀ ਹੈ ਜਾਂ ਨਹੀਂ ਹੋ ਰਹੀ, ਇਸ ਬਾਰੇ ਫੈਸਲਾ ਸਮੇਂ ਨੇ ਕਰਨਾ ਹੈ।

ਮੈਨੂੰ ਕੈਪਟਨ ਅਮਰਿੰਦਰ ਸਿੰਘ ਦੀ ਇਹ ਗੱਲ ਚੰਗੀ ਲੱਗਦੀ ਹੈ ਕਿ ਉਹ ਪੱਕੇ ਤਾਂ ਹਨ, ਪਰ ਕੱਟੜ ਨਹੀਂ ਹਨ। ਪੁਸਤਕ ਸਭਿਆਚਾਰ ਨਾਲ ਜੁੜੇ ਹੋਏ ਉਹ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਹਨ। ਇਸ ਨਾਲ ਉਹ ਪ੍ਰਚੰਡ ਜਾਗ੍ਰਿਤੀ ਦੇ ਬਿੰਬ ਵੀ ਹੋ ਗਏ ਹਨ ਅਤੇ ਮੁਦਈ ਵੀ। ਉਹ ਪੰਜਾਬ ਨੂੰ ਉਲਾਰ ਸਿਆਸਤ ਤੋਂ ਬਚਾਉਣਾ ਚਾਹੁੰਦੇ ਹਨ ਅਤੇ ਇਸ ਵਾਸਤੇ ਲੋੜੀਂਦੀ ਸਿਆਸੀ ਵਚਨਬੱਧਤਾ ਦੇ ਉਹ ਮਾਲਕ ਨਜ਼ਰ ਆਉਣ ਲੱਗ ਪਏ ਹਨ। ਉਲਾਰ ਸਿਆਸਤ ਵੱਲੋਂ ਮੁਰਦਿਆਂ ਨੂੰ ਕਬਰਾਂ ਵਿਚੋਂ ਕੱਢ ਕੇ ਕਟਹਿਰੇ ਵਿਚ ਖੜ੍ਹਾ ਕਰਨ ਦੀ ਸਿਆਸਤ ਹੋਣ ਲੱਗ ਪਈ ਹੈ। ਜੇ ਇਹ ਭਗਵੇਂ ਰੰਗ ਵਿਚ ਹੋ ਸਕਦੀ ਹੈ ਤਾਂ ਨੀਲੇ ਰੰਗ ਵਿਚ ਕਿਉਂ ਨਹੀਂ ਹੋ ਸਕਦੀ?

ਕੈਪਟਨ ਅਜਿਹੀ ਦੋਹਰੀ ਲੜਾਈ ਲੜ ਰਹੇ ਹਨ, ਜਿਹੜੀ ਪਹਿਲਾਂ ਕਿਸੇ ਮੁੱਖ ਮੰਤਰੀ ਨੂੰ ਨਹੀਂ ਲੜਨੀ ਪਈ। ਉਹ ਇਹ ਲੜਾਈ ਹਾਰਨ ਜਾਂ ਜਿੱਤਣ, ਪਰ ਇਸ ਉਸਾਰੂ ਸਿਆਸਤ ਵਾਸਤੇ ਉਹ ਜਾਣੇ ਜਾਂਦੇ ਰਹਿਣਗੇ। ਇਹੀ ਰਾਹ ਹੈ, ਆਪਣੇ ਵਾਰਸਾਂ ਨੂੰ ਇਹ ਦੱਸਣ ਦਾ, ਕਿ ਜਿਵੇਂ ਅਸੀਂ ਆਪਣੇ ਪੁਰਖਿਆਂ ਦੀਆਂ ਖੱਟੀਆਂ ਦਾ ਖੱਟਿਆ ਖਾ ਰਹੇ ਹਾਂ, ਉਵੇਂ ਹੀ ਸਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਨਰੋਈਆਂ ਪੈੜਾਂ ਪਾਉਣੀਆਂ ਚਾਹੀਦੀਆਂ ਹਨ। ਇਹ ਲੜਾਈ ਬਹੁਤ ਔਖੀ ਹੈ, ਕਿਉਂਕਿ ਭਗਵਾਕਰਨ ਦੀ ਸਿਆਸਤ ਪਹਿਲਾਂ ਹੀ ਜਿਵੇਂ ਜ਼ੋਰ ਸ਼ੋਰ ਨਾਲ ਚਲਾਈ ਜਾ ਰਹੀ ਹੈ, ਉਵੇਂ ਬਸਤੀਵਾਦੀ ਹਕੂਮਤ ਵੇਲੇ ਈਸਾਈਕਰਨ ਦੀ ਮੁਹਿੰਮ ਵੀ ਨਹੀਂ ਚਲਾਈ ਗਈ ਸੀ। ਇਹ ਰਾਹ ਭਾਰਤ ਨੂੰ ਪਾਕਿਸਤਾਨ ਦੀ ਤਰਜ਼ 'ਤੇ ਉਸਾਰੀ ਜਾਣ ਵਾਲੀ ਸਿਆਸਤ ਲੱਗਣ ਲੱਗ ਪਿਆ ਹੈ।

ਕੈਪਟਨ ਦੋਹਰੀ ਲੜਾਈ ਲੜ ਰਹੇ ਹਨ, ਜਿਹੜੀ ਪਹਿਲਾਂ ਕਿਸੇ ਮੁੱਖ ਮੰਤਰੀ ਨੂੰ ਨਹੀਂ ਲੜਨੀ ਪਈ। ਇਹ ਲੜਾਈ ਬਹੁਤ ਔਖੀ ਹੈ, ਕਿਉਂਕਿ ਭਗਵਾਕਰਨ ਦੀ ਸਿਆਸਤ ਪਹਿਲਾਂ ਹੀ ਜਿਵੇਂ ਜ਼ੋਰ ਸ਼ੋਰ ਨਾਲ ਚਲਾਈ ਜਾ ਰਹੀ ਹੈ, ਉਵੇਂ ਬਸਤੀਵਾਦੀ ਹਕੂਮਤ ਵੇਲੇ ਈਸਾਈਕਰਨ ਦੀ ਮੁਹਿੰਮ ਵੀ ਨਹੀਂ ਚਲਾਈ ਗਈ ਸੀ। ਇਹ ਰਾਹ ਭਾਰਤ ਨੂੰ ਪਾਕਿਸਤਾਨ ਦੀ ਤਰਜ਼ 'ਤੇ ਉਸਾਰੀ ਜਾਣ ਵਾਲੀ ਸਿਆਸਤ ਲੱਗਣ ਲੱਗ ਪਿਆ ਹੈ।

ਮਾਂ ਬੋਲੀ ਅਤੇ ਸਿੱਖਿਆ ਦਾ ਮਾਧਿਅਮ

ਦੁਨੀਆ ਭਰ ਵਿਚ ਸਿੱਖਿਆ ਦਾ ਮਾਧਿਅਮ ਬੱਚੇ ਦੀ ਮਾਂ ਬੋਲੀ ਹੁੰਦੀ ਹੈ। ਜੇ ਬੱਚੇ ਨੂੰ ਇਸ ਨਾਲੋਂ ਤੋੜ ਦਿੱਤਾ ਜਾਵੇ ਤਾਂ ਬੱਚਾ ਜਿਥੇ ਸ਼ਖ਼ਸੀਅਤ ਦੀ ਉਸਾਰੀ ਤੋਂ ਵਾਂਝਾ ਰਹਿ ਜਾਂਦਾ ਹੈ, ਉਥੇ ਬੌਧਿਕ ਚੱਜ ਅਚਾਰ ਵਿਚ ਵੀ ਪਛੜ ਜਾਂਦਾ ਹੈ। ਪੰਜਾਬ ਦੇ ਬੱਚੇ ਅਜਿਹੀ ਹੀਣ ਮਾਨਸਿਕਤਾ ਦੇ ਸ਼ਿਕਾਰ ਹਨ, ਜਦੋਂ ਪੁਛਦੇ ਹਨ- ਸੈਂਤੀ ਜਾਂ ਤਰਵੰਜਾ ਕਿੰਨੇ ਹੁੰਦੇ ਹਨ? ਦਰਾਣੀ, ਭਰਜਾਈ, ਸਾਲੇਹਾਰ ਰਿਸ਼ਤੇ ਕੀ ਹਨ? ਵਾਢੀ ਕੀ ਹੁੰਦੀ ਹੈ? ਕੰਜਕ ਕਿਸ ਨੂੰ ਕਹਿੰਦੇ ਹਨ? ਬੀੜ ਕੀ ਹੁੰਦੀ ਹੈ? ਸਾਉਣੀ ਜਾਂ ਖ਼ਰੀਫ ਕੀ ਬਲਾ ਹੈ? ਮਹਾਤਮਾ ਗਾਂਧੀ ਨੇ 1937 ਵਿਚ ਵਾਰਧਾ ਸਿੱਖਿਆ ਕਾਨਫ਼ਰੰਸ ਦੇ ਉਦਘਾਟਨੀ

ਪਰਮਜੀਤ ਸਿੰਘ ਢੀਂਗਰਾ
ਫੋਨ: +91-94173-58120

ਭਾਸ਼ਨ ਵਿਚ ਸੁਚੇਤ ਕਰਦਿਆਂ ਕਿਹਾ ਸੀ ਕਿ ਅੰਗਰੇਜ਼ੀ ਨੂੰ ਸਿੱਖਿਆ ਦਾ ਮਾਧਿਅਮ ਬਣਾਉਣ ਦਾ ਅਰਥ ਹੈ ਬੱਚਿਆਂ ਨੂੰ ਆਤਮ ਹੱਤਿਆ ਲਈ ਮਜਬੂਰ ਕਰਨਾ। ਸਾਡੀਆਂ ਸਰਕਾਰਾਂ ਗਾਂਧੀ ਦਾ ਦਿਨ ਤਾਂ ਮਨਾਉਂਦੀਆਂ ਹਨ, ਪਰ ਉਨ੍ਹਾਂ ਦੇ ਕਹੇ ਬੋਲਾਂ 'ਤੇ ਅਮਲ ਨਹੀਂ ਕਰਦੀਆਂ।

ਪਿੱਛੇ ਜਿਹੇ ਲਹਿੰਦੇ ਪੰਜਾਬ ਵੱਲੋਂ ਚੰਗੀ ਖ਼ਬਰ ਆਈ ਕਿ ਉਥੇ ਸਿੱਖਿਆ ਦਾ ਮਾਧਿਅਮ ਪੰਜਾਬੀ ਲਾਗੂ ਕਰਨ ਲਈ ਮੰਗ ਜ਼ੋਰ ਫੜ ਰਹੀ ਹੈ। ਸੈਨਿਟ ਵਿਚ ਵੀ ਇਹ ਮਸਲਾ ਉਠਿਆ, ਪਰ ਚੜ੍ਹਦੇ ਪੰਜਾਬ ਦੀ ਸਰਕਾਰ ਨੇ ਹੁਣੇ ਜਿਹੇ ਫੈਸਲਾ ਕੀਤਾ ਹੈ ਕਿ ਚਾਰ ਸੌ ਸਰਕਾਰੀ ਸਕੂਲਾਂ ਵਿਚ ਮੁਢਲੀਆਂ ਜਮਾਤਾਂ ਤੋਂ ਹੀ ਅੰਗਰੇਜ਼ੀ ਮਾਧਿਅਮ ਰਾਹੀਂ ਸਿੱਖਿਆ ਦਿੱਤੀ ਜਾਵੇਗੀ। ਜੇ ਇਹ ਤਜਰਬਾ ਕਾਮਯਾਬ ਹੋਇਆ ਤਾਂ ਇਸ ਦਾ ਘੇਰਾ ਹੋਰ ਵਧਾ ਦਿੱਤਾ ਜਾਇਗਾ। ਸਰਕਾਰ ਤੇ ਸਾਰਾ ਪ੍ਰਸ਼ਾਸਨ ਇਸ ਫ਼ੈਸਲੇ ਨੂੰ ਲਾਗੂ ਕਰਾਉਣ ਲਈ ਪੱਬਾਂ ਭਾਰ ਹੋਇਆ ਪਿਆ ਹੈ। ਬਜਟ ਦੀ ਤਿਆਰੀ ਤੇ ਇਹਦੇ ਲਈ ਸਮੱਗਰੀ ਦਾ ਪ੍ਰਬੰਧ ਕਰਨ ਲਈ ਜੰਗੀ ਪੱਧਰ 'ਤੇ ਤਿਆਰੀਆਂ ਚੱਲ ਰਹੀਆਂ ਹਨ। ਇਸ ਤੋਂ ਪਹਿਲੀਆਂ ਸਰਕਾਰਾਂ ਵਿਚ ਰਹੇ ਸਿੱਖਿਆ ਮੰਤਰੀ ਤੋਤਾ ਸਿੰਘ ਨੇ ਪੰਜਾਬੀ ਦੀ ਜੜ੍ਹ ਪੁੱਟਣ ਲਈ ਪ੍ਰਾਇਮਰੀ ਵਿਚ ਅੰਗਰੇਜ਼ੀ ਨੂੰ ਲਾਗੂ ਕਰ ਦਿੱਤਾ ਸੀ। ਉਨ੍ਹਾਂ ਕਿਹਾ ਸੀ- 'ਮੈਨੂੰ ਸਮਝ ਆ ਗਈ ਹੈ ਕਿ ਇੰਗਲੈਂਡ ਕਿਉਂ ਤਰੱਕੀ ਕਰ ਰਿਹਾ ਹੈ। ਕਾਰਨ ਇਹੋ ਹੈ ਕਿ ਹਰ ਅੰਗਰੇਜ਼ ਜੰਮਦਾ ਹੀ ਅੰਗਰੇਜ਼ੀ ਬੋਲਦਾ ਹੈ। ਹਰ ਪੰਜਾਬੀ ਨੂੰ ਵੀ ਜੰਮਦਿਆਂ ਅੰਗਰੇਜ਼ੀ ਬੋਲਣੀ ਚਾਹੀਦੀ ਹੈ। ਜੇ ਪੰਜਾਬੀਆਂ ਨੇ ਤਰੱਕੀ ਕਰਨੀ ਹੈ, ਜੇ ਦੁਨੀਆ ਦੇ ਸਾਰੇ ਰੁਜ਼ਗਾਰ ਹਥਿਆਉਣੇ ਹਨ ਤਾਂ ਅੰਗਰੇਜ਼ੀ ਪੜ੍ਹਨੀ ਪੈਣੀ ਹੈ'। ਨਤੀਜਾ ਕੀ ਨਿਕਲਿਆ? ਪੰਜਾਬ ਦੀਆਂ ਕਈ ਪੀੜ੍ਹੀਆਂ ਇਸ ਤਜਰਬੇ ਦੀ ਪ੍ਰਯੋਗਸ਼ਾਲਾ ਵਿਚ ਬਰਬਾਦ ਹੋ ਗਈਆਂ।

ਨਵੀਂ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਨਵਾਂ ਤਜਰਬਾ ਕਰਨ ਲਈ ਚਾਰ ਸੌ ਸਕੂਲਾਂ ਦੀ ਚੋਣ ਕੀਤੀ ਹੈ। ਉਨ੍ਹਾਂ ਨੇ ਤੋਤਾ ਸਿੰਘੀ ਫ਼ੈਸਲੇ 'ਤੇ ਮੋਹਰ ਲਾ ਕੇ ਇਕ ਕਦਮ ਹੋਰ ਪੁੱਟਿਆ ਹੈ। ਉਨ੍ਹਾਂ ਦਾ ਮੱਤ ਹੈ ਕਿ ਅੰਗਰੇਜ਼ੀ ਮਾਧਿਅਮ ਤੋਂ ਬਿਨਾਂ ਪੰਜਾਬ ਦਾ ਵਿਕਾਸ ਨਹੀਂ ਹੋ ਸਕਦਾ, ਨਾ ਹੀ ਗਿਆਨ ਪ੍ਰਾਪਤ ਹੋ ਸਕਦਾ ਹੈ, ਨਾ ਚੰਗੀਆਂ ਨੌਕਰੀਆਂ ਮਿਲ ਸਕਦੀਆਂ ਹਨ। ਅੰਗਰੇਜ਼ੀ ਤੋਂ ਬਿਨਾਂ ਵਿਸ਼ਵ ਦਾ ਕੋਈ ਮੁਲਕ ਆਪਣਾ ਸਿਰ ਉੱਚਾ ਚੁੱਕ ਕੇ ਨਹੀਂ ਤੁਰ ਸਕਦਾ।

ਦੁਨੀਆ ਗਵਾਹ ਹੈ ਕਿ ਜਰਮਨੀ, ਫਰਾਂਸ, ਰੂਸ, ਜਾਪਾਨ, ਚੀਨ, ਕੋਰੀਆ ਨੇ ਜੋ ਤਰੱਕੀ ਕੀਤੀ ਹੈ ਤਾਂ ਬਿਨਾਂ ਅੰਗਰੇਜ਼ੀ ਦੀਆਂ ਫਹੁੜੀਆਂ ਦੇ। ਇਨ੍ਹਾਂ ਮੁਲਕਾਂ ਦੀ ਮਾਂ ਬੋਲੀ ਪ੍ਰਤੀ ਸੁਹਿਰਦਤਾ ਇਸ ਗੱਲ ਤੋਂ ਨਜ਼ਰ ਆਉਂਦੀ ਹੈ: ਅੰਗਰੇਜ਼ ਕਹਿੰਦੇ ਹਨ- ਇੰਗਲੈਂਡ ਤਾਂ ਛੱਡ ਸਕਦੇ ਹਾਂ, ਪਰ ਅੰਗਰੇਜ਼ੀ ਨਹੀਂ; ਫਰਾਂਸੀਸੀ ਕਹਿੰਦੇ ਹਨ- ਫਰਾਂਸ ਲੈ ਲਵੋ, ਜਿੱਤ ਲਵੋ, ਪਰ ਫਰਾਂਸੀਸੀ ਲਈ ਅਸੀਂ ਜਿੰਦ ਜਾਨ ਵਾਰ ਦਿਆਂਗੇ; ਰੂਸੀ ਪਾਰਲੀਮੈਂਟ ਨੇ ਰੂਸੀ ਜ਼ਬਾਨ ਨੂੰ ਵਿਦੇਸ਼ੀ ਭਾਸ਼ਾ ਅੰਗਰੇਜ਼ੀ ਦੇ ਹਮਲੇ ਤੋਂ ਬਚਾਉਣ ਲਈ ਸਖ਼ਤ ਕਾਨੂੰਨ ਬਣਾਇਆ ਹੋਇਆ; ਚੀਨ ਨੇ ਬੜੀ ਘੱਟ ਮਾਤਰਾ ਵਿਚ ਕੇਵਲ ਵਪਾਰ ਕਰਨ ਵਾਲਿਆਂ ਨੂੰ ਕੁਝ ਅੰਗਰੇਜ਼ੀ ਭਾਸ਼ਾ ਸਿੱਖਣ ਦੀ ਇਜਾਜ਼ਤ ਦਿੱਤੀ ਹੈ।

ਅਸਲ ਵਿਚ ਮਾਤ ਭਾਸ਼ਾ ਸਾਡੀ ਸ਼ਖ਼ਸੀਅਤ ਹੈ, ਸਾਡਾ ਜੀਣ ਥੀਣ ਹੈ, ਪਰ ਅਸੀਂ ਵਿਦੇਸ਼ੀ ਭਾਸ਼ਾ ਦੇ ਦੀਵਾਨੇ ਹਾਂ। ਸੰਸਾਰ ਦੇ ਕਿਸੇ ਬੰਦੇ ਨੂੰ ਪੁੱਛ ਦੇ ਦੇਖ ਲਵੋ ਤਾਂ ਉਹ ਵਿਦੇਸ਼ੀ ਭਾਸ਼ਾ ਦੇ ਮੁਕਾਬਲੇ ਮਾਂ ਬੋਲੀ ਨੂੰ ਤਰਜੀਹ ਦੇਵੇਗਾ। ਪੀੜ ਵੇਲੇ, ਦੁੱਖ ਵੇਲੇ, ਖ਼ੁਸ਼ੀ ਵੇਲੇ, ਭੀੜ ਪੈਣ 'ਤੇ ਉਸ ਦੀਆਂ ਚੀਕਾਂ, ਆਹਾਂ ਤੇ ਚਾਂਗਰਾਂ ਮਾਂ ਬੋਲੀ ਵਿਚ ਹੀ ਨਿਕਲਦੀਆਂ ਹਨ। ਇਸ ਦੀ ਵਰਤੋਂ ਵਿਚ ਹੀ ਉਹ ਸੌਖ ਅਨੁਭਵ ਕਰਦਾ ਹੈ, ਸੰਤੁਸ਼ਟੀ ਤੇ ਆਤਮ ਸਨਮਾਨ ਮਹਿਸੂਸ ਕਰਦਾ ਹੈ ਜਿਸ ਨਾਲ ਉਸ ਦਾ ਮਨੋਬਲ ਬਣਿਆ ਰਹਿੰਦਾ ਹੈ।

ਮਾਂ ਬੋਲੀ ਵਿਚ ਸਿੱਖਿਆ ਦੇ ਮਾਧਿਅਮ ਦੀ ਗੱਲ ਕਰਦਿਆਂ ਪ੍ਰਸਿੱਧ ਚਿੰਤਕ ਅਤੇ ਭਾਸ਼ਾ ਵਿਗਿਆਨੀ ਨੌਮ ਚੌਮਸਕੀ ਲਿਖਦਾ ਹੈ-ਢੁਕਵਾਂ ਵਾਤਾਵਰਨ ਮਾਤ ਭਾਸ਼ਾ ਦੀ ਸਿਖਲਾਈ ਲਈ ਬੇਹੱਦ ਜ਼ਰੂਰੀ ਹੈ। ਛੋਟੀ ਉਮਰ ਦੇ ਬੱਚਿਆਂ ਨੂੰ ਆਲੇ-ਦੁਆਲੇ ਤੋਂ ਮਿਲ ਰਿਹਾ ਵਾਤਾਵਰਨ, ਉਨ੍ਹਾਂ ਲਈ ਮਾਤ ਭਾਸ਼ਾ ਸਿੱਖਣ ਵਾਸਤੇ ਢੁਕਵਾਂ ਹੁੰਦਾ ਹੈ, ਹੋਰ ਕੋਈ ਭਾਸ਼ਾ ਨਹੀਂ। ਇਸ ਵਾਤਾਵਰਨ ਵਿਚ ਜੋ ਮਾਂ ਦੇ ਗੋਡੇ ਮੁੱਢ ਹੁੰਦਾ ਹੈ, ਘਰ ਵਿਚ ਹੁੰਦਾ ਹੈ, ਬਾਜ਼ਾਰ ਵਿਚ ਅਤੇ ਬੱਚੇ ਦੀਆਂ ਖੇਡਾਂ ਵਿਚ ਹੁੰਦਾ ਹੈ। ਇਨ੍ਹਾਂ 'ਚੋਂ ਬੱਚਾ ਮਾਤ ਭਾਸ਼ਾ ਸਿੱਖਦਾ ਨਹੀਂ, ਸਗੋਂ ਇਹ ਉਸ ਨੂੰ ਸੁੱਤੇ ਸਿੱਧ ਆ ਜਾਂਦੀ ਹੈ। ਕਹਿਣਾ ਚਾਹੀਦਾ ਹੈ ਕਿ ਮਾਤ ਭਾਸ਼ਾ ਉਹਦੇ 'ਤੇ ਵਾਪਰ ਰਹੀ ਹੁੰਦੀ ਹੈ। ਅਜਿਹੇ ਵਾਤਾਵਰਨ ਵਿਚ ਕੋਈ ਹੋਰ ਭਾਸ਼ਾ ਬੱਚੇ 'ਤੇ ਜ਼ੁਲਮ ਕਰਨ ਦੇ ਤੁਲ ਹੈ, ਕਿਉਂਕਿ ਉਸ ਦੀ ਸ਼ਖ਼ਸੀਅਤ ਦਾ ਨਿਖਾਰ, ਭਾਵਨਾਤਮਕ ਤੇ ਬੌਧਿਕਤਾ ਦਾ ਵਿਕਾਸ, ਨੈਤਿਕ ਕਦਰਾਂ ਕੀਮਤਾਂ ਤੇ ਚੱਜ ਅਚਾਰ ਦੀ ਸਿਖਲਾਈ ਮਾਤ ਭਾਸ਼ਾ ਵਿਚ ਹੀ ਹੋ ਸਕਦੀ ਹੈ। ਜੇ ਤੁਸੀਂ ਬੱਚੇ ਨੂੰ ਕਿਸੇ ਵਿਦੇਸ਼ੀ ਭਾਸ਼ਾ ਦਾ ਰਟਨ-ਤੋਤਾ ਬਣਾ ਦਿਓਗੇ ਤਾਂ ਉਹ ਵਿਦੇਸ਼ੀ ਭਾਸ਼ਾ ਬੋਲਣ ਤਾਂ ਲੱਗ ਜਾਏਗਾ ਪਰ ਬੁੱਧ ਵਿਵੇਕ, ਸਿਰਜਣਾਤਮਕਤਾ ਤੇ ਸੰਸਕ੍ਰਿਤੀ ਤੋਂ ਵਿਹੂਣਾ ਹੋ ਜਾਏਗਾ। ਉਹ ਮਿਲਟਨ ਨੂੰ ਤਾਂ ਜਾਣ ਜਾਏਗਾ, ਪਰ ਭਾਈ ਵੀਰ ਸਿੰਘ ਜਾਂ ਤੁਲਸੀ ਦਾਸ ਕੌਣ ਹਨ, ਉਸ ਨੂੰ ਪਤਾ ਨਹੀਂ ਹੋਵੇਗਾ।

ਸਿੱਖਿਆ ਦੇ ਮਾਧਿਅਮ ਬਾਰੇ ਦੁਨੀਆ ਭਰ ਵਿਚ ਜੋ ਤਜਰਬੇ ਕੀਤੇ ਗਏ, ਉਨ੍ਹਾਂ ਵਿਚ ਲੈਂਬਰਟ, ਹਵੇਲਕਾ, ਕਰੌਸਬੀ ਨੇ ਆਪਣੀ ਖੋਜ ਵਿਚ ਦਸਿਆ ਹੈ ਕਿ ਜਿਹੜੇ ਬੱਚੇ ਦੋ ਭਾਸ਼ਾਵਾਂ ਦੇ ਵਾਤਾਵਰਨ ਵਿਚ ਪੜ੍ਹਦੇ ਹਨ ਤੇ ਇਕੋ ਵੇਲੇ ਦੋ ਭਾਸ਼ਾਵਾਂ ਸਿੱਖਦੇ ਹਨ, ਉਨ੍ਹਾਂ ਨੂੰ ਗੰਭੀਰ ਭਾਸ਼ਾਈ ਰਲਗਡ ਦਾ ਸ਼ਿਕਾਰ ਹੋਣਾ ਪੈਂਦਾ ਹੈ; ਇਕ ਭਾਸ਼ਾ ਦੂਜੀ ਭਾਸ਼ਾ ਨੂੰ ਸਿੱਖਣ ਦੇ ਰਾਹ ਵਿਚ ਰੁਕਾਵਟ ਬਣਦੀ ਹੈ।

ਹਵਾਈ ਟਾਪੂਆਂ ਵਿਚ ਗ਼ੈਰ-ਅਮਰੀਕੀ ਬੱਚਿਆਂ 'ਤੇ ਖੋਜ ਕਰ ਕੇ ਸਮਿਥ ਇਸ ਸਿੱਟੇ 'ਤੇ ਪੁੱਜਿਆ ਕਿ ਦੋ ਭਾਸ਼ਾਈ ਵਾਤਾਵਰਨ ਬੱਚਿਆਂ ਲਈ ਸ਼ਬਦਾਂ ਦੇ ਸਹੀ ਸੰਕਲਪ ਸਿਰਜਣ ਵਿਚ ਰੁਕਾਵਟਾਂ ਪਾਉਂਦਾ ਹੈ। ਜਿਹੜੇ ਬੱਚੇ ਦੋ ਭਾਸ਼ਾਈ ਰੱਸਾਕਸ਼ੀ ਦਾ ਸ਼ਿਕਾਰ ਹੁੰਦੇ ਹਨ, ਉਨ੍ਹਾਂ ਦੀ ਸ਼ਬਦਾਵਲੀ ਖਿਚੜੀ ਬਣ ਜਾਂਦੀ ਹੈ। ਡਾਰਕੀ ਤੇ ਐਟਲਸ ਦੀਆਂ ਲੱਭਤਾਂ ਦੱਸਦੀਆਂ ਹਨ ਕਿ ਦੋ ਭਾਸ਼ਾਵਾਂ ਦੇ ਭੇੜ ਵਿਚ ਫਸੇ ਬੱਚੇ ਬੌਧਿਕ ਸਮਰੱਥਾ ਤੇ ਚੱਜ ਅਚਾਰ ਵਿਚ ਨੀਵੇਂ ਹੀ ਨਹੀਂ ਰਹਿ ਜਾਂਦੇ ਹਨ, ਸਗੋਂ ਸਾਰੀ ਉਮਰ ਦੋ ਭਾਸ਼ਾਵਾਂ ਦੇ ਰਲਗੱਡ ਵਿਚ ਹਾਸੋਹੀਣੇ ਸੰਸਾਰ ਦਾ ਸ਼ਿਕਾਰ ਬਣੇ ਰਹਿੰਦੇ ਹਨ।

ਪੰਜਾਬ ਦੀ ਬਦਕਿਸਮਤੀ ਹੈ ਕਿ ਹੁਣ ਤੱਕ ਬਣੀਆਂ ਸਰਕਾਰਾਂ ਵਿਚੋਂ ਸਿਵਾਏ ਸ. ਲਛਮਣ ਸਿੰਘ ਗਿੱਲ ਦੀ ਸਰਕਾਰ ਦੇ, ਕਿਸੇ ਨੇ ਪੰਜਾਬੀ ਦੀ ਬਾਂਹ ਨਹੀਂ ਫੜੀ। ਸਿੱਖਿਆ ਵਿਚ ਭਾਸ਼ਾ ਦੇ ਮਾਧਿਅਮ ਦਾ ਫ਼ੈਸਲਾ ਬੜਾ ਅਹਿਮ ਹੈ, ਕਿਉਂਕਿ ਕਿਸੇ ਵੀ ਖਿੱਤੇ ਦਾ ਭਵਿੱਖ ਇਸ 'ਤੇ ਨਿਰਭਰ ਕਰਦਾ ਹੈ।

ਜੇ ਦੂਜੇ ਮੁਲਕਾਂ ਵਿਚ ਸਿੱਖਿਆ ਦੇ ਮਾਧਿਅਮ ਦੀ ਗੱਲ ਕਰੀਏ ਤਾਂ ਉਨਤ ਮੁਲਕਾਂ ਵਿਚ ਪਹਿਲੇ ਸੱਤ-ਅੱਠ ਸਾਲ ਮਾਤ ਭਾਸ਼ਾ ਪੜ੍ਹਾਉਣ ਲਈ ਹਰ ਰੋਜ਼ ਦੋ ਘੰਟੇ ਦਿੱਤੇ ਜਾਂਦੇ ਹਨ। ਅਮਰੀਕਾ ਵਿਚ ਤਾਂ ਸਕੂਲ ਸਮੇਂ ਦਾ ਇਕ ਤਿਹਾਈ ਹਿੱਸਾ ਮਾਤ ਭਾਸ਼ਾ ਲਈ ਰਾਖਵਾਂ ਰਖਿਆ ਜਾਂਦਾ ਹੈ। ਇਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਉਥੇ ਬੱਚੇ ਅਗਲੇ ਸਾਲਾਂ ਦਾ ਗਿਆਨ ਹਾਸਲ ਕਰਨ ਲਈ ਭਾਸ਼ਾ ਪੱਖੋਂ ਤਿਆਰ ਬਰ ਤਿਆਰ ਹੋ ਕੇ ਨਿਕਲਦੇ ਹਨ, ਪਰ ਸਾਡੇ ਉਲਟ ਹੈ। ਬੱਚੇ ਇਕ ਤੋਂ ਵੱਧ ਭਾਸ਼ਾਵਾਂ ਵਿਚ ਭਟਕਦੇ ਕਿਸੇ ਭਾਸ਼ਾ ਜੋਗੇ ਨਹੀਂ ਰਹਿੰਦੇ। ਪੰਜਾਬ ਵਿਚ ਪੰਝੀ ਹਜ਼ਾਰ ਸਕੂਲ ਪ੍ਰਾਈਵੇਟ ਖੇਤਰ ਵਿਚ ਹਨ ਜਿਨ੍ਹਾਂ ਵਿਚ ਸਿੱਖਿਆ ਦਾ ਮਾਧਿਅਮ ਅੰਗਰੇਜ਼ੀ ਹੈ। ਮਾਪੇ ਵੀ ਚਾਹੁੰਦੇ ਹਨ ਕਿ ਉਨ੍ਹਾਂ ਦੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਨ, ਅੰਗਰੇਜ਼ੀ ਬੋਲਣ, ਹੋਰ ਉਨ੍ਹਾਂ ਨੂੰ ਕੁਝ ਆਵੇ ਜਾਂ ਨਾ, ਇਹਦੇ ਨਾਲ ਕੋਈ ਮਤਲਬ ਨਹੀਂ। ਅੰਗਰੇਜ਼ੀ ਨੂੰ ਮਾਧਿਅਮ ਵਜੋਂ ਵਰਤਣ ਵਾਲੇ ਸਕੂਲ ਇਹ ਦਲੀਲ ਦਿੰਦੇ ਹਨ: ਅੰਗਰੇਜ਼ੀ ਵਿਸ਼ਵ ਭਾਸ਼ਾ ਹੈ, ਵਪਾਰ ਦੀ ਭਾਸ਼ਾ ਹੈ, ਰੁਜ਼ਗਾਰ ਜਾਂ ਨੌਕਰੀ ਦੀ ਭਾਸ਼ਾ ਹੈ, ਇਹ ਸਟੇਟਸ ਦੀ ਭਾਸ਼ਾ ਹੈ। ਇਹੀ ਦਲੀਲਾਂ ਹੁਣ ਸਰਕਾਰ ਦੇ ਰਹੀ ਹੈ। ਇਹ ਸਾਰੀਆਂ ਦਲੀਲਾਂ ਗ਼ਲਤ ਹਨ। ਪਹਿਲੀ ਇਹ ਕਿ ਅੰਗਰੇਜ਼ੀ ਵਿਸ਼ਵ ਦੀ ਭਾਸ਼ਾ ਨਹੀਂ; ਸਮੁੱਚੇ ਰੂਸ, ਚੀਨ, ਜਾਪਾਨ, ਕੋਰੀਆ, ਯੂਰਪ, ਅਫਰੀਕਾ ਤੇ ਏਸ਼ੀਆਈ ਦੇਸ਼ਾਂ ਦੀ ਵਸੋਂ ਦੀ ਭਾਸ਼ਾ ਅੰਗਰੇਜ਼ੀ ਨਹੀਂ। ਭਾਰਤ ਦੀ ਸਵਾ ਸੌ ਕਰੋੜ ਦੀ ਵਸੋਂ ਵਿਚ ਅੰਗਰੇਜ਼ੀ ਕੇਵਲ ਤਿੰਨ ਜਾਂ ਚਾਰ ਫ਼ੀਸਦੀ ਲੋਕਾਂ ਦੀ ਭਾਸ਼ਾ ਹੈ। ਦੁਨੀਆ ਦੇ ਅਨੇਕਾਂ ਮੁਲਕਾਂ ਨੇ ਬਿਨਾਂ ਅੰਗਰੇਜ਼ੀ ਤੋਂ ਤਰੱਕੀ ਕੀਤੀ ਹੈ। ਲੋੜ ਹੈ ਆਪਣੀਆਂ ਭਾਸ਼ਾਵਾਂ ਨੂੰ ਗਿਆਨ/ਵਿਗਿਆਨ ਦੀ ਸਿੱਖਿਆ ਦੇ ਸਮਰੱਥ ਬਣਾਉਣ ਦੀ।

ਅਸੀਂ ਅੰਗਰੇਜ਼ੀ ਦੀ ਪੜ੍ਹਾਈ ਦੇ ਵਿਰੋਧੀ ਨਹੀਂ। ਬੱਚਿਆਂ ਲਈ ਅੰਗਰੇਜ਼ੀ ਸਿੱਖਣੀ ਜ਼ਰੂਰੀ ਹੈ। ਉਨ੍ਹਾਂ ਲਈ ਬੋਲਣ, ਪੜ੍ਹਨ, ਲਿਖਣ ਵਿਚ ਇਹਦੀ ਮੁਹਾਰਤ ਜ਼ਰੂਰੀ ਹੈ, ਪਰ ਅਜਿਹਾ ਮਾਂ ਬੋਲੀ ਦੀ ਕੀਮਤ 'ਤੇ ਕੀਤਾ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਜ਼ਰੂਰੀ ਇਹ ਹੈ ਕਿ ਅੰਗਰੇਜ਼ੀ ਦੀ ਪੜ੍ਹਾਈ ਉਦੋਂ ਸ਼ੁਰੂ ਕੀਤੀ ਜਾਵੇ, ਜਦੋਂ ਬੱਚਾ ਇਸ ਭਾਸ਼ਾ ਨੂੰ ਸਿੱਖਣ ਦੇ ਯੋਗ ਹੋ ਜਾਵੇ। ਸਾਰੇ ਯੂਰਪ ਵਿਚ ਵਿਦੇਸ਼ੀ ਭਾਸ਼ਾ ਸਤਵੀਂ ਜਮਾਤ ਤੋਂ ਸ਼ੁਰੂ ਕੀਤੀ ਜਾਂਦੀ ਹੈ। ਕੈਨੇਡਾ ਤੇ ਅਮਰੀਕਾ ਵਿਚ ਵਿਦੇਸ਼ੀ ਭਾਸ਼ਾ ਦਾ ਅਧਿਐਨ ਜੂਨੀਅਰ ਸੈਕੰਡਰੀ ਸਟੇਜ ਦੇ ਅੰਤ 'ਤੇ ਕੀਤਾ ਜਾਂਦਾ ਹੈ। ਭਾਰਤ ਵਿਚ ਇਸੇ ਭਾਵਨਾ ਨੂੰ ਮੁੱਖ ਰੱਖ ਕੇ ਤਿੰਨ ਭਾਸ਼ਾਈ ਫਾਰਮੂਲਾ ਬਣਾਇਆ ਗਿਆ ਸੀ, ਕਿ ਮੁੱਢਲੀ ਸਿੱਖਿਆ ਮਾਤ ਭਾਸ਼ਾ ਵਿਚ ਦੇਣ, ਛੇਵੀਂ ਤੋਂ ਅੰਗਰੇਜ਼ੀ ਅਤੇ ਅੱਠਵੀਂ ਤੋਂ ਕੌਮੀ ਭਾਸ਼ਾ ਸਿਖਾਏ ਜਾਣ ਦੀ ਵਿਵਸਥਾ ਸੀ, ਪਰ ਹੁਣ ਹਾਕਮਾਂ ਦੀਆਂ ਮਨਮਰਜ਼ੀਆਂ ਤੇ ਇੱਛਾਵਾਂ ਨੇ ਤਿੰਨ ਭਾਸ਼ਾਈ ਫਾਰਮੂਲੇ ਦੀ ਰੂਹ ਭੰਨ ਦਿੱਤੀ ਹੈ। ਨਵੇਂ ਨਵੇਂ ਤਜਰਬਿਆਂ ਨੇ ਸਿੱਖਿਆ ਦਾ ਸਾਹ ਸਤ ਕੱਢ ਦਿੱਤਾ ਹੈ।

ਯੋਜਨਾ ਕਮਿਸ਼ਨ ਦੁਆਰਾ ਕੀਤਾ ਸਰਵੇਖਣ ਦੱਸਦਾ ਹੈ ਕਿ ਪੰਜਾਬ ਵਿਚ ਚੌਥੀ ਪੰਜਵੀਂ ਦੇ 46 ਫੀਸਦੀ ਬੱਚੇ ਪਹਿਲੀ ਜਮਾਤ ਦੀ ਪਾਠ ਪੁਸਤਕ ਦਾ ਸੌਖੇ ਤੋਂ ਸੌਖਾ ਪੈਰਾ ਪੜ੍ਹਨ ਦੇ ਯੋਗ ਨਹੀਂ। ਦੂਜੀ ਜਮਾਤ ਦੀ ਪਾਠ ਪੁਸਤਕ 70 ਫੀਸਦੀ ਬੱਚੇ ਨਹੀਂ ਪੜ੍ਹ ਸਕਦੇ। 25 ਫੀਸਦੀ ਬੱਚੇ ਵਰਣਮਾਲਾ ਦੇ ਅੱਖਰਾਂ ਦੀ ਸਹੀ ਪਛਾਣ ਨਹੀਂ ਕਰ ਸਕੇ। ਅਜਿਹੇ ਬੱਚਿਆਂ ਨੂੰ ਚਾਹੇ ਅੰਗਰੇਜ਼ੀ ਪੜ੍ਹਾ ਲਓ, ਨਤੀਜੇ ਇਹੀ ਨਿਕਲਣਗੇ। ਅੱਜ ਲੋੜ ਇਸ ਗੱਲ ਦੀ ਹੈ ਕਿ ਵਿਦਿਅਕ ਢਾਂਚੇ ਵਿਚ ਬੁਨਿਆਦੀ ਸੁਧਾਰ ਕਰ ਕੇ, ਯੋਗ ਅਧਿਆਪਕਾਂ ਦਾ ਪ੍ਰਬੰਧ ਕੀਤਾ ਜਾਵੇ, ਜੋ ਉਚ-ਸਿਖਲਾਈ ਪ੍ਰਾਪਤ ਹੋਣ। ਮਾਤ ਭਾਸ਼ਾ ਦੀ ਨੀਂਹ ਮਜ਼ਬੂਤ ਕੀਤੇ ਬਿਨਾਂ ਅੰਗਰੇਜ਼ੀ ਵਾਲਾ ਤਜਰਬਾ ਕਾਮਯਾਬ ਨਹੀਂ ਹੋਣਾ।

ਅੰਗਰੇਜ਼ੀ ਨੂੰ ਮਾਧਿਅਮ ਵਜੋਂ ਵਰਤਣ ਵਾਲੇ ਸਕੂਲ ਇਹ ਦਲੀਲ ਦਿੰਦੇ ਹਨ: ਅੰਗਰੇਜ਼ੀ ਵਿਸ਼ਵ ਭਾਸ਼ਾ ਹੈ, ਵਪਾਰ ਦੀ ਭਾਸ਼ਾ ਹੈ, ਰੁਜ਼ਗਾਰ ਦੀ ਭਾਸ਼ਾ ਹੈ, ਸਟੇਟਸ ਦੀ ਭਾਸ਼ਾ ਹੈ। ਇਹੀ ਦਲੀਲਾਂ ਹੁਣ ਸਰਕਾਰ ਦੇ ਰਹੀ ਹੈ। ਇਹ ਸਾਰੀਆਂ ਦਲੀਲਾਂ .ਗਲਤ ਹਨ। ਪਹਿਲੀ ਇਹ ਕਿ ਅੰਗਰੇਜ਼ੀ ਵਿਸ਼ਵ ਦੀ ਭਾਸ਼ਾ ਨਹੀਂ; ਰੂਸ, ਚੀਨ, ਜਾਪਾਨ, ਕੋਰੀਆ, ਯੂਰਪ, ਅਫਰੀਕਾ ਤੇ ਏਸ਼ੀਆਈ ਦੇਸ਼ਾਂ ਦੀ ਵਸੋਂ ਦੀ ਭਾਸ਼ਾ ਅੰਗਰੇਜ਼ੀ ਨਹੀਂ। ਭਾਰਤ ਦੀ ਸਵਾ ਸੌ ਕਰੋੜ ਦੀ ਵਸੋਂ ਵਿਚ ਅੰਗਰੇਜ਼ੀ ਕੇਵਲ ਤਿੰਨ ਜਾਂ ਚਾਰ .ਫ਼ੀਸਦੀ ਲੋਕਾਂ ਦੀ ਭਾਸ਼ਾ ਹੈ। ਦੁਨੀਆ ਦੇ ਅਨੇਕਾਂ ਮੁਲਕਾਂ ਨੇ ਬਿਨਾਂ ਅੰਗਰੇਜ਼ੀ ਤੋਂ ਤਰੱਕੀ ਕੀਤੀ ਹੈ। ਲੋੜ ਹੈ ਆਪਣੀਆਂ ਭਾਸ਼ਾਵਾਂ ਨੂੰ ਗਿਆਨ/ ਵਿਗਿਆਨ ਦੀ ਸਿੱਖਿਆ ਦੇ ਸਮਰੱਥ ਬਣਾਉਣ ਦੀ।... ਅਸੀਂ ਅੰਗਰੇਜ਼ੀ ਦੀ ਪੜ੍ਹਾਈ ਦੇ ਵਿਰੋਧੀ ਨਹੀਂ। ਬੱਚਿਆਂ ਲਈ ਅੰਗਰੇਜ਼ੀ ਸਿੱਖਣੀ ਜ਼ਰੂਰੀ ਹੈ, ਪਰ ਅਜਿਹਾ ਮਾਂ ਬੋਲੀ ਦੀ ਕੀਮਤ 'ਤੇ ਕੀਤਾ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।

ਐਨ.ਡੀ.ਟੀ.ਵੀ. ਦਾ ਬੁਲੰਦ ਝੰਡਾ

ਸੱਚ ਬੋਲਣਾ ਔਖਾ ਹੈ। ਜਿਹੜਾ ਬੋਲਦਾ ਹੈ, ਸੂਲੀ ਚਾੜ੍ਹ ਦਿੱਤਾ ਜਾਂਦਾ ਹੈ। ਸੱਚ ਮਿਰਚਾਂ ਤੇ ਝੂਠ ਗੁੜ। ਬਹੁਤੇ ਚੈਨਲ ਵਿਕਾਊ ਹੋ ਗਏ ਹਨ। ਉਹੀ ਬੋਲੀ ਬੋਲਦੇ ਹਨ, ਜਿਹੜੀ ਸਰਕਾਰ ਚਾਹੁੰਦੀ ਹੈ। ਜਿਹੜੇ ਨਹੀਂ ਮੰਨਦੇ, ਉਨ੍ਹਾਂ ਨੂੰ ਸਰਕਾਰ ਦੇ ਸਹਾਇਕ ਸਰਮਾਏਦਾਰ ਖਰੀਦ ਰਹੇ ਹਨ। ਜਿਹੜੇ ਇਸ ਰਸਤੇ ਵੀ ਨਹੀਂ ਤੁਰਦੇ, ਉਨ੍ਹਾਂ ਨੂੰ ਤਰ੍ਹਾਂ ਤਰ੍ਹਾਂ ਨਾਲ ਡਰਾਇਆ, ਧਮਕਾਇਆ ਜਾਂਦਾ ਹੈ।

ਐਨ.ਡੀ.ਟੀ.ਵੀ. ਨੂੰ ਪਹਿਲਾਂ 24 ਘੰਟੇ ਲਈ ਬੰਦ ਕਰਨ ਦਾ ਹੁਕਮ ਦੇਣਾ; ਐਂਕਰਾਂ, ਰਿਪੋਰਟਰਾਂ ਨੂੰ ਡਰਾਉਣਾ ਧਮਕਾਉਣਾ ਅਤੇ ਹੁਣ ਪ੍ਰਨਾਏ ਰਾਏ ਦੇ ਘਰਾਂ ਤੇ ਦਫਤਰਾਂ 'ਤੇ ਸੀ.ਬੀ.ਆਈ. ਦਾ ਛਾਪਾ ਮਰਵਾਉਣਾ ਇਕੋ ਹੀ ਕੜੀ ਦੇ ਮਣਕੇ ਹਨ। ਐਨ.ਡੀ.ਟੀ.ਵੀ. ਇਕੋ ਇਕ ਚੈਨਲ ਹੈ ਜਿਹੜਾ ਹਕੀਕਤ ਬਿਆਨ ਕਰਦਾ ਹੈ; ਜਿਹੜਾ ਸੱਚ ਦੇ ਨੇੜੇ ਹੋ ਕੇ ਵਿਚਰਦਾ ਹੈ; ਜਿਹੜਾ ਭਾਜਪਾ ਸਰਕਾਰ ਦੇ ਗ਼ਲਤ ਫੈਸਲਿਆਂ ਨੂੰ ਗ਼ਲਤ ਕਹਿਣ ਦੀ ਹਿੰਮਤ ਰੱਖਦਾ ਹੈ; ਜਿਹੜਾ ਚੈਨਲਾਂ ਦੀ ਭੀੜ 'ਚੋਂ ਵੱਖਰਾ ਪਛਾਣਿਆ ਜਾਂਦਾ ਹੈ। ਬੱਸ, ਇਹੀ ਭਾਜਪਾ ਸਰਕਾਰ ਨੂੰ ਹਜ਼ਮ ਨਹੀਂ ਹੋ ਰਿਹਾ।

ਮੁਲਕ ਵਿਚ ਕਿਸਾਨ ਅੰਦੋਲਨ ਦੇ ਹਿੰਸਕ ਹੋਣ ਕਾਰਨ ਹਾਹਾਕਾਰ ਮਚੀ ਹੋਈ ਹੈ, ਪਰ ਕੁਝ ਚੈਨਲਾਂ ਵੱਲੋਂ ਪ੍ਰਾਈਮ ਟਾਈਮ 'ਤੇ ਕਿਸਾਨ ਸੰਕਟ ਬਾਰੇ ਸਟੋਰੀ ਦੇਣ ਦੀ ਬਜਾਏ ਅਤਿਵਾਦ, ਭਾਰਤ-ਚੀਨ ਸਬੰਧ, ਕ੍ਰਿਕਟ ਜਾਂ ਕੋਈ ਹੋਰ ਸਥਾਨਕ ਸਮੱਸਿਆ ਪੇਸ਼ ਕਰ ਕੇ ਲੋਕਾਂ ਦਾ ਧਿਆਨ ਵੰਡਿਆ ਜਾ ਰਿਹਾ ਹੈ। ਅਜਿਹਾ ਸੁਚੇਤ ਤੌਰ 'ਤੇ ਉਹ ਸਾਰੇ ਚੈਨਲ ਕਰ ਰਹੇ ਹਨ ਜਿਹੜੇ ਭਾਜਪਾ ਪੱਖੀ ਹਨ। ਰਵੀਸ਼ ਕੁਮਾਰ ਅਜਿਹੇ ਚੈਨਲਾਂ ਨੂੰ 'ਮੋਦੀ ਮੀਡੀਆ' ਕਹਿੰਦਾ ਹੈ। ਉਹ ਮੀਡੀਆ ਜਿਹੜਾ ਸਰਕਾਰ ਦੀ ਗੋਦੀ ਵਿਚ ਖੇਡ ਰਿਹਾ ਹੈ; ਜਿਸ ਦੀ ਆਪਣੀ ਕੋਈ ਸੋਚ ਨਹੀਂ, ਸਮਝ ਨਹੀਂ, ਸਟੈਂਡ ਨਹੀਂ।

'ਡਰ ਕੀ ਰਾਜਧਾਨੀ ਦਿੱਲੀ' ਸਿਰਲੇਖ ਤਹਿਤ ਰਵੀਸ਼ ਕੁਮਾਰ ਨੇ ਆਪਣੇ ਪ੍ਰੋਗਰਾਮ ਵਿਚ ਦੁਨੀਆ ਭਰ ਵਿਚ ਸਰਕਾਰਾਂ ਵੱਲੋਂ ਮੀਡੀਆ ਨੂੰ ਮਨਮਰਜ਼ੀ ਮੁਤਾਬਿਕ ਚਲਾਉਣ ਦੀ ਕਾਰਜਸ਼ੈਲੀ ਬਾਰੇ ਜਾਣਕਾਰੀ ਮੁਹੱਈਆ ਕੀਤੀ ਹੈ। ਸਰਕਾਰਾਂ ਮੀਡੀਆ ਦੀ ਵਰਤੋਂ ਆਪਣੇ ਹੱਕ ਵਿਚ ਕਿਵੇਂ ਕਰਦੀਆਂ ਹਨ, ਇਸ 'ਤੇ ਰੌਸ਼ਨੀ ਪਾਈ ਸੀ। ਉਨ੍ਹਾਂ ਕਿਹਾ ਕਿ ਕਈ ਵਾਰ ਪ੍ਰਚਾਰ ਨਾਲ ਲੋਕ ਅਜਿਹੀਆਂ ਗੱਲਾਂ ਨੂੰ ਸਹੀ ਮੰਨਣ ਲਗਦੇ ਹਨ, ਚਾਹੇ ਜ਼ਮੀਨ 'ਤੇ ਉਨ੍ਹਾਂ ਦਾ ਕੋਈ ਵਜੂਦ ਨਾ ਹੋਵੇ। ਦਿੱਲੀ 'ਚ ਪੱਤਰਕਾਰਾਂ ਦੀ ਹਾਲਤ ਇਹ ਹੈ ਕਿ ਬਹੁਤੇ ਸਰਕਾਰ ਦੀਆਂ ਲੋੜਾਂ, ਇੱਛਾਵਾਂ ਅਨੁਸਾਰ ਕੰਮ ਕਰ ਰਹੇ ਹਨ।

ਕਿਹਾ ਜਾਂਦਾ ਹੈ ਕਿ ਦਰਸ਼ਕ ਤਾਕਤਵਰ ਹੈ। ਉਸ ਦੇ ਹੱਥ ਵਿਚ ਰਿਮੋਟ ਹੈ, ਪਰ ਸਰਕਾਰਾਂ ਨੇ ਰਿਮੋਟ ਨੂੰ ਸ਼ਕਤੀਹੀਣ ਤੇ ਅਰਥਹੀਣ ਬਣਾ ਦਿੱਤਾ ਹੈ। ਦਰਸ਼ਕ ਰਿਮੋਟ ਰਾਹੀਂ ਚੈਨਲ ਬਦਲਦਾ ਰਹੇ, ਬਦਲਦਾ ਰਹੇ, ਪਰ ਉਸ ਨੂੰ ਹਰ ਚੈਨਲ 'ਤੇ ਇਕੋ ਜਿਹੀ ਆਵਾਜ਼ ਸੁਣਾਈ ਦੇਵੇਗੀ, ਕਿਉਂਕਿ ਚੈਨਲਾਂ ਨੂੰ ਸਰਕਾਰ ਨੇ ਆਪਣੇ ਅਨੁਸਾਰ ਢਾਲ ਲਿਆ ਹੈ। ਟੀ.ਵੀ. ਇੱਟ ਬਣ ਗਿਆ ਹੈ। ਇੱਟ 'ਤੇ ਇੱਟ। ਹਰ ਚੈਨਲ ਦੋ-ਤਿੰਨ ਮੁੱਦਿਆਂ ਨੂੰ ਸਾਰਾ ਦਿਨ ਰਿੜਕਦੇ ਰਹਿੰਦੇ ਹਨ। ਦਰਸ਼ਕ ਸਮਝਣ ਲਗਦਾ ਹੈ ਕਿ ਮੁਲਕ ਦੇ ਇਹੀ ਮੁੱਦੇ ਹਨ; ਇਹੀ ਸੱਚ ਹੈ।

ਪੋਲੈਂਡ ਦੀ ਦਿਲਚਸਪ ਉਦਾਹਰਨ ਦਿੰਦਿਆਂ ਰਵੀਸ਼ ਕੁਮਾਰ ਨੇ ਕਿਹਾ ਕਿ ਜਦ ਟੀ.ਵੀ. ਉਤੇ ਕੇਵਲ ਉਹੀ ਕੁਝ ਆਉਣ ਲੱਗਾ ਜੋ ਸਰਕਾਰ ਚਾਹੁੰਦੀ ਸੀ ਤਾਂ ਲੋਕਾਂ ਨੇ ਟੀ.ਵੀ. ਵੇਖਣਾ ਬੰਦ ਕਰ ਦਿੱਤਾ। ਘਰ ਦੀ ਲਾਈਟ ਜਗ੍ਹਾ ਕੇ, ਟੀ.ਵੀ. ਆਨ ਕਰ ਕੇ ਲੋਕ ਆਪਣੇ ਕੁੱਤਿਆਂ ਨੂੰ ਸੈਰ ਕਰਾਉਣ ਬਾਹਰ ਚਲੇ ਜਾਂਦੇ ਸਨ। ਜਦ ਅਖ਼ਬਾਰਾਂ ਵਿਚ ਉਹੀ ਛਪਣ ਲੱਗਾ ਜੋ ਸਰਕਾਰ ਚਾਹੁੰਦੀ ਸੀ ਤਾਂ ਲੋਕਾਂ ਨੇ ਅਖ਼ਬਾਰਾਂ ਪੜ੍ਹਨੀਆਂ ਬੰਦ ਕਰ ਦਿੱਤੀਆਂ। ਅਖ਼ਬਾਰਾਂ ਦੇ ਢੇਰ ਜਿਉਂ ਦੇ ਤਿਉਂ ਪਏ ਰਹਿੰਦੇ। ਪੋਲੈਂਡ ਦੇ ਲੋਕ ਕਿੰਨੇ ਰਚਨਾਤਮਕ, ਕਿੰਨੇ ਸਮਝਦਾਰ ਹਨ! ਵਿਰੋਧ ਪ੍ਰਗਟਾਉਣ ਦਾ ਉਨ੍ਹਾਂ ਦਾ ਤਰੀਕਾ ਕਿੰਨਾ ਜਾਨਦਾਰ ਸੀ ਅਤੇ ਇਸ ਦਾ ਅਸਰ ਹੋਇਆ।

ਪਾਠਕ, ਦਰਸ਼ਕ ਅਤੇ ਸਰੋਤਿਆਂ ਲਈ ਕੀ ਚੰਗਾ ਹੈ, ਕੀ ਠੀਕ ਰਹੇਗਾ, ਇਹ ਮੀਡੀਆ ਨੂੰ ਤੈਅ ਕਰਨਾ ਚਾਹੀਦਾ ਹੈ, ਸਰਕਾਰਾਂ ਨੂੰ ਨਹੀਂ। ਮੀਡੀਆ ਦੀ ਕਾਰਗੁਜ਼ਾਰੀ ਅਜਿਹੀ ਹੋਵੇ ਕਿ ਜੇ ਲੋਕਾਂ ਨੂੰ ਸਵਾਲ ਪੁੱਛਿਆ ਜਾਵੇ ਕਿ ਅਖ਼ਬਾਰ ਤੇ ਸਰਕਾਰ ਵਿਚੋਂ ਕਿਸ ਨੂੰ ਚੁਣੋਗੇ ਤਾਂ ਜਵਾਬ 'ਅਖ਼ਬਾਰ' ਆਵੇ। ਵੱਡਾ ਸਵਾਲ ਇਹ ਹੈ ਕਿ ਅਸੀਂ ਪ੍ਰੈੱਸ ਦੀ ਆਜ਼ਾਦੀ ਨੂੰ ਮਹੱਤਤ ਦਿੰਦੇ ਹਾਂ? ਅਸੀਂ ਪ੍ਰੈੱਸ ਦੀ ਆਜ਼ਾਦੀ ਦਾ ਫਿਕਰ ਕਰਦੇ ਹਾਂ? ਭਾਰਤ ਵਿਚ ਪ੍ਰੈੱਸ ਦੀ ਆਜ਼ਾਦੀ ਘੱਟ ਕਿਉਂ ਹੈ? ਜੇ ਪ੍ਰੈੱਸ ਆਜ਼ਾਦ ਨਹੀਂ ਤਾਂ ਲੋਕਾਂ ਦਾ ਕੀ ਹੋਵੇਗਾ? ਭਾਰਤੀ ਮੀਡੀਆ ਜ਼ੋਖਮ ਉਠਾ ਰਿਹਾ ਹੈ ਜਾਂ ਸਰਕਾਰਾਂ ਸਾਹਮਣੇ ਸਿਰ ਝੁਕਾ ਰਿਹਾ ਹੈ? ਇਹ ਉਹ ਸਵਾਲ ਹਨ ਜਿਹੜੇ ਉਪਰੋਕਤ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਰਵੀਸ਼ ਕੁਮਾਰ ਨੇ ਪ੍ਰੈੱਸ ਦੀ ਆਜ਼ਾਦੀ ਦਾ ਜ਼ਿਕਰ ਕਰਦਿਆਂ ਭਾਰਤੀ ਲੋਕਾਂ ਸਾਹਮਣੇ ਰੱਖੇ। ਜੇ ਤੁਸੀਂ ਵਿਰੋਧੀ ਵਿਚਾਰ ਰੱਖਦੇ ਹੋ ਤਾਂ ਤੁਹਾਨੂੰ ਮੁਲਕ-ਵਿਰੋਧੀ ਕਰਾਰ ਦੇ ਦਿੱਤਾ ਜਾਂਦਾ ਹੈ। ਨਤੀਜੇ ਵਜੋਂ ਬਹੁਤਾ ਮੀਡੀਆ ਸਰਕਾਰੀ ਪ੍ਰਭਾਵ ਹੇਠ ਆ ਗਿਆ ਹੈ। ਇਕ ਸਿੱਧਾ ਸਰਕਾਰੀ ਪ੍ਰਭਾਵ ਹੇਠ, ਦੂਸਰਾ ਕਾਰਪੋਰੇਟ ਸੈਕਟਰ ਰਾਹੀਂ।

ਐਨ.ਡੀ.ਟੀ.ਵੀ. ਪ੍ਰਤੀ ਸਰਕਾਰ ਵੱਲੋਂ ਅਪਣਾਏ ਰੁਖ਼ ਦੇ ਜਵਾਬ ਵਿਚ ਰਵੀਸ਼ ਕੁਮਾਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੰਗਾਰਿਆ ਹੈ- 'ਐਨ.ਡੀ.ਟੀ.ਵੀ. ਇੰਨਾ ਆਸਾਨੀ ਨਾਲ ਨਹੀਂ ਬਣਿਆ ਅਤੇ ਇਸ ਨੂੰ ਇੰਨੀ ਆਸਾਨੀ ਨਾਲ ਮਿਟਾਇਆ ਵੀ ਨਹੀਂ ਜਾ ਸਕਦਾ।'

-ਪ੍ਰੋ. ਕੁਲਬੀਰ ਸਿੰਘ

ਗੁਰਾਂ ਦੀ ਬਖਸ਼ੀਸ਼

ਅਮਰੀਕਾ ਵਿਚ 9/11 ਵਾਲਾ ਦੁਖਾਂਤ ਵਾਪਰਿਆਂ ਥੋੜਾ ਚਿਰ ਈ ਹੋਇਆ ਸੀ। ਦਸੰਬਰ ਦਾ ਅਖੀਰ ਆ ਗਿਆ ਪਰ ਸਨੋਅ ਅਜੇ ਨਹੀਂ ਸੀ ਪਈ। ਫੇਰ ਵੀ ਸਰਦੀ ਕਾਫੀ ਹੋ ਗਈ ਸੀ। ਨਫਰਤ ਦੀ ਗਰਮੀ ਦਾ ਸੇਕ ਇਕ ਖਾਸ ਫਿਰਕੇ ਦੇ ਖਿਲਾਫ ਸਾਰੇ ਅਮਰੀਕਾ 'ਚ ਫੈਲ ਚੁਕਾ ਸੀ, ਜਿਸ ਦੇ ਸੇਕ ਵਿਚ ਗਲਤ ਪਛਾਣ ਕਰਕੇ ਸਿੱਖ ਵੀ ਝੁਲਸ ਰਹੇ ਸਨ। ਆਮ ਅਮਰੀਕਨਾਂ ਕੋਲੋਂ ਨਸਲਵਾਦੀ ਹੋਣ ਦੀ ਬਦਬੂ ਆ ਰਹੀ ਸੀ। ਭੂਰੇ ਰੰਗ ਦੇ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾ ਰਿਹਾ ਸੀ।

ਵਿਕਰਮ ਨੇ ਕਾਰ ਹਾਈਵੇ 'ਤੇ ਪਾ ਲਈ। ਕਾਰ ਵਿਚ ਸੀ.ਡੀ. 'ਤੇ ਪੰਜਾਬੀ ਗੀਤ 'ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ' ਚੱਲ ਰਿਹਾ ਸੀ। ਨਾਲ ਉਹਦਾ ਬਿਜ਼ਨਸ ਪਾਰਟਨਰ ਦਲਜੀਤ ਬੈਠਾ ਗਰਮ ਕੌਫੀ ਦੀਆਂ ਚੁਸਕੀਆਂ ਲੈ ਰਿਹਾ ਸੀ। ਪੂਰੀ ਸਪੀਡ

ਚਰਨਜੀਤ ਸਿੰਘ ਸਾਹੀ
ਫੋਨ: 317-430-6545

ਨਾਲ ਚੱਲ ਰਹੀ ਕਾਰ ਦੀ ਇਕਦਮ ਬਰੇਕ ਲੱਗਣ ਨਾਲ ਜ਼ੋਰ ਦੀ ਝਟਕਾ ਲੱਗਾ। ਦਲਜੀਤ ਆਪਣਾ ਕੌਫੀ ਵਾਲਾ ਕੱਪ ਸੰਭਾਲਦਾ ਵਿਕਰਮ ਵੱਲ ਹੈਰਾਨੀ ਨਾਲ ਵੇਖਦਾ ਬੋਲਿਆ, "ਓਏ! ਹੋ ਚੱਲਿਆ ਸੀ ਕੰਮ ਮਾਮਾ! ਧਿਆਨ ਨਾਲ ਚਲਾ, ਮਰਵਾਣ ਲੱਗਾ ਸੈਂ! ਹੌਲੀ ਚੱਲ, ਟਰੱਕ ਨੇ ਹੁਣੇ ਵਲੇਟ ਦੇਣਾ ਸੀ, ਜਿਵੇਂ ਤੂੰ ਕੱਟ ਮਾਰਿਆ! ਮੈਨੂੰ ਜਾਪਦਾ ਤੈਨੂੰ ਭਾਪੇ ਦਾ ਸਟੋਰ ਵੇਖਣ ਦੀ ਬਹੁਤੀ ਕਾਹਲੀ ਏ?"

ਵਿਕਰਮ ਨੇ ਲੰਮਾ ਸਾਹ ਲਿਆ ਤੇ ਕਿਹਾ, "ਸੌਰੀ ਭਰਾਵਾ! ਰੱਬ ਦੇ ਵਾਸਤੇ ਆਹ ਸੀ.ਡੀ. ਬੰਦ ਕਰ ਦੇਹ। ਵੱਡਾ ਜੱਟਾਂ ਦਾ ਲੱਗਦਾ! ਸਵੇਰੇ ਸਵੇਰੇ ਕੋਈ ਰੱਬ ਦੇ ਨਾਂ ਵਾਲੀ ਲਾ ਦਿਆ ਕਰ।"

ਦੋਵੇਂ ਗੂੜ੍ਹੇ ਦੋਸਤ ਪੰਜਾਬ ਦੇ ਇਕੋ ਪਿੰਡ ਦੇ ਸਨ। ਅਮਰੀਕਾ ਵੀ ਡੌਂਕੀਆਂ ਲਾਉਂਦੇ ਮੈਕਸੀਕੋ ਬਾਰਡਰ ਟੱਪ ਇਕੱਠੇ ਪਹੁੰਚੇ। ਫਿਰ ਦੋਵੇਂ ਇਕੱਠੇ ਹੀ ਅਸਾਇਲਮ ਕੇਸ ਰਾਹੀਂ ਅੱਗੜ-ਪਿੱਛੜ ਪੱਕੇ ਹੋਏ। ਕਈ ਔਖੇ ਸੌਖੇ ਕੰਮ ਕੀਤੇ। ਪਿੱਛੇ ਪੈਸੇ ਭੇਜ ਮਾਪੇ ਸੌਖੇ ਕੀਤੇ। ਫਿਰ ਚਾਰ ਪੈਸੇ ਇਕੱਠੇ ਕਰ ਕੇ ਇਕ ਗੈਸ ਸਟੇਸ਼ਨ ਲੈ ਲਿਆ। ਦਿਨ ਰਾਤ ਮਿਹਨਤ ਕਰਕੇ ਇਕ ਤੋਂ ਦੋ ਬਣਾ ਲਏ। ਅੱਜ ਕੱਲ੍ਹ ਸ਼ਹਿਰ ਦੀ ਸਾਰੀ ਪੰਜਾਬੀ ਕਮਿਊਨਿਟੀ ਵਿਚ ਚਰਚਾ ਸੀ ਕਿ ਦੂਜੀ ਸਟੇਟ 'ਚੋਂ ਮੂਵ ਹੋ ਕੇ ਆਏ ਭਾਪਾ ਜੀ ਸਿੱਖੀ ਸਰੂਪ 'ਚ ਪੱਗ ਬੰਨ ਕੇ ਗੋਰਿਆਂ ਦੇ ਇਲਾਕੇ 'ਚ, ਜਿੱਥੇ ਰੈਡ ਨੈਕਾਂ ਦੀ ਵਸੋਂ ਦਾ ਗੜ੍ਹ ਏ, ਉਥੇ ਬੇਖੌਫ ਆਪਣਾ ਸਟੋਰ ਚਲਾ ਰਹੇ ਨੇ। ਉਹਦੇ ਨਾਲ ਦੇ ਹਿੱਸੇਦਾਰ ਨੇ ਡਰਦਿਆਂ ਆਪਣਾ ਹਿੱਸਾ ਕੱਢ ਲਿਆ।

ਕੁਝ ਦੇਰ ਪਿਛੋਂ ਉਨ੍ਹਾਂ ਦੀ ਕਾਰ ਆ ਕੇ ਭਾਪਾ ਜੀ ਦੇ ਗੈਸ ਸਟੇਸ਼ਨ ਦੀ ਪਾਰਕਿੰਗ 'ਚ ਆ ਖਲੋਤੀ। ਛੋਟੀ ਜਿਹੀ ਕਨੋਪੀ ਹੇਠਾਂ ਦੋ ਪੰਪ ਲੱਗੇ ਸਨ। ਇਕ ਵਾਰ 'ਚ ਚਾਰ ਹੀ ਵਹੀਕਲ ਗੈਸ ਭਰ ਸਕਦੇ ਸਨ। ਗਾਹਕਾਂ ਵਾਸਤੇ ਪਾਰਕਿੰਗ ਵੀ ਬਹੁਤ ਘੱਟ ਸੀ। ਉਹਦੇ ਸਾਹਮਣੇ ਛੋਟਾ ਜਿਹਾ ਖੋਖਾ ਨੁਮਾ ਸਟੋਰ। ਕਾਰ 'ਚੋਂ ਬਾਹਰ ਨਿਕਲ ਦੋਹਾਂ ਨੇ ਚੁਫੇਰੇ ਨਜ਼ਰ ਮਾਰੀ। ਸਾਈਨ ਬੋਰਡ ਤੋਂ ਗੈਸ ਦਾ ਰੇਟ ਵੇਖ ਦਲਜੀਤ ਵਿਕਰਮ ਨੂੰ ਕਹਿਣ ਲੱਗਾ, "ਵੇਖ, ਭਾਪੇ ਨੇ ਸਾਰੇ ਸ਼ਹਿਰ ਨਾਲੋਂ ਗੈਸ ਵੀਹ ਸੈਂਟ ਮਹਿੰਗੀ ਰੱਖੀ ਏ, ਫੇਰ ਵੀ ਤਿੰਨ ਗੱਡੀਆਂ ਖੜ੍ਹੀਆਂ ਨੇ ਪੰਪ 'ਤੇ, ਅੱਜ ਹੈ ਵੀ ਐਤਵਾਰ। ਯਾਰ ਪਤਾ ਨਹੀਂ ਭਾਪੇ ਕੋਲ ਕਿਹੜੀ ਗਿੱਦੜਸਿੰਗੀ ਏ?"

ਵਿਕਰਮ ਉਹਦੀ ਬਾਂਹ ਖਿੱਚ ਕਹਿਣ ਲੱਗਾ, "ਓ ਚੱਲ! ਪਹਿਲਾਂ ਭਾਪਾ ਜੀ ਦੇ ਦਰਸ਼ਨ ਤੇ ਕਰੀਏ ਅੰਦਰ ਚੱਲ ਕੇ।"

ਖੋਖੇ ਨੂੰ ਨਵਾਂ ਰੰਗ ਹੋਇਆ ਲੱਗਦਾ ਸੀ। ਸਟੋਰ ਅੰਦਰ ਵੜਦਿਆਂ ਦੋਵਾਂ ਨੇ ਨਿੱਕੇ ਜਿਹੇ ਵਾਕਿੰਗ ਕੂਲਰ 'ਚੋਂ ਇਕ ਇਕ ਪਾਣੀ ਦੀ ਬੋਤਲ ਚੁਕੀ ਤੇ ਚਾਰੇ ਪਾਸੇ ਕੈਰੀ ਜਿਹੀ ਝਾਤ ਸ਼ੈਲਫਾਂ 'ਤੇ ਰੱਖੀ ਥੋੜੀ ਜਿਹੀ ਗਰੌਸਰੀ 'ਤੇ ਮਾਰੀ। ਉਨ੍ਹਾਂ ਵੇਖਿਆ ਕੈਸ਼ੀਅਰ ਕਾਊਂਟਰ ਦੇ ਨੇੜੇ ਹੀ ਇਕ ਛੋਟੀ ਜਿਹੀ ਡਿਸਪਲੇ 'ਤੇ ਚਾਕੂ-ਛੁਰੀਆਂ ਵੀ ਵੇਚਣ ਲਈ ਸਜਾਈਆਂ ਹੋਈਆਂ ਸਨ। ਦਬਵੀਂ ਆਵਾਜ਼ ਵਿਚ ਇਕ ਨੇ ਦੂਜੇ ਨੂੰ ਕਿਹਾ, "ਆਹ ਵੇਖ! ਭਾਪੇ ਦੇ ਮਰਨ ਦੇ ਚੱਜ..." ਫਿਰ ਦੋਵੇਂ ਮੁਸਕਰਾ ਪਏ।

ਭਾਪਾ ਜੀ ਨੇ ਖੜ੍ਹੇ ਗਾਹਕ ਨੂੰ ਨਿਪਟਾ 'ਹੈਵ ਏ ਗੁੱਡ ਡੇ' ਕਹਿ ਤੋਰ ਦਿੱਤਾ। ਫਿਰ ਕਾਊਂਟਰ ਤੋਂ ਹੀ ਦੋਹਾਂ ਵੱਲ ਝਾਤ ਮਾਰਦਿਆਂ ਕਿਹਾ, "ਬੇਟਾ ਜੀ! ਕਾਫੀ ਵੀ ਲੈ ਲਉ ਜੀ, ਤੁਹਾਡਾ ਆਪਣਾ ਸਟੋਰ ਏ ਜੀ। ਕੋਈ ਦਿੱਕਤ ਨਹੀਂ ਜੀ।"

ਦਲਜੀਤ ਨੇ ਵਿਕਰਮ ਦੇ ਨੇੜੇ ਹੋ ਕੇ ਕਿਹਾ, "ਯਾਰ ਪਤਾ ਨਹੀਂ, ਦੇਸੀ ਨੂੰ ਦੇਸੀ ਦੀ ਬਦਬੂ ਕਿ ਖੁਸ਼ਬੂ ਆ ਜਾਂਦੀ ਏ? ਝੱਟ ਪਛਾਣ ਹੋ ਜਾਂਦੀ ਏ।"

ਦੋਹਾਂ ਨੇ ਪਾਣੀ ਦੀਆਂ ਬੋਤਲਾਂ ਕਾਊਂਟਰ 'ਤੇ ਲਿਆ ਰੱਖੀਆਂ। ਗਾਹਕ ਨਾ ਹੋਣ ਕਰਕੇ ਭਾਪਾ ਜੀ ਨੂੰ ਵਿਹਲਾ ਵੇਖ ਉਹਦੇ ਸਨਮੁੱਖ ਹੋ ਦੋਵੇਂ ਟੇਡੇ ਜਿਹੇ ਸਵਾਲ ਕਰਨ ਲੱਗ ਪਏ, "ਭਾਪਾ ਜੀ! ਸਾਨੂੰ ਤੇ ਡਰ ਲੱਗਦਾ ਏ, ਆਹ ਜਿਹੜੇ ਤੁਸੀਂ ਵੱਡੇ ਵੱਡੇ ਚਾਕੂ-ਛੁਰੀਆਂ ਵੇਚਣ ਲਈ ਡਿਸਪਲੇ 'ਤੇ ਲਾਈਆਂ ਨੇ। ਉਤੋਂ ਤੁਸੀਂ ਸਿੱਖੀ ਸਰੂਪ, ਦਾੜ੍ਹੀ ਰੱਖੀ ਤੇ ਪੱਗ ਬੰਨੀ ਏ, ਅਮਰੀਕਨ ਸਾਡੀਆਂ ਸ਼ਕਲਾਂ ਸ਼ੱਕੀ ਅਤਿਵਾਦੀਆਂ ਨਾਲ ਮੇਲ ਰਹੇ ਨੇ। ਸਾਨੂੰ ਤੇ ਜੀ ਕਲੀਨ ਸ਼ੇਵ ਹੋ ਕੇ ਵੀ ਕਾਊਂਟਰ 'ਤੇ ਖਲੋਂਦਿਆਂ ਅੱਜ ਕਲ ਡਰ ਆਉਂਦਾ ਏ, ਪਰ ਤੁਸੀਂ...! ਸ਼ਰਾਰਤੀਆਂ ਨੂੰ ਬਾਹਰੋਂ ਹਥਿਆਰ ਲਿਆਉਣ ਦੀ ਲੋੜ ਵੀ ਨਹੀਂ ਰਹਿਣ ਦਿੱਤੀ, ਇਥੋਂ ਈ ਚੁੱਕੋ ਤੇ ਵਰਤ ਲਵੋ। ਉਨ੍ਹਾਂ ਆਹ ਚਾਕੂ-ਛੁਰੀਆਂ ਈ ਵਰਤ ਲੈਣੀਆਂ ਮਾਰਨ ਤੇ ਲੁੱਟਣ ਲਈ। ਤੁਹਾਨੂੰ ਡਰ ਨਹੀਂ ਲੱਗਦਾ? ਅੰਦਰ ਜਗ੍ਹਾ ਵੀ ਘੱਟ ਈ ਏ! ਤਾਂ ਈ ਗਰੋਸਰੀ ਥੋੜੀ ਏ। ਸੇਲ ਕਿੰਨੀ ਕੁ ਹੋ ਜਾਂਦੀ ਏ? ਸਟੋਰ ਛੱਡਦੇ ਕੁਝ?"

ਇਹ ਸਭ ਸੁਣ ਭਾਪਾ ਜੀ ਨੇ ਬੜੇ ਸ਼ਾਂਤ ਸੁਭਾਅ ਜਵਾਬ ਦਿੱਤਾ, "ਕਾਕਾ ਜੀ! ਮਜ਼ਾਕ ਸੋਹਣਾ ਕਰਦੇ ਓ। ਤੁਸਾਂ ਦੇ ਸਵਾਲ ਮੁੱਕ ਗਏ ਕਿ ਰਹਿੰਦੇ ਨੇ?"

ਦੋਹਾਂ ਨੇ ਇਕੱਠਿਆਂ ਹੀ "ਹਾਂਜੀ-ਹਾਂਜੀ" ਆਖਦਿਆਂ ਸਿਰ ਹਿਲਾਇਆ ਤੇ ਬੋਲੇ, "ਅਸੀਂ ਤਾਂ ਪੰਜਾਬੀ ਤੇ ਸਿੱਖ ਹੋਣ ਦੇ ਨਾਤੇ ਕਿਹਾ।"

ਭਾਪਾ ਜੀ ਐਨਕਾਂ ਠੀਕ ਕਰਦੇ ਬੋਲੇ, "ਕਾਕਾ ਜੀ! ਗੁੱਸਾ ਨਾ ਕਰਨਾ, ਤੁਸਾਂ ਸਿੱਖ ਤਾਂ ਹੈ ਨਹੀਂ। ਹਾਂ! ਪੰਜਾਬੀ ਮੰਨ ਲੈਨੇਂ ਆਂ ਜੀ। ਕੋਈ ਗੱਲ ਨਹੀਂ, ਤੁਸਾਂ ਦੀ ਕਹੀ ਸਿਰ ਮੱਥੇ। ਹੁਣ ਜੋ ਮੈਂ ਕਹਿਨਾਂ ਸੁਣੋ! ਅਸੀਂ ਕੋਈ ਕੰਮ ਛੋਟਾ ਨਹੀਂ ਸਮਝਦੇ, ਮਿਹਨਤ ਕਰਨਾ ਇਨਸਾਨ ਦਾ ਧਰਮ ਏ। ਵੇਖੋ ਜੀ, ਕਿਰਤ ਕਰਨ 'ਚ ਕਾਹਦੀ ਸ਼ਰਮ! ਜੇ ਲੋੜ ਪਏ, ਅਸੀਂ ਰੇਹੜੀ ਵੀ ਲਾ ਸਕਦੇ ਆਂ। ਛੋਟੇ ਕੰਮ 'ਚੋਂ ਈ ਕਮਾਈ ਕਰਕੇ ਵੱਡਾ ਬਣਾ ਸਕਦੇ ਆਂ, ਬਸ ਕੇਸਾਂ ਦੀ ਬੇਅਦਬੀ ਨਹੀਂ ਕਰ ਸਕਦੇ। ਅਸਾਂ ਮੌਤ ਤੋਂ ਨਹੀਂ ਡਰਦੇ, ਜਿਥੇ ਲਿਖੀ ਤੇ ਜਦੋਂ ਲਿਖੀ, ਆ ਜਾਣੀ ਏ।"

ਭਾਪਾ ਜੀ ਨੇ ਉਨ੍ਹਾਂ ਦੇ ਸਵਾਲਾਂ ਦਾ ਘਰ ਪੂਰਾ ਕਰਕੇ, ਉਤੋਂ ਆਪਣੇ ਸਵਾਲਾਂ ਦੀ ਉਨ੍ਹਾਂ ਅੱਗੇ ਝੜੀ ਲਾ ਦਿੱਤੀ, "ਤੁਸੀਂ ਸਿੱਖ ਇਤਿਹਾਸ ਤਾਂ ਥੋੜ੍ਹਾ-ਬਹੁਤਾ ਜਾਣਦੇ ਹੋ? ਛੋਟੇ ਸਾਹਿਬਜ਼ਾਦੇ ਯਾਦ ਨੇ ਕਿ ਨਹੀਂ? ਵੱਡੇ ਸਾਹਿਬਜ਼ਾਦੇ? ਉਹ ਕਿਤੇ ਡਰੇ ਸਨ, ਮੌਤ ਤੋਂ? ਉਨ੍ਹਾਂ ਸਿੱਖੀ ਲਈ ਤੇ ਜ਼ੁਲਮ ਖਿਲਾਫ ਜਾਨਾਂ ਵਾਰ ਦਿੱਤੀਆਂ। ਯਾਦ ਕਰੋ, ਗੁਰੂ ਤੇਗ ਬਹਾਦਰ ਜੀ ਨੂੰ। ਕਾਕਾ ਜੀ, ਉਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ। ਇਹ ਸਿੱਖੀ ਬਹੁਤ ਕੁਰਬਾਨੀਆਂ ਦੇ ਕੇ ਮਿਲੀ ਏ। ਆਹ ਵੇਖਦੇ ਓ, ਆਹ ਪੱਗ!"

ਉਸ ਨੇ ਦੋਹਾਂ ਹੱਥਾਂ ਨਾਲ ਆਪਣੀ ਪੱਗ 'ਤੇ ਹੱਥ ਫੇਰਦਿਆਂ ਬੜੇ ਫਖਰ ਨਾਲ ਗੱਲ ਜਾਰੀ ਰੱਖੀ, "ਸਿੱਖ ਨੂੰ ਤਾਜ...।" ਏਨੇ ਨੂੰ ਇਕ ਗਾਹਕ ਆ ਖਲੋਤਾ ਤੇ ਗੱਲਾਂ ਦੀ ਲੜੀ ਟੁੱਟ ਗਈ।

ਦੋਵੇਂ ਦੋਸਤ ਪਿਛੇ ਹੋ ਘੁਸਰ-ਮੁਸਰ ਕਰਨ ਲੱਗੇ, "ਬਈ ਧੰਨ ਇਹ ਬੰਦਾ! ਇਹ ਨਹੀਂ ਡਰਦਾ ਮਾਸਾ ਵੀ।"

ਗਾਹਕ ਤੋਰ ਕੇ ਭਾਪਾ ਜੀ ਫੇਰ ਸ਼ੁਰੂ ਹੋ ਗਏ, "ਤੱਕੋ ਜੀ! ਗਾਹਕੀ ਦਾ ਟਾਈਮ ਏ, ਤੇ ਸਾਡਾ ਇਤਿਹਾਸ ਬਹੁਤ ਲੰਮਾ ਏ। ਮੈਂ ਕਦੀ ਵਿਹਲੇ ਵੇਲੇ ਤੁਹਾਨੂੰ ਸੁਣਾ ਦੇਵਾਂਗਾ। ਬਾਕੀ ਅਸੀਂ ਸਟੋਰ 'ਤੇ ਮਾਲ ਨੰਬਰ ਇਕ ਰੱਖਦੇ ਆਂ। ਸਾਡੇ ਰੇਟ ਵੀ ਬਾਕੀ ਸਟੋਰਾਂ ਨਾਲੋਂ ਥੋੜੇ ਵੱਧ ਰੱਖੇ ਨੇ। ਅਸੀਂ ਦੋਵੇਂ ਜੀਅ ਚਲਾਨੇਂ ਆਂ। ਸਵੇਰੇ ਛੀ ਵੱਜੇ ਖੋਲ੍ਹ ਕੇ ਰਾਤੀਂ ਦੱਸ ਵੱਜੇ ਬੰਦ ਕਰ ਛੋੜਨੇਂ ਆਂ। ਕੋਈ ਨੌਕਰ ਨਹੀਂ ਰੱਖਿਆ। ਵੇਖੋ ਜੀ ਇਹ ਸਾਰੀ ਵਾਹਿਗੁਰੂ ਦੀ ਬਖਸ਼ਿਸ਼ ਏ। ਦਾਲ ਫੁਲਕਾ ਚੱਲਦਾ ਏ। ਇਕੋ ਤਕਲੀਫ ਏ, ਆਹ ਜਿਹੜਾ ਤੰਬਾਕੂ ਵਾਲਾ ਮਾਲ ਵੇਚਣਾ ਪੈਂਦਾ। ਇਹ ਵੀ ਤੱਕੋ ਜੀ, ਰੋਟੀ ਰੋਜ਼ੀ ਦਾ ਮਸਲਾ ਏ, ਨਹੀਂ ਤਾਂ ਤਮਾਕੂ ਵਾਲਾ ਕੁੱਤਾ ਕੰਮ ਕਿਸ ਨੇ ਕਰਨਾ ਸੀ! ਅਸੀਂ ਦੁਕਾਨਦਾਰ ਆਂ, ਜੇ ਗਾਹਕ ਭੈੜਾ ਬੋਲਦੇ, ਹੱਥ ਬੰਨ ਛੋੜੀ ਦੇ ਨੇ। ਅਸਾਂ ਗਾਹਕ ਨਾਲ ਕੁਝ ਵੰਡਣਾ ਏ! ਗਾਹਕ ਤਾਂ ਕਾਕਾ ਜੀ ਰੱਬ ਦਾ ਰੂਪ ਹੁੰਦਾ ਏ। ਮੈਂ ਜਿਸ ਦਿਨ ਸਟੋਰ ਲਿਆ ਸੀ, ਉਸ ਵਕਤ ਤੋਂ ਅੱਜ ਤੱਕ, ਪੰਝੀ ਪਰਸੈਂਟ ਸੇਲ ਵਧਾ ਛੋੜੀ ਏ ਤੇ ਏਨੀ ਹੋਰ ਵਧਾ ਛੋੜਨੀ ਏ।"

ਦੋਹਾਂ ਮੁੰਡਿਆਂ 'ਚੋਂ ਇਕ ਜਣੇ ਨੇ ਪਾਣੀ ਦੇ ਪੈਸੇ ਦੇਣ ਲਈ ਜੇਬ 'ਚੋਂ ਆਪਣਾ ਵਾਲਟ ਕੱਢਿਆ।

"ਕਾਕਾ ਜੀ! ਕੇ ਕਰਦੇ ਓ? ਤੁਹਾਡਾ ਆਪਣਾ ਸਟੋਰ ਏ, ਮੈਂ ਤੇ ਆਹਨਾਂ ਕਾਫੀ ਦਾ ਕੱਪ ਕੱਪ ਵੀ ਹੋ ਜਾਏ।" ਭਾਪਾ ਜੀ ਨੇ ਮੁੰਡੇ ਦੇ ਵਾਲਟ ਵਾਲੇ ਹੱਥ ਨੂੰ ਪਿੱਛੇ ਧੱਕਦਿਆਂ ਕਿਹਾ।

ਦਲਜੀਤ ਨੇ ਖਚਰਾ ਜਿਹਾ ਹੱਸਦਿਆਂ ਕਿਹਾ, "ਭਾਪਾ ਜੀ! ਕਾਫੀ ਦਾ ਕੱਪ ਨਹੀਂ, ਕੌੜਾ ਪਾਣੀ ਪੀਵਾਂਗੇ, ਜਦੋਂ ਪੰਝੀ ਪਰਸੈਂਟ ਸੇਲ ਹੋਰ ਵਧ ਗਈ।"

ਭਾਪਾ ਜੀ ਨੂੰ ਫਤਿਹ ਬੁਲਾ ਦੋਵੇਂ ਬਾਹਰ ਆ ਕੇ ਕਾਰ 'ਚ ਬੈਠ ਗਏ। ਵਿਕਰਮ ਨੇ ਕਾਰ ਸੜਕ 'ਤੇ ਪਾ ਲਈ ਤੇ ਦਲਜੀਤ ਵੱਲ ਮੂੰਹ ਕਰ ਕੇ ਬੋਲਿਆ, "ਹਾਂ! ਫਿਰ ਕਿਵੇਂ ਲੱਗਾ? ਬਈ ਦਲਜੀਤ ਇਕ ਗੱਲ ਮੰਨਣੀ ਪੈਣੀ ਐ।"

ਦਲਜੀਤ ਬੋਲਿਆ, "ਉਹ ਕੀ?"

"ਉਹ ਵੀਰੇ ਇਹੀ ਕਿ ਜੇ ਸਿੱਖੀ ਸਾਂਭੀ ਤਾਂ ਇਨ੍ਹਾਂ ਭਾਪਿਆਂ! ਬਾਕੀ ਸਿੱਖ! ਕੀ ਕਹਾਂ? ਜਿਨ੍ਹਾਂ ਚੌਧਰਾਂ ਪਿਛੇ ਗੁਰੂ ਘਰਾਂ 'ਚ ਨਿੱਤ ਜੂਤ-ਪਤਾਂਗ ਕੀਤਾ ਜਾਂ ਕਰਵਾਇਆ। ਬਾਕੀ ਅਸੀਂ ਤੇ ਸਾਡੇ ਵਰਗੇ ਹੋਰ ਸਿੱਖਾਂ ਦੇ ਬੱਚੇ ਤਾਂ ਇੰਡੀਆ ਵਿਚ ਹੀ ਘੋਨ-ਮੋਨ ਹੋ ਗਏ। ਜਿਸ ਦੇ ਬਾਹਰ ਆਉਣ ਦੀ ਅਜੇ ਕਿਤੇ ਗੱਲ ਈ ਚੱਲਦੀ ਹੁੰਦੀ ਏ, ਉਹ ਝੱਟ ਜਾ ਕੇ ਬਾਕੀ ਤਿਆਰੀ ਤੋਂ ਪਹਿਲਾਂ ਹੀ ਨਾਈ ਨੂੰ ਪੈਸੇ ਵਟਾ ਆਉਂਦਾ। ਭਾਪਿਆਂ ਦੇ ਬੱਚੇ ਇੰਡੀਆ 'ਚ ਤਾਂ ਸਿੱਖੀ 'ਚ ਪੱਕੇ ਹੈ ਈ ਨੇ, ਬਾਹਰ ਆ ਕੇ ਵੀ ਚੜ੍ਹਦੀ ਕਲਾ ਵਿਚ ਰਹਿੰਦੇ ਨੇ।"

ਵਿਕਰਮ ਨੂੰ ਟੋਕਦਾ ਦਲਜੀਤ ਬੋਲਿਆ, "ਆਹੋ! ਮਿੱਠੀਆਂ ਗੋਲੀਆਂ ਦੇ ਕੇ ਠੱਗੀ ਵੀ ਚੰਗੀ ਲਾਉਂਦੇ ਨੇ।"

"ਉਏ ਮਾਮਾ! ਠੱਗੀ ਕਾਹਦੀ? ਇਹਨੂੰ ਵਪਾਰ ਤੇ ਵਧੀਆ ਕਸਟਮਰ ਸਰਵਿਸ ਆਖਦੇ ਨੇ। ਸਾਡੇ ਵਾਂਗ ਵੱਢ ਖਾਣ ਨਹੀਂ ਪੈਂਦੇ। ਨਾਲੇ ਵਪਾਰ 'ਚ ਮੁਨਾਫਾ ਤੇ ਘਾਟਾ ਈ ਹੁੰਦਾ ਏ, ਕੋਈ ਵੱਧ ਬਣਾਉਂਦੇ ਤੇ ਕੋਈ ਘੱਟ। ਆਖਦੇ ਨੇ ਨਾ, ਪਈ ਪਿਆਰ ਨਾਲ ਭਾਵੇਂ ਅਗਲੇ ਦਾ ਚੰਮ ਲਾਹ ਲਓ। ਜਿਵੇਂ ਸਾਡੇ ਖ਼ੂਨ 'ਚ ਅੱਖੜਪੁਣਾ ਏ, ਇਨ੍ਹਾਂ ਦੇ ਖ਼ੂਨ 'ਚ ਮਿੱਠਾ ਬੋਲਣਾ ਤੇ ਵਪਾਰ। ਇਹ ਇਕੱਲਾ ਦਿਮਾਗ ਵਰਤਦੇ ਨੇ, ਅਸੀਂ ਦਿਮਾਗ ਨਾਲੋਂ ਵੱਧ ਸਰੀਰ। ਕੋਈ ਭਾਪਾ ਵੇਖਿਆ ਟਰੱਕ ਚਲਾਉਂਦਾ? ਫੈਕਟਰੀ 'ਚ ਕੰਮ ਕਰਦਾ ਜਾਂ ਔਡ ਜਾਬ ਕਰਦਾ? ਓਨਲੀ ਬਿਜ਼ਨਸ, ਬਸ ਬਿਜ਼ਨਸ। ਇਹ ਤਾਂ ਬੱਚਿਆਂ ਨੂੰ ਵੀ ਜੀ ਕਹਿ ਕੇ ਬੋਲਦੇ ਬੁਲਾਉਂਦੇ ਨੇ।"

ਦਲਜੀਤ ਕਹਿਣ ਲੱਗਾ, "ਲੈ ਮਿੱਤਰਾ ਵਿੱਕੀ! ਮੇਰੀ ਗੱਲ ਅੱਜ ਦੀ ਤਰੀਕ 'ਚ ਲਿਖ ਲੈ, ਭਾਪਾ ਜੀ ਨੇ ਸਾਲ ਖੰਡ 'ਚ ਇਹੀ ਸਟੇਸ਼ਨ ਚੰਗੇ ਮੁਨਾਫੇ 'ਚ ਕਿਸੇ ਨੂੰ ਮੜ੍ਹ ਦੇਣੈ ਤੇ ਕੋਈ ਹੋਰ ਵੱਡਾ ਬਿਜ਼ਨਸ ਲੈ ਲੈਣਾ, ਪਰ ਗੈਸ ਸਟੇਸ਼ਨ ਦਾ ਬਿਜ਼ਨਸ ਨਹੀਂ ਕਰਨਗੇ।"

ਵਿਕਰਮ ਨੇ ਜਵਾਬ ਦਿਤਾ, "ਯਾਰ ਧੱਕੇ ਨਾਲ ਕਿਵੇਂ ਕੋਈ ਕਿਸੇ ਦੇ ਗਲ ਪਾ ਦਊ। ਖਰੀਦਣ ਵਾਲਾ ਕਿਤੇ ਅੰਨਾ ਹੁੰਦੈ? ਉਹ ਆਪਣੀ ਸਿਆਣਪ ਵਰਤੇ ਤੇ ਤਸੱਲੀ ਕਰਕੇ ਲਵੇ।"

ਅਜੇ ਇਸ ਗੱਲ ਨੂੰ ਸਾਲ ਨਹੀਂ ਸੀ ਬੀਤਿਆ, ਇਕ ਦਿਨ ਸਵੇਰੇ ਸਵੇਰੇ ਵਿਕਰਮ ਨੂੰ ਫੋਨ ਆਇਆ। ਅੱਗੋਂ ਦਲਜੀਤ ਬੋਲ ਰਿਹਾ ਸੀ, "ਓਏ ਵਿੱਕੀ! ਚੇਪ'ਤਾ ਭਾਪੇ ਨੇ। ਮੈਂ ਤੈਨੂੰ ਕਿਹਾ ਸੀ ਨਾ।"

"ਕਿਹਨੂੰ?"

"ਸੋਨੂੰ ਘੋਤੜੇ ਨੂੰ, ਕੱਲ ਈ ਵੇਚਿਆ ਈ।"

ਅੱਗੋਂ ਵਿੱਕੀ ਬੋਲਿਆ, "ਓਏ ਸਾਹ 'ਤੇ ਲੈ ਲਾ! ਸੋਨੂੰ ਨੂੰ ਨਹੀਂ, ਬਿੱਲੇ ਸੁਭਾਨਪੁਰ ਨੇ ਲਿਆ ਈ। ਇਹ ਸੇਲਾਂ ਆਨੇ ਪੱਕੀ ਖਬਰ ਏ। ਮੈਨੂੰ ਵੀ ਰਾਤੀਂ ਫੋਨ ਆ ਗਿਆ ਸੀ, ਖਾਸ ਬੰਦੇ ਦਾ। ਭਾਪਾ ਜੀ ਨੇ ਦੋ ਲੱਖ ਦਾ ਖਰੀਦਿਆ ਸੀ ਤੇ ਪੰਜ ਦਾ ਵੇਚਿਆ ਈ। ਤਿੰਨ ਲੱਖ ਬਣਾ ਗਿਆ ਈ ਸਟੋਰ ਦੇ, ਪਿਛਲਾ ਖਾਲੀ ਪਲਾਟ ਵੀ ਰੱਖ ਗਿਆ ਈ। ਹੋਰ ਸੁਣ ਅੱਗੋਂ ਬਰਾਂਡਿਡ ਮੋਟਲ ਵੀ ਲੈ ਗਿਆ ਈ, ਡੇਢ ਸੌ ਕਮਰੇ ਦਾ।"

ਦਲਜੀਤ ਹੈਰਾਨੀ ਨਾਲ, "ਹੈਂ! ਤੇਰੀ ਦੀ, ਉਏ ਸਦਕੇ ਜਾਵਾਂ ਭਾਪਾ ਜੀ ਦੇ।"

ਹੈਪੀ ਫਾਦਰ 'ਜ਼ ਡੇਅ

ਨਿੱਕੇ ਹੁੰਦਿਆਂ ਸੁਣਦੇ ਸਾਂ ਕਿ ਬਾਪੂ ਘਰ ਦੀ ਛੱਤ ਹੁੰਦਾ ਹੈ। ਘਰ ਦੀ ਛੱਤ ਵਾਂਗ ਬਾਪੂ ਵੀ ਸਾਰੇ ਪਰਿਵਾਰ ਨੂੰ ਸਾਂਭ ਸੰਭਾਲ ਕੇ ਰਖਦਾ ਹੈ। ਬਾਪ ਦੇ ਹੁੰਦਿਆਂ ਪਰਿਵਾਰ ਦੇ ਕਿਸੇ ਵੀ ਜੀਅ ਦੇ ਸਿਰ 'ਤੇ ਕੋਈ ਭਾਰ ਨਹੀਂ ਹੁੰਦਾ ਕਿਉਂਕਿ ਘਰ ਪਰਿਵਾਰ ਦੀ ਸਾਰੀ ਜਿੰਮੇਵਾਰੀ ਦੀ ਪੰਡ ਬਾਪੂ ਨੇ ਆਪਣੇ ਸਿਰ 'ਤੇ ਚੁਕੀ ਹੁੰਦੀ ਹੈ ਅਤੇ ਘਰ ਦਾ ਹਰ ਜੀਅ ਬਾਪੂ ਰੂਪੀ ਛੱਤ ਥੱਲੇ ਸੁਖ ਆਰਾਮ ਨਾਲ ਜੀ ਸਕਦਾ ਹੈ। ਪਰ ਬਦਲੇ ਜ਼ਮਾਨੇ ਵਿਚ ਇਹ ਗੱਲਾਂ ਪੁਰਾਣੀਆਂ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਹੋ ਗਈਆਂ ਹਨ। ਅੱਜ ਦੇ ਬੱਚੇ ਬਾਪੂ ਨੂੰ ਘਰ ਦੀ ਛੱਤ ਨਹੀਂ ਬਲਕਿ ਸਿਰ ਦਾ ਭਾਰ ਸਮਝਦੇ ਹਨ।

ਸਮੇਂ ਦੇ ਨਾਲ ਨਾਲ ਬਹੁਤ ਸਾਰੇ ਰਸਮਾਂ ਤੇ ਰਿਵਾਜ ਵੀ ਬਦਲ ਗਏ ਹਨ, ਰਹਿਣ-ਬਹਿਣ ਦੇ ਤੌਰ ਤਰੀਕੇ ਬਦਲ ਗਏ ਹਨ। ਫਾਦਰ'ਜ਼ ਡੇਅ ਭਾਵੇਂ ਸਾਡੇ ਸਭਿਆਚਾਰ ਜਾਂ ਸਮਾਜ ਵਿਚ ਸ਼ਾਮਲ ਨਹੀਂ ਹੈ ਪਰ ਹੁਣ ਅਸੀਂ ਇਸ ਨੂੰ ਅਪਨਾ ਚੁਕੇ ਹਾਂ। ਸਾਡੇ ਸਮਾਜ ਵਿਚ ਤਾਂ ਨਾ ਬਾਪ ਤੇ ਨਾ ਮਾਂ ਦਾ ਕੋਈ ਦਿਨ ਸੀ। ਚੰਗੀ ਗੱਲ ਹੈ ਕਿ ਅਸੀਂ ਇਸ ਨੂੰ ਹੀ ਅਪਨਾ ਲਿਆ ਹੈ, ਬਾਪ ਜਾਂ ਮਾਂ ਲਈ ਸਾਲ ਵਿਚ ਇਕ ਇਕ ਦਿਨ ਹੋਣਾ ਚੰਗੀ ਗੱਲ ਹੈ ਪਰ ਸਾਲ ਮਗਰੋਂ ਬਾਪੂ ਨੂੰ ਇਕ ਛੋਟਾ ਮੋਟਾ ਤੋਹਫਾ ਲੈ ਦੇਣਾ ਜਾਂ ਬਾਹਰ ਕਿਸੇ ਰੈਸਟੋਰੈਂਟ ਵਿਚ ਰੋਟੀ ਖੁਆ ਦੇਣੀ, ਕੀ ਇਸ ਨਾਲ ਬਾਪੂ ਨੂੰ ਖੁਸ਼ੀ ਮਿਲ ਜਾਂਦੀ ਹੈ? ਨਹੀਂ, ਬਿਲਕੁਲ ਹੀ ਨਹੀਂ। ਭਲਾ ਕੋਈ ਕਿਸੇ ਬਾਪੂ ਨੂੰ ਪੁੱਛ ਕੇ ਤਾਂ ਵੇਖੇ, ਉਸ ਦੇ ਅੰਦਰ ਕੀ ਤੂਫਾਨ ਉਠ ਰਹੇ ਹਨ, ਉਹ ਕਿਹੜੇ ਹਾਲ ਵਿਚ ਹੈ?

ਅਜੋਕੀ ਜ਼ਿੰਦਗੀ ਆਪਣੀ ਰਫਤਾਰ ਤੋਂ ਵੀ ਜ਼ਿਆਦਾ ਤੇਜ਼ ਦੌੜ ਰਹੀ ਹੈ। ਕੌਣ ਕਿਥੇ ਹੈ ਅਤੇ ਕੀ ਕਰ ਰਿਹਾ ਹੈ? ਕਿਸੇ ਨੂੰ ਵੀ ਖਬਰ ਨਹੀਂ ਹੈ। ਵੱਡੇ ਵੱਡੇ ਘਰ, ਮਹਿੰਗੀਆਂ ਗੱਡੀਆਂ, ਅਮੀਰ ਤੋਂ ਹੋਰ ਅਮੀਰ ਬਣਨ ਦੀ ਲਾਲਸਾ ਅਤੇ ਇਕ ਦੂਜੇ ਤੋਂ ਅੱਗੇ ਲੰਘ ਜਾਣ ਦੀ ਜੋ ਦੌੜ ਲੱਗ ਗਈ ਹੈ, ਉਸ ਵਿਚ ਪਰਿਵਾਰਕ ਰਿਸ਼ਤੇ ਨਾਤੇ ਸਭ ਟੁੱਟ-ਤਿੜਕ ਗਏ ਹਨ। ਇਨ੍ਹਾਂ ਟੁੱਟੇ ਰਿਸ਼ਤਿਆਂ ਦਾ ਮੁੜ ਜੁੜਨਾ ਮੁਸ਼ਕਿਲ ਹੀ ਨਹੀਂ, ਨਾ ਮੁਮਕਿਨ ਹੋ ਗਿਆ ਹੈ। ਆਪਣੇ ਮੁਲਕ ਦੀਆਂ ਤਾਂ ਹੁਣ ਗੱਲਾਂ ਹੀ ਨਿਆਰੀਆਂ ਹਨ, ਸਾਰੇ ਦਾ ਸਾਰਾ ਪੱਛਮ ਜਿਵੇਂ ਪੰਜਾਬ ਵਿਚ ਹੀ ਜਾ ਵੜਿਆ ਹੋਵੇ! ਉਥੇ ਹੁਣ ਜ਼ਿੰਦਗੀ ਸਟਾਈਲ ਨਾਲ ਚਲਦੀ ਹੈ। ਪੰਜਾਬ ਕੀ ਅਤੇ ਅਮਰੀਕਾ, ਕੈਨੇਡਾ ਕੀ-ਰਿਸ਼ਤਿਆਂ ਨੂੰ ਹਰ ਥਾਂ ਰੱਜ ਕੇ ਢਾਹ ਲੱਗੀ ਹੈ। ਕਿਤੇ ਵੀ ਵੇਖ ਲਓ, ਨਵੀਂ ਅਤੇ ਜ਼ਿਆਦਾ ਪੜ੍ਹੀ ਲਿਖੀ ਪੀੜ੍ਹੀ ਮਾਂ ਬਾਪ ਤੋਂ ਬਹੁਤ ਦੂਰ ਹੋਈ ਜਾ ਰਹੀ ਹੈ ਜਾਂ ਹੋ ਚੁਕੀ ਹੈ। ਬਜ਼ੁਰਗ ਮਾਂਵਾਂ ਅਤੇ ਬਾਪੂਆਂ ਦੇ ਜੋ ਅੱਜ ਹਾਲ ਹੋ ਰਹੇ ਹਨ, ਉਹ ਅਸੀਂ ਸਾਰੇ ਹੀ ਜਾਣਦੇ ਹਾਂ।

'ਫਰੀਦਾ ਮੈ ਜਾਨਿਆ ਦੁਖੁ ਮੁਝ ਕੂ
ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ
ਤਾਂ ਘਰਿ ਘਰਿ ਏਹਾ ਅਗਿ॥'

ਕਿਸੇ ਨੂੰ ਭਾਵੇਂ ਬੁਰਾ ਲੱਗੇ ਜਾਂ ਚੰਗਾ ਪਰ ਅਜੋਕਾ ਸੱਚ ਇਹ ਹੈ ਕਿ ਬਜ਼ੁਰਗਾਂ ਨੂੰ ਵਤਨਾਂ ਤੋਂ ਇਥੇ ਇਸ ਕਰਕੇ ਨਹੀਂ ਲਿਆਇਆ ਜਾਂਦਾ ਕਿ ਉਨ੍ਹਾਂ ਦੀ ਸੇਵਾ ਚੰਗੀ ਤਰ੍ਹਾਂ ਕਰ ਸਕੀਏ ਜਾਂ ਅਸੀਂ ਉਨ੍ਹਾਂ ਨੂੰ ਬਹੁਤ ਪਿਆਰ ਕਰਦੇ ਹਾਂ। ਨਾ ਜੀ ਨਾ, ਬਿਲਕੁਲ ਹੀ ਨਹੀਂ। ਸਾਡੇ ਵਿਚ ਇਥੇ ਜੋ ਮਾਇਆ ਦੀ ਦੌੜ ਲਗ ਚੁਕੀ ਹੈ, ਉਹ ਸਾਨੂੰ ਮਜਬੂਰ ਕਰ ਦਿੰਦੀ ਹੈ ਕਿ ਸਾਡੇ ਨਿੱਕੇ ਨਿਆਣੇ ਅਤੇ ਘਰ ਦੀ ਸਾਂਭ-ਸੰਭਾਲ ਲਈ ਸਾਨੂੰ ਕੋਈ ਨਾ ਕੋਈ ਬੰਦਾ ਜ਼ਰੂਰ ਚਾਹੀਦਾ ਹੈ। ਉਦੋਂ ਹੀ ਸਾਨੂੰ ਮਾਂ-ਬਾਪੂ ਦੀ ਯਾਦ ਆਉਂਦੀ ਹੈ। ਥੋੜ੍ਹੀ ਦੌੜ ਭੱਜ ਤੋਂ ਬਾਅਦ ਬਜ਼ੁਰਗ ਇਥੇ ਪਹੁੰਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਗੱਲ ਸਮਝ ਵਿਚ ਆਉਣ ਲੱਗ ਪੈਂਦੀ ਹੈ ਕਿ ਹੁਣ ਜੋ ਹੋਣਾ ਸੀ, ਹੋ ਚੁਕਾ ਹੈ। ਉਨ੍ਹਾਂ ਲਈ ਇਸ ਨਵੀਂ ਜ਼ਿੰਦਗੀ ਵਿਚ ਸਮਾਈ ਕਰਨੀ ਬੇਹੱਦ ਮੁਸ਼ਕਿਲ ਹੋ ਜਾਂਦੀ ਹੈ ਪਰ ਮਾਂ-ਬਾਪ ਫਿਰ ਵੀ ਔਲਾਦ ਦੇ ਮੋਹ ਵਿਚ ਸਭ ਕੁਝ ਸਹਿਣ ਦੀ ਆਦਤ ਪਾ ਲੈਂਦੇ ਹਨ।

ਬਾਪੂ ਬੱਚਿਆਂ ਨੂੰ ਸਵੇਰੇ ਸਕੂਲ ਛੱਡਣ ਜਾਂਦਾ ਹੈ ਅਤੇ ਫਿਰ ਸਕੂਲ ਤੋਂ ਘਰ ਲੈ ਕੇ ਆਉਂਦਾ ਹੈ। ਮਾਂ ਸਾਰਾ ਦਿਨ ਘਰ ਦੇ ਕੰਮ ਕਾਜ-ਰੋਟੀ ਪਕਾਉਣ, ਭਾਂਡੇ ਮਾਂਜਣ ਤੋਂ ਲੈ ਕੇ ਸਾਫ ਸਫਾਈਆਂ ਤੇ ਕੱਪੜੇ-ਲੀੜੇ ਧੋਣ ਵਿਚ ਰੁੱਝ ਜਾਂਦੀ ਹੈ। ਜਿਹੜੇ ਕੰਮ ਬਜ਼ੁਰਗਾਂ ਨੇ ਵਤਨੋਂ ਆਣ ਕੇ ਖੁਸ਼ੀ ਨਾਲ ਕਰਨੇ ਸ਼ੁਰੂ ਕੀਤੇ ਸਨ, ਉਹ ਹੌਲੀ ਹੌਲੀ ਰੁਟੀਨ ਵਿਚ ਉਨ੍ਹਾਂ ਦੇ ਮੋਢਿਆਂ ਦਾ ਭਾਰ ਬਣ ਜਾਂਦੇ ਹਨ। ਹਰ ਹਫਤੇ ਅਗਲੇ-ਪਿਛਲੇ ਵਿਹੜੇ ਦਾ ਘਾਹ ਕੱਟਣਾ, ਫੁੱਲ ਬੂਟਿਆਂ ਦੀ ਵੱਢ ਵਢਾਈ ਵਗੈਰਾ ਬਾਪੂ ਜੀ ਦੀ ਡਿਊਟੀ ਵਿਚ ਆਪਣੇ ਆਪ ਸ਼ਾਮਿਲ ਹੋ ਜਾਂਦੇ ਹਨ।

ਬਾਪੂ ਵੀ ਚਾਹੁੰਦਾ ਹੈ, ਕਦੀ ਕਦਾਈਂ ਉਸ ਦਾ ਪੁੱਤ-ਨੂੰਹ ਉਨ੍ਹਾਂ ਦੇ ਕੋਲ ਬੈਠਣ, ਹਾਲ ਚਾਲ ਪੁੱਛਣ, ਆਪਣੇ ਘਰ ਦੀਆਂ ਗੱਲਾਂ ਵਿਚ ਉਸ ਦੀ ਵੀ ਮਰਜ਼ੀ ਸ਼ਾਮਿਲ ਕਰਨ ਪਰ ਪੁੱਤ-ਨੂੰਹ ਕੋਲ ਸਮਾਂ ਹੀ ਕਿਥੇ ਹੈ? ਉਹ ਬੁੱਢੇ ਬਾਪੂ ਨਾਲ ਕੋਈ ਗੱਲ ਕਿਵੇਂ ਕਰਨ? ਨਵੇਂ ਜ਼ਮਾਨੇ ਦੀਆਂ ਗੱਲਾਂ ਅਤੇ ਕੰਮ ਕਾਜਾਂ ਵਿਚ ਭਲਾ ਪੁਰਾਣੀ ਸੋਚ ਸਮਝ ਰੱਖਣ ਵਾਲੇ ਬਾਪੂ ਨੂੰ ਸ਼ਾਮਿਲ ਕਰਨ ਦੀ ਜ਼ਰੂਰਤ ਹੀ ਕਿਥੇ ਹੈ! ਇਸ ਲਈ ਪੁਰਾਣੇ ਅਤੇ ਨਵੇਂ ਖਿਆਲ ਜਦ ਮੇਚ ਨਹੀਂ ਆਉਂਦੇ ਤਾਂ ਵਖਰੇਵਾਂ ਹੋਰ ਵਧਦਾ ਜਾਂਦਾ ਹੈ। ਬਾਪੂ ਕੁਝ ਹੋਰ ਸੋਚਦਾ ਸੀ ਪਰ ਪੁੱਤਰ ਦੀ ਸੋਚ ਹੋਰ ਹੈ। ਉਸ ਨੂੰ ਬਾਪੂ ਦਾ ਕੋਈ ਸੁਝਾਉ ਜਾਂ ਦਖਲਅੰਦਾਜ਼ੀ ਬਿਲਕੁਲ ਹੀ ਪਸੰਦ ਨਹੀਂ ਪਰ ਉਹ ਹੀ ਪੁੱਤਰ ਜਦ ਫਾਦਰ'ਜ਼ ਡੇਅ ਵਾਲੇ ਦਿਨ ਸਾਲ ਮਗਰੋਂ ਬਾਪੂ ਲਈ ਕੋਈ ਗਿਫਟ ਲੈ ਕੇ ਆਉਂਦਾ ਹੈ ਜਾਂ ਬਾਪੂ ਨੂੰ ਬਾਹਰ ਰੋਟੀ ਖੁਆਉਣ ਲਈ ਆਖਦਾ ਹੈ ਤਾਂ ਬੁੱਢੇ ਬਾਪੂ ਦੀਆਂ ਅੱਖੀਆਂ ਵਿਚ ਲੁਕੋ ਕੇ ਰੱਖੀ ਪੀੜਾ ਸਹਿਜੇ ਹੀ ਬਾਹਰ ਨੂੰ ਨਿਕਲ ਤੁਰਦੀ ਹੈ। ਮੂੰਹੋਂ ਭਾਵੇਂ ਉਹ ਕੁਝ ਵੀ ਨਾ ਬੋਲੇ ਪਰ ਅੰਦਰ ਉਸ ਦੇ ਜਵਾਲਾ ਮੁਖੀ ਫਟਣ ਨੂੰ ਤਿਆਰ ਹੁੰਦਾ ਹੈ। ਬਾਪੂ ਭਾਵੇਂ ਆਪਣੇ 'ਤੇ ਕਾਬੂ ਪਾ ਕੇ ਰੱਖਦਾ ਹੈ ਪਰ ਉਸ ਦੇ ਅੰਦਰ ਦੀ ਅੱਗ ਉਸ ਨੂੰ ਹਰ ਵੇਲੇ ਹੀ ਸਾੜਦੀ ਰਹਿੰਦੀ ਹੈ ਜਿਸ ਨਾਲ ਉਹ ਆਤਮਿਕ ਅਤੇ ਸਰੀਰਕ ਤੌਰ 'ਤੇ ਟੁਟਣਾ ਸ਼ੁਰੂ ਹੋ ਜਾਂਦਾ ਹੈ।

ਸਵਾਲ ਹੈ ਕਿ ਅੱਜ ਦੇ ਬੱਚੇ ਬਾਪੂ ਕੋਲ ਕਿੰਨੀ ਕੁ ਵਾਰ ਦੋ ਘੜੀਆਂ ਬੈਠਦੇ ਹਨ, ਹੱਸਦੇ ਖੇਡਦੇ ਹਨ, ਜਾਂ ਉਨ੍ਹਾਂ ਨੂੰ ਕਿਤੇ ਬਾਹਰ-ਅੰਦਰ ਵੀ ਲੈ ਕੇ ਜਾਂਦੇ ਹਨ! ਕਿੰਨੀਆਂ ਕੁ ਖੁਸ਼ੀਆਂ ਬਾਪੂ ਨੂੰ ਦਿੰਦੇ ਹਨ ਅਤੇ ਬਾਪੂ ਕੋਲੋਂ ਕਿੰਨੀਆਂ ਕੁ ਅਸੀਸਾਂ ਲੈਂਦੇ ਹਨ! ਜਵਾਨੀ ਨੂੰ ਤਾਂ ਬਢਾਪੇ ਵੱਲ ਮੁੜ ਕੇ ਵੇਖਣ ਦੀ ਵਿਹਲ ਹੀ ਨਹੀਂ ਹੈ। ਉਸ ਦਾ ਆਪਣਾ ਟਾਈਮ ਬਹੁਤ ਹੀ ਕੀਮਤੀ ਹੈ, ਉਹ ਫਾਲਤੂ ਕੰਮ ਕਿਉਂ ਕਰੇ?

ਇਥੇ ਮੈਂ ਇਹ ਵੀ ਜ਼ਰੂਰ ਕਹਾਂਗੀ ਕਿ ਕੁਝ ਭਾਗਾਂ ਵਾਲੇ ਬੱਚੇ ਇਹੋ ਜਿਹੇ ਵੀ ਹੁੰਦੇ ਹਨ ਜੋ ਆਪਣੇ ਮਾਂ ਬਾਪ ਦਾ ਰੱਜ ਕੇ ਸਤਿਕਾਰ ਕਰਦੇ ਹਨ ਪਰ ਉਨ੍ਹਾਂ ਦੇ ਮਾਂ ਬਾਪ ਡਿਕਟੇਟਰਸ਼ਿਪ ਕਰਨੋਂ ਨਹੀਂ ਮੁੜਦੇ ਅਤੇ ਬੱਚਿਆਂ ਦਾ ਜੀਣਾ ਹਰਾਮ ਕਰ ਰੱਖਦੇ ਹਨ। ਕਈ ਤਾਂ ਬੱਚਿਆਂ ਨੂੰ ਅਲੱਗ ਕਰਕੇ ਸਾਹ ਲੈਂਦੇ ਹਨ। ਇਹੋ ਜਿਹੇ ਸਹਿਨਸ਼ੀਲ ਬੱਚੇ ਹੈਣ ਤਾਂ ਸਹੀ ਪਰ ਬਹੁਤ ਘੱਟ। ਸਾਨੂੰ ਇਹ ਦਿਨ ਮਨਾਉਣ ਵੇਲੇ ਸੋਚਣਾ ਚਾਹੀਦਾ ਹੈ ਕਿ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਜਾਣ ਬੁੱਝ ਕੇ ਤਕਲੀਫਾਂ ਨਾ ਦੇਣ। ਬੱਚੇ ਵੀ ਮਾਪਿਆਂ ਪ੍ਰਤੀ ਬਣਦੀ ਆਪਣੀ ਜ਼ਿੰਮੇਦਾਰੀ ਨਜ਼ਰਅੰਦਾਜ਼ ਨਾ ਕਰਨ ਅਤੇ ਮਾਪਿਆਂ ਦਾ ਮਾਣ ਸਤਿਕਾਰ ਕਰਕੇ ਉਨ੍ਹਾਂ ਨੂੰ ਖੁਸ਼ੀਆਂ ਦੇਣ ਤੇ ਉਨ੍ਹਾਂ ਤੋਂ ਅਸੀਸਾਂ ਲੈਣ।

ਸੋਚਣ ਦੀ ਲੋੜ ਹੈ ਕਿ ਕੁਝ ਸਾਲਾਂ ਬਾਅਦ ਸਾਡੀ ਵੀ ਵਾਰੀ ਆਉਣ ਵਾਲੀ ਹੈ। ਆਪਣੀ ਬੀਜੀ ਹੋਈ ਖੇਤੀ ਸਾਨੂੰ ਆਪ ਹੀ ਵੱਢਣੀ ਪੈਣੀ ਹੈ। ਸੋ, ਇਕ ਦਿਨ ਹੀ ਨਹੀਂ, ਬਾਪੂ ਜੀ ਦਾ ਹਰ ਰੋਜ਼ ਸਤਿਕਾਰ ਕਰੀਏ, ਬਾਪੂ ਦੀ ਸੰਘਣੀ ਛਾਂ ਦਾ ਅਨੰਦ ਮਾਣੀਏ ਅਤੇ ਅਸੀਸਾਂ ਲਈਏ। ਮੇਰੇ ਵਲੋਂ ਸਾਰੀ ਦੁਨੀਆਂ ਦੇ ਪਿਤਾਵਾਂ, ਬਾਪੂਆਂ ਅਤੇ ਡੈਡੀਆਂ ਨੂੰ ਹੈਪੀ ਹੈਪੀ ਫਾਦਰ'ਜ਼ ਡੇਅ!

ਧੀ-ਧਿਆਨ ਕੈਲਾਸ਼ ਪੁਰੀ

ਪੋਠੋਹਾਰ ਵਿਚ ਜੰਮੀ-ਪਲੀ ਕੈਲਾਸ਼ ਪੁਰੀ 92 ਵਰ੍ਹੇ ਭੋਗ ਕੇ 10 ਜੂਨ ਨੂੰ ਇਸ ਸੰਸਾਰ ਤੋਂ ਰੁਖਸਤ ਹੋ ਗਈ। ਉਹਨੇ ਕਵਿਤਾ, ਕਹਾਣੀ, ਨਾਵਲ ਤੇ ਵਾਰਤਕ ਲਿਖੀ, ਪਰ ਉਸ ਦੀ ਸਭ ਤੋਂ ਵੱਧ ਚਰਚਾ ਸੇਜ ਵਿਗਿਆਨ ਬਾਰੇ ਲਿਖੀਆਂ ਰਚਨਾਵਾਂ ਕਰ ਕੇ ਹੋਈ। ਜਿੰਨੀ ਦਲੇਰੀ ਨਾਲ ਉਸ ਨੇ ਇਸ ਵਿਸ਼ੇ ਉਤੇ ਕਲਮ ਚਲਾਈ, ਪੰਜਾਬੀ ਦਾ ਕੋਈ ਹੋਰ ਲਿਖਾਰੀ ਉਸ ਦੇ ਕਿਤੇ ਨੇੜੇ-ਤੇੜੇ ਵੀ ਨਹੀਂ ਪੁੱਜਦਾ। ਸਭ ਤੋਂ ਵੱਡੀ ਗੱਲ, ਇਨ੍ਹਾਂ ਲਿਖਤਾਂ ਵਿਚ ਸਲੀਕਾ, ਸੁਹਜ, ਸੰਜਮ ਤੇ ਸਾਹਿਤਕ ਹੁਨਰ ਠਾਠਾਂ ਮਾਰਦਾ ਹੈ। ਇਸੇ ਕਰ ਕੇ ਇਹ ਰਚਨਾਵਾਂ ਅਮੁੱਲ ਹਨ। ਉਘੇ ਲਿਖਾਰੀ ਕਰਤਾਰ ਸਿੰਘ ਦੁੱਗਲ ਨੇ ਉਸ ਦੀ ਸਵੈ-ਜੀਵਨੀ 'ਬਾਰਿ ਜਾਉ ਲਖ ਬੇਰੀਆ' ਦਾ ਮੁੱਖਬੰਦ ਲਿਖਿਆ ਸੀ ਜੋ ਅਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ ਅਤੇ ਨਾਲ ਹੀ ਸਵੈ-ਜੀਵਨੀ ਦਾ ਆਖਰੀ ਕਾਂਡ ਵੀ ਜਿਸ ਵਿਚ ਖਾਵੰਦ ਦੇ ਵਿਛੋੜੇ ਦਾ ਹਾਲ ਪਾਠਕ ਨੂੰ ਬੇਹਾਲ ਕਰਦਾ ਜਾਂਦਾ ਹੈ। -ਸੰਪਾਦਕ

ਪੋਠੋਹਾਰਨਾਂ ਆਪਣੇ ਹੁਸਨ ਲਈ ਜਾਣੀਆਂ ਜਾਂਦੀਆਂ ਹਨ। ਮੈਨੂੰ ਯਾਦ ਹੈ, ਬਟਵਾਰੇ ਤੋਂ ਤੁਰੰਤ ਬਾਅਦ ਰਾਵਲਪਿੰਡੀ ਦੇ ਪਾਸੇ ਦੀਆਂ ਕੁਝ ਕੁੜੀਆਂ ਨੂੰ ਪਟਿਆਲੇ ਸੜਕ ਕੰਢੇ ਖਲੋਤੀਆਂ ਵੇਖ ਕੇ ਸੰਤ ਸਿੰਘ ਸੇਖੋਂ ਨੇ ਕਿਹਾ ਸੀ, ਹੁਣ ਆਪਾਂ ਦਾ ਪਾਸਾ ਵੀ ਸਜ ਜਾਊ। ਪੋਠੋਹਾਰਨਾਂ ਹਸੀਨ ਹੋਣ ਨਾ ਹੋਣ, ਪਰ ਦੁੱਗਲਾਂ ਦੀਆਂ ਕੁੜੀਆਂ ਵਿਚ ਫੱਬਣ ਜ਼ਰੂਰ ਹੁੰਦੀ ਸੀ। ਚੰਗਾ ਖਾਂਦੀਆਂ, ਚੰਗਾ ਲਾਂਦੀਆਂ, ਹੱਸਦੀਆਂ, ਖੇਡਦੀਆਂ, ਪੀਂਘਾਂ ਝੂਟਦੀਆਂ, ਕਸੀਦੇ ਕੱਢਦੀਆਂ, ਮਾਹੀਏ ਦੇ ਟੱਪੇ ਗਾਂਦੀਆਂ, ਇਨ੍ਹਾਂ ਦਾ ਜੋਬਨ ਡੁਲ੍ਹ-ਡੁਲ੍ਹ ਪੈਂਦਾ। ਇਧਰੋਂ ਦੁੱਗਲ ਕੁੜੀ ਮੁਟਿਆਰ ਹੋਈ, ਜੁਆਨੀ ਦੀ ਮੁਹਾਠ 'ਤੇ ਉਸ ਪੈਰ ਪਾਇਆ, ਉਧਰ ਉਹ ਆਪਣੀ ਅੰਮੜੀ ਤੋਂ

ਕਰਤਾਰ ਸਿੰਘ ਦੁੱਗਲ

ਘਰ ਦੀਆਂ ਕੁੰਜੀਆਂ ਸੰਭਾਲ ਲੈਂਦੀ; ਘਰ ਦੀ ਸਾਂਭ-ਸਲੀਟ ਭੈਣਾਂ-ਭਰਾਵਾਂ ਦੀ ਦੇਖ-ਭਾਲ, ਚੁੱਲ੍ਹਾ-ਚੌਕਾ, ਕੱਪੜਾ-ਲੱਤਾ, ਲੈਣ-ਦੇਣ ਹਰ ਜ਼ਿੰਮੇਵਾਰੀ ਉਹਦੀ ਹੋ ਜਾਂਦੀ। ਜ਼ਿੰਮੇਵਾਰੀ ਜਾਂ ਹੁਕਮਰਾਨੀ! ਪਿਤਾ ਦੀ ਲਾਡਲੀ, ਮਾਂ ਦੀ ਸੁਘੜ ਜਾਈ, ਚੌਹੀਂ ਪਾਸੇ ਉਹਦਾ ਰਾਜ ਹੁੰਦਾ। ਫਿਰ ਕੁਝ ਚਿਰ ਹੋਰ ਤੇ ਜਦੋਂ ਉਹ ਪਰਨਾਈ ਗਈ, ਡੋਲੀ ਵਿਚ ਪੈ ਕੇ ਪਰਾਏ ਘਰ ਪੁਜੀ, ਉਹ ਆਪਣੇ ਘਰ ਵਾਲੇ ਦੀ ਬਾਂਦੀ ਬਣ ਜਾਂਦੀ। ਹੱਥ-ਬੱਧੀ ਗੁਲਾਮ! ਆਪਣੇ ਮਰਦ ਦੀਆਂ ਖਾਤਰਾਂ ਕਰੇਗੀ, ਉਸ ਲਈ ਸਜੇਗੀ, ਉਸ ਦੀ ਖੁਸ਼ੀ ਲਈ ਹੱਥ ਜੋੜੇਗੀ, ਉਹਦੀ ਉਨਤੀ ਲਈ ਮੱਥੇ ਰਗੜੇਗੀ। ਸਭ ਕੁਝ ਉਹਦਾ ਸਿਰ ਦਾ ਸਾਈਂ!

ਕੈਲਾਸ਼ ਪੁਰੀ ਦੀ ਸਵੈ-ਜੀਵਨੀ 'ਬਾਰਿ ਜਾਉ ਲਖ ਬੇਰੀਆ' ਦੇ ਸਮਰਪਣ ਤੋਂ ਮੇਰੇ ਇਸ ਦਾਅਵੇ ਦੀ ਪੁਸ਼ਟੀ ਹੁੰਦੀ ਹੈ। ਕੈਲਾਸ਼ ਪੁਰੀ ਭਾਵੇਂ ਦੁੱਗਲਾਂ ਦੀ ਧੀ ਨਾ ਹੋ ਕੇ ਦੋਹਤ੍ਰੀ ਹੈ। ਕੈਲਾਸ਼ ਦੀ ਮਾਂ ਸਾਡੇ ਪਿੰਡ ਧਮਿਆਲ ਦੀ ਜੰਮਪਲ ਸੀ।

ਮੈਨੂੰ ਇਕ ਤੋਂ ਵਧੀਕ ਦੁੱਗਲ ਕੁੜੀਆਂ ਦਾ ਚੇਤਾ ਆ ਰਿਹਾ ਹੈ, (ਆਪਣੀ ਸਵੈ-ਜੀਵਨੀ ਵਿਚ ਕੈਲਾਸ਼ ਪੁਰੀ ਨੇ ਵੀ ਉਨ੍ਹਾਂ ਦਾ ਜ਼ਿਕਰ ਕੀਤਾ ਹੈ) ਜਿਨ੍ਹਾਂ ਨੇ ਕੰਵਾਰੀਆਂ ਹੁੰਦਿਆਂ ਉਚੀ ਤੋਂ ਉਚੀ ਵਿਦਿਆ ਪ੍ਰਾਪਤ ਕੀਤੀ, ਪਰ ਜਦੋਂ ਵਿਆਹੀਆਂ-ਵਰ੍ਹੀਆਂ ਗਈਆਂ, ਆਪਣੇ ਘਰ ਵਾਲਿਆਂ ਦੀਆਂ ਬਸ ਤ੍ਰੀਮਤਾਂ ਹੋ ਕੇ ਰਹਿ ਗਈਆਂ; ਸਤਵੰਤੀਆਂ, ਉਨ੍ਹਾਂ ਦੇ ਬੱਚਿਆਂ ਦੀਆਂ ਮਾਂਵਾਂ ਤੇ ਹੋਰ ਕੁਝ ਵੀ ਨਹੀਂ। ਕੈਲਾਸ਼ ਪੁਰੀ, ਮੇਰੀ ਜਾਚੇ, ਇਸ ਦਾ ਇਕੋ-ਇਕ ਅਪਵਾਦ ਹੈ। ਇਸ ਦੀ ਸ਼ਾਬਾਸ਼ੀ, ਕਿਸੇ ਹੱਦ ਤੀਕ ਉਹਦੇ ਸਵਰਗਵਾਸੀ ਪਤੀ ਡਾਕਟਰ ਗੋਪਾਲ ਸਿੰਘ ਪੁਰੀ ਨੂੰ ਦੇਣੀ ਹੋਵੇਗੀ। ਇਥੋਂ ਤੀਕ ਕਿ ਇਹ ਸਵੈ-ਜੀਵਨੀ ਕੇਵਲ ਕੈਲਾਸ਼ ਪੁਰੀ ਦੀ ਨਾ ਹੋ ਕੇ ਕੈਲਾਸ਼ ਤੇ ਗੋਪਾਲ ਜੋੜੇ ਦੀ ਜੀਵਨੀ ਬਣ ਗਈ ਹੈ। ਏਕ ਜੋਤਿ ਦੋਇ ਮੂਰਤੀ! ਇੰਜ ਜਾਪਦਾ ਹੈ, ਸਵਾਸ ਸਵਾਸ ਇਹ ਲੋਕ ਤ੍ਰੀਮਤ-ਖਾਵੰਦ ਇਕੱਠੇ ਰਹੇ ਨੇ। ਇਕ ਦੂਜੇ ਦੇ ਹਰ ਕੰਮ ਵਿਚ ਸਾਂਝ, ਭਾਵੇਂ 'ਸੁਭਾਗਵਤੀ' ਰਿਸਾਲਾ ਸੰਪਾਦਿਤ ਕਰਨਾ ਹੈ ਤੇ ਭਾਵੇਂ ਫਰਾਂਸ ਵਿਚ, ਅਮਰੀਕਾ ਵਿਚ, ਅਫਰੀਕਾ ਵਿਚ ਕਿਸੇ ਗੋਸ਼ਟੀ ਵਿਚ ਸ਼ਾਮਲ ਹੋਣਾ ਹੈ। ਸੰਸਾਰ ਭਰ ਦੇ ਸਾਹਿਤ ਵਿਚ ਪਤੀ-ਪਤਨੀ ਦੀ ਸਾਹਿਤਕ ਸਾਂਝ ਇਨ੍ਹਾਂ ਵਰਗੀ ਹੋਰ ਕਿਤੇ ਨਹੀਂ ਮੈਨੂੰ ਨਜ਼ਰ ਆਂਦੀ। ਸਾਰਤ੍ਰ ਜੋੜੇ ਦਾ ਮੈਨੂੰ ਚੇਤਾ ਆਂਦਾ ਹੈ, ਪਰ ਉਨ੍ਹਾਂ ਆਪਣੇ ਆਪ ਨੂੰ ਮੀਆਂ-ਬੀਵੀ ਕਦੀ ਨਹੀਂ ਮੰਨਿਆ ਸੀ।

ਸਵੈ-ਜੀਵਨੀ ਆਪਣੇ ਬਾਰੇ ਵਾਕਫੀ ਨੂੰ ਕਲਾ ਵਿਚ ਢਾਲਣ ਦਾ ਨਾਂ ਹੁੰਦਾ ਹੈ, ਪਰ ਇੰਜ ਕਰਦੇ ਸਾਨੂੰ ਇਸ ਖਤਰੇ ਤੋਂ ਸੁਚੇਤ ਰਹਿਣਾ ਪੈਂਦਾ ਹੈ ਕਿ ਜੀਵਨ ਦੇ ਬਿਰਤਾਂਤ ਨੂੰ ਇਤਨਾ ਵੀ ਨਾ ਰੰਦਿਆ-ਤ੍ਰਾਸ਼ਿਆ ਜਾਏ ਕਿ ਉਹ ਕਹਾਣੀ ਬਣ ਕੇ ਰਹਿ ਜਾਏ। ਜੀਵਨ ਦੀ ਕਹਾਣੀ ਕਹਿਣ ਦੀ ਬਜਾਏ ਕਈ ਵਾਰ ਅਗਲੇ ਕਹਾਣੀ ਲਿਖਣੀ ਸ਼ੁਰੂ ਕਰ ਦਿੰਦੇ ਹਨ। ਸਵੈ-ਜੀਵਨੀ ਆਪਣੇ ਆਪ ਨੂੰ ਵਿਚੋਂ ਵਿਤ੍ਰੇਕ ਕਰਨ ਦਾ ਢੰਗ ਹੈ, ਆਪਣੇ ਅੰਦਰਲੇ ਨੂੰ ਉਜਾਗਰ ਕਰਨਾ ਹੁੰਦਾ ਹੈ। ਸਵੈ-ਜੀਵਨੀ ਸਮਾਜ ਤੇ ਨਿਜ ਦੇ ਵਕਤ ਦੇ ਇਤਿਹਾਸ ਵਿਚ ਸਮਝੌਤਾ ਹੁੰਦਾ ਹੈ, ਤੇ ਇੰਜ ਕਰਨ ਵਿਚ ਤੀਖਣ ਕਲਪਨਾ ਸ਼ਕਤੀ ਦੀ ਸਹਾਇਤਾ ਲਈ ਜਾਂਦੀ ਹੈ। ਸਮਾਜ ਤੇ ਨਿਜ ਦੇ ਤਜਰਬੇ ਵਿਚ ਸਾਂਝ ਦਰਸਾਈ ਹੁੰਦੀ ਹੈ, ਇਹ ਸਾਂਝ ਪਾਠਕ ਨੂੰ ਨਵੀਂ ਨੀਝ ਪ੍ਰਦਾਨ ਕਰਦੀ ਹੈ। ਸਵੈ-ਜੀਵਨੀ ਕਾਵਯਮਈ ਹੋ ਸਕਦੀ ਹੈ, ਪਰ ਕਰਤੀ, ਅਸਲੀਅਤ ਉਤੇ ਇਹਦੀ ਪਕੜ ਨਹੀਂ ਢਿਲਕਣੀ ਚਾਹੀਦੀ।

ਇਹ ਵੀ ਸੱਚਾਈ ਹੈ ਕਿ ਜੀਵਨ ਵਿਚ ਜੋ ਕੁਝ ਵਾਪਰਦਾ ਹੈ, ਉਹ ਸਭ ਕੁਝ ਸਵੈ-ਜੀਵਨੀ ਵਿਚ ਸ਼ਾਮਲ ਹੋਣ ਦਾ ਹੱਕਦਾਰ ਨਹੀਂ ਹੁੰਦਾ, ਤੇ ਕਈ ਵਾਰ ਨਾ ਕਹਿਣ ਵਾਲੀਆਂ ਗੱਲਾਂ ਵੀ ਇਤਨੀਆਂ ਦਿਲਚਸਪ ਹੁੰਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਪਾਠਕ ਨੂੰ ਸੁਆਦ-ਸੁਆਦ ਕਰ ਜਾਂਦਾ ਹੈ। ਇਹ ਬਿਰਤਾਂਤ ਕੈਲਾਸ਼ ਦੀ ਸੁਹਾਗ ਰਾਤ ਦਾ ਹੈ:

ਕੰਪਾਰਮੈਂਟ ਵਿਚ ਜਿਸ ਸੀਟ 'ਤੇ ਅਸੀਂ ਸਾਂ, ਉਥੇ ਜਾਂ ਸਾਹਮਣੀ ਸੀਟ 'ਤੇ ਹੋਰ ਕੋਈ ਮੁਸਾਫਿਰ ਨਹੀਂ ਸੀ, ਸਿਰਫ ਪਿਛਲੇ ਪਾਸੇ ਦੀਆਂ ਸੀਟਾਂ ਤੋਂ ਆਵਾਜ਼ ਆ ਰਹੀ ਸੀ। ਉਸ ਰਾਤ ਨਾ



ਗਰਮੀ, ਨਾ ਹੁੰਮਸ, ਨਾ ਪਤੰਗੇ, ਨਾ ਭੀੜ। ਇਕ ਚਾਦਰ ਸੀ ਸਫੈਦ ਤੇ ਮੇਰੀ ਪਿਆਜ਼ੀ ਝਿੱਲੀ (ਜ਼ਰੀਦਾਰ ਵੱਡਾ ਸਾਰਾ ਦੁਪੱਟਾ), ਛਣ ਛਣ ਚੂੜਾ... ਨਵਵਿਆਹਿਆ ਜੋੜਾ। ਰਾਤ ਗੀਤ ਗਾਉਂਦੀ ਰਹੀ। ਦੋ ਸਾਹਾਂ ਰਲ ਬੀਨ ਵਜਾਈ, ਦੋ ਸਾਹਾਂ ਗਲਵਕੜੀ ਪਾਈ। ਹੋਠਾਂ ਦੇ ਨਾਲ ਹੋਠ ਛੁਹਾ ਕੇ, ਨਰ-ਮਦੀਨ ਰਲ ਹੇਕ ਲਗਾਈ। ਹੈਰਾਨ ਸਾਂ, ਏਡੀ ਪ੍ਰਾਈਵੇਸੀ?

ਨਿਜ ਦੇ ਬਿਰਤਾਂਤ ਨੂੰ ਆਪਣੇ ਸਮੇਂ ਦੇ ਸਮਾਜ ਦੀ ਤਖਤੀ ਉਤੇ ਉਲੀਕਣਾ ਹੁੰਦਾ ਹੈ, ਕੈਲਾਸ਼ ਪੁਰੀ ਸਵੈ-ਜੀਵਨੀ ਦੇ ਇਸ ਅਹਿਮ ਗੁਣ ਤੋਂ ਸੁਚੇਤ ਜਾਪਦੀ ਹੈ। ਅਸੀਂ ਦੇਸ਼ ਦੀ ਵੰਡ ਨੂੰ ਦਿਨ-ਰਾਤ ਭੰਡਦੇ ਨਹੀਂ ਥੱਕਦੇ, ਪਰ ਹਿੰਦੂ-ਸਿੱਖਾਂ ਤੇ ਮੁਸਲਮਾਨਾਂ ਵਿਚ ਇਸ ਤਰ੍ਹਾਂ ਦੀ ਦੂਰੀ ਦੇ ਹੁੰਦਿਆਂ, ਮੇਰੀ ਜਾਚੇ, 1947 ਵਿਚ ਜੋ ਕੁਝ ਹੋਇਆ, ਉਹ ਥੋੜ੍ਹਾ ਸੀ:

ਜਦ ਕਦੀ ਵਿਹੜੇ ਵਿਚ ਮੰਜੀ 'ਤੇ ਬੈਠਿਆਂ ਰੋਟੀ ਖਾ ਰਹੀ ਜਾਂ ਚਾਹ ਪੀ ਰਹੀ ਹੁੰਦੀ ਤਾਂ ਜੇ ਫਜ਼ਲਦੀਨ ਜਾਂ ਦਿੱਤਾ (ਸਾਡੇ ਮੁਜ਼ਾਰੇ) ਘਰ ਆਏ ਹੁੰਦੇ, ਤੇ ਤਾਈ ਬਿਸ਼ਨੀ ਦੀ ਮੰਜੀ ਨਾਲ ਜ਼ਰਾ ਕੁ ਵੀ ਛੋਹ ਜਾਂਦਾ ਤਾਂ ਉਹ ਉਥੇ ਹੀ ਰੋਟੀ ਦਾ ਥਾਲ ਜਾਂ ਚਾਹ ਦਾ ਗਲਾਸ ਛੋੜ ਕੇ, ਨੱਸੀ ਨੱਸੀ ਹਾਤੇ ਤੇ ਜਾ ਕੇ ਕੱਪੜਿਆਂ ਸਮੇਤ ਨਹਾ ਕੇ ਮੁਸਲਮਾਨ ਦੀ ਛੋਹ ਉਤਾਰਦੀ। ਇਥੋਂ ਤੀਕ ਵੀ ਸੁਣਿਆ ਕਿ ਕਿਸੇ ਗਲੀ ਮੁਹੱਲੇ ਵਿਚੋਂ ਲੰਘਦਿਆਂ ਜੇ ਉਹਦੇ ਕਿਸੇ ਮੁਸਲਮਾਨ ਮਜ਼ਾਰੇ ਦਾ ਪ੍ਰਛਾਵਾਂ ਪੈਂਦਾ, ਤਦ ਵੀ ਉਹ ਨੇੜੇ ਦੀ ਬਾਵਲੀ ਜਾਂ ਦਰਿਆ 'ਤੇ ਨਹਾਣ ਜਾਂਦੀ। ਕੱਪੜਿਆਂ ਸਮੇਤ।

ਜਾਂ ਫਿਰ ਵਲਾਇਤ ਵਿਚ ਸਾਡੇ ਪਰਵਾਸੀਆਂ ਦੀ ਕਿਤੇ ਕਿਤੇ ਕਿੰਜ ਮਿੱਟੀ ਪਲੀਤ ਹੁੰਦੀ ਹੈ, ਤੇ ਉਹ ਕਿਤੇ ਆਪਣੇ ਧਰਮ ਕਰਮ ਨੂੰ ਨਿਬਾਹੁੰਦੇ ਹਨ, ਉਸ ਦੀ ਝਾਕੀ ਕੈਲਾਸ਼ ਪੁਰੀ ਦੇ ਇਸ ਬਿਰਤਾਂਤ ਤੋਂ ਮਿਲਦੀ ਹੈ:

ਸਾਡੀ ਵੱਡੀ ਸਮੱਸਿਆ ਪੱਗਾਂ ਨੂੰ ਮਾਇਆ ਲਗਾਣ ਦੀ ਸੀ। ਫ਼ੀ ਗਜ਼ ਸਾਵਾ ਕਿਥੇ ਸੁਕਾਈਏ? ਧੁੱਪ ਦਾ ਦੀਦਾਰ ਤਾਂ ਚਲੀਹਾ ਕੱਟਿਆਂ ਵੀ ਨਹੀਂ ਸੀ ਹੁੰਦਾ ਤੇ ਸਾਡੇ ਨਾਲੋਂ ਵੀ ਵੱਧ ਨੱਕ ਚੜ੍ਹੇ ਅੰਗਰੇਜ਼ ਗੁਆਂਢੀ, ਸੁੱਕਣੇ ਪਈ ਪਗੜੀ ਜਿਸ ਨੂੰ ਉਨ੍ਹਾਂ ਸਾੜ੍ਹੀ ਆਖਣਾ ਸੀ, ਕਦੀ ਗਵਾਰਾ ਨਾ ਕਰਦੇ। ਇਹ ਲੋਕ ਸਨਕ ਦੀ ਹੱਦ ਤੀਕ ਗੁਆਂਢੀਆਂ ਦੇ ਤੌਰ ਤਰੀਕੇ ਤੱਕ ਕੇ ਨੱਕ ਚਾੜ੍ਹਦੇ ਅਤੇ ਸ਼ਿਕਾਇਤ ਕਰਨ ਦੇ ਆਦੀ ਨੇ। ਅਸੀਂ ਬੀਵੀ ਮੀਆਂ ਰਾਤਾਂ ਜਾਗ ਜਾਗ ਕੇ ਅੱਧੀ ਰਾਤੀਂ, ਪੌੜੀਆਂ ਅਤੇ ਲੈਂਡਿੰਗ ਵਿਚ ਜਿਵੇਂ ਕਿਵੇਂ ਪੱਗ ਅੱਧ-ਆਠਰੀ ਕਰ ਕੇ ਆਪਣੇ ਕਮਰੇ ਦੇ ਹੀਟਰ ਅੱਗੇ ਬੜੇ ਕਹਿਰਾਂ ਨਾਲ ਸੁਕਾਂਦੇ ਸਾਂ।

ਕਿਤੇ ਕਿਤੇ ਕੈਲਾਸ਼ ਪੁਰੀ ਦਾ ਪੋਠੋਹਾਰੀ ਲੋਕਯਾਨ ਦਾ ਜ਼ਿਕਰ ਉਹਦੀ ਸਵੈ-ਜੀਵਨੀ ਦੀ ਬੇਜੋੜ ਜ਼ੀਨਤ ਬਣਿਆ ਹੁੰਦਾ ਹੈ। ਪੋਠੋਹਾਰੀਆਂ ਦੇ ਭਰਮਾਂ, ਵਹਿਮਾਂ, ਟੂਣੇ, ਟੋਟਕਿਆਂ ਦਾ ਬਿਰਤਾਂਤ ਆਪਣੇ ਆਪ ਵਿਚ ਸਾਹਿਤਕ ਹਾਸਲ ਹੈ। ਪੰਜਾਂ ਕੁੜੀਆਂ ਪਿਛੋਂ ਮੁੰਡੇ ਦੇ ਜਨਮ ਨੂੰ ਕਿਵੇਂ ਸੋਘਾ ਕੀਤਾ ਜਾਂਦਾ ਹੈ। ਕਿਵੇਂ ਭੈੜੀਆਂ ਬਦਰੋਆਂ, ਬਦਖੋਹਾਂ ਤੋਂ ਉਸ ਨੂੰ ਬਚਾਇਆ ਜਾਂਦਾ ਹੈ:

ਵਾਰਿਸ ਪੁੱਤਰ ਦੀ ਖੁਸ਼ੀ ਨਾਲ ਝੰਮ ਝੰਮ ਪੈਂਦੇ ਚਿਹਰੇ, ਚਿੰਤਾ 'ਚ ਲਹਿ ਗਏ। ਹੋਰ ਕਈ ਉਪਾਵਾਂ ਦੇ ਇਲਾਵਾ ਇਕ ਉਪਾਅ ਅਗੜ-ਪਿਛੜ ਫਿਰਦੀਆਂ ਨਾਕਸ ਰੂਹਾਂ ਅਤੇ ਸ਼ਠੀ ਦੀ ਕਰੋਪੀ ਦੀ ਨਿਖੇਧੀ ਕਰਨ ਲਈ ਉਸੇ ਰਾਤ ਕਰਨਾ ਜ਼ਰੂਰੀ ਸੀ।

"ਕਾਕੇ ਕੀ ਕਾਂਸ੍ਹੀ (ਕੈਂਹ) ਨੇ ਥਾਲੇ ਵਿਚ ਮੰਘੇਰ ਕਰ ਕੇ, ਵਿਚੋਂ ਲੰਘਾ ਲਓ ਤੇ ਫਿਰ ਉਸੇ ਰਾਤ ਧੁਰ ਕੋਠੇ 'ਤੇ ਚੜ੍ਹ ਕੇ ਉਚੀ ਉਚੀ ਰੌਲਾ ਪਾਉ, ਆਂਢ ਗੁਆਂਢ ਵਿਚ ਨਸ਼ਰ ਕਰੋ, "ਚੋਰ ਆਇਐ, ਚੋਰ ਆਇਐ, ਸਾੜੇ ਘਰ ਚੋਰ ਆਇਐ।"

ਤੇ ਜਿਸ ਕੁੜੀ ਕੈਲਾਸ਼ ਨੇ ਆਪਣੇ ਸਮਾਜ ਦਾ, ਆਪਣੀ ਬਰਾਦਰੀ ਦਾ, ਆਪਣੇ ਨਾਤੇ-ਰਿਸ਼ਤੇਦਾਰਾਂ ਦਾ, ਆਪਣੇ ਆਂਢ ਗੁਆਂਢ ਦਾ ਦੁਮਾਲਾ ਇੰਜ ਉਚਾ ਕੀਤਾ, ਉਹਦੇ ਜਨਮ ਦਾ ਇਹ ਬਿਆਨ, ਕਿਉਂਕਿ ਉਹ ਉਪਰੋਥਲੀ ਪੰਜਵੀਂ ਧੀ ਸੀ; ਪਾਠਕ ਲਈ ਕਵਿਤਾ ਦਾ ਆਭਾਸ ਦਿੰਦਾ ਪ੍ਰਤੀਤ ਹੁੰਦਾ ਹੈ:

ਗੋਮਾਂਦਾਈ ਨੇ ਕਾੜ, ਕੜਕਵੀਂ ਚਪੇੜ ਕੂਲੇ ਕੱਚੇ ਬੋਟ ਦੇ ਪਿੰਡੇ 'ਤੇ ਜੜੀ। ਕੰਬਦੀ ਬਾਲ-ਚੀਕ ਸੁਣ ਕੇ ਦਾਦੀ ਅਤੇ ਨਾਨੀ ਉਮ੍ਹਲਵੀਆਂ ਨਜ਼ਰਾਂ ਨਾਲ, ਨਿੱਕੀਆਂ ਨਿੱਕੀਆਂ ਜੰਘਾਂ ਦੇ ਵਿਚਕਾਰ ਤੱਕਣ ਲੱਗੀਆਂ। ਨਜ਼ਰਾਂ ਉਥੇ ਦੀਆਂ ਉਥੇ ਪਥਰਾਈਆਂ ਅਤੇ ਮੂੰਹ ਗਮ-ਬੱਦਲਾਂ ਕੱਜ ਲਏ!

ਜਨਮ-ਦਾਤੀ ਦੀ ਛਾਤੀ 'ਚੋਂ ਲੰਮੀ ਠੰਢੀ ਆਹ ਨਿਕਲੀ ਤੇ ਕਮਰੇ ਦੀਆਂ ਕੰਧਾਂ ਵਿਲਕ ਉਠੀਆਂ।

ਰੱਬ ਦਾ ਪੰਜਵਾਂ ਕਹਿਰ।
ਔਰਤ ਦੀ ਹੋਂਦ 'ਤੇ ਕੁੱਖ ਦੀ ਪੰਜਵੀਂ ਚਪੇੜ।
ਦੋਏ ਮਾਂਵਾਂ, ਇਸ ਸੋਗ ਨੂੰ ਸਹਿਲਦਿਆਂ ਓਹਲੇ ਵਿਚ, ਬਾਲ ਆਮਦ ਉਡੀਕਦਿਆਂ ਟਹਿਲ ਰਹੇ ਪਿਤਾ ਵਲ ਵੇਖਣ ਲੱਗੀਆਂ।
ਦਾਈ ਗੋਮਾਂ ਨੇ ਜਾ ਖਬਰ ਦਿੱਤੀ।
ਕੰਨ ਆਵਾਜ਼, ਸਾਹ ਉਥੇ ਦਾ ਉਥੇ, ਰੀੜ੍ਹ ਕੰਡਿਆਈ।
ਸਿਰ 'ਤੇ ਬਿਜਲੀ।
ਸਾਈਕਲ ਪੈਡਲ ਵਿਚ ਪੈਰ ਟੁੰਗਿਆ
ਘਰੋਂ ਨਿਕਲ ਗਏ।

'ਬਾਰਿ ਜਾਉ ਲਖ ਬੇਰੀਆ' ਦੀ ਸ਼ੁਰੂਆਤ 'ਸੂਰਜ ਕਿਰਨ ਮਿਲੇ' ਅਤੇ ਅੰਤਿਕਾ, ਸਾਂਝੀ ਜ਼ਿੰਦਗੀ ਦੀ ਵਾਸਤਵਿਕਤਾ, ਪਰਿਕਰਮਾ, ਜ਼ਾਵੀਏ ਤੇ ਹਾਸ਼ੀਏ, "ਜੋਤੀ ਜੋਤਿ ਰਲੀ ਸੰਪੂਰਨ ਥੀਆ ਰਾਮ" ਗੋਪਾਲ ਜੀ ਦੀ ਕਲਮ ਸਪੁਰਦ। ਇਹ ਤਜਵੀਜ਼ ਪੇਸ਼, ਸ਼ਬਦ ਹੋਠਾਂ 'ਤੇ, ਯਕਲੱਖਤ ਚਿੰਤਨ ਛਹਿਟਿਆ- ਚੁਭਣ, ਚੀਸ ਅਤੇ ਅੱਖਾਂ ਅੱਗੇ ਅਪਸ਼ਗਨ ਕਾਲਖ ਤੈਨਾਤ। ਇਹ ਕੀ ਆਖਿਐ? ਸੰਪੂਰਨ ਥੀਆ? ਇੰਜ ਕਿਉਂ ਆਖੀਏ? ਅਜੇ ਤਾਂ ਅਸੀਂ ਦੋਏ ਸਲਾਮਤ ਰੂਹੋ ਰੂਹ ਹਾਂ।

ਆਖਿਆ, ਸਿਰਫ "ਜੋਤੀ ਜੋਤਿ ਰਲੀ" ਲਿਖਾਂਗੇ।... ਕਿਸ ਨੂੰ ਕੈੜ ਕਿ ਇਨ੍ਹਾਂ ਭੌਤਿਕ ਅੱਖਾਂ ਉਹਲੇ ਕਿਹੜੀ ਬਣਤ ਬਣ ਰਹੀ ਸੀ? ਕਿ ਅਪੂਰਨਤਾ ਹੀ ਸੰਪੂਰਨਤਾ ਦਾ ਪ੍ਰਤੀਕ ਬਣੇਗੀ। ਲੇਕਿਨ... ਮੱਥੇ ਉਹੀ ਸਵਾਲ, "ਏਸ ਪ੍ਰਾਪਤੀ ਤੋਂ ਵਾਂਝਾ ਕਿਉਂ ਛੋੜ ਗਏ? ਇਹ ਖੱਪਾ ਕੌਣ ਭਰਸੀ? ਤੁਸਾਂ ਆਪਣੀ ਬੀਵੀ ਦਾ ਕਿਰਦਾਰ, ਰੋਸੇ, ਸ਼ਿਕਵੇ, ਖਾਮੀਆਂ, ਪਰਿਵਾਰ, ਸਨੇਹੀ ਸਬੰਧ ਬਾਰੇ ਕੁਝ ਨਾ ਭਾਖਿਆ? ਸਾਹਿਬ ਜੀ, ਇਹ ਸਦੀਵੀ ਸੱਲ ਮੇਰੇ ਅੰਤਲੇ ਸਵਾਸ ਤੀਕ 'ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਲੇਜੇ ਮਾਹਿ', ਏਸ ਮਨਫ਼ੀ 'ਤੇ 'ਤਪਿ ਹਿਆਉ ਜੀਅੜਾ ਬਿਲਲਾਇ।'

ਮਾਤ ਲੋਕ ਅਲਵਿਦਾਇਗੀ ਫਕਤ ਏਕ ਘੜੀ ਆਧੀ ਘੜੀ, ਤੇ ਹਜ਼ੂਰ ਫਰਮਾ ਰਹੇ, "ਡਾਰਲਿੰਗ ਤੁਸੀਂ ਬੜੀ ਦੇਰ ਦੇ ਆਏ ਹੋ, ਥੱਕ ਗਏ ਹੋਸੋ, ਜਾਉ ਥੋੜ੍ਹਾ ਆਰਾਮ ਕਰ ਲਉ", ਸੁਣ ਰਹੀ ਭੁਬਾਂ ਪਈਆਂ ਨਿਕਲਣ। ਇਹ ਅੰਤਿਮ-ਪਲ ਤੇ ਆਪਣੀ ਵਿਨੋਂ ਵਿਚ ਰਚੀ ਚੇਤਨਾ। ਪਲਕ ਝਪਕੀ ਤੇ ਫਿਰ ਫਰਮਾਨ, "ਬੱਚਿਆਂ ਨੂੰ ਬਿਠਾਉ ਮੈਂ ਪਾਠ ਕਰ ਲਵਾਂ।" ਤੇ ਫਿਰ ਮੰਜ਼ਲੇ ਮਕਸੂਦ, ਗੁਰੂ ਦਵਾਰ ਤੋਂ ਫਰਮਾਨ, "ਹੁਣ ਤੁਸੀਂ ਅਰਦਾਸ ਕਰ ਲਉ।" ਨਿਹਾਰ ਰਹੀ, ਪਰੀਪੂਰਨ ਪਰਕਾਸ਼ ਜਲੌਅ।

ਅੰਤਿਮ ਪਲ ਵੀ ਪ੍ਰਭੂ ਭਗਤੀ ਵਿਚ ਲੀਨ। ਮਹਾਰਾਜ ਸ਼ੁਕਰਾਨਾ ਅਤੇ 'ਬੱਚਿਆਂ ਨੂੰ ਬਿਠਾਉ', ਤਸਕੀਨ, ਸ਼ਾਂਤ, ਅਡੋਲ, ਗੁਰਮੁਖੀ ਆਤਮਾ, ਅਲੋਕਾਰ ਅੰਬਰੀਕ ਲੋਅ, ਆਪਣੇ ਪਿਆਰੇ ਬੱਚਿਆਂ ਨੂੰ ਅਤੇ ਅੱਗਿਉਂ ਉਨ੍ਹਾਂ ਦੇ ਬਾਲ, ਸਾਡੇ ਜਵਾਹਿਰਾਤ, ਪਿਤਾ ਪ੍ਰਿਤਪਾਲ ਪਰਮ ਆਨੰਦ ਬਿਰਤੀ ਵਿਚ "ਰਾਜਨ ਮਹਿ ਤੂ ਰਾਜਾ ਕਹੀਅਨ ਭੂਮਨ ਮੈਂ ਭੂਮਾ॥" "ਗਰੁਸਤਨ ਮਹਿ ਤੂ ਬਡੋ ਗਰੁਸਤੀ ਜੋਗਨ ਮਹਿ ਜੋਗੀ॥" ਆਪਣੀ ਅੰਸ ਨੂੰ ਅਸੀਸਾਂ ਦੇ ਰਹੇ।

ਨੂਰਾਨੀ ਹਾਜ਼ਰੀ, ਪਲੰਘ ਤੇ ਅਨਕੱਜੀ ਦਰਸ਼ਨੀ, ਸੰਦਲੀ ਛਾਤੀ ਉਤੇ ਚਮਟੇ ਦਿਲ ਅਤੇ ਖੂਨ ਹਰਕਤ ਦਰਜ ਕਰ ਰਹੇ ਬੀੜੇ, ਚਿਹਰੇ 'ਤੇ ਪਾਰਦਰਸ਼ੀ ਵਿਸਮਾਦ 'ਗੁਰ ਕਾ ਬਚਨ ਬਸੈ ਜੀਅ ਨਾਲੇ', ਰਹੱਸ ਦਾ ਆਲਮ, ਦੈਵੀ ਆਦੇਸ਼, 'ਹੁਣ ਤੁਸੀਂ ਅਰਦਾਸ ਕਰ ਲਉ', ਕੁੱਲ ਇਕ ਛਿਣ ਵਿਚ ਭੌਤਿਕ ਸਰੀਰ, ਸਥੂਲ ਕਾਇਆ ਵਿਚੋਂ ਰੂਹ-ਰੁਖਸਤੀ, ਅਦਿਖ ਦੇਸ ਤਿਆਰਾ ਅਤੇ ਗੁਰੂ ਚਰਨਾਂ ਵਿਚ ਅਰਦਾਸ। ਪੁਰ ਸਕੂਨ, ਪਰੀ ਪੂਰਨ,

ਆਖਰੀ ਕਾਂਡ

ਲੋਕ-ਪਰਲੋਕ ਸੰਗ-ਸਹਾਈ, ਅਨੰਤ ਪੰਥ-ਪਰਵੇਸ਼।

ਗੁਰੂ ਕੀ ਨਗਰੀ ਅੰਮ੍ਰਿਤਸਰ ਗੁਰੂ ਨਾਨਕ

ਕੈਲਾਸ਼ ਪੁਰੀ ਦੀ ਸਵੈ-ਜੀਵਨੀ 'ਬਾਰਿ ਜਾਉ ਲਖ ਬੇਰੀਆ'

ਦੇਵ ਯੂਨੀਵਰਸਿਟੀ ਅਤੇ ਖਾਲਸਾ ਕਾਲਜ ਵੱਲੋਂ ਸਨਮਾਨ, ਸਿਰੋਪਾ ਦੁਸ਼ਾਲਿਆਂ ਨਾਲ ਸਤਿਕਾਰ ਅਤੇ ਸ਼ੁਕਰਾਨਾ, ਕਿਸ ਜਾਤ? ਇੰਜ ਇਹੋ ਮੱਥਾ ਟੇਕਸਾਂ ਤੁਸੀਂ ਕੀ? ਤੇ ਫਿਰ ਚਰਨ ਚੁੰਮਣ, ਮਸਤਕ ਤੇ ਉਹ ਟੋਟਾ ਧਰਤੀ, ਚੁੰਮ ਰਹੀ। ਪੁਛ-ਪੁਛ ਪਈ ਪੁਛਦੀ, "ਇਹ ਦੀਵਾ ਜਗਦਾ ਕਿਉਂ ਛਡ ਗਏ? 'ਪ੍ਰਭ ਜੀ ਤੂੰ ਮੇਰੇ ਪ੍ਰਾਨ ਅਧਾਰੇ।' ਹੁਕਮ ਅੱਗੇ ਸਿਰ ਨਿਵਿਆਂ, 'ਹੁਕਮੇ ਉਪਜੈ ਹੁਕਮੇ ਬਿਨਸੈ', ਤੇ ਫਿਰ ਆਪਣੇ ਸਵਾਮੀ, ਮੁਰਸ਼ਦ, ਪਰਮ-ਸ਼ਿਵਾ ਨੂੰ ਸਵਾਲ, 'ਆਪਣੇ ਕੋਲ ਕਦੋਂ ਬੁਲਾਸੋ ਜੀ? ਦਿਨ? ਮਹੀਨੇ? ਕਦੋਂ ਮਿਲਸਾਂ?'" "ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।"

ਸਾਹਿਬ ਜੀਉ ਤੁਸਾਂ ਮੇਜ਼ ਸਜਾਂਦੇ ਤੇ ਮੈਂ ਪਰਤ ਆਉਂਦੀ ਸਾਂ। ਹੁਣ ਉਸ ਦਸਤਰਖਾਨ 'ਤੇ ਪਈ ਤੁਸਾਂ ਦੀ ਪਲੇਟ ਸੱਖਣੀ, ਤੁਹਾਡਾ ਗਲਾਸ ਸੱਖਣਾ, ਤੁਸਾਂ ਦੀ ਸਮੂਰਤ ਗੈਰ-ਹਾਜ਼ਰੀ ਤੁਹਾਡੀ ਕੁਰਸੀ ਸੱਖਣੀ। ਚੰਨਾਂ, ਤੁਹਾਡੀ ਵਿਨੋਂ ਸੱਖਣੀ। ਡਾਢੀ ਸੱਖਣੀ-ਮੁਖਣੀ। ਸਾਹਿਬ ਜੀ ਕਿੰਜ ਦਿਲ ਕੀਤਾ ਨੇ, ਇਸ ਉਮਰ-ਸੰਧਿਆ ਵਿਚ ਘਲਿਆਂ ਮੁਲਿਆਂ ਛੋੜ ਗਏ? ਰਿੰਜ ਹੋ ਗਏ? ਕਦੋਂ ਤੱਕ ਇਹ ਤਨਹਾਈ, ਜੁਦਾਈ ਸੱਲ? ਹੁਣ ਮੈਂ ਕਿਸ ਦੀ ਗੁਲਾਮੀ ਗਲਿਅਮ ਕਰਸਾਂ? ਇਹ ਜੀਣਾ ਏ?

ਇਹ ਕਿਹੋ ਜਿਹਾ ਜੀਣਾ?
ਜਿੰਦ ਮੋਈ ਨੂੰ ਧੂੰਹਦੇ ਜਾਣਾ
ਨਾ ਮਰਨਾ ਨਾ ਜੀਣਾ
ਹਰ ਦਿਨ ਜੀਣਾ, ਹਰ ਪਲ ਮਰਨਾ
ਮੌਤ ਦੰਦੀ 'ਤੇ ਤੁਰਦੇ ਜਾਣਾ
ਪਰ, ਜਿੰਦ ਸਾਰੀ ਥੱਕੀ ਹਾਰੀ
ਘੋਰ ਦੁਖਿਆਸੀ
ਰੇਖ ਉਮਰ ਵਿਚ
ਮੇਖ ਮਾਰਨ ਦਾ ਹੀਆ ਨਾ ਜਿੰਦ ਨੇ ਕਰਨਾ
ਇਹ ਇਹੋ ਜਿਹਾ ਜੀਣਾ?

ਮੇਰੇ ਸਾਈਆਂ ਜੀਉ, ਮੈਂ ਆਪਣੀ ਆਰਾਧਨਾ, ਅਰਦਾਸ ਵਿਚ ਕੋਈ ਮਨਫ਼ੀ, ਕੋਈ ਤਬਦੀਲੀ ਨਹੀਂ ਕੀਤੀ, ਕਿਉਂ ਜੁ ਮੇਰੇ ਨਿਗਾਹਬਾਨ ਪਰਿਵਾਰ ਦੇ ਅੰਗ ਸੰਗ ਜੁ ਨੇ।

ਪਰ, "ਪ੍ਰੀਤਮਾ ਜੀਉ ਤੁਧ ਬਿਨ ਖਰੀ ਨਿਮਾਣੀ", ਮੇਰੇ ਸਾਹਿਬਾ, "ਸਭਿ ਅਵਗੁਣ ਮੈਂ ਗੁਣ ਨਹੀਂ ਕੋਈ", "ਤਦ ਵੀ ਇਕੋ-ਇਕ", "ਤੂੰ ਮਹਿੰਜਾ ਆਸਰਾ", ਸੋਧ ਦਿਉ ਸਵਾਮੀ, "ਐਸੀ ਕਿਰਪਾ ਮੋਹਿ ਕਰਹੁ ਸੰਤਹ ਚਰਨ ਹਮਾਰੋ ਮਾਥਾ।"

ਸਾਹਿਬ ਜੀਉ, ਦੋਇ ਕਰ ਜੋੜ ਵਾਰ ਵਾਰ ਨਮਸਕਾਰ, ਵਾਰੰਵਾਰ ਸ਼ੁਕਰੀਆ। ਸ਼ੁਕਰੀਆ ਮੁਹੱਬਤ ਦਾ, ਸਾਥ ਦਾ, ਇਲਮ ਅਤੇ ਅਲਮੀਅਤ ਦਾ, ਚੌਧਵੀਂ ਚਾਨਣ ਅਤੇ ਚੰਨ-ਪਰਿਵਾਰ ਦਾ, ਜੀਵਨ ਪੰਥ ਪਰਦਰਸ਼ਕ, ਜਗ ਮਗ ਸੂਰਜੀ ਲੋਅ, ਸੁਹਜ ਅਤੇ ਪਰਤਾਪ ਦਾ। ਇਸ਼ਕ, ਮੁਹੱਬਤ ਅਤੇ ਸਵਰਗੀ ਹੁਲਾਰ ਦਾ।

ਸੁ ਪ੍ਰਸੰਨ ਭਏ ਗੁਰਦੇਵ॥
ਪੂਰਨ ਹੋਈ ਸੇਵਕ ਕੀ ਸੇਵ॥
ਨਮੋ ਨਮੋ ਨਮੋ ਮੇਰੀ ਸਰਕਾਰ।

#

ਕਿਸਾਨਾਂ ਨੇ ਮੋਦੀ ਸਰਕਾਰ ਦੀ ਕੀਤੀ ਚੁਫੇਰਿਓਂ ਘੇਰਾਬੰਦੀ

ਚੰਡੀਗੜ੍ਹ: ਕਿਸਾਨਾਂ ਦਾ ਅੰਦੋਲਨ ਪੂਰੇ ਦੇਸ਼ ਵਿਚ ਫੈਲਦਾ ਜਾ ਰਿਹਾ ਹੈ। ਮਹਾਰਾਸ਼ਟਰ, ਮੱਧ ਪ੍ਰਦੇਸ਼ ਤੇ ਉਤਰ ਪ੍ਰਦੇਸ਼ ਵਿਚ ਕਿਸਾਨ ਅੰਦੋਲਨ ਗੰਭੀਰ ਲਹਿਰਾਂ ਦਾ ਰੂਪ ਧਾਰ ਗਏ ਹਨ। ਉਧਰ, ਪੰਜਾਬ ਦੇ ਕਿਸਾਨ ਵੀ ਇਸ ਸੰਘਰਸ਼ ਵਿਚ ਕੁੱਦ ਪਏ ਹਨ। ਕਰਜ਼ਿਆਂ ਅਤੇ ਖੁਦਕੁਸ਼ੀਆਂ ਦੇ ਦਿਓ ਕੱਦ ਮਸਲੇ ਉਤੇ ਪੰਜਾਬ ਦੀਆਂ 7 ਕਿਸਾਨ ਜਥੇਬੰਦੀਆਂ ਸੜਕਾਂ 'ਤੇ ਉਤਰ ਆਈਆਂ। ਇਨ੍ਹਾਂ ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸੱਦੇ ਉਤੇ ਕਿਸਾਨਾਂ ਨੇ ਕੈਪਟਨ ਸਰਕਾਰ ਨੂੰ ਘੇਰਦਿਆਂ ਪੰਜਾਬ ਭਰ ਵਿਚ 16 ਜ਼ਿਲ੍ਹਾ ਹੈਡਕੁਆਟਰਾਂ ਅਤੇ 2 ਸਬ ਡਵੀਜ਼ਨਾਂ ਵਿਖੇ ਧਰਨੇ/ਰੋਸ ਪ੍ਰਦਰਸ਼ਨ ਕੀਤੇ।

ਮੱਧ ਪ੍ਰਦੇਸ਼ ਦੇ ਮੰਦਸੌਰ ਜ਼ਿਲ੍ਹੇ ਵਿਚ ਇਕ ਥਾਣੇ ਦੀ ਸਾੜ-ਫੂਕ ਕਰਨ ਵਾਲੇ ਕਿਸਾਨਾਂ ਉਤੇ ਕਾਬੂ ਪਾਉਣ ਲਈ ਪੁਲਿਸ ਵੱਲੋਂ ਕੀਤੀ ਗਈ ਫਾਇਰਿੰਗ ਵਿਚ ਛੇ ਜਾਨਾਂ ਜਾਣ ਮਗਰੋਂ ਕਿਸਾਨਾਂ ਵਿਚ ਰੋਹ ਹੈ। ਮੰਦਸੌਰ ਤੇ ਗੁਆਂਢੀ ਜ਼ਿਲ੍ਹੇ ਨੀਮਚ ਵਿਚ ਹਿੰਸਾ ਤੇ ਸਾੜ-ਫੂਕ ਦੀਆਂ ਦਰਜਨਾਂ ਘਟਨਾਵਾਂ ਵਾਪਰੀਆਂ। ਅਜਿਹੇ ਅੰਦੋਲਨ ਇਸ ਕਰ ਕੇ ਹੋ ਰਹੇ ਹਨ ਕਿਉਂਕਿ ਇਸ ਵਾਰ ਤਿੰਨ ਰਾਜਾਂ ਵਿਚ ਬੰਪਰ ਫਸਲਾਂ ਹੋਈਆਂ ਹਨ, ਪਰ ਇਨ੍ਹਾਂ ਦੀ ਖਰੀਦ ਦੇ ਸੁਚੱਜੇ ਪ੍ਰਬੰਧ ਨਾ ਹੋਣ ਅਤੇ ਘੱਟੋ ਘੱਟ ਸਮਰਥਨ ਮੁੱਲ ਨਾ ਮਿਲਣ ਕਾਰਨ ਕਿਸਾਨਾਂ ਵਿਚ ਭਾਰੀ ਬੇਚੈਨੀ ਹੈ।

ਨਰੇਂਦਰ ਮੋਦੀ ਨੇ ਪਹਿਲਾਂ 2014 ਵਿਚ ਲੋਕ ਸਭਾ ਚੋਣਾਂ ਸਮੇਂ ਅਤੇ ਫਿਰ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਇਹ ਵਾਅਦਾ ਕੀਤਾ ਸੀ ਕਿ ਸਾਲ 2022 ਤੱਕ ਕਿਸਾਨੀ ਦੀ ਆਮਦਨ ਦੁਗਣੀ ਕਰ ਦਿੱਤੀ ਜਾਵੇਗੀ। ਦੂਜੇ ਪਾਸੇ ਜੋ ਮਾਹੌਲ ਚੱਲ ਰਿਹਾ ਹੈ, ਉਸ ਵਿਚ ਆਮਦਨ ਦੁੱਗਣੀ ਤਾਂ ਕੀ ਹੋਣੀ, ਵਧਣ ਦੀਆਂ ਸੰਭਾਵਨਾਵਾਂ ਵੀ ਬਹੁਤੀਆਂ ਦਮਦਾਰ ਨਹੀਂ ਜਾਪਦੀਆਂ। ਅਜਿਹੀ ਸੂਰਤੇਹਾਲ ਵਿਚ ਕਿਸਾਨਾਂ ਅੰਦਰ ਰੋਹ ਉਪਜਣਾ ਸੁਭਾਵਿਕ ਹੀ ਹੈ। ਮੱਧ ਪ੍ਰਦੇਸ਼ ਵਿਚ ਸਬਜ਼ੀਆਂ ਦੇ ਉਤਪਾਦਕਾਂ ਨੇ ਆਪਣੇ ਰੋਹ ਦੇ ਪ੍ਰਗਟਾਵੇ ਲਈ ਸਬਜ਼ੀਆਂ ਸ਼ਹਿਰਾਂ ਵਿਚ ਭੇਜਣ ਦੀ ਥਾਂ ਸੜਕਾਂ ਤੇ ਸ਼ਾਹਰਾਹਾਂ ਉਤੇ ਖਿੰਡਾ ਦਿੱਤੀਆਂ। ਇਹੀ ਕੁਝ ਦੁੱਧ ਦੇ ਮਾਮਲੇ ਵਿਚ ਕੀਤਾ ਗਿਆ। ਮਹਾਰਾਸ਼ਟਰ ਵਿਚ ਟਮਾਟਰਾਂ, ਪਿਆਜ਼ਾਂ, ਮਿਰਚਾਂ ਤੇ ਹੋਰ ਸਬਜ਼ੀਆਂ ਦੇ ਕਾਸ਼ਤਕਾਰ, ਸਰਕਾਰੀ ਪ੍ਰਬੰਧਾਂ ਤੋਂ ਬਹੁਤ ਔਖੇ ਹਨ। ਉਨ੍ਹਾਂ ਨੂੰ ਇਕ ਪਾਸੇ ਆਪਣੀਆਂ ਜਿਣਸਾਂ ਦੇ ਭਾਅ ਨਹੀਂ ਮਿਲ ਰਹੇ, ਦੂਜੇ ਪਾਸੇ ਖੇਤੀ ਕਰਜ਼ਿਆਂ ਦੇ ਸਬੰਧ ਵਿਚ ਸਰਕਾਰ ਤੋਂ ਕੋਈ ਰਾਹਤ ਨਹੀਂ ਮਿਲੀ। ਅੰਦੋਲਨ ਦੇ ਮੱਦੇਨਜ਼ਰ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਕਿਸਾਨਾਂ ਦਾ ਕੁਝ ਕਰਜ਼ਾ ਮੁਆਫ ਕਰਨ ਅਤੇ ਬਾਕੀ ਬਾਰੇ ਗੱਲਬਾਤ ਰਾਹੀਂ ਕੋਈ ਹੱਲ ਲੱਭਣ ਦਾ ਵਾਅਦਾ ਕੀਤਾ ਹੈ। ਅਜਿਹਾ ਕਰ ਕੇ ਉਨ੍ਹਾਂ ਨੇ ਅੰਦੋਲਨਕਾਰੀਆਂ ਵਿਚ ਇਕ ਵਾਰ ਦੁਫੇੜ ਤਾਂ ਪਾ ਦਿੱਤੀ ਹੈ, ਪਰ ਅਜਿਹੀ ਦੁਫੇੜ ਕਿਸਾਨੀ ਦੀ ਹੋਣੀ ਨੂੰ ਬਦਲਣ ਦੀ ਦਿਸ਼ਾ ਵੱਲ ਕੋਈ ਸਾਰਥਿਕ ਕਦਮ ਨਹੀਂ ਮੰਨੀ ਜਾ ਸਕਦੀ।

ਪੂਰੇ ਮੁਲਕ ਵਿਚ ਭਖਣ ਲੱਗਾ ਅੰਦੋਲਨ

ਮਹਾਰਾਸ਼ਟਰ ਵੱਲੋਂ ਕਰਜ਼ੇ ਮੁਆਫ ਕਰਨ ਦਾ ਐਲਾਨ

ਮੁੰਬਈ: ਮਹਾਰਾਸ਼ਟਰ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ ਤੇ ਨਾਲ ਹੀ ਕਰਜ਼ਾ ਮੁਆਫੀ ਦੇ ਮਾਪਦੰਡ ਤੈਅ ਕਰਨ ਲਈ ਕਮੇਟੀ ਬਣਾਉਣ ਦਾ ਫੈਸਲਾ ਲਿਆ ਹੈ। ਸਰਕਾਰ ਦੇ ਇਸ ਐਲਾਨ ਮਗਰੋਂ ਕਿਸਾਨਾਂ ਨੇ ਆਪਣਾ ਸੰਘਰਸ਼ ਵਾਪਸ ਲੈ ਲਿਆ ਹੈ। ਮਾਲ ਮੰਤਰੀ ਚੰਦਰਕਾਂਤ ਪਾਟਿਲ ਨੇ ਦੱਸਿਆ ਕਿ ਸਰਕਾਰ ਨੇ ਕਿਸਾਨਾਂ ਦਾ ਕਰਜ਼ਾ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਘੱਟ ਜ਼ਮੀਨਾਂ ਵਾਲੇ ਕਿਸਾਨਾਂ ਦਾ ਸਾਰਾ ਕਰਜ਼ਾ ਮੁਆਫ ਕੀਤਾ ਜਾਵੇਗਾ।

ਖੇਤੀ ਕਰਜ਼ਿਆਂ ਬਾਰੇ ਕੋਈ ਮਦਦ ਨਹੀਂ ਕਰੇਗਾ ਕੇਂਦਰ

ਨਵੀਂ ਦਿੱਲੀ: ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਕਿਸਾਨੀ ਕਰਜ਼ ਮੁਆਫੀ ਸਬੰਧੀ ਸੂਬਾ ਸਰਕਾਰਾਂ ਦੀਆਂ ਵਿੱਤੀ ਦੇਣਦਾਰੀਆਂ ਦਾ ਭਾਰ ਕੇਂਦਰ ਸਰਕਾਰ ਨਹੀਂ ਚੁੱਕੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਸੂਬੇ ਇਹ ਭਾਰ ਖੁਦ ਚੁੱਕਣ। ਜਦੋਂ ਮਹਾਰਾਸ਼ਟਰ ਸਰਕਾਰ ਵੱਲੋਂ ਕਰਜ਼ ਮੁਆਫੀ ਬਾਰੇ ਕੀਤੇ ਐਲਾਨ ਸਬੰਧੀ ਪੁੱਛਿਆ ਗਿਆ ਤਾਂ ਸ੍ਰੀ ਜੇਤਲੀ ਨੇ ਸਪੱਸ਼ਟ ਕੀਤਾ ਕਿ ਕੇਂਦਰੀ ਖਜ਼ਾਨੇ ਵਿਚੋਂ ਕੋਈ ਫੰਡ ਨਹੀਂ ਦਿੱਤਾ ਜਾਵੇਗਾ।

ਯੋਗੀ ਸਰਕਾਰ ਨੇ ਅਪਰਾਧਕ ਗਤੀਵਿਧੀਆਂ ਨੂੰ ਦਿੱਤੀ ਹਵਾ

ਲਖਨਊ: ਯੂ.ਪੀ. ਦੀ ਯੋਗੀ ਅਦਿੱਤਿਆਨਾਥ ਸਰਕਾਰ ਸੂਬੇ ਵਿਚ ਅਪਰਾਧ ਨੂੰ ਠੱਲ੍ਹ ਪਾਉਣ ਵਿਚ ਨਾਕਾਮ ਰਹੀ ਹੈ। ਖਾਸ ਤੌਰ ਉਤੇ ਬਲਾਤਕਾਰ ਦੀਆਂ ਘਟਨਾਵਾਂ ਵਿਚ ਦਿਨੋਂ-ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਯੋਗੀ ਦੇ ਰਾਜ ਵਿਚ 195 ਫੀਸਦੀ ਅਪਰਾਧ ਵਿਚ ਵਾਧਾ ਹੋਇਆ ਹੈ।

ਯੋਗੀ ਅਦਿੱਤਿਆਨਾਥ ਦੇ ਮੁੱਖ ਮੰਤਰੀ ਬਣਨ ਦੇ ਤਿੰਨ ਮਹੀਨੇ ਬਾਅਦ ਬਲਾਤਕਾਰ ਦੀਆਂ ਘਟਨਾਵਾਂ ਰੁਕ ਨਹੀਂ ਰਹੀਆਂ। ਡੀ.ਜੀ.ਪੀ. ਦਫਤਰ ਦੇ ਅੰਕੜੇ ਅਨੁਸਾਰ ਅਪਰੈਲ ਤੇ ਮਈ ਮਹੀਨੇ ਵਿਚ ਹਰ ਦਿਨ 5 ਬਲਾਤਕਾਰ, ਤਿੰਨ ਹੱਤਿਆਵਾਂ ਤੇ ਲੁੱਟ ਦੀਆਂ ਪੰਜ ਘਟਨਾਵਾਂ ਹੋਈਆਂ ਹਨ। ਹਰ ਤੀਜੇ ਦਿਨ ਪੁਲਿਸ ਦੇ ਅੰਕੜਿਆਂ ਵਿਚ ਇਕ ਡਕੈਤੀ ਦਾ ਕੇਸ ਦਰਜ ਹੋ ਰਿਹਾ ਹੈ। ਇਹ ਹਾਲ ਉਦੋਂ ਹੈ ਜਦੋਂ ਭਾਜਪਾ ਅਪਰਾਧ ਨੂੰ ਨਕੇਲ ਪਾਉਣ ਦਾ ਨਾਅਰਾ ਲਾ ਕੇ ਸੱਤਾ ਵਿਚ ਆਈ ਹੈ।

2016 ਵਿਚ ਸਾਬਕਾ ਮੁੱਖ ਮੰਤਰੀ ਅਖਿਲੇਸ਼ ਦੀ ਸਰਕਾਰ ਸਮੇਂ ਅਪਰੈਲ ਤੇ ਮਈ ਮਹੀਨੇ ਵਿਚ ਕਤਲ ਦੇ 101, ਬਲਾਤਕਾਰ ਦੇ 41, ਡਕੈਤੀ ਦੇ 3 ਤੇ ਲੁੱਟ ਦੇ 67 ਕੇਸ ਸਾਹਮਣੇ

ਆਏ ਸਨ। ਇਸ ਦੇ ਨਾਲ ਹੀ ਯੋਗੀ ਸਰਕਾਰ ਦੇ ਦੋ ਮਹੀਨਿਆਂ ਵਿਚ ਕਤਲ ਦੇ 240 ਮਾਮਲੇ, ਬਲਾਤਕਾਰ 179 ਕੇਸ, ਡਕੈਤੀ ਦੇ 20 ਅਤੇ ਲੁੱਟ ਦੇ 273 ਮਾਮਲੇ ਦਰਜ ਹੋਏ। ਸਮਾਜਵਾਦੀ ਸਰਕਾਰ ਦੇ ਪਹਿਲਾਂ ਦੇ ਦੋ ਮਹੀਨਿਆਂ ਵਿਚ 212 ਕੇਸ ਸਾਹਮਣੇ ਆਏ। ਯੋਗੀ ਸਰਕਾਰ ਵਿਚ ਇਹ ਅੰਕੜਾ 712 ਪਹੁੰਚ ਗਿਆ ਹੈ।

ਗੁਜਰਾਤ ਵਿਚ ਚੋਣਵੀਆਂ ਸੀਟਾਂ ਤੋਂ ਚੋਣ ਲੜ ਸਕਦੀ ਹੈ ਆਮ ਆਦਮੀ ਪਾਰਟੀ

ਨਵੀਂ ਦਿੱਲੀ: ਗੁਜਰਾਤ ਵਿਚ ਚੋਣ ਲੜਨ ਦੇ ਮੁੱਦੇ ਉਤੇ ਵੰਡੀ ਗਈ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵਿਚਾਲੜਾ ਰਾਹ ਕੱਢਦੇ ਹੋਏ ਸੂਬੇ ਦੀਆਂ ਚੋਣਵੀਆਂ ਥਾਵਾਂ ਤੋਂ ਉਮੀਦਵਾਰ ਖੜ੍ਹੇ ਕਰ ਸਕਦੀ ਹੈ। ਪਾਰਟੀ ਦਾ ਇਕ ਧੜਾ ਗੁਜਰਾਤ ਵਿਚ ਚੋਣ ਲੜਨ ਦਾ ਵਿਰੋਧ ਕਰ ਰਿਹਾ ਹੈ ਤੇ ਦੂਜਾ ਧੜਾ ਸਾਰੀਆਂ ਸੀਟਾਂ ਤੋਂ ਚੋਣ ਲੜਨ ਦਾ ਹਮਾਇਤੀ ਹੈ, ਜਦਕਿ ਤੀਜੇ ਧੜੇ ਦਾ ਮੰਨਣਾ ਹੈ ਕਿ ਪਾਰਟੀ ਨੂੰ ਉਨ੍ਹਾਂ ਚੋਣਵੀਆਂ ਥਾਵਾਂ ਤੋਂ ਚੋਣ ਲੜਨੀ ਚਾਹੀਦੀ ਹੈ ਜਿਥੇ ਉਸ ਦੇ ਜਿੱਤਣ ਦੀਆਂ ਸਭ ਤੋਂ ਵੱਧ ਸੰਭਾਵਨਾਵਾਂ ਹਨ।

ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ 'ਚ ਪਾਰਟੀ ਵਰਕਰਾਂ ਤੋਂ ਜਾਣਕਾਰੀ ਇਕੱਠੀ ਕਰ ਕੇ ਖੇਤਰਵਾਰ ਰਿਪੋਰਟ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸੌਂਪੀ ਗਈ ਹੈ। ਪਾਰਟੀ ਦੀ ਗੁਜਰਾਤ ਇਕਾਈ ਦੇ ਇੰਚਾਰਜ ਗੋਪਾਲ ਰਾਏ ਨੇ ਸੂਬੇ ਦੇ ਆਗੂਆਂ ਨਾਲ ਦੋ ਦਿਨ ਤਕ ਮੀਟਿੰਗ ਕੀਤੀ ਜਿਥੇ ਮੌਜੂਦਾ ਸਿਆਸੀ ਹਾਲਤ, ਕਾਂਗਰਸ ਦੀਆਂ ਸੰਭਾਵਨਾਵਾਂ, ਮੁੱਖ ਵਿਰੋਧੀ ਧਿਰ ਤੇ ਕਾਂਗਰਸ ਨਾਲ ਜੁੜੇ ਮੁੱਦਿਆਂ ਸਮੇਤ ਕਈ ਪਹਿਲੂਆਂ ਉਤੇ ਵਿਚਾਰ ਚਰਚਾ ਕੀਤੀ ਗਈ।

ਕਾਂਗੋ ਵਿਚ ਜੇਲ੍ਹ 'ਤੇ ਹਮਲਾ: 11 ਮੌਤਾਂ, 900 ਤੋਂ ਵੱਧ ਕੈਦੀ ਹੋਏ ਫਰਾਰ



ਗੋਮਾ: ਕਾਂਗੋ 'ਚ ਅਣਪਛਾਤੇ ਹਥਿਆਰਬੰਦ ਹਮਲਾਵਰਾਂ ਨੇ ਇਕ ਜੇਲ੍ਹ 'ਤੇ ਹਮਲਾ ਕਰ ਦਿੱਤਾ ਜਿਸ ਵਿਚ 11 ਲੋਕਾਂ ਦੀ ਮੌਤ ਹੋ ਗਈ ਜਦਕਿ 900 ਤੋਂ ਵੱਧ ਕੈਦੀ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਏ। ਉਤਰੀ ਕੀਵੂ ਪ੍ਰਾਂਤ ਦੇ ਗਵਰਨਰ ਜੂਲੀਅਨ ਪਾਲੂਕੋ ਅਨੁਸਾਰ ਹਮਲਾਵਰਾਂ ਨੇ ਬੇਨੀ ਵਿਚ ਕੰਗਵਾਈ ਜੇਲ੍ਹ 'ਤੇ ਸਥਾਨਕ ਸਮੇਂ ਅਨੁਸਾਰ 3.30 ਵਜੇ ਹਮਲਾ ਕੀਤਾ। ਉਨ੍ਹਾਂ ਦੱਸਿਆ ਕਿ ਦੋਵਾਂ ਪਾਸਿਓਂ ਹੋਈ ਗੋਲਾਬਾਰੀ 'ਚ 11 ਲੋਕ ਮਾਰੇ ਗਏ ਜਿਨ੍ਹਾਂ ਵਿਚ 8 ਸੁਰੱਖਿਆ ਬਲ ਦੇ ਮੈਂਬਰ ਹਨ। ਹਮਲੇ ਸਮੇਂ 966 ਕੈਦੀ ਜੇਲ੍ਹ 'ਚ ਸੀ ਪਰ ਹੁਣ ਸਿਰਫ 30 ਹੀ ਬਚੇ ਹਨ।

ਸੰਸਾਰ ਦੀ ਚੌਥਾ ਹਿੱਸਾ ਆਬਾਦੀ ਨੂੰ ਪਾਣੀ ਦੀ ਕਿੱਲਤ ਨਾਲ ਪਵੇਗਾ ਜੂਝਣਾ

ਸੰਯੁਕਤ ਰਾਸ਼ਟਰ: ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟਰੇਜ਼ ਨੇ ਦਿਨੋਂ ਦਿਨ ਸਾਫ ਪਾਣੀ ਦੀ ਹੋ ਰਹੀ ਘਾਟ 'ਤੇ ਚਿੰਤਾ ਦਾ ਪ੍ਰਗਟਾਵਾ ਕਰਦੇ ਹੋਏ ਚਿਤਾਵਨੀ ਦਿੱਤੀ ਕਿਹਾ ਕਿ 2050 ਤੱਕ ਆਲਮੀ ਪੱਧਰ 'ਤੇ ਸਾਫ ਪਾਣੀ ਦੀ ਮੰਗ 40 ਫੀਸਦੀ ਵਧ ਜਾਵੇਗੀ ਤੇ ਦੁਨੀਆਂ ਦੀ ਚੌਥੇ ਹਿੱਸੇ ਆਬਾਦੀ ਨੂੰ ਸਾਫ ਪਾਣੀ ਦੀ ਕਿੱਲਤ ਨਾਲ ਜੂਝਣਾ ਪਵੇਗਾ।

ਉਨ੍ਹਾਂ ਸੁਰੱਖਿਆ ਕੌਂਸਲ ਨੂੰ ਦੱਸਿਆ ਕਿ ਸਾਰੇ ਖਿੱਤਿਆਂ ਵਿਚ ਪਾਣੀ ਦੇ ਮਸਲੇ ਦੇ ਵਿਵਾਦ ਵਧ ਰਿਹਾ ਹੈ। ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ 'ਚੋਂ ਤਿੰਨ ਚੌਥਾਈ ਦੇਸ਼ ਆਪਣੇ ਗੁਆਂਢੀਆਂ ਨਾਲ ਨਦੀਆਂ ਜਾਂ ਝੀਲਾਂ ਦਾ ਪਾਣੀ ਵੰਡਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਣੀ, ਅਮਨ ਤੇ ਸੁਰੱਖਿਆ ਅੰਤਰ ਸਬੰਧਤ ਹਨ। ਪਾਣੀ ਦੇ ਸਰੋਤਾਂ ਦੇ ਸੁਚੱਜੇ ਪ੍ਰਬੰਧਨ ਨਾਲ ਵੱਡੇ ਪੱਧਰ 'ਤੇ ਤਣਾਅ ਘਟਾਇਆ ਜਾ ਸਕਦਾ ਹੈ। ਕੌਂਸਲ ਦੇ ਅਹੁਦੇਦਾਰਾਂ ਨੇ ਦੱਸਿਆ ਕਿ 1947 ਤੋਂ ਵੱਖ-ਵੱਖ ਦੇਸ਼ਾਂ ਵਿਚ 37 ਵਿਵਾਦ ਪੈਦਾ ਹੋ ਚੁੱਕੇ ਹਨ। ਪਾਣੀ ਦੀ ਤੋਟ ਆਉਂਦੇ ਸਾਲਾਂ ਵਿਚ ਮਨੁੱਖੀ ਜੀਵਨ ਲਈ ਵੱਡਾ ਖਤਰਾ ਸਹੇੜੇਗੀ।

ਉਨ੍ਹਾਂ ਕਿਹਾ ਕਿ ਜੇ ਸਾਫ ਪਾਣੀ ਦੀ ਦੁਰਵਰਤੋਂ ਇਸੇ ਤਰ੍ਹਾਂ ਜਾਰੀ ਰਹੀ ਤਾਂ 2025 ਤੱਕ ਦੁਨੀਆਂ ਦੀ ਦੋ ਤਿਹਾਈ ਆਬਾਦੀ ਨੂੰ ਪਾਣੀ ਦੀ ਤੋਟ ਨਾਲ ਜੂਝਣਾ ਪਵੇਗਾ। ਮੌਜੂਦਾ ਸਮੇਂ ਵਿਚ 80 ਕਰੋੜ ਲੋਕ ਪੀਣ ਵਾਲੇ ਸਾਫ ਪਾਣੀ ਦੀ ਘਾਟ ਨਾਲ ਜੂਝ ਰਹੇ ਹਨ। ਇਸ ਮੌਕੇ ਬਰਤਾਨਵੀ ਰਾਜਦੂਤ ਮੈਥਿਊ ਰਾਈਕਰੌਫਟ ਨੇ ਸੋਮਾਲੀਆ ਵਿਚ ਸੋਕੇ ਵੱਲ ਧਿਆਨ ਦਿਵਾਉਂਦੇ ਹੋਏ ਕਿਹਾ ਕਿ ਦੁਨੀਆਂ ਵਿਚ ਜੋ ਹੋ ਰਿਹਾ ਹੈ, ਉਹ ਸਾਡੇ ਸਾਹਮਣੇ ਹੈ। ਸੰਸਾਰ, ਪਾਣੀ ਦੀ ਸੁਰੱਖਿਆ ਸਬੰਧੀ ਸੰਯੁਕਤ ਰਾਸ਼ਟਰ ਵੱਲੋਂ 2030 ਤੱਕ ਦੇ ਮਿੱਥੇ ਟੀਚੇ ਮੁਤਾਬਕ ਅਜੇ ਲੀਹ 'ਤੇ ਨਹੀਂ ਹੈ ਤੇ ਇਸ ਮਾਮਲੇ ਵਿਚ ਗੰਭੀਰ ਉਪਰਾਲਿਆਂ ਦੀ ਲੋੜ ਹੈ।

ਜਲ ਭੰਡਾਰਾਂ 'ਚ ਪਾਣੀ ਦਾ ਪੱਧਰ 20 ਫੀਸਦੀ ਹੇਠਾਂ ਆਇਆ

ਨਵੀਂ ਦਿੱਲੀ: ਮੁੱਖ ਜਲ ਭੰਡਾਰਾਂ ਵਿਚ ਪਾਣੀ ਦਾ ਪੱਧਰ ਉਨ੍ਹਾਂ ਦੀ ਕੁੱਲ ਸਮਰੱਥਾ ਤੋਂ 20 ਫੀਸਦੀ ਹੇਠਾਂ ਆ ਗਿਆ ਹੈ। ਸਰਕਾਰ ਮੁਤਾਬਕ ਪਾਣੀ ਦਾ ਪੱਧਰ ਹਰ ਹਫਤੇ ਇਕ ਫੀਸਦੀ ਤੱਕ ਘੱਟ ਰਿਹਾ ਹੈ। ਕੇਂਦਰੀ ਜਲ ਸਰੋਤ ਮੰਤਰਾਲੇ ਨੇ ਕਿਹਾ ਨਾਗਾਰਜੁਨਾ ਸਾਗਰ, ਇੰਦਰਾ ਸਾਗਰ ਤੇ ਭਾਖੜਾ ਡੈਮਾਂ ਸਮੇਤ ਹੋਰਨਾਂ ਜਲ ਭੰਡਾਰਾਂ ਵਿਚ 8 ਜੂਨ ਨੂੰ ਖਤਮ ਹੋਏ ਹਫਤੇ ਦੌਰਾਨ 31.862 ਅਰਬ ਕਿਊਬਿਕ ਮੀਟਰ (ਬੀ.ਸੀ.ਐਮ.) ਪਾਣੀ ਸੀ। ਮੰਤਰਾਲੇ ਮੁਤਾਬਕ ਇਸੇ ਅਰਸੇ ਦੌਰਾਨ ਪਿਛਲੇ ਸਾਲ ਇਨ੍ਹਾਂ ਜਲ ਭੰਡਾਰਾਂ 'ਚ ਪਾਣੀ ਕੁੱਲ ਭੰਡਾਰਨ ਦਾ 130 ਫੀਸਦੀ ਸੀ ਜਦਕਿ ਦਸ ਸਾਲਾਂ ਦੀ ਔਸਤ 107 ਫੀਸਦੀ ਸੀ। ਪਿਛਲੇ ਹਫਤੇ ਡੈਮਾਂ ਵਿਚ ਪਾਣੀ ਕੁੱਲ ਭੰਡਾਰਨ ਸਮਰੱਥਾ ਦਾ 21 ਫੀਸਦੀ ਭਾਵ 33.407 ਬੀ.ਸੀ.ਐਮ. ਸੀ।

ਭਾਰਤ ਵਿਚ ਗਰਮੀ ਨਾਲ ਮਰ ਸਕਦੇ ਨੇ ਵਧੇਰੇ ਲੋਕ

ਵਾਸ਼ਿੰਗਟਨ: ਭਵਿੱਖ ਵਿਚ ਭਾਰਤ ਵਾਸੀਆਂ ਨੂੰ ਹੋਰ ਗਰਮ ਹਵਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਅਤੇ ਦੇਸ਼ ਦਾ ਔਸਤ ਤਾਪਮਾਨ ਵੀ ਥੋੜ੍ਹਾ ਹੋਰ ਵੱਧ ਜਾਣ ਕਾਰਨ ਸੈਂਕੜੇ ਲੋਕ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ। ਇਹ ਚਿਤਾਵਨੀ ਇਕ ਨਵੇਂ ਅਧਿਐਨ ਵਿਚ ਦਿੱਤੀ ਗਈ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਵਿਗਿਆਨੀਆਂ ਜਿਨ੍ਹਾਂ ਨੇ ਆਪਣੀ ਖੋਜ ਵਿਚ ਭਾਰਤੀ ਮੌਸਮ ਵਿਭਾਗ ਦੇ 1960 ਤੋਂ 2009 ਤੱਕ ਦੇ ਅੰਕੜਿਆਂ ਨੂੰ ਸ਼ਾਮਲ ਕੀਤਾ ਹੈ, ਨੇ ਇਹ ਭਵਿੱਖਬਾਣੀ ਕੀਤੀ ਹੈ। ਅਮਰੀਕੀ ਵਿਗਿਆਨੀ ਇਰਵਿਨ ਅਨੁਸਾਰ ਜਦੋਂ ਤਾਪਮਾਨ 27 ਤੋਂ 27.5 ਡਿਗਰੀ ਸੈਲਸੀਅਸ ਤੱਕ ਪੁੱਜ ਜਾਵੇਗਾ ਤਾਂ ਸੰਭਵ ਤੌਰ ਉਤੇ ਵਗਣ ਵਾਲੀ ਲੂ ਨਾਲ ਮਰਨ ਵਾਲਿਆਂ ਦੀ ਗਿਣਤੀ 13 ਫੀਸਦੀ ਤੋਂ ਵੱਧ ਕੇ 32 ਫੀਸਦੀ ਹੋ ਜਾਵੇਗੀ। ਉਨ੍ਹਾਂ ਆਪਣੀ ਖੋਜ ਵਿਚ ਦੱਸਿਆ ਕਿ 1975 ਤੇ 1976 ਵਿਚ ਜਦੋਂ

ਭਾਰਤ ਵਿਚ ਗਰਮੀ ਦੀ ਰੁੱਤ ਵਿਚ ਤਾਪਮਾਨ 27.4 ਡਿਗਰੀ ਸੈਲਸੀਅਸ ਸੀ ਤਾਂ ਕਰਮਵਾਰ ਲੂ ਨਾਲ ਮਰਨ ਵਾਲਿਆਂ ਦੀ ਗਿਣਤੀ 43 ਅਤੇ 34 ਸੀ ਪਰ 1998 ਵਿਚ ਬੇਹੱਦ ਗਰਮੀ ਪੈਣ ਕਾਰਨ ਮਰਨ ਵਾਲਿਆਂ ਦੀ ਗਿਣਤੀ 1600 ਨੂੰ ਟੱਪ ਗਈ, ਉਦੋਂ ਤਾਪਮਾਨ 28 ਡਿਗਰੀ ਸੈਲਸੀਅਸ ਹੋ ਗਿਆ ਸੀ। ਪਿਛਲੇ ਪੰਜ ਦਹਾਕਿਆਂ ਦੇ ਅਧਿਐਨ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਹਰ ਸਾਲ ਲੂਅ ਵਗਣ ਵਾਲੇ ਦਿਨਾਂ ਦੀ ਔਸਤ ਗਿਣਤੀ 7.3 ਹੁੰਦੀ ਹੈ। 1998 ਵਿਚ ਜਦੋਂ ਬੇਹੱਦ ਗਰਮੀ ਪਈ ਤਾਂ ਇਨ੍ਹਾਂ ਦਿਨਾਂ ਦੀ ਗਿਣਤੀ ਵੱਧ ਕੇ 18 ਹੋ ਗਈ ਸੀ ਅਤੇ 1655 ਲੋਕ ਮਾਰੇ ਗਏ ਸਨ। 2003 ਵਿਚ ਵੀ 13 ਦਿਨ ਗਰਮੀ ਪਈ ਅਤੇ 1500 ਦੇ ਕਰੀਬ ਲੋਕ ਮਾਰੇ ਗਏ ਸਨ।

ਵਿਪਸਾਅ ਬੇ ਏਰੀਆ ਵਲੋਂ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲ ਸਾਹਿਤਕ ਮਿਲਣੀ

ਫਰੀਮਾਂਟ (ਬਿਊਰੋ): ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਦੀ ਬੇਏਰੀਆ ਇਕਾਈ ਵਲੋਂ ਪਿਛਲੇ ਦਿਨੀਂ ਇਥੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਇਤਿਹਾਸ ਅਧਿਐਨ ਵਿਭਾਗ ਦੇ ਮੁਖੀ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲ ਇਕ ਵਿਸ਼ੇਸ਼ ਸਾਹਿਤਕ ਮਿਲਣੀ ਕਰਵਾਈ ਗਈ। ਮਿਲਣੀ ਦਾ ਆਗਾਜ਼ ਸੰਗੀਤਕਾਰ ਸੁਖਦੇਵ ਸਾਹਿਲ ਨੇ 'ਮਿੱਤਰ ਪਿਆਰੇ ਨੂੰ' ਸ਼ਬਦ ਗਾਇਨ ਨਾਲ ਕੀਤਾ। ਇਕਾਈ ਦੇ ਜਨਰਲ ਸਕੱਤਰ ਕੁਲਵਿੰਦਰ ਨੇ ਸਭ ਨੂੰ ਜੀਅ ਆਇਆਂ ਕਹਿੰਦਿਆਂ ਡਾ. ਬਲਵਿੰਦਰਜੀਤ ਕੌਰ ਭੱਟੀ, ਪ੍ਰੋ. ਸੁਖਵਿੰਦਰ ਕੰਬੋਜ ਅਤੇ ਅਦਾਕਾਰਾ ਰਵਿੰਦਰ ਢਿੱਲੋਂ ਨੂੰ ਪ੍ਰਧਾਨਗੀ ਮੰਡਲ ਵਿਚ ਬਹਿਣ ਦਾ ਸੱਦਾ ਦਿੱਤਾ।

ਡਾ. ਭੱਟੀ ਦੀ ਜਾਣ ਪਛਾਣ ਕਰਵਾਉਂਦਿਆਂ ਕੁਲਵਿੰਦਰ ਨੇ ਦੱਸਿਆ ਕਿ ਉਨ੍ਹਾਂ ਆਪਣੇ ਕਾਰਜ ਕਾਲ ਦੌਰਾਨ 50 ਤੋਂ ਉਪਰ ਖੋਜ ਪੱਤਰ ਲਿਖੇ ਹਨ ਅਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ: ਸਮਾਜਿਕ ਸਰੋਕਾਰ' ਪੁਸਤਕ ਪ੍ਰਕਾਸ਼ਿਤ ਕਰਵਾਈ ਹੈ। ਅੱਜ ਕਲ੍ਹ ਉਨ੍ਹਾਂ ਵਲੋਂ ਸਿੱਖ ਧਰਮ ਨਾਲ ਸਬੰਧਤ ਇਤਿਹਾਸਕਾਰਾਂ ਦੀ ਡਾਇਰੈਕਟਰੀ ਤਿਆਰ ਕੀਤੀ ਜਾ ਰਹੀ ਹੈ।

ਪ੍ਰੋ. ਸੁਖਵਿੰਦਰ ਕੰਬੋਜ ਨੇ ਆਪਣੇ ਸਵਾਗਤੀ ਭਾਸ਼ਣ ਵਿਚ ਕਿਹਾ ਕਿ ਉਹ ਡਾ. ਬਲਵਿੰਦਰਜੀਤ ਕੌਰ ਭੱਟੀ ਨਾਲੋਂ ਵੱਧ ਉਨ੍ਹਾਂ ਦੇ ਪਤੀ ਡਾ. ਸੁਰਜੀਤ ਸਿੰਘ ਭੱਟੀ ਨੂੰ ਜਾਣਦੇ ਹਨ। ਉਨ੍ਹਾਂ ਡਾ. ਬਲਵਿੰਦਰਜੀਤ ਕੌਰ ਭੱਟੀ ਦੇ ਖੋਜ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀਵਨ ਮੁੱਲਾਂ ਦਾ ਫਲਸਫਾ ਹੈ ਅਤੇ ਮੈਨੂੰ ਜ਼ਿੰਦਗੀ ਦੇ ਸਰੋਕਾਰਾਂ ਵਾਲੀ ਹਰ ਰਚਨਾ ਹੀ ਟੁੰਬਦੀ ਹੈ।

ਡਾ. ਭੱਟੀ ਨੇ ਆਪਣੇ ਜੀਵਨ ਦੀ ਸੰਘਰਸ਼ਮਈ ਗਾਥਾ ਸੁਣਾਉਂਦਿਆਂ ਔਰਤ ਹੋਣ 'ਤੇ ਮਾਣ ਮਹਿਸੂਸ ਕੀਤਾ ਅਤੇ ਕਿਹਾ ਕਿ ਮੈਂ ਇਸ ਮੁਕਾਮ 'ਤੇ ਸੰਘਰਸ਼ ਕਰ ਕੇ ਪੁੱਜੀ ਹਾਂ। ਮੇਰੇ ਪਿਤਾ ਜੀ ਨੂੰ ਅਤਿਵਾਦੀਆਂ ਨੇ ਮਾਰ ਦਿੱਤਾ ਸੀ। ਸਾਡਾ ਘਰ ਇਕ ਤਰ੍ਹਾਂ ਨਾਲ ਉਜੜ ਗਿਆ ਸੀ ਅਤੇ ਉਸ ਸੰਕਟ ਦੀ ਘੜੀ ਮੈਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਮੈਂ ਡੀ.ਪੀ.ਆਈ ਕੋਲ ਮੁਕੱਦਮਾ ਦਰਜ ਕਰਕੇ ਸੰਘਰਸ਼ ਕਰਕੇ ਆਪਣਾ ਹੱਕ ਲਿਆ ਸੀ। ਮੇਰੀ ਸ਼ਾਦੀ ਇਕ ਬਹੁਤ ਹੀ ਨੇਕ ਇਨਸਾਨ ਅਤੇ ਵਿਦਵਾਨ ਆਲੋਚਕ ਡਾ. ਸੁਰਜੀਤ ਸਿੰਘ ਭੱਟੀ ਨਾਲ ਹੋਈ। ਜਿਸ ਨੂੰ ਤੁਸੀਂ ਸਾਰੇ ਜਾਣਦੇ ਹੋ। ਮੇਰੀ ਪੁਸਤਕ ਵਿਸ਼ੇਸ਼ਤਾ ਸਿੱਖ ਇਤਿਹਾਸ ਹੈ। ਪੰਜਾਬੀ ਯੂਨੀਵਰਸਿਟੀ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਪਸਾਰ ਲਈ ਬਹੁਤ ਕੰਮ ਕਰ ਰਹੀ ਹੈ।

ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਢੁੱਕਵੇਂ ਜਵਾਬ ਦਿੰਦਿਆਂ ਡਾ. ਭੱਟੀ ਨੇ ਕਿਹਾ ਕਿ ਜੇ ਬਾਬਾ ਨਾਨਕ ਅੱਜ ਇਸ ਦੁਨੀਆਂ ਵਿਚ ਆ ਜਾਏ ਤਾਂ ਧਾਹਾਂ ਮਾਰ ਕੇ ਰੋਵੇ ਕਿ ਜਿਸ ਸਮਾਜ ਦੀ ਕਲਪਨਾ ਮੈਂ ਕੀਤੀ ਸੀ ਉਹ ਕਿਸ ਤਰ੍ਹਾਂ ਦਾ ਹੋ ਗਿਐ?

ਸਵਾਲਾਂ ਦਾ ਸਿਲਸਿਲਾ ਖਤਮ ਹੋਇਆ ਤਾਂ ਡਾ. ਭੱਟੀ ਨੇ ਆਪਣੀ ਬਹੁਤ ਸੁਰੀਲੀ ਆਵਾਜ਼ ਵਿਚ ਪੰਜਾਬੀ ਗੀਤ ਪੇਸ਼ ਕੀਤੇ। ਇਸ ਉਪਰੰਤ ਕਵੀ ਦਰਬਾਰ ਵਿਚ ਤਾਰਾ ਸਾਗਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਗੁਰਦੀਪ, ਗੁਲਸ਼ਨ ਦਿਆਲ, ਰੇਸ਼ਮ, ਜਗਜੀਤ ਨੌਸ਼ਹਿਰਵੀ, ਨੀਲਮ ਸੈਣੀ, ਸੁਰਿੰਦਰ ਸਿੰਘ ਸੀਰਤ, ਸੁਖਵਿੰਦਰ ਕੰਬੋਜ ਅਤੇ ਕੁਲਵਿੰਦਰ ਨੇ ਰਚਨਾਵਾਂ ਪੇਸ਼ ਕੀਤੀਆਂ।

ਇਸ ਮੌਕੇ ਜੇ ਐਂਡ ਕੇ ਅਕੈਡਮੀ ਵਲੋਂ ਪ੍ਰਕਾਸ਼ਿਤ ਪੰਜਾਬੀ ਮੈਗਜ਼ੀਨ 'ਸ਼ੀਰਾਜ਼ਾ' ਦੇ ਪਿਛਲੇ ਚਾਰ ਅੰਕ ਲੋਕ ਅਰਪਣ ਕੀਤੇ ਗਏ। ਵਿਪਸਾਅ ਬੇਏਰੀਆ ਦੇ ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਇਸ ਮੈਗਜ਼ੀਨ ਦੇ ਸੰਪਾਦਕ ਪੋਪਿੰਦਰ ਸਿੰਘ ਪਾਰਸ ਦਾ ਇਸ ਉਦਮ ਲਈ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਕੁਲਵਿੰਦਰ ਨੇ ਪ੍ਰੋ. ਬਲਜਿੰਦਰ ਸਿੰਘ, ਮਨਜੀਤ ਪਲੇਹੀ, ਲਾਜ ਸੈਣੀ ਅਤੇ ਡਾ. ਸਤਵਿੰਦਰ ਦਾ ਸ਼ਿਰਕਤ ਲਈ ਧੰਨਵਾਦ ਕੀਤਾ।

ਹਾਦਸੇ 'ਚ ਜ਼ਖਮੀ ਸੰਗਤ ਦੀ ਮਦਦ ਲਈ ਬਹੁੜੀ ਸ਼੍ਰੋਮਣੀ ਕਮੇਟੀ

ਅੰਮ੍ਰਿਤਸਰ: ਇਤਿਹਾਸਕ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਠੱਠਾ (ਤਰਨ ਤਾਰਨ) ਜਾ ਰਹੀ ਸੰਗਤ ਦਾ ਟਰੱਕ ਹਾਦਸਾਗ੍ਰਸਤ ਹੋਣ ਕਾਰਨ ਜ਼ਖਮੀ ਸੰਗਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁਆਵਜ਼ੇ ਦਾ ਐਲਾਨ ਕੀਤਾ ਹੈ।

ਹਾਦਸੇ ਦੇ ਗੰਭੀਰ ਜ਼ਖਮੀਆਂ ਨੂੰ 50 ਹਜ਼ਾਰ ਅਤੇ ਘੱਟ ਜ਼ਖਮੀਆਂ ਨੂੰ 25 ਹਜ਼ਾਰ ਰੁਪਏ ਦੀ ਸਹਾਇਤਾ ਦਿੱਤੀ ਜਾਵੇਗੀ। ਗੁਰਦੁਆਰਾ ਸਾਹਿਬ ਜਾ ਰਹੇ ਪਿੰਡ ਜੀਓਬਾਲਾ ਦੀ ਸੰਗਤ ਦਾ ਟਰੱਕ ਬਿਜਲੀ ਦੀਆਂ ਹਾਈ ਵੋਲਟੇਜ ਤਾਰਾਂ ਨਾਲ ਲੱਗਣ ਕਾਰਨ ਹਾਦਸੇ ਦਾ ਸ਼ਿਕਾਰ ਹੋ ਗਿਆ ਸ। ਟਰੱਕ ਵਿਚ ਸਵਾਰ ਲੋਕ ਬੁਰੀ ਤਰ੍ਹਾਂ ਝੁਲਸ ਗਏ ਸਨ। ਕਮੇਟੀ ਨੇ ਇਹ ਵੀ ਐਲਾਨ ਕੀਤਾ ਹੈ ਕਿ ਹਾਦਸੇ ਦੇ ਪੀੜਤ ਜੇ ਚਾਹੁਣ ਤਾਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਸ੍ਰੀ ਗੁਰੂ ਰਾਮਦਾਸ ਹਸਪਤਾਲ ਅੰਮ੍ਰਿਤਸਰ ਤੋਂ ਵੀ ਇਲਾਜ ਕਰਵਾ ਸਕਦੇ ਹਨ, ਜੋ ਜ਼ਖਮੀਆਂ ਲਈ ਬਿਲਕੁਲ ਮੁਫਤ ਹੋਵੇਗਾ।

ਜੂਨ ਚੁਰਾਸੀ ਦੇ ਸ਼ਹੀਦਾਂ ਦੀ ਯਾਦ 'ਚ ਸਮਾਗਮ

ਫਰਿਜ਼ਨੋ (ਨੀਟਾ ਮਾਛੀਕੇ): ਭਾਰਤੀ ਫੌਜ ਵੱਲੋਂ ਅਕਾਲ ਤਖਤ ਨੂੰ ਢਹਿ ਢੇਰੀ ਕੀਤਿਆਂ ਬੇਸ਼ੱਕ 33 ਸਾਲ ਬੀਤ ਗਏ ਹਨ, ਲੇਕਿਨ ਦੇਸ਼ ਵਿਦੇਸ਼ ਵਿਚ ਬੈਠੇ ਸਿੱਖ ਅੱਜ ਵੀ ਇਸ ਘੱਲੂਘਾਰੇ ਨੂੰ ਯਾਦ ਕਰਕੇ ਝੰਜੋੜੇ ਜਾਂਦੇ ਹਨ। ਤੀਜੇ ਘੱਲੂਘਾਰੇ ਦੀ ਯਾਦ 'ਚ ਫਰਿਜ਼ਨੋ ਏਰੀਏ ਦੇ ਟਰੱਕਰ ਵੀਰਾਂ ਵੱਲੋਂ ਸਥਾਨਕ ਗੁਰਦੁਆਰਾ ਨਾਨਕਸਰ ਚੈਰੀ ਰੋਡ ਵਿਖੇ ਸ਼ਹੀਦੀ ਸਮਾਗਮ ਕਰਵਾਇਆ ਗਿਆ।

ਅਖੰਠ ਪਾਠ ਦੇ ਭੋਗ ਉਪਰੰਤ ਭਾਈ ਹਰਭਜਨ ਸਿੰਘ ਅਤੇ ਭਾਈ ਦਾਰਾ ਸਿੰਘ ਦੇ ਜਥੇ ਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਭਾਈ ਇਕਬਾਲ ਸਿੰਘ ਰਾਜਪੁਰੇ ਵਾਲਿਆਂ ਨੇ ਖੂਨੀ ਸਾਕੇ ਦੀ ਦਾਸਤਾਨ ਸੁਣਾ ਕੇ ਹਰ ਅੱਖ ਨਮ ਕਰ ਦਿੱਤੀ। ਭਾਈ ਸੁਖਜਿੰਦਰ ਸਿੰਘ ਦੇ ਢਾਡੀ ਜਥੇ ਨੇ ਢਾਡੀ-ਵਾਰਾਂ ਨਾਲ ਗੁਰ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰਦੁਆਰਾ ਪ੍ਰਬੰਧਕਾਂ ਵੱਲੋਂ ਭਾਈ ਇਕਬਾਲ ਸਿੰਘ ਰਾਜਪੁਰਾ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।

ਸ਼ਹੀਦੀ ਦਿਹਾੜਾ ਮਨਾਇਆ

ਸੈਲਮਾ (ਨੀਟਾ ਮਾਛੀਕੇ): ਗੁਰਦੁਆਰਾ ਕਲਗੀਧਰ ਸੈਲਮਾ ਵਿਖੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਇਲਾਕੇ ਦੇ ਟਰੱਕ ਦੇ ਜਥੇ ਨੇ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਪੰਥ ਦੇ ਮਹਾਨ ਪ੍ਰਚਾਰਕ ਭਾਈ ਪਿੰਦਰਪਾਲ ਸਿੰਘ ਨੇ ਗੁਰ ਸ਼ਬਦ ਵਿਆਖਿਆ ਰਾਹੀਂ ਸੰਗਤਾਂ ਨੂੰ ਗੁਰੂ ਦੇ ਲੜ ਲਗਣ ਦੀ ਪ੍ਰੇਰਣਾ ਕੀਤੀ।

ਡਰਾਈਵਰ ਵੀਰਾਂ ਅਤੇ ਸਮੂਹ ਸੰਗਤਾਂ ਵਲੋਂ ਲੰਘੇ ਐਤਵਾਰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।

ਗੁਰੂ ਗ੍ਰੰਥ ਸਾਹਿਬ ਦੇ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਿਆ, ਜਿਸ ਵਿੱਚ ਭਾਈ ਅਵਤਾਰ ਸਿੰਘ ਅਤੇ ਭਾਈ ਹਰਜੀਤ ਸਿੰਘ

ਭਾਈ ਰਣਧੀਰ ਸਿੰਘ ਨੇ ਇਕ ਕਵਿਤਾ ਰਾਹੀਂ ਹਾਜਰੀ ਭਰੀ। ਕੜਾਹ ਪ੍ਰਸ਼ਾਦ ਦੀ ਦੇਗ ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਗੁਰੂਘਰ ਵਿਖੇ ਹਰ ਰੋਜ ਸ਼ਾਮ ਦੇ ਦੀਵਾਨ ਵਿੱਚ ਕਥਾ ਹੋਇਆ ਕਰੇਗੀ।

ਮੋਦੀ ਦੀਆਂ ਨੀਤੀਆਂ ਨੇ ਪਸ਼ੂ ਪਾਲਕਾਂ ਦਾ ਫਿਕਰ ਵਧਾਇਆ

ਚੰਡੀਗੜ੍ਹ: ਕੇਂਦਰ ਦੇ ਵਾਤਾਵਰਣ, ਵਣ ਅਤੇ ਜਲਵਾਯੂ ਮੰਤਰਾਲੇ ਵੱਲੋਂ ਪਸ਼ੂਆਂ ਦੀਆਂ ਮੰਡੀਆਂ ਸਬੰਧੀ ਨਿਯਮਾਵਲੀ ਦੇ ਜਾਰੀ ਨੋਟੀਫਿਕੇਸ਼ਨ ਨਾਲ ਦੇਸ਼ ਭਰ ਦੇ ਪਸ਼ੂ ਪਾਲਕਾਂ ਵਿਚ ਡਰ ਪੈਦਾ ਹੋ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ ਕਈ ਰਾਜਾਂ ਦੀਆਂ ਸਰਕਾਰਾਂ ਨੇ ਡੇਅਰੀ ਨਾਲ ਜੁੜੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਯਕੀਨ ਦਿਵਾਇਆ ਹੈ ਪਰ ਇਨ੍ਹਾਂ ਨਵੇਂ ਨਿਯਮਾਂ ਕਾਰਨ ਕਿਸਾਨਾਂ ਉਤੇ ਵਿੱਤੀ ਸੰਕਟ ਹੋਰ ਡੂੰਘਾ ਹੋਣ ਦੀ ਤਲਵਾਰ ਲਟਕ ਗਈ ਹੈ।

ਜਾਨਵਰਾਂ 'ਤੇ ਜ਼ੁਲਮ ਰੋਕਣ ਦੇ ਨਾਮ ਉਤੇ ਜਾਰੀ ਨਿਯਮਾਂ ਅਨੁਸਾਰ ਪਸ਼ੂਆਂ ਦੀ ਖਰੀਦ ਅਤੇ ਵੇਚ ਪੂਰੀ ਤਰ੍ਹਾਂ ਠੱਪ ਹੋਣ ਦੇ ਆਸਾਰ ਹਨ। ਕੇਰਲਾ ਵਿਧਾਨ ਸਭਾ ਨੇ ਅੱਠ ਜੂਨ ਨੂੰ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਇਸ ਨੂੰ ਸੰਘੀ ਢਾਂਚੇ ਦੀ ਖਿਲਾਫ਼ਤ ਦੱਸਿਆ ਹੈ। ਮਤੇ ਅਨੁਸਾਰ ਸੰਸਦ ਨੂੰ ਰਾਜਾਂ ਦੇ ਵਿਸ਼ਿਆਂ ਸਬੰਧੀ ਕਾਨੂੰਨ ਬਣਾਉਣ ਦਾ ਕੋਈ ਅਧਿਕਾਰੀ ਨਹੀਂ ਹੈ ਤੇ ਪਸ਼ੂ ਧਨ ਦੀ ਸੁਰੱਖਿਆ ਅਤੇ ਸਾਂਭ-ਸੰਭਾਲ ਸੰਵਿਧਾਨ ਮੁਤਾਬਕ ਰਾਜਾਂ ਦਾ ਵਿਸ਼ਾ ਹੈ।

ਇਸ ਤੋਂ ਇਹ ਨਿਯਮ ਜਿਊਣ ਦੇ ਅਧਿਕਾਰ ਦੇ ਵੀ ਖਿਲਾਫ਼ ਹਨ। ਗੌਰਤਲਬ ਹੈ ਕਿ ਕੇਰਲਾ, ਤ੍ਰਿਪੁਰਾ ਅਤੇ ਕਰਨਾਟਕ ਸਰਕਾਰ ਨੇ ਵੀ ਇਨ੍ਹਾਂ ਨਿਯਮਾਂ ਨੂੰ ਲਾਗੂ ਨਾ ਕਰਨ ਦਾ ਐਲਾਨ ਕੀਤਾ ਹੈ, ਜੇ ਨਿਯਮ ਲਾਗੂ ਰਹਿੰਦੇ ਹਨ ਤਾਂ ਪੰਜਾਬ ਦੀਆਂ ਜ਼ਿਆਦਾਤਰ ਪਸ਼ੂ ਮੰਡੀਆਂ ਰੱਦ ਹੋ ਜਾਣਗੀਆਂ ਕਿਉਂਕਿ ਦੂਜੇ ਸੂਬਿਆਂ ਦੀ ਹੱਦ ਤੋਂ 25 ਕਿਲੋਮੀਟਰ ਅਤੇ ਕੌਮਾਂਤਰੀ ਸਰਹੱਦ ਤੋਂ 50 ਕਿਲੋਮੀਟਰ ਦੇ ਘੇਰੇ ਤੱਕ ਪਸ਼ੂ ਮੰਡੀ ਨਹੀਂ ਲੱਗ ਸਕਦੀ। ਜ਼ਿਲ੍ਹਾ ਪੱਧਰੀ ਮਾਰਕੀਟ ਮੌਨੀਟਰਿੰਗ ਕਮੇਟੀ ਕੋਲ ਰਜਿਸਟਰੇਸ਼ਨ ਕਰਵਾਏ ਬਿਨਾਂ ਕੋਈ ਮੰਡੀ ਨਹੀਂ ਚੱਲ ਸਕਦੀ। ਇਸ ਦਾ ਮਤਲਬ ਸਾਫ ਹੈ ਕਿ ਚੰਡੀਗੜ੍ਹ ਤੋਂ ਅਬੋਹਰ ਤੱਕ ਅਤੇ ਸਰਹੱਦੀ ਜ਼ਿਲ੍ਹਿਆਂ ਵਿਚ ਪਸ਼ੂ ਮੰਡੀਆਂ ਦਾ ਕੰਮ ਬੰਦ ਹੋ ਜਾਵੇਗਾ। ਇਸ ਨਾਲ ਵਪਾਰਕ ਡੇਅਰੀ ਫਾਰਮਰਾਂ ਤੋਂ ਵੱਧ ਸੰਕਟ ਦਾ ਸ਼ਿਕਾਰ ਛੋਟੇ ਕਿਸਾਨ ਹੋਣਗੇ। ਪੰਜਾਬ ਵਿੱਚ ਦੁੱਧ ਦੀ 85 ਤੋਂ 90 ਫੀਸਦੀ ਪੈਦਾਵਾਰ ਇਕ ਤੋਂ ਦਸ ਪਸ਼ੂਆਂ ਵਾਲੇ ਛੋਟੇ ਕਿਸਾਨਾਂ ਤੋਂ ਹੀ ਆਉਂਦੀ ਹੈ। ਵਪਾਰਕ ਡੇਅਰੀ ਦਾ ਹਿੱਸਾ ਤਾਂ ਹਾਲੇ 10 ਤੋਂ 15 ਫੀਸਦੀ ਹੈ।



ਛੋਟੇ ਕਿਸਾਨ ਨੇੜਲੀਆਂ ਮੰਡੀਆਂ ਵਿਚ ਪਸ਼ੂ ਤੋਰ ਕੇ ਵੀ ਲੈ ਜਾਂਦੇ ਸਨ ਤੇ ਉਹ ਪੰਜ ਪੰਜ ਤਰ੍ਹਾਂ ਦੇ ਦਸਤਾਵੇਜ਼ ਮੁਕੰਮਲ ਕਰਵਾਉਣ ਦੀ ਸਥਿਤੀ ਵਿਚ ਨਹੀਂ ਹੋਣਗੇ। ਮੰਡੀ ਤੋਂ ਪਸ਼ੂ ਸਿਰਫ ਉਹੀ ਵਿਅਕਤੀ ਖਰੀਦ ਸਕਦਾ ਹੈ, ਜੋ ਕਿਸਾਨ ਹੋਵੇਗਾ ਅਤੇ ਜਿਸ ਕੋਲ ਜ਼ਮੀਨ ਹੋਵੇਗੀ ਅਤੇ ਉਸ ਨੂੰ ਦਸਤਾਵੇਜ਼ੀ ਸਬੂਤ ਨਾਲ ਰੱਖਣੇ ਪੈਣਗੇ। ਪੰਜਾਬ ਵਿਚ ਵੱਡੇ ਪੱਧਰ 'ਤੇ ਬੇਜ਼ਮੀਨੇ ਖੇਤ ਮਜ਼ਦੂਰ ਅਤੇ ਹੋਰ ਲੋਕ ਵੀ ਪਸ਼ੂ ਰੱਖ ਕੇ ਆਪਣਾ ਗੁਜ਼ਾਰਾ ਕਰਦੇ ਹਨ। ਦੇਸ਼ ਭਰ ਵਿਚ ਖੇਤੀ ਅਰਥ ਵਿਵਸਥਾ ਦਾ ਕੁੱਲ ਘਰੇਲੂ ਪੈਦਾਵਾਰ ਵਿਚ ਹਿੱਸਾ ਘਟ ਕੇ ਬੇਸ਼ੱਕ 14 ਫੀਸਦੀ ਰਹਿ ਗਿਆ ਹੈ ਪਰ ਪੰਜਾਬ ਵਿਚ ਅਜੇ ਵੀ ਖੇਤੀ ਦਾ ਹਿੱਸਾ 23 ਫੀਸਦੀ ਹੈ ਅਤੇ ਇਸ 'ਚੋਂ ਲਗਭਗ ਇਕ ਤਿਹਾਈ ਭਾਵ 8 ਫੀਸਦੀ ਹਿੱਸਾ ਡੇਅਰੀ ਖੇਤਰ ਦਾ ਹੈ।

ਇਸ ਤੋਂ ਇਲਾਵਾ ਛੇ ਮਹੀਨੇ ਤੋਂ ਘੱਟ ਉਮਰ ਦੇ ਵੱਛਾ-ਵੱਛੀ ਤੇ ਕੱਟਾ-ਕੱਟੀ ਨੂੰ ਮੰਡੀ ਵਿਚ ਨਹੀਂ ਲਿਜਾਇਆ ਜਾ ਸਕੇਗਾ। ਭਾਵ ਨਵਾਂ ਸੂਇਆ ਪਸ਼ੂ ਵੇਚਿਆ ਹੀ ਨਹੀਂ ਜਾ ਸਕੇਗਾ। ਕਿਸੇ ਵੀ ਪਸ਼ੂ ਨੂੰ ਮੀਟ ਪਲਾਂਟ ਲਈ ਨਹੀਂ ਵੇਚਿਆ ਜਾ ਸਕੇਗਾ ਅਤੇ ਕਿਸੇ ਵੀ ਧਾਰਮਿਕ ਰਸਮ ਵਾਸਤੇ ਕਿਸੇ ਪਸ਼ੂ ਦੀ ਬਲੀ ਨਹੀਂ ਦਿੱਤੀ ਜਾ ਸਕੇਗੀ। ਸੂਬੇ ਦੇ ਪਸ਼ੂ ਸੰਭਾਲ ਅਤੇ ਸੁਰੱਖਿਆ ਕਾਨੂੰਨਾਂ ਮੁਤਾਬਕ ਲਈ ਮਨਜ਼ੂਰੀ ਤੋਂ ਬਿਨਾਂ ਬਾਹਰੀ ਸੂਬਿਆਂ ਨੂੰ ਕੋਈ ਪਸ਼ੂ ਨਹੀਂ ਵੇਚਿਆ ਜਾ ਸਕੇਗਾ। ਪੰਜਾਬ ਗਊ ਸੇਵਾ ਕਮਿਸ਼ਨ ਮੁਤਾਬਕ ਸੂਬੇ ਵਿਚ 400 ਦੇ ਕਰੀਬ ਰਜਿਸਟਰਡ ਗਊਸ਼ਾਲਾਵਾਂ ਹਨ। ਇਸ ਦੇ ਬਾਵਜੂਦ ਸੂਬੇ ਵਿਚ ਲਗਭਗ ਸਵਾ ਲੱਖ ਗਾਵਾਂ ਸੜਕਾਂ 'ਤੇ ਘੁੰਮ ਰਹੀਆਂ ਹਨ। ਕਿਸਾਨਾਂ ਮੁਤਾਬਕ ਦੁੱਧ ਨਾ ਦੇਣ ਵਾਲੇ ਪਸ਼ੂ ਰੱਖਣ 'ਤੇ ਕਰੀਬ ਪੰਜ ਸੌ ਰੁਪਏ ਰੋਜ਼ਾਨਾ ਖਰਚ ਹੁੰਦੇ ਹਨ। ਆਰਥਿਕ ਸੰਕਟ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ ਦੇ ਰਾਹ ਤੋਰ ਰਿਹਾ ਹੈ।

ਪੰਜਾਬ ਵਿਚ ਚਮੜਾ ਸਨਅਤ 'ਤੇ ਖਤਰੇ ਦੇ ਬੱਦਲ

ਜਲੰਧਰ: ਕੇਂਦਰ ਸਰਕਾਰ ਵੱਲੋਂ ਬੁੱਚੜਖਾਨਿਆਂ ਲਈ ਪਸ਼ੂਆਂ ਦੀ ਖਰੀਦੋ-ਫਰੋਖਤ 'ਤੇ ਲਾਈ ਪਾਬੰਦੀ ਨਾਲ ਜਲੰਧਰ ਦੀਆਂ 60 ਦੇ ਕਰੀਬ ਚਮੜਾ ਫੈਕਟਰੀਆਂ ਉਤੇ ਸੰਕਟ ਦੇ ਬੱਦਲ ਛਾ ਗਏ ਹਨ। ਉਤਰ ਪ੍ਰਦੇਸ਼ ਵਿਚ ਭਾਜਪਾ ਸਰਕਾਰ ਬਣਨ ਉਤੇ ਪਹਿਲਾਂ ਹੀ ਜਲੰਧਰ ਦਾ ਕਾਰੋਬਾਰ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਸੀ, ਉਪਰੋਂ ਕੇਂਦਰ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੇ ਚਮੜਾ ਸਨਅਤ ਦੇ ਮਾਲਕਾਂ ਦੇ ਨਾਲ ਨਾਲ ਮਜ਼ਦੂਰਾਂ ਨੂੰ ਵੀ ਫਿਕਰਾਂ ਵਿਚ ਪਾ ਦਿੱਤਾ ਹੈ। ਦੇਸ਼ ਵਿਚ ਚੇਨੱਈ, ਕੋਲਕਾਤਾ ਅਤੇ ਕਾਨਪੁਰ ਤੋਂ ਬਾਅਦ ਚੌਥਾ ਨੰਬਰ ਜਲੰਧਰ ਸ਼ਹਿਰ ਦਾ ਆਉਂਦਾ ਹੈ, ਜਿੱਥੇ ਚਮੜੇ ਦਾ ਵੱਡਾ ਕਾਰੋਬਾਰ ਹੈ।

ਪੰਜਾਬ ਸਪੋਰਟਸ ਐਂਡ

ਖੇਡ ਤੇ ਸਭਿਆਚਾਰਕ ਮੇਲਾ

ਕਬੱਡੀ ਤੇ ਵਾਲੀਬਾਲ ਦੇ ਮੈਚ ਹੋਣਗੇ
ਬੀਬੀਆਂ ਤੇ ਬਜ਼ੁਰਗਾਂ ਦੇ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ
ਚੋਟੀ ਦੇ ਗਾਇਕ ਤਿੰਨ ਘੰਟੇ ਸਭਿਆਚਾਰਕ ਗਾਇਕੀ ਦਾ ਰੰਗਾ ਰੰਗ ਅਖਾੜਾ ਲਾਉਣਗੇ
ਫਰੀ ਪਾਰਕਿੰਗ, ਫਰੀ ਫੂਡ ਅਤੇ ਬੀਬੀਆਂ ਲਈ ਫਰੀ ਮਹਿੰਦੀ

2 ਜੁਲਾਈ 2017

ਐਤਵਾਰ, ਸਵੇਰੇ 11 ਤੋਂ 6 ਵਜੇ ਤੱਕ
ਬੱਸੀਵੁਡਜ਼ ਫਾਰੈਸਟ ਪ੍ਰਿਜ਼ਰਵ
ਐਲਕ ਗਰੂਵ ਵਿਲੇਜ, ਇਲੀਨਾਏ
(Busse Wood Forest Preserve South, Elk Grove Village, IL 60007)

ਸਾਡੇ ਮੁੱਖ ਸਪਾਂਸਰ

ਸ. ਦਰਸ਼ਨ ਸਿੰਘ ਧਾਲੀਵਾਲ (ਪਹਿਲੇ ਇਨਾਮ ਦੇ ਸਪਾਂਸਰ)

ਸ. ਹੈਰੀ ਘੁਮਾਣ ਤੇ ਸ. ਅਮਰਵੀਰ ਘੁਮਾਣ ਇੰਡੀਆਨਾ (ਦੂਜੇ ਇਨਾਮ ਦੇ ਸਪਾਂਸਰ)

ਹੰਸ ਰਾਜ ਹੰਸ ਰਾਜ ਗਾਇਕ ਮੁੱਖ ਮਹਿਮਾਨ

ਸ੍ਰੀਮਤੀ ਨੀਤਾ ਭੂਸ਼ਨ (ਕੌਂਸਲ ਜਨਰਲ, ਸ਼ਿਕਾਗੋ) ਗੈਸਟ ਆਫ ਆਨਰ

ਸ. ਬਲਦੇਵ ਸਿੰਘ ਸੱਲ੍ਹਾਂ ਚੇਅਰਮੈਨ

ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

ਸ. ਜੇ ਪੀ ਐਸ ਖਹਿਰਾ

ਸ. ਪਾਲ ਸਿੰਘ ਖਲੀਲ

ਡਾ. ਭੁਪਿੰਦਰ ਸਿੰਘ ਸੈਣੀ

ਕਲੱਬ ਪ੍ਰਧਾਨ

ਸ. ਅਮਰੀਕ ਸਿੰਘ ਸ਼ਿਕਾਗੋ

ਕਲੱਬ ਦੇ ਸਾਬਕਾ ਪ੍ਰਧਾਨ

ਸ. ਨਰਿੰਦਰ ਸਿੰਘ ਸਰਾਂ

ਸ. ਹੈਪੀ ਸਿੰਘ ਹੀਰ

ਸ. ਲਵਦੀਪ ਸਿੰਘ ਦੁੱਲਤ

ਸ. ਹਰਵਿੰਦਰ ਸਿੰਘ ਬਿੱਲਾ

ਸ. ਜਸਕਰਨ ਸਿੰਘ ਧਾਲੀਵਾਲ

ਕਲੱਬ ਮੈਂਬਰ

ਸ. ਗੁਰਮੀਤ ਸਿੰਘ ਮੀਤ ਪ੍ਰਧਾਨ

ਸ. ਗੁਰਪ੍ਰੀਤ ਸਿੰਘ ਗਿੱਲ

ਸ. ਲੱਕੀ ਸਿੰਘ ਸਹੋਤਾ

ਸ. ਅੰਮ੍ਰਿਤਪਾਲ ਸੰਘਾ, ਖਜ਼ਾਨਚੀ

ਸ. ਮਨਮਿੰਦਰ ਸਿੰਘ ਹੀਰ

ਸ. ਰਜਿੰਦਰ ਸਿੰਘ ਦਿਆਲ

ਸ. ਹਰਦੀਪ ਸਿੰਘ ਗਿੱਲ

ਸਾਡੇ ਸਪਾਂਸਰ

ਡਾ. ਜਸਪਾਲ ਸਿੰਘ ਸੰਧੂ

ਮਨਜੀਤ ਸਿੰਘ ਗਰੇਵਾਲ

ਜਥੇਦਾਰ ਤਾਰਾ ਸਿੰਘ ਸੱਲ੍ਹਾਂ

ਪਾਖਰ ਸਿੰਘ ਸਿੱਧੂ

ਬਚਨ ਸਿੰਘ ਗਿੱਲ

ਸੋਹਣ ਸਿੰਘ ਗਿੱਲ

ਹਰਭਜਨ ਸਿੰਘ ਸੰਧਾਵਾਲੀਆ

ਬਲਬੀਰ ਸਿੰਘ ਸੈਣੀ

ਗੁਰਦੇਵ ਸਿੰਘ


ਹਰਵਿੰਦਰ ਵਾਲੀਆ

ਹਰਜਿੰਦਰ ਸਿੰਘ ਖਹਿਰਾ

ਜਗਜੀਤ ਸਿੰਘ ਸਿੱਧੂ

ਪ੍ਰਿਥਪਾਲ ਸਿੰਘ ਘੋਤੜਾ

ਦਰਸ਼ਨ ਸਿੰਘ ਦਰੜ

ਲਵ ਮਿਨਹਾਸ

ਜੈਦੇਵ ਸਿੰਘ ਭੱਠਲ

ਗੁਰਚਰਨ ਸਿੰਘ ਝੱਜ

ਰਵੀ ਹੰਝਰਾ

ਮੱਖਣ ਗਿੱਲ

ਕਿੰਟੂ ਬਾਵਾ

ਡਾ. ਗੁਰਚਰਨ ਸਿੰਘ ਗਰੇਵਾਲ

ਪਰਮਜੀਤ ਸਿੰਘ ਸਿੱਧੂ

ਰੁਪਿੰਦਰ ਅਰੋੜਾ

ਹਰਜੀਤ ਸਿੰਘ ਸੰਧਰ

ਕੁਲਵੰਤ ਸਿੰਘ ਢਿੱਲੋਂ

ਬਹਾਦਰ ਸਿੰਘ ਬੋਪਾਰਾਏ

ਹਰਵਿੰਦਰ ਲਾਲੀ ਸਿੱਧੂ

ਬਾਬ ਸਿੰਘ ਹੁੰਦਲ

ਬਲਦੇਵ ਸਿੰਘ ਬੋਲਾ

ਰੇਸ਼ਮ ਸਿੰਘ ਖੱਖ

ਕਰਨੈਲ ਸਿੰਘ ਨੌਰਦ

ਸਤਵੰਤ ਸਿੰਘ ਨਿੱਜਰ

ਲਾਲੀ ਧਾਲੀਵਾਲ

ਜੱਸੀ ਧਾਲੀਵਾਲ

ਬਲਵਿੰਦਰ ਸਿੰਘ ਨਿੱਕ

ਯਾਦਵਿੰਦਰ ਸਿੰਘ ਗਰੇਵਾਲ

ਪਰਮਿੰਦਰ ਸਿੰਘ ਗਰੇਵਾਲ

ਜਸਵੀਰ ਸਿੰਘ ਸੰਧੂ

ਜਸਪਾਲ ਜੱਸੀ

ਖੇਮ ਸਿੰਘ ਵਿਰਕ

ਬਲਦੇਵ ਬਾਗੜੀ

ਸੁਰਿੰਦਰ ਜੈਨ

ਸਿਕੰਦਰ ਬਿੱਟੂ

ਕ੍ਰਿਸ਼ਨ ਸਿੰਘ

ਸੁਰਜੀਤ ਸਿੰਘ ਤੂਰ

ਤਲਵਿੰਦਰ ਸੂਸ

ਸੁਖਮਿੰਦਰ ਪੰਧੇਰ

ਜਸਵਿੰਦਰ ਲੱਖਣ

ਕੁਲਵਿੰਦਰ ਤੇ ਸੁੱਖੀ ਮਾਨ (ਅੰਬਰ ਪੈਲੇਸ)

ਪਰਮਿੰਦਰ ਵਾਲੀਆ

ਹਰਦੀਪ ਬੰਦੇਸ਼ਾ

ਅਮਰਦੇਵ ਬੰਦੇਸ਼ਾ

ਜੋਧ ਸਿੰਘ ਸਿੱਧੂ

ਗੁਰਦਿਆਲ ਸਿੰਘ ਬਸਰਾਨ

ਹਰਗੁਰਮੁਖਪਾਲ ਸਿੰਘ

ਹਰਦਿਆਲ ਸਿੰਘ ਦਿਓਲ

ਸਤੀਸ਼ ਫੋਰਟਵੇਨ


ਇੰਦਰ ਸਿੰਘ ਸਰਪੰਚ

ਸਤਪਾਲ ਸਿੰਘ ਟੀਟੂ

ਪਰਮਿੰਦਰ ਸਿੰਘ ਗੋਲਡੀ

ਅਜੀਤ ਸਿੰਘ

ਕੁਲਵਿੰਦਰ ਸਿੰਘ ਗਿੱਲ

ਹਰਇੰਦਰਜੀਤ ਧਾਲੀਵਾਲ

ਵਰਿੰਦਰ ਨਾਗਰਾ

ਕਲਚਰਲ ਕਲੱਬ, ਸ਼ਿਕਾਗੋ

Free Entry, Free Parking & Free Food

ਰੱਖੜੇ ਦਾ ਮਾਣ
ਸੂਬੇਦਾਰ ਬਾਪੂ ਕਰਤਾਰ ਸਿੰਘ

ਕਬੱਡੀ ਦਾ ਪਹਿਲਾ ਇਨਾਮ ਸੂਬੇਦਾਰ ਬਾਪੂ ਕਰਤਾਰ ਸਿੰਘ ਦੀ ਯਾਦ ਵਿਚ ਸ. ਦਰਸ਼ਨ ਸਿੰਘ ਧਾਲੀਵਾਲ ਵਲੋਂ

ਵਾਲੀਬਾਲ ਦਾ ਟੂਰਨਾਮੈਂਟ ਸਵਰਗੀ ਹਰਭਜਨ ਸਿੰਘ ਗਾਖਲ ਤੇ ਹਰਜਾਪ ਸਿੰਘ ਸੰਘਾ ਨੂੰ ਸਮਰਪਿਤ

Desi Junction
Aap Ke Vatan Se Rista
www.desijunction.com

Radio Chann Pardesi

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਅਮਰੀਕ ਸਿੰਘ ਸ਼ਿਕਾਗੋ 773-507-8043
ਜਸਕਰਨ ਸਿੰਘ ਧਾਲੀਵਾਲ 630-290-7993
ਹੈਪੀ ਸਿੰਘ ਹੀਰ 630-398-7052
ਨਰਿੰਦਰ ਸਿੰਘ ਸਰਾਂ 630-205-9264
ਲਵਦੀਪ ਦੁੱਲਤ 224-425-0705
ਹਰਵਿੰਦਰ ਸਿੰਘ ਬਿੱਲਾ 708-228-8520
ਅੰਮ੍ਰਿਤਪਾਲ ਸਿੰਘ ਸੰਘਾ 630-673-9000
ਗੁਰਮੀਤ ਸਿੰਘ ਭੋਲਾ 773-406-2131
ਰਾਜਿੰਦਰ ਸਿੰਘ ਦਿਆਲ 214-457-1808
ਲੱਕੀ ਸਹੋਤਾ 847-489-7773
ਹਰਦੀਪ ਸਿੰਘ ਗਿੱਲ 847-226-2515
ਮਨਮਿੰਦਰ ਸਿੰਘ ਹੀਰ 630-709-5331
ਗੁਰਪ੍ਰੀਤ ਸਿੰਘ ਗਿੱਲ 630-818-5159

ਮਰਹੂਮ ਹਰਭਜਨ ਸਿੰਘ ਗਾਖਲ

ਮਰਹੂਮ ਹਰਜਾਪ ਸਿੰਘ ਸੰਘਾ

ਵਾਲੀਬਾਲ ਦੇ ਸਪਾਂਸਰ

ਲਖਬੀਰ ਸਿੰਘ ਤੇ ਅਮਰਜੀਤ ਸਿੰਘ (ਢੀਂਡਸਾ ਬ੍ਰਦਰਜ਼)

ਗੁਰਵਿੰਦਰ ਖੱਟੜਾ

ਅਮਨਦੀਪ ਸਿੰਘ

ਦੀਦਾਰ ਸਿੰਘ ਧਨੋਆ

ਸਰਬਜੀਤ ਸਿੰਘ ਸਿੱਧੂ

ਹਰਿੰਦਰ ਟਿਵਾਣਾ

ਜਸਮੀਤ ਕੰਗ

ਕਬੀਰ



ਮਨਪ੍ਰੀਤ ਕੇਹਲ

ਸਾਡੇ ਸਪਾਂਸਰ

ਅਯੁਧਿਆ ਸਲਵਾਨ · ਸ਼ਮਸ਼ੇਰ ਬੋਪਾਰਾਏ · ਅਮਰਜੀਤ ਸਿੰਘ ਸੰਧਰ · ਮਨਜੀਤ ਨਾਗਰਾ · ਇੰਦਰਜੀਤ ਸਿੰਘ · ਹਰਕਿਸ਼ਨ ਸਿੰਘ ਭੱਟੀ · ਜਸਵਿੰਦਰ ਸਿੰਘ ਜੱਸੀ · ਓਮ ਨਰਾਲਾ · ਰਿੰਪੀ ਖੱਟੜਾ · ਧਰਮਿੰਦਰ ਸਿੰਘ ਖੱਟੜਾ · ਨਿੱਕ ਸਿੰਘ ਗਾਖਲ · ਬਲਵਿੰਦਰ ਸਿੰਘ · ਗੁਲਜ਼ਾਰ ਸਿੰਘ ਮੁਲਤਾਨੀ · ਜਗਮੀਤ ਸਿੰਘ · ਮਨਦੀਪ ਸਿੰਘ ਭੂਰਾ · ਰਾਣਾ ਸਿੰਘ ਵਿਰਕ · ਰਾਜਿੰਦਰ ਸਿੰਘ ਬੈਂਸ

ਭੁਪਿੰਦਰ ਸਿੰਘ ਢਿੱਲੋਂ · ਗੁਰਸ਼ਰਨ ਸਹੋਤਾ · ਗੁਰਦਿੱਤ ਸਿੰਘ ਸੈਣੀ · ਰਾਜਵਿੰਦਰ ਗਰੇਵਾਲ · ਹਨੀ ਢਿੱਲੋਂ · ਸਤਨਾਮ ਮਿਨਹਾਸ · ਜਸਵਿੰਦਰ ਸਿੰਘ ਗਿੱਲ · ਨਾਜਰ ਸਿੰਘ ਗਿੱਲ · ਜਸਵੀਰ ਸੋਢੀ · ਪੀਟਾ ਸਹੋਤਾ · ਬਾਵਾ ਸਿੰਘ ਧਾਮੀ · ਮਨਜੀਤ ਸਿੰਘ ਪੱਲੀਝਿੱਕੀ · ਓਂਕਾਰ ਕਾਰੀ · ਜਿੰਮੀ ਬਰਾੜ · ਮੱਖਣ ਬੰਦੇਸ਼ਾ · ਮਲਕੀਤ ਉਪਲ · ਸੁਰਜੀਤ ਮਾਵੀ

ਰਾਕੇਸ਼ ਰੇਹਨ ਕੈਫੇ ਇੰਡੀਆ ਮਿਲਵਾਕੀ · ਆਗਿਆਪਾਲ ਚਾਹਲ · ਬੇਅੰਤ ਸਿੰਘ ਬੋਪਾਰਾਏ · ਕੁਲਦੀਪ ਸਿੰਘ ਟਾਂਡਾ · ਕੁਲਦੀਪ ਸਿੰਘ ਲੰਗ · ਲਖਵੰਤ ਸਿੰਘ ਕੋਮਲ · ਸੁਖਦੇਵ ਸਿੰਘ ਸਮਰਾ · ਲਖਬੀਰ ਸਿੰਘ ਸੀਹਰਾ · ਜਗਜੀਤ ਸਿੰਘ ਢੀਂਡਸਾ · ਰਵਿੰਦਰ ਸਿੰਘ ਰਵੀ · ਗੁਰਮੁਖ ਸਿੰਘ · ਸੁਖਮੇਲ ਅਟਵਾਲ · ਚਰਨ ਸਿੰਘ ਛੀਨਾ · ਜਸਵੀਰ ਸਿੰਘ ਡਿਪਟੀ · ਗੁਰਮੀਤ ਸਿੰਘ ਸੱਲਾਂ · ਸਰਬਜੀਤ ਸਿੰਘ ਸੱਲਾਂ · ਬਲਵਿੰਦਰ ਗਿਰਨ

ਸਨੀ ਧਾਮੀ · ਸਨੀ ਕੁਲਾਰ · ਜਗਦੀਸ਼ਰ ਸਿੰਘ ਕਲੇਰ · ਰੂਬੀ ਸਿੰਘ · ਬੌਬੀ ਸਿੰਘ ਸਲੇਮਪੁਰ · ਗੁਰਮੀਤ ਸਿੰਘ · ਅਮਰਜੀਤ ਗਡਾਣੀ · ਮਨਦੀਪ ਘੋਤੜਾ · ਜਸਵਿੰਦਰ ਪਨਾਮ · ਮਨਦੀਪ ਸਿੰਘ ਛੀਨਾ · ਅਵਤਾਰ ਸਿੰਘ ਲੱਖਾ · ਬੌਬੀ ਤੇ ਮਨਜੀਤ ਸਿੰਘ · ਲਖਬੀਰ ਸਿੰਘ ਸੰਧੂ · ਕੁਲਬੀਰ ਬੱਬੀ · ਗੁਰਿੰਦਰ ਢਿੱਲੋਂ · ਤਰਲੋਚਨ ਸਿੰਘ ਸੰਘਾ

ਅਮੀਰਪੁਰ, ਰਾਜਪੁਰਾ ਦੇ ਯਾਰ-ਮਿੱਤਰ

ਦਰਸ਼ਨ ਸਿੰਘ · ਹਰਪਾਲ ਸਿੰਘ · ਟੀ ਜੇ ਸਿੰਘ · ਗੁਰਪ੍ਰੀਤ ਸਿੰਘ · ਦਰਸ਼ਨ ਪੰਮਾ · ਸਤਵਿੰਦਰ ਮਾਨ · ਪਰਦੀਪ ਸਲਵਾਨ · ਹਰਜਿੰਦਰ ਸਮਰਾ · ਤਾਲੀ ਭੱਠਲ · ਵਿੱਕੀ ਅਤੇ ਤਾਰੀ · ਜਗਤਾਰ ਸਿੰਘ ਸੈਣੀ · ਸੰਨੀ ਧੂੜ

ਚੀ ਗੁਵੇਰਾ ਬਾਰੇ ਪਰਤਾਂ ਫਰੋਲਦੀ ਕਿਤਾਬ

ਸੰਸਾਰ ਪ੍ਰਸਿੱਧ ਇਨਕਲਾਬੀ ਚੀ ਗੁਵੇਰਾ ਅਰਜਨਟੀਨਾ ਵਿਚ ਜੰਮਿਆ, ਕਿਊਬਾ ਦੇ ਇਨਕਲਾਬ ਲਈ ਲੜਿਆ ਅਤੇ ਬੋਲੀਵੀਆ ਵਿਚ ਇਨਕਲਾਬ ਲਈ ਲੜਦਾ ਸ਼ਹੀਦ ਹੋ ਗਿਆ। ਅਮਰੀਕਾ ਵੱਸਦੇ ਲਿਖਾਰੀ ਧਰਮ ਸਿੰਘ ਗੋਰਾਇਆ ਨੇ ਮਿਹਨਤ ਅਤੇ ਲਗਨ ਨਾਲ ਉਸ ਬਾਰੇ ਕਿਤਾਬ ਲਿਖੀ ਹੈ। ਸ. ਗੋਰਾਇਆ ਦੁੱਲਾ ਭੱਟੀ ਅਤੇ ਜਗਤ ਸਿੰਘ ਜੱਗਾ ਬਾਰੇ ਵੀ ਜਾਣਕਾਰੀ ਭਰਪੂਰ ਕਿਤਾਬਾਂ ਲਿਖ ਚੁਕੇ ਹਨ। 'ਚੀ ਗੁਵੇਰਾ' ਵਿਚ ਉਨ੍ਹਾਂ ਚੀ ਅਤੇ ਉਸ ਦੇ ਸਾਥੀਆਂ ਦੀ ਜ਼ੁਲਮ ਖਿਲਾਫ ਲੜੇ ਸੰਘਰਸ਼ ਦੀ ਦਾਸਤਾਨ ਬਿਆਨ ਕੀਤੀ ਹੈ। –ਸੰਪਾਦਕ

ਕਲਾ ਪਰਿਕਰਮਾ

ਧਰਮ ਸਿੰਘ ਗੋਰਾਇਆ ਦੀ ਚੀ ਗੁਵੇਰਾ ਬਾਰੇ ਲਿਖੀ ਪੁਸਤਕ ਉਸ ਦੀ ਲਗਨ ਅਤੇ ਮਿਹਨਤ ਦਾ ਸਿੱਟਾ ਹੈ ਅਤੇ ਜ਼ੁਲਮ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਯੋਧਿਆਂ ਪ੍ਰਤੀ ਉਸ ਦੀ ਸ਼ਰਧਾਂਜਲੀ ਹੈ। ਧਰਮ ਸਿੰਘ ਨੇ ਪਹਿਲਾਂ ਦੁੱਲਾ ਭੱਟੀ ਅਤੇ ਜਗਤ ਸਿੰਘ ਜੱਗਾ ਬਾਰੇ ਵੀ ਕੰਮ ਕਰ ਕੇ ਆਪਣੀ ਸੋਚ ਅਤੇ ਲਗਨ ਦਾ ਪ੍ਰਗਟਾਵਾ ਕੀਤਾ ਹੈ।

ਚੀ ਗੁਵੇਰਾ ਉਸ ਮਨੁੱਖੀ ਤਾਂਘ ਦਾ ਪ੍ਰਤੀਕ ਹੈ, ਜਿਸ ਵਿਚ ਮਨੁੱਖ ਨੂੰ ਸੱਚ ਅਤੇ ਇਨਸਾਫ਼ ਲਈ ਆਪਣੀ ਜਾਨ ਵੀ ਦੇਣੀ ਪਵੇ ਤਾਂ ਮਨੁੱਖਤਾ ਦੇ ਉੱਚੇ ਉਦੇਸ਼ ਲਈ ਉਸ ਨੂੰ ਇਹ ਜਾਨ ਦੇਣੀ ਵੀ ਇਤਿਹਾਸਕ ਤੌਰ 'ਤੇ ਜ਼ਰੂਰੀ ਜਾਪਦੀ ਹੈ। ਸੋਚਣੀ ਦੇ ਉਸ ਉਚੇ ਸਿਖਰ 'ਤੇ ਪਹੁੰਚਿਆ ਇਨਸਾਨ ਆਪਣੀ ਜ਼ਿੰਦਗੀ ਨੂੰ ਮਨੁੱਖਤਾ ਦੇ

ਪ੍ਰੋ. ਪ੍ਰੀਤਮ ਸਿੰਘ

ਵਿਸ਼ਾਲ ਸੰਸਾਰ ਵਿਚ ਛੋਟਾ ਜਿਹਾ ਹਿੱਸਾ ਸਮਝਦਾ ਹੈ ਅਤੇ ਆਪਣੇ ਨਿਜ ਤੋਂ ਬਿਲਕੁਲ ਮੁਕਤ ਹੋ ਜਾਂਦਾ ਹੈ। ਅਜਿਹੀ ਦਿਮਾਗ਼ੀ ਸਥਿਤੀ 'ਤੇ ਪਹੁੰਚੇ ਇਨਸਾਨ ਨੂੰ ਕਿਸੇ ਰਾਜ ਦਰਬਾਰ ਤੋਂ ਡਰ ਨਹੀਂ ਲੱਗਦਾ। ਧਾਰਮਿਕ ਸੋਚ ਵਾਲਾ ਐਸਾ ਇਨਸਾਨ ਗੁਰੂ ਅਰਜਨ ਦੇਵ ਵਾਂਗੂੰ 'ਤੇਰਾ ਕੀਆ ਮੀਠਾ ਲਾਗੈ' ਕਹਿੰਦਾ ਹੈ ਅਤੇ ਗ਼ੈਰ-ਧਾਰਮਿਕ ਸੋਚਣੀ ਵਾਲਾ ਐਸਾ ਇਨਸਾਨ ਸੱਚ, ਸਮਾਜ ਅਤੇ ਸਮਾਜਿਕ ਵਿਕਾਸ ਲਈ ਮਨੁੱਖਤਾ ਦੇ ਵਿਸ਼ਾਲ ਸਮੁੰਦਰ ਵਿਚ ਲਿਪਤ ਹੋਇਆ ਮਹਿਸੂਸ ਕਰਦਾ ਹੈ।

ਐਸੀ ਸਥਿਤੀ 'ਚ ਪਹੁੰਚਣ ਦਾ ਰਸਤਾ ਭਾਵੇਂ ਧਾਰਮਿਕ ਹੋਵੇ ਜਾਂ ਗ਼ੈਰ-ਧਾਰਮਿਕ, ਇਹ ਆਮ ਮਨੁੱਖ ਦੇ ਰੋਜ਼ਾਨਾ ਜ਼ਿੰਦਗੀ ਦੇ ਜੰਜਾਲਾਂ ਤੋਂ ਮੁਕਤ ਹੋ ਕੇ ਉਚਾਈਆਂ ਤਕ ਪਹੁੰਚਣ ਦੀ ਸੰਭਾਵਨਾ ਤੇ ਸੱਚਾਈ ਨੂੰ ਉਜਾਗਰ ਕਰਦਾ ਹੈ। ਐਸੇ ਮਨੁੱਖ ਚਾਨਣ ਮੁਨਾਰੇ ਬਣ ਜਾਂਦੇ ਹਨ। ਹਰ ਇਨਸਾਨ ਨੂੰ ਨਾ ਉਸ ਉਚਾਈ ਤਕ ਪਹੁੰਚਣ ਦੀ ਲੋੜ ਹੈ ਅਤੇ ਨਾ ਹੀ ਇਸ ਤਰ੍ਹਾਂ ਦੀ ਚੁਣੌਤੀ ਨਾਲ ਮੁਕਾਬਲਾ ਕਰਨ ਦਾ ਮੌਕਾ ਮਿਲਦਾ ਹੈ, ਪਰ ਇਸ ਤਰ੍ਹਾਂ ਦੇ ਚਾਨਣ ਮੁਨਾਰੇ ਜ਼ਿੰਦਗੀ ਦੇ ਉਤਰਾਅ-ਚੜ੍ਹਾਅ ਦੀਆਂ ਮੁਸ਼ਕਿਲਾਂ ਨਾਲ



ਲੜਨ ਅਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਹੌਸਲਾ ਦਿੰਦੇ ਹਨ। ਪੂੰਜੀਵਾਦ ਦੇ ਦੌਰ ਵਿਚ ਵੀ ਚੀ ਗੁਵੇਰਾ ਪੂੰਜੀਵਾਦ ਅਤੇ ਸਾਮਰਾਜਵਾਦ ਖ਼ਿਲਾਫ਼ ਆਪਣੀ ਸਾਰੀ ਤਾਕਤ ਲਾਉਣ ਵਾਲਾ ਉਹ ਚਾਨਣ ਮੁਨਾਰਾ ਹੈ, ਜੋ ਮਨੁੱਖ ਨੂੰ ਬਰਾਬਰੀ ਆਧਾਰਿਤ ਸਮਾਜ ਬਾਰੇ ਕਲਪਨਾ ਕਰਨ ਅਤੇ ਸਾਜਣ ਲਈ ਪ੍ਰੇਰਦਾ ਹੈ। ਧਰਮ ਸਿੰਘ ਕਿਤਾਬ ਦੇ ਅਖੀਰਲੇ ਪੰਨਿਆਂ ਵਿਚ ਬਿਆਨ ਕਰਦਾ ਹੈ ਕਿ ਜਦੋਂ ਚੀ ਗੁਵੇਰਾ ਦੀ 30 ਸਾਲ ਪਹਿਲਾਂ ਦੱਬੀ ਲਾਸ਼ ਨੂੰ ਅਕਤੂਬਰ 1997 ਵਿਚ ਕਿਊਬਾ ਵਿਚ ਪੂਰੇ ਸਰਕਾਰੀ ਤੇ ਇਨਕਲਾਬੀ ਸ਼ਾਨੋ-ਸ਼ੌਕਤ ਨਾਲ ਦੁਬਾਰਾ ਦਫ਼ਨਾਉਣ ਲਈ ਲਿਆਂਦਾ ਗਿਆ ਤਾਂ ਉਥੇ ਢਾਈ ਲੱਖ ਲੋਕਾਂ ਦਾ ਇਕੱਠ ਇਹ ਦਿਖਾ ਰਿਹਾ ਸੀ, ਜਿਵੇਂ ਸਾਰੀ ਮਨੁੱਖਤਾ ਚੀ ਗੁਵੇਰਾ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੀ ਹੋਈ ਹੋਵੇ।

ਜਿਵੇਂ ਦੱਖਣੀ ਏਸ਼ੀਆ ਵਿਚ ਭਗਤ ਸਿੰਘ ਸਾਡਾ ਇਨਕਲਾਬੀ ਚਾਨਣ ਮੁਨਾਰਾ ਹੈ, ਉਸੇ ਤਰ੍ਹਾਂ ਲਾਤੀਨੀ ਅਮਰੀਕਾ ਵਿਚ ਚੀ ਗੁਵੇਰਾ ਹੈ। ਹੁਣ ਇਨ੍ਹਾਂ ਦੋ ਇਨਕਲਾਬੀ ਨਾਇਕਾਂ ਦੀ ਮਕਬੂਲੀਅਤ ਉਨ੍ਹਾਂ ਦੀਆਂ ਕੌਮੀ ਅਤੇ ਖੇਤਰੀ ਸਰਹੱਦਾਂ ਉਲੰਘ ਕੇ ਦੂਰ-ਦੂਰ ਤਕ ਫੈਲੀ ਹੋਈ ਹੈ ਅਤੇ ਉਹ ਆਪਣੇ ਸਮੇਂ ਤੋਂ ਇਲਾਵਾ ਅਗਲੀਆਂ ਪੁਸ਼ਤਾਂ ਲਈ ਪ੍ਰੇਰਨਾ ਸਰੋਤ ਸਾਬਤ ਹੋਏ ਹਨ। ਦੋਵਾਂ ਵਿਚ ਸਮਾਨਤਾਵਾਂ ਵੀ ਬਹੁਤ ਹਨ: ਦੋਵੇਂ ਸੁਨੱਖੇ ਨੌਜਵਾਨ ਸਨ ਅਤੇ ਦੋਵੇਂ ਬਹੁਤ ਸ਼ਕਤੀਸ਼ਾਲੀ ਤੇ ਦਮਨਕਾਰੀ ਹਕੂਮਤਾਂ ਨਾਲ ਲੜਦਿਆਂ ਸ਼ਹੀਦ ਹੋਏ। 23 ਮਾਰਚ 1931 ਨੂੰ ਜਦੋਂ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ, ਉਦੋਂ ਉਸ ਦੀ ਉਮਰ ਮਸਾਂ 24 ਸਾਲ ਸੀ। ਉਸ ਸਮੇਂ ਬ੍ਰਿਟੇਨ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਸਾਮਰਾਜੀ ਮੁਲਕ ਸੀ। ਚੀ ਗੁਵੇਰਾ 39 ਸਾਲਾਂ ਦਾ ਸੀ ਜਦੋਂ 9 ਅਕਤੂਬਰ 1967 ਨੂੰ ਉਸ ਸਮੇਂ ਦੇ ਸਭ ਤੋਂ ਵੱਧ ਸ਼ਕਤੀਸ਼ਾਲੀ ਸਾਮਰਜਵਾਦੀ ਮੁਲਕ ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਦੇ ਦਸਤੇ ਨੇ ਗੋਲੀਆਂ ਮਾਰ ਕੇ ਉਸ ਦੀ ਹੱਤਿਆ ਕੀਤੀ। ਇਨਸਾਫ਼, ਸੱਚ ਅਤੇ ਸਮਾਨਤਾ ਦੇ ਹੱਕਾਂ ਦੀ ਲੜਾਈ ਲੜਨ ਵਾਲੇ ਇਨ੍ਹਾਂ ਦੋਵਾਂ ਕ੍ਰਾਂਤੀਕਾਰੀਆਂ ਦੀਆਂ ਜ਼ਿੰਦਗੀਆਂ ਦੇ ਤ੍ਰਾਸਦੀਪੂਰਨ ਅੰਤ ਨੇ ਦੋਵਾਂ ਪ੍ਰਤੀ ਸਨੇਹ, ਹਮਦਰਦੀ ਤੇ ਇਕਮੁੱਠਤਾ ਦਾ ਤੂਫ਼ਾਨ ਖੜ੍ਹਾ ਕੀਤਾ। ਦੋਵਾਂ ਪ੍ਰਤੀ ਇਹੋ ਜਜ਼ਬਾਤ ਹੁਣ ਵੀ ਮੱਠੇ ਨਹੀਂ ਪਏ। ਦੋਵਾਂ ਨੂੰ ਨਾਇਕਤਵ ਅਤੇ ਲੋਕ ਉਮਾਹਾਂ ਦੇ ਪ੍ਰਤੀਕ ਦਾ ਰੁਤਬਾ ਇਸ ਕਰ ਕੇ ਵੀ ਮਿਲਿਆ ਕਿ ਦੋਵੇਂ ਦੂਰਅੰਦੇਸ਼ ਤੇ ਚਿੰਤਨਸ਼ੀਲ ਸੋਚ ਦੇ ਮਾਲਕ ਸਨ। ਧਰਮ ਸਿੰਘ ਕਿਤਾਬ ਵਿਚ ਇਹ ਗੱਲ ਚੰਗੀ ਤਰ੍ਹਾਂ ਪੇਸ਼ ਕਰਦਾ ਹੈ ਕਿ ਚੀ ਗੁਵੇਰਾ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ ਸੀ। ਅਸੀਂ ਜਾਣਦੇ ਹਾਂ ਕਿ ਭਗਤ ਸਿੰਘ ਨੂੰ ਵੀ ਇਹ ਸ਼ੌਕ ਸੀ। ਇਨ੍ਹਾਂ ਦੋਵਾਂ ਨੇ ਆਪਣੇ ਵਿਚਾਰਾਂ ਤੇ ਸੋਚ ਨੂੰ ਸੁਹਜਮਈ ਢੰਗ ਨਾਲ ਸ਼ਬਦਿਕ ਰੂਪ ਦਿੱਤਾ ਅਤੇ ਵਿਰੋਧੀਆਂ ਨੂੰ ਨਿਡਰਤਾ ਤੇ ਦਲੇਰੀ ਨਾਲ ਚੁਣੌਤੀ ਦਿੱਤੀ, ਉਹ ਵੀ ਜ਼ੁਬਾਨ ਤੇ ਲਿਖਤ ਦੀ ਤਾਕਤ ਨਾਲ। ਉਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਇੰਨਾ ਸੁਮੇਲ ਸੀ ਕਿ ਇਸ ਸਦਕਾ ਹੀ ਉਨ੍ਹਾਂ ਦਾ ਅਕਸ ਇਕ ਵਿਸ਼ੇਸ਼ ਖਿੱਤੇ ਤਕ ਸੀਮਤ ਰਹਿਣ ਦੀ ਥਾਂ ਵਿਸ਼ਵ-ਵਿਆਪਕਤਾ ਗ੍ਰਹਿਣ ਕਰ ਗਿਆ ਅਤੇ ਉਹ ਉਨ੍ਹਾਂ ਆਦਰਸ਼ਾਂ ਦੇ ਪ੍ਰਤੀਕ ਬਣ ਗਏ ਜਿਹੜੇ ਹਰ ਮਹਾਨ ਸ਼ਖ਼ਸੀਅਤ ਦੀ ਜੀਵਨ ਜਾਚ ਦਾ ਹਿੱਸਾ ਹੋਣੇ ਚਾਹੀਦੇ ਹਨ।

ਧਰਮ ਸਿੰਘ ਨੇ ਆਪਣੇ ਅਮਰੀਕਾ ਵਿਚ ਹੋਣ ਦਾ ਪੂਰਾ ਫਾਇਦਾ ਉਠਾਇਆ ਹੈ ਅਤੇ ਲਾਤੀਨੀ ਅਮਰੀਕਾ ਦੇ ਦੇਸ਼ਾਂ ਦਾ ਦੌਰਾ ਕਰ ਕੇ ਚੀ ਗੁਵੇਰਾ ਬਾਰੇ ਅਨੋਖੀ ਕਿਤਾਬ ਪੰਜਾਬੀ ਵਿਚ ਲਿਖ ਕੇ ਪੰਜਾਬੀ ਸਾਹਿਤ ਨੂੰ ਵੀ ਵਧੀਆ ਦੇਣ ਦਿੱਤੀ ਹੈ।

ਚੀ ਗੁਵੇਰਾ ਦੀ ਸੰਸਾਰ ਪ੍ਰਸਿਧ ਤਸਵੀਰ ਅਤੇ (ਸੱਜੇ) ਕਿਊਬਾ ਦੀ ਰਾਜਧਾਨੀ ਹਵਾਨਾ ਵਿਚ ਚੀ ਸਕੁਏਅਰ ਦੀ ਝਲਕ।

ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 24 ਜੂਨ 2017 ਹੈ। –ਸੰਪਾਦਕ

ਕੈਪਸ਼ਨ ਮੁਕਾਬਲਾ-278

ਦੇ ਕੇ ਬਾਂਗ ਜਗਾਵੇ ਸਭ ਨੂੰ, ਸਾਡਾ ਪਿਆਰਾ ਕੁੱਕੜ।
ਆਇਆ ਜਦੋਂ ਪ੍ਰਾਹੁਣਾ ਕੋਈ, ਇਹ ਹੋਣਾ ਵਿਚ ਕੁੱਕਰ।

ਕੈਪਸ਼ਨ ਮੁਕਾਬਲਾ-276

ਇੱਕ ਨੇ ਚੁੱਲ੍ਹਾ ਚੌਂਕਾ ਸਾਂਭਿਆ,
ਦੂਜੀਆਂ ਟੂਸੇ ਡੁੰਗੀ ਜਾਵਣ।
ਆਪੋ ਆਪਣੇ ਕੰਮੀਂ ਲੱਗੀਆਂ
ਮਿੱਠੀਆਂ ਮਿੱਠੀਆਂ ਬਾਤਾਂ ਪਾਵਣ।
ਰਲ-ਮਿਲ ਜਿੱਥੇ ਹੁੰਦੇ ਧੰਦੇ,
ਉਸ ਘਰ ਵਿਚ ਬਰਕਤਾਂ ਆਵਣ।

–ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222

ਲੱਗਦੈ ਕਿ ਸੱਸ ਮਾਂ ਬਣ ਗਈ ਹੈ
ਨੂੰਹ-ਧੀ ਦਾ ਜਿਹਨੂੰ ਫਰਕ ਨਾ ਜਾਪੇ।
'ਨਾ ਸੰਦੂਕਾਂ ਓਹਲੇ ਸੱਸ ਪਊ ਕੁੱਟਣੀ
ਨਾ ਹੀ ਨੂੰਹ ਝੂਲਸੇਗੀ ਹੁਣ ਆਪੇ।
ਐਸਾ ਘਰ ਦੇਵੇ ਸੁਰਗ ਦਾ ਝਉਲਾ
ਕਲਾ-ਕਲੇਸ਼ ਮੁੜ ਕਿਉਂ ਸੰਤਾਪੇ।
ਕੰਮ ਮੁਕਾਵਣ ਰਲਮਿਲ ਸਾਰੇ
ਭਾਸਦੈ ਨੂੰਹ ਹੁਣ ਭੁੱਲ ਗਈ ਮਾਪੇ।

–ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ
ਫੋਨ: 408-912-3438

ਇਸ ਫੋਟੋ ਵਿਚਲਾ ਪਿਆਰ
ਹੁਣ ਕਿਥੇ ਰਹਿ ਗਿਆ।
ਪੈਸੇ ਦਾ ਹੰਕਾਰ ਤੇ ਗੁੱਸਾ
ਸਾਡੇ ਹੱਡੀਂ ਬਹਿ ਗਿਆ।
ਪਹਿਲਾਂ ਖੇਤੋਂ ਰਲ ਮਿਲ ਕੇ
ਤੋੜਦੀਆਂ ਸਾਗ ਸੀ ਸੁਆਣੀਆਂ।
ਹੁਣ ਤਾਂ ਬਣ ਕੇ ਰਹਿ ਗਈਆਂ
ਇਹ ਕਿਤਾਬੀ ਕਹਾਣੀਆਂ।
ਧੋ ਕੇ, ਕੱਟ ਕੇ ਫਿਰ ਤੌੜੀ ਵਿਚ
ਪਾ ਚੁੱਲ੍ਹੇ ਧਰਨਾ ਸਾਗ।
ਪਰ ਹੁਣ ਆਪੋ ਆਪਣੀ ਬੋਲੀ
ਸਭ ਦਾ ਆਪੋ ਆਪਣਾ ਰਾਗ।

–ਗੋਰਾ ਪ੍ਰਜਾਪਤ, ਨਿਊ ਯਾਰਕ
ਫੋਨ: 718-690-8403

ਇਕ ਇਕ ਦੋ ਗਿਆਰਾਂ
ਕਿੰਨਾ ਲੁਤਫ ਹੈ ਏਕਤਾ 'ਚ
ਸੱਸ, ਨੂੰਹ, ਨਣਾਨ ਸੱਭੇ
ਬੈਠ ਘਰੇ ਰਲ ਇਕੱਠੇ
ਖਾਣ-ਪੀਣ ਦਾ ਆਹਰ ਕਰਨ।
ਇਤਫਾਕ ਜਿੱਥੇ ਖੁਸ਼ੀ ਉਥੇ
ਇਹੋ ਹੈ ਸਾਡਾ ਪੁਰਾਤਨ ਵਿਰਸਾ।
ਕੋਈ ਮਟਰ ਕੱਢੇ, ਕੋਈ ਗੰਢੇ ਛਿੱਲੇ
ਕੋਈ ਭੱਠੀ 'ਚ ਝੁਲਕਾ ਪਾਵੇ
ਟਾਪਾਂ ਫੁੱਲ ਫੁੱਲ ਉਪਰ ਆਉਣ।
ਪਕਵਾਨ ਜਿੱਥੇ ਦਿਨ ਰਾਤ
ਰਿੱਝੇ ਚੋਖਾ, ਸਾਂਝ ਲੋੜੀਂਦੀ।
ਜ਼ਿੰਦਗੀ ਬੜੀ ਵਡਮੁੱਲੀ ਹੁੰਦੀ
ਹੁੰਦੀਆਂ ਨਾ ਜਿਥੇ ਤਿਰਛੀਆਂ ਅੱਖਾਂ।

–ਦਰਸ਼ਨਪਾਲ ਦੋਸਾਂਝ

ਸੱਸ ਨੂੰ ਜਾਪਣ ਨੂੰਹਾਂ ਹੀ ਧੀਆਂ,
ਦਿਨ ਬੀਤਦਾ ਵਾਂਗਰ ਤੀਆਂ।
ਸਹੁਰਿਉਂ ਆਈ ਮਿਲਣ ਨਣਾਨ,
ਰੋਟੀ-ਟੱਕ ਦਾ ਲੱਗ ਗਈਆਂ ਨੇ,
ਹੱਥੋ-ਹੱਥੀ ਕੰਮ ਨਿਪਟਾ'ਣ।
ਸੁਰਗ ਵਰਗੇ ਜਦ ਵਿਹੜੇ ਦੇ ਵਿਚ,
'ਕੱਠੇ ਹੋ ਕੇ ਬੈਠਣਗੇ ਖਾਣ,
ਦਿਨ ਭਰ ਦੀ ਲਹਿ ਜਾਊ ਥਕਾਨ।

–ਦਵਿੰਦਰ ਕੌਰ

ਆਓ ਕੁੜੇ! ਸਾਗ ਦੀ ਤਿਆਰੀ ਕਰੀਏ
ਰਲ-ਮਿਲ ਸਾਰੇ ਕੰਮ ਨਿਬੇੜੀਏ।
ਇਹ ਨਜ਼ਾਰਾ ਟਾਂਵਾਂ ਟਾਵਾਂ ਦਿਸਦਾ
ਹੁਣ ਕਹਿਣ, ਕਿਥੋਂ ਮੁਸੀਬਤ ਸਹੇੜੀ ਏ।
ਵੱਡੇ ਪਰਿਵਾਰ ਹੋ ਗਏ ਖੇਰੂੰ ਖੇਰੂੰ
ਲਾਣੇਦਾਰਾਂ ਬਿਨਾ ਹੁੰਦੀ ਮੇਰੀ ਮੇਰੀ ਏ।
ਸਾਗ ਦੇ ਸੰਗ ਮੱਖਣ ਅਤੇ ਲੱਸੀ
ਨਾਲੇ ਰੋਟੀ ਮੱਕੀ ਦੀ ਬਥੇਰੀ ਏ।

–ਜਗਜੀਤ ਕੌਰ, ਚੰਡੀਗੜ੍ਹ

ਪੰਜਾਬ ਦੀਆਂ ਠੰਡਾਂ ਦੀ ਸੁਗਾਤ ਹੈ ਸਾਗ
ਬਣਾ ਉਥੇ ਜਿਥੇ ਘਰ 'ਚ ਹੋਵੇ ਇਤਫਾਕ।
ਕੋਈ ਤੋੜੇ ਸਰ੍ਹੋਂ ਗੰਦਲਾਂ,
ਕੱਟੇ ਸਾਗ, ਤੌੜੀ ਚੁੱਲ੍ਹੇ ਧਰੇ
ਕੋਈ ਛਿੱਲੇ ਲਸਣ,
ਕੱਟੇ ਅਦਰਕ ਅਤੇ ਪਿਆਜ।
ਸਵਾਦ ਇਹ ਤਾਂ ਲੱਗਦਾ ਜੇ ਹੋਵੇ
ਮੱਖਣ, ਲੱਸੀ ਤੇ ਮੱਕੀ ਦੀ ਰੋਟੀ ਦਾ ਸਾਥ।
ਹਜ਼ਮ ਵਿਹਲੜਾਂ ਨੂੰ ਨਹੀਂ ਆਉਂਦਾ ਪਰ
ਮਿਹਨਤੀਆਂ ਦੀ ਸਿਹਤ ਦਾ ਹੈ ਇਹ ਰਾਜ।

–ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾ, ਪਟਿਆਲਾ।
ਫੋਨ: 91-98784-69639

ਬੱਸ ਟਰਾਂਸਪੋਰਟ ਦੇ ਕਾਰੋਬਾਰ ਵਿਚ ਬੇਨੇਮੀਆਂ ਦੀ ਭਰਮਾਰ

ਚੰਡੀਗੜ੍ਹ: ਨਿੱਜੀ ਬੱਸ ਟਰਾਂਸਪੋਰਟਾਂ ਦੀ ਧੱਕੇਸ਼ਾਹੀ ਰੋਕਣ ਲਈ ਸਰਕਾਰ ਵੱਲੋਂ ਵੱਡੇ-ਵੱਡੇ ਵਾਅਦੇ ਕੀਤੇ ਗਏ ਸਨ। ਸਰਕਾਰ ਨੇ ਵਿਆਪਕ ਟਰਾਂਸਪੋਰਟ ਨੀਤੀ ਲਿਆਉਣ ਦਾ ਵਾਅਦਾ ਕੀਤਾ ਹੋਇਆ ਹੈ, ਪਰ ਇਹ ਨੀਤੀ ਫਿਲਹਾਲ ਅੰਕੜਿਆਂ ਦੇ ਭਰਮ-ਜਾਲ ਵਿਚ ਹੀ ਅਟਕੀ ਪਈ ਹੈ। ਪੰਜਾਬ ਵਿਚ ਬੱਸ ਟਰਾਂਸਪੋਰਟ ਵਿਚ ਵੱਡੇ ਪੱਧਰ 'ਤੇ ਘਪਲੇਬਾਜ਼ੀ ਚੱਲ ਰਹੀ ਹੈ। ਵਿਜੀਲੈਂਸ ਬਿਊਰੋ ਵੱਲੋਂ ਇਕ ਦਿਨਾਂ ਪੜਤਾਲ 'ਚ ਸੂਬੇ ਭਰ ਵਿਚ 2291 ਵਿਚੋਂ 609 ਬੱਸਾਂ ਵਿਚ ਰੂਟ ਪਰਮਿਟਾਂ ਤੇ ਕਈ ਹੋਰ ਕਮੀਆਂ ਪਾਈਆਂ ਗਈਆਂ ਜਦਕਿ 1682 ਬੱਸਾਂ ਦੇ ਦਸਤਾਵੇਜ਼ ਸਹੀ ਮਿਲੇ।

ਅੰਮ੍ਰਿਤਸਰ ਵਿਚ 598 ਬੱਸਾਂ ਦੀ ਚੈਕਿੰਗ ਦੌਰਾਨ 67 ਬੱਸਾਂ ਦੇ ਚਲਾਨ ਕੀਤੇ ਗਏ, 33 ਬੱਸਾਂ ਨੂੰ ਜ਼ਬਤ ਕੀਤਾ ਗਿਆ ਅਤੇ 498 ਬੱਸਾਂ ਦੇ ਦਸਤਾਵੇਜ਼ ਸਹੀ ਮਿਲੇ। ਜ਼ਿਲ੍ਹਾ ਲੁਧਿਆਣਾ ਵਿਚ ਕੁੱਲ 178 ਬੱਸਾਂ ਦੀ ਚੈਕਿੰਗ ਕੀਤੀ ਗਈ ਜਿਨ੍ਹਾਂ ਵਿਚੋਂ 97 ਬੱਸਾਂ ਦੇ ਚਲਾਨ ਕੀਤੇ ਗਏ ਤੇ ਛੇ ਬੱਸਾਂ ਜ਼ਬਤ ਕੀਤੀਆਂ ਗਈਆਂ। ਪਟਿਆਲਾ ਵਿਚ ਚੈੱਕ ਕੀਤੀਆਂ 405 ਬੱਸਾਂ ਵਿਚੋਂ 44 ਬੱਸਾਂ ਦੇ ਚਲਾਨ ਕੀਤੇ ਗਏ, 23 ਬੱਸਾਂ ਨੂੰ ਜ਼ਬਤ ਕੀਤਾ ਗਿਆ ਤੇ 342 ਬੱਸਾਂ ਦੇ ਦਸਤਾਵੇਜ਼ ਸਹੀ ਪਾਏ ਗਏ। ਬਠਿੰਡਾ ਵਿਚ 168 ਬੱਸਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿਚੋਂ 14 ਬੱਸਾਂ ਦੇ ਚਲਾਨ ਹੋਏ ਤੇ 12 ਬੱਸਾਂ ਜ਼ਬਤ ਕੀਤੀਆਂ ਗਈਆਂ ਅਤੇ 142 ਬੱਸਾਂ ਦੇ ਕਾਗਜ਼ਾਤ ਸਹੀ ਪਾਏ ਗਏ। ਇਸੇ ਤਰ੍ਹਾਂ ਜਲੰਧਰ ਵਿਚ 680 ਬੱਸਾਂ ਵਿਚੋਂ 85 ਬੱਸਾਂ ਦੇ ਚਲਾਨ ਕੀਤੇ, 29 ਬੱਸਾਂ ਜ਼ਬਤ ਕੀਤੀਆਂ ਅਤੇ 566 ਬੱਸਾਂ ਦੇ ਕਾਗਜ਼ਾਤ ਸਹੀ ਮਿਲੇ। ਫਿਰੋਜ਼ਪੁਰ ਵਿਚ ਚੈੱਕ ਕੀਤੀਆਂ 262 ਬੱਸਾਂ ਵਿਚੋਂ 53 ਬੱਸਾਂ ਦੇ ਦਸਤਾਵੇਜ਼ ਸਹੀ ਸਨ ਅਤੇ 209 ਬੱਸਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ।

ਦਰਅਸਲ, ਰੀਅਲ ਅਸਟੇਟ ਵਾਂਗ ਪਬਲਿਕ ਟਰਾਂਸਪੋਰਟ ਵੀ ਕਾਲਾ ਧਨ ਕਮਾਉਣ ਤੇ ਖਪਾਉਣ ਦਾ ਬਿਹਤਰੀਨ ਵਸੀਲਾ ਹੈ ਅਤੇ ਇਸ ਵਸੀਲੇ ਸਦਕਾ ਧੰਨ-ਧੰਨ ਹੋ ਰਹੇ ਸਿਆਸਤਦਾਨ, ਪੁਲਿਸ ਅਫਸਰ ਅਤੇ ਨੌਕਰਸ਼ਾਹ ਮੌਜੂਦਾ ਵਿਵਸਥਾ ਨਾਲ ਬਹੁਤੀ ਛੇੜਛਾੜ ਯਕੀਨੀ ਤੌਰ 'ਤੇ ਨਹੀਂ ਹੋਣ ਦੇਣਗੇ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਕਹਿਣਾ ਹੈ ਕਿ ਜਦੋਂ ਤੱਕ ਪੀ.ਆਰ.ਟੀ.ਸੀ. ਤੇ ਪੰਜਾਬ ਰੋਡਵੇਜ਼ ਲਈ ਨਵੀਆਂ ਬੱਸਾਂ ਦਾ ਇੰਤਜ਼ਾਮ ਨਹੀਂ ਹੁੰਦਾ, ਉਹ ਪ੍ਰਾਈਵੇਟ ਬੱਸ ਸੇਵਾਵਾਂ ਰੱਦ ਨਹੀਂ ਕਰ ਸਕਦੇ; ਬਦਲਵੇਂ ਪ੍ਰਬੰਧਾਂ ਤੋਂ ਬਿਨਾਂ ਪ੍ਰਾਈਵੇਟ ਰੂਟ ਪਰਮਿਟ ਰੱਦ ਕਰਨਾ ਆਮ ਜਨਤਾ ਲਈ ਬੇਲੋੜੀ ਪ੍ਰੇਸ਼ਾਨੀ ਪੈਦਾ ਕਰੇਗਾ। ਇਹੀ ਕਾਰਨ ਹੈ ਕਿ ਰਸੂਖਵਾਨ ਸਿਆਸਤਦਾਨਾਂ ਦੀਆਂ ਕੰਪਨੀਆਂ ਵੱਲੋਂ ਆਪਣੀਆਂ ਪੁਰਾਣੀਆਂ ਬੱਸਾਂ ਬਦਲਣ ਤੇ ਨਵੀਆਂ ਪਾਉਣ ਦਾ ਅਮਲ ਬਾਕਾਇਦਾ ਜਾਰੀ ਹੈ।

ਕੈਪਟਨ ਦੀ ਘੂਰੀ ਪਿੱਛੋਂ ਵਿਜੀਲੈਂਸ ਨੇ ਕੱਸਿਆ ਸ਼ਿਕੰਜਾ

ਵਿਜੀਲੈਂਸ ਅਫਸਰਾਂ 'ਤੇ ਲੱਗੇ ਵੱਢੀ ਲੈਣ ਦੇ ਦੋਸ਼

ਚੰਡੀਗੜ੍ਹ: ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਗੈਰਕਾਨੂੰਨੀ ਬੱਸਾਂ ਖਿਲਾਫ਼ ਚਲਾਈ ਮੁਹਿੰਮ ਦੌਰਾਨ ਕਾਬੂ ਆਏ ਪੰਜਾਬ ਦੇ ਕਰੀਬ 200 ਨਿਜੀ ਬੱਸ ਟਰਾਂਸਪੋਰਟਰਾਂ ਨੇ ਇਸ ਮੁਹਿੰਮ ਦੌਰਾਨ ਵਿਜੀਲੈਂਸ ਅਧਿਕਾਰੀਆਂ ਉਤੇ ਰਿਸ਼ਵਤਖੋਰੀ ਦੇ ਦੋਸ਼ ਲਾਏ ਹਨ। ਇਸ ਮੁਹਿੰਮ ਦੌਰਾਨ ਵੱਡੀ ਗਿਣਤੀ ਬੱਸਾਂ ਦੇ ਚਲਾਨ ਕੀਤੇ ਗਏ। ਬੱਸਾਂ ਮਾਲਕਾਂ ਨੇ ਦੋਸ਼ ਲਾਇਆ ਕਿ ਬੱਸਾਂ ਨੂੰ ਛੱਡਣ ਲਈ ਪ੍ਰਤੀ ਬੱਸ ਤਿੰਨ-ਚਾਰ ਹਜ਼ਾਰ ਰੁਪਏ ਰਿਸ਼ਵਤ ਲਈ ਗਈ।

ਪੰਜਾਬ ਦੇ ਸਰਕਾਰੀ ਸਕੂਲ ਹੋਏ ਲਾਵਾਰਸ

ਚੰਡੀਗੜ੍ਹ: ਪੰਜਾਬ ਸਰਕਾਰ ਦੀ ਸਿੱਖਿਆ ਬਾਰੇ ਨੀਤੀ ਉਤੇ ਇਕ ਤੋਂ ਬਾਅਦ ਇਕ ਸਵਾਲ ਉਠ ਰਹੇ ਹਨ। ਇਕ ਰਿਪੋਰਟ ਅਨੁਸਾਰ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਦਿੱਤੀਆਂ ਜਾਣ ਵਾਲੀਆਂ ਪਾਠ-ਪੁਸਤਕਾਂ ਵਿਚੋਂ ਜ਼ਿਆਦਾਤਰ ਅਜੇ ਤੱਕ ਛਪੀਆਂ ਹੀ ਨਹੀਂ, ਜੋ ਛਪੀਆਂ ਹਨ ਉਹ ਅਜੇ ਤੱਕ ਵੰਡੀਆਂ ਹੀ ਨਹੀਂ ਜਾ ਸਕੀਆਂ। ਪ੍ਰਾਪਤ ਅੰਕੜਿਆਂ ਅਨੁਸਾਰ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਆਪਣੇ ਸਕੂਲਾਂ ਵਿਚ ਪੜ੍ਹਾਈ ਸਬੰਧੀ ਵਿਦਿਆਰਥੀਆਂ ਨੂੰ 96 ਪਾਠ ਪੁਸਤਕਾਂ ਮੁਹੱਈਆ ਕਰਵਾਈਆਂ ਜਾਂਦੀਆਂ ਹਨ ਪਰ ਇਨ੍ਹਾਂ ਵਿਚੋਂ ਅੱਧੇ ਤੋਂ ਵੀ ਜ਼ਿਆਦਾ ਪੁਸਤਕਾਂ ਅਜੇ ਤੱਕ ਛਾਪੀਆਂ ਹੀ ਨਹੀਂ ਗਈਆਂ।

ਇਸ ਦਾ ਸਿੱਟਾ ਇਹ ਹੈ ਕਿ ਬੱਚਿਆਂ ਦੀ ਪੜ੍ਹਾਈ ਦਾ ਦੋ ਮਹੀਨਿਆਂ ਤੋਂ ਵੱਧ ਦਾ ਸਮਾਂ ਅਜਾਈਂ ਚਲਾ ਗਿਆ। ਅਜਿਹੀ ਸਥਿਤੀ ਵਿਚ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਪੱਧਰ ਨੂੰ ਬਣਾਈ ਰੱਖਣ ਅਤੇ ਵਿਦਿਆਰਥੀਆਂ ਤੋਂ ਪ੍ਰੀਖਿਆ ਦੇ ਨਤੀਜਿਆਂ ਵਿਚ ਨਿੱਜੀ ਸਕੂਲਾਂ ਦੇ ਵਿਦਿਆਰਥੀਆਂ ਦੀ ਬਰਾਬਰੀ ਕੀਤੇ ਜਾਣ ਦੀ ਉਮੀਦ ਰੱਖਣਾ ਫਜ਼ੂਲ ਦੀ ਗੱਲ ਹੈ। ਕਈ ਸਕੂਲਾਂ ਕੋਲ ਤਾਂ ਆਪਣੀ ਇਮਾਰਤ ਹੀ ਨਹੀਂ ਹੈ, ਜੇ ਇਮਾਰਤ ਹੈ ਤਾਂ ਅਧਿਆਪਕ ਹੀ ਨਹੀਂ ਹਨ, ਜੇ ਅਧਿਆਪਕ ਹਨ ਤਾਂ ਪੜ੍ਹਾਉਣ ਲਈ ਪੁਸਤਕਾਂ ਹੀ ਨਹੀਂ ਹਨ। ਸੂਬੇ ਦੇ ਪ੍ਰਾਇਮਰੀ ਸਿੱਖਿਆ ਪੱਧਰ 'ਤੇ 1170 ਸਕੂਲ ਅਜਿਹੇ ਹਨ ਜੋ ਸਿਰਫ ਇਕ-ਇਕ ਅਧਿਆਪਕ ਦੇ ਸਹਾਰੇ ਹੀ ਚਲ ਰਹੇ ਹਨ।

'ਕੈਗ' ਦੀ ਇਕ ਹੋਰ ਰਿਪੋਰਟ ਅਨੁਸਾਰ ਸੂਬੇ ਵਿਚ 69 ਸਕੂਲਾਂ ਕੋਲ ਆਪਣੀ ਇਮਾਰਤ ਹੀ ਨਹੀਂ ਹੈ।

ਅਜਿਹੇ ਸਕੂਲ ਦਰੱਖਤਾਂ ਦੀ ਛਾਂ ਜਾਂ ਖੁੱਲ੍ਹੇ ਮੈਦਾਨ ਵਿਚ ਚੱਲਣ ਲਈ ਮਜਬੂਰ ਹਨ। ਅੱਜ ਵੀ ਸੂਬੇ ਵਿਚ ਲਗਭਗ 100 ਸਕੂਲ ਅਜਿਹੇ ਹਨ ਜਿਥੇ ਸਾਫ ਪੀਣ ਵਾਲਾ ਪਾਣੀ ਅਤੇ ਪਖਾਨਿਆਂ ਆਦਿ ਦੀ ਚੰਗੀ ਵਿਵਸਥਾ ਨਹੀਂ ਹੈ। ਕਿਤਾਬਾਂ ਦੀ ਉਪਲਬਧਤਾ ਨੂੰ ਲੈ ਕੇ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ ਇਕੋ ਜਿਹੀ ਸਮੱਸਿਆ ਹੈ। ਇਹ ਵੀ ਪਤਾ ਲੱਗਾ ਹੈ ਕਿ ਜਿਹੜੀਆਂ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ, ਉਹ ਵੀ ਸਿੱਖਿਆ ਵਿਭਾਗ ਦੇ ਗੋਦਾਮਾਂ ਅਤੇ ਦਫਤਰਾਂ ਵਿਚ ਢੇਰਾਂ ਦੇ ਤੌਰ 'ਤੇ ਪਈਆਂ ਹਨ। ਇਹ ਕਿਤਾਬਾਂ ਸਕੂਲਾਂ ਨੇ ਆਪਣੀ ਜ਼ਰੂਰਤ ਅਨੁਸਾਰ ਆਪ ਹੀ ਲੈ ਕੇ ਜਾਣੀਆਂ ਹੁੰਦੀਆਂ ਹਨ, ਪਰ ਸਾਰੀਆਂ ਕਿਤਾਬਾਂ ਇਕੋ ਸਮੇਂ ਮਿਲਦੀਆਂ ਹੋਣ ਕਾਰਨ ਸਕੂਲ ਇਨ੍ਹਾਂ ਨੂੰ ਲੈਣ ਹੀ ਨਹੀਂ ਆਉਂਦੇ। ਇਸ ਦਾ ਖਮਿਆਜ਼ਾ ਬੱਚਿਆਂ ਨੂੰ ਭੁਗਤਣਾ ਪੈ ਰਿਹਾ ਹੈ। ਪੁਸਤਕਾਂ ਦੀ ਇਹ ਘਾਟ ਦਾ ਸੰਕਟ ਕੋਈ ਪਹਿਲੀ ਵਾਰ ਪੈਦਾ ਨਹੀਂ ਹੋਇਆ, ਹਰੇਕ ਸਾਲ ਇੰਜ ਹੀ ਹੁੰਦਾ ਹੈ।

ਸਸਤੀ ਰੇਤ ਦੀ ਉਡੀਕ 'ਚ ਅੱਖਾਂ ਥੱਕੀਆਂ

ਚੰਡੀਗੜ੍ਹ: ਪੰਜਾਬ ਸਰਕਾਰ ਰੇਤ ਖੱਡਾਂ ਦੇ ਕਾਰੋਬਾਰ ਨੂੰ ਸਾਫ ਸੁਥਰਾ ਤੇ ਪਾਰਦਰਸ਼ੀ ਬਣਾਉਣ ਲਈ ਜਿਥੇ ਜੂਝ ਰਹੀ ਹੈ, ਉਥੇ ਜਨਤਾ ਨੂੰ ਅਜੇ ਵੀ ਕਿਫਾਇਤੀ ਭਾਅ ਉਤੇ ਰੇਤਾ ਮਿਲਣ ਦੀ ਉਡੀਕ ਹੈ।

ਸਰਕਾਰੀ ਭਰੋਸੇ ਦੇ ਬਾਵਜੂਦ ਰੇਤ ਦੀਆਂ ਕੀਮਤਾਂ ਅਸਮਾਨੀ ਚੜ੍ਹਨ ਦਾ ਰੁਝਾਨ ਬਾਦਸਤੂਰ ਜਾਰੀ ਹੈ। ਪੰਜਾਬ ਸਰਕਾਰ ਵੱਲੋਂ ਦਿਨ ਈ-ਨਿਲਾਮੀ ਰਾਹੀਂ ਹੋਣ ਵਾਲੀਆਂ 56 ਖੱਡਾਂ ਦੀ ਬੋਲੀ ਰੱਦ ਕੀਤੇ ਜਾਣ ਤੋਂ ਬਾਅਦ ਮੌਜੂਦਾ ਸਮੇਂ ਰਾਜ ਵਿਚ 90 ਖੱਡਾਂ ਵਿਚ ਖਣਨ ਦਾ ਕੰਮ ਜਾਰੀ ਹੈ। ਲਿਹਾਜ਼ਾ, ਚੱਲ ਰਹੇ ਉਸਾਰੀ ਸੀਜ਼ਨ ਵਿਚ ਰੇਤ ਦੀਆਂ ਕੀਮਤਾਂ ਵਧਣ ਦੇ ਆਸਾਰ ਹਨ। ਇਸ ਸਾਲ ਖੱਡਾਂ ਦੀ ਨਿਲਾਮੀ ਮਹਿੰਗੇ ਭਾਅ ਜਾਣ ਨਾਲ ਰੇਤਾਂ ਦੀਆਂ ਕੀਮਤਾਂ ਵਿਚ ਉਛਾਲ ਆਉਣਾ ਕੁਦਰਤੀ ਹੈ। ਪਿਛਲੇ ਦੋ ਮਹੀਨਿਆਂ ਵਿਚ ਪ੍ਰਚੂਨ ਵਿਚ ਅੱਠ ਸੌ ਕਿਊਬਿਕ ਫੀਟ ਰੇਤ ਦੀ ਕੀਮਤ 14000 ਤੋਂ 19 ਹਜ਼ਾਰ ਹੋ ਗਈ ਹੈ। ਰੇਤ ਦੇ ਮਿਆਰ ਤੇ ਖਣਨ ਵਾਲੀ ਥਾਂ ਤੋਂ ਦੂਰੀ ਦੇ ਅਧਾਰ 'ਤੇ ਰਾਜ ਦੇ ਵੱਖ ਵੱਖ ਹਿੱਸਿਆਂ ਵਿਚ ਰੇਤਾਂ ਦਾ 900 ਕਿਊਬਿਕ ਫੀਟ ਸਮਰੱਥਾ ਵਾਲਾ ਟਿੱਪਰ 15 ਹਜ਼ਾਰ ਤੋਂ 25 ਹਜ਼ਾਰ ਰੁਪਏ ਵਿਚ ਉਪਲਬਧ ਹੈ।

ਰੇਤ ਦੀਆਂ ਵਧੀਆਂ ਕੀਮਤਾਂ ਖਿਲਾਫ਼ ਪਿਛਲੇ ਸਾਲ ਧਰਨੇ ਲਾਉਣ ਵਾਲੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਬੈਂਸ ਨੇ ਕਿਹਾ ਕਿ ਸਾਲ 2016 ਦੇ ਅੱਧ ਵਿਚ ਰੇਤਾ ਦਾ ਟਿੱਪਰ 35000 ਨੂੰ ਮਿਲਦਾ ਸੀ। ਮਗਰੋਂ ਇਸ ਦੀ ਕੀਮਤ ਘੱਟ ਕੇ 10 ਹਜ਼ਾਰ ਹੋ ਗਈ, ਪਰ ਅੱਜ ਦੀ ਤਰੀਕ 'ਚ ਇਹ ਕੀਮਤ ਦੁੱਗਣੀ ਹੋ ਗਈ ਹੈ।

ਜੇ.ਈ.ਈ. ਪ੍ਰੀਖਿਆ: ਪੰਚਕੂਲਾ ਦਾ ਸਰਵੇਸ਼ ਮੁਲਕ ਭਰ ਵਿਚੋਂ ਅੱਵਲ

ਪੰਚਕੂਲਾ: ਇੰਡੀਅਨ ਇੰਸਟੀਚਿਊਟ ਆਫ ਤਕਨਾਲੋਜੀ (ਆਈ.ਆਈ.ਟੀ.) ਮਦਰਾਸ ਵੱਲੋਂ ਐਲਾਨੇ ਜੇ.ਈ.ਈ. ਦੀ ਪ੍ਰੀਖਿਆ ਦੇ ਨਤੀਜੇ 'ਚ ਭਵਨ ਵਿਦਿਆਲੇ ਸੈਕਟਰ-15 ਪੰਚਕੂਲਾ ਦੇ ਵਿਦਿਆਰਥੀ ਸਰਵੇਸ਼ ਮੇਹਤਾਨੀ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੇਸ਼ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਪਟਿਆਲਾ ਦੇ ਰਚਿਤ ਬਾਂਸਲ ਨੇ 9ਵਾਂ ਅਤੇ ਮੰਥਨ ਜਿੰਦਲ ਨੇ 32ਵਾਂ ਰੈਂਕ ਹਾਸਲ ਕੀਤਾ ਹੈ। ਸੈਕਟਰ-17 ਦੇ ਰਹਿਣ ਵਾਲੇ ਸਰਵੇਸ਼ ਨੇ ਜੇ.ਈ.ਈ. ਦੀ ਪ੍ਰੀਖਿਆ 'ਚੋਂ 339 ਅੰਕ ਹਾਸਲ ਕਰ ਕੇ ਪੂਰੇ ਦੇਸ਼ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ।

ਭਵਨ ਵਿਦਿਆਲੇ ਦੇ ਹੀ ਇਕ ਹੋਰ ਵਿਦਿਆਰਥੀ ਅਸ਼ੀਸ਼ ਬਾਈਕਰ ਨੇ ਵੀ ਪੂਰੇ ਦੇਸ਼ 'ਚੋਂ 7ਵਾਂ ਤੇ ਮੰਥਨ ਜਿੰਦਲ ਨੇ 32ਵਾਂ ਰੈਂਕ ਹਾਸਲ ਕੀਤਾ ਹੈ।

ਚੋਣ ਵਾਅਦਿਆਂ ਬਾਰੇ ਕਸੂਤੀ ਫਸੀ ਸਰਕਾਰ

ਬਠਿੰਡਾ: ਕੈਪਟਨ ਸਰਕਾਰ ਚੋਣਾਂ ਵੇਲੇ ਨੌਜਵਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੁਗਾਉਣ ਤੋਂ ਟਲਣ ਲੱਗੀ ਹੈ। ਆਰਥਿਕ ਤੰਗੀ ਨੂੰ ਭਾਂਪਦੇ ਹੋਏ ਸਰਕਾਰ ਕੁਝ ਸਮਾਂ ਪ੍ਰਕਿਰਿਆ ਵਿਚ ਲੰਘਾਉਣਾ ਚਾਹੁੰਦੀ ਹੈ। ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਤੋਂ ਪਹਿਲਾਂ ਸਮਾਰਟ ਫੋਨ ਵੰਡੇਗੀ, ਜਿਸ ਲਈ ਨੌਜਵਾਨਾਂ ਨੂੰ ਨਵੇਂ ਸਿਰਿਓਂ ਫਾਰਮ ਭਰਨੇ ਪੈਣਗੇ। ਕਾਂਗਰਸ ਨੇ ਚੋਣ ਮਨਰੋਥ ਪੱਤਰ ਵਿਚ ਪੰਜਾਹ ਲੱਖ ਨੌਜਵਾਨਾਂ ਨੂੰ ਸਮਾਰਟ ਫੋਨ ਦੇਣ ਦਾ ਵਾਅਦਾ ਕੀਤਾ ਗਿਆ ਸੀ। ਨਵੀਂ ਤਜਵੀਜ਼ ਤਹਿਤ ਸਭ ਤੋਂ ਪਹਿਲਾਂ ਨੀਲੇ ਕਾਰਡਾਂ ਵਾਲੇ ਪਰਿਵਾਰਾਂ ਦੇ ਨੌਜਵਾਨਾਂ ਨੂੰ ਸਮਾਰਟ ਫੋਨ ਦਿੱਤੇ ਜਾਣੇ ਹਨ ਅਤੇ ਉਸ ਮਗਰੋਂ ਮਾਲੀ ਤੌਰ 'ਤੇ ਥੋੜ੍ਹੀ ਬਿਹਤਰ ਹਾਲਤ ਵਾਲਿਆਂ ਨੂੰ ਫੋਨ ਦਿੱਤੇ ਜਾਣਗੇ। 'ਆਪ' ਦੇ ਬੁਲਾਰੇ ਕੁਲਤਾਰ ਸੰਧਵਾਂ ਨੇ ਕਿਹਾ ਕਿ ਸਰਕਾਰ ਕੋਲ ਹਰ ਘਰ ਨੌਕਰੀ ਦੇਣ ਅਤੇ ਕਰਜ਼ਾ ਮੁਆਫੀ ਲਈ ਤਾਂ ਪੈਸਾ ਨਹੀਂ ਹੈ ਪਰ ਸਮਾਰਟ ਫੋਨਾਂ ਲਈ ਪੈਸਾ ਕਿਥੋਂ ਆਵੇਗਾ। ਉਨ੍ਹਾਂ ਆਖਿਆ ਕਿ ਸਰਕਾਰ ਲੋਕਾਂ ਨਾਲ ਧੋਖਾ ਕਰ ਰਹੀ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਨੇ ਸਮਾਰਟ ਫੋਨ ਦੇਣ ਵਾਸਤੇ ਨੌਜਵਾਨਾਂ ਤੋਂ ਨਵੇਂ ਸਿਰਿਓਂ ਦਰਖਾਸਤਾਂ ਲੈਣ ਦਾ ਫੈਸਲਾ ਕੀਤਾ ਹੈ। ਭਾਵ ਚੋਣਾਂ ਵੇਲੇ ਸਮਾਰਟ ਫੋਨਾਂ ਲਈ ਫਾਰਮ ਭਰਨ ਵਾਲੇ ਨੌਜਵਾਨਾਂ ਨੂੰ ਹੁਣ ਮੁੜ ਰਜਿਸਟਰੇਸ਼ਨ ਕਰਾਉਣੀ ਪਵੇਗੀ, ਜਿਸ ਲਈ ਇਕ ਮਹੀਨੇ ਦਾ ਸਮਾਂ ਦਿੱਤਾ ਜਾਵੇਗਾ।

ਚੋਣਾਂ ਦੌਰਾਨ ਕਰੀਬ 12.50 ਲੱਖ ਨੌਜਵਾਨਾਂ ਨੇ ਸਮਾਰਟ ਫੋਨ ਲੈਣ ਲਈ ਰਜਿਸਟਰੇਸ਼ਨ ਕਰਵਾਈ ਸੀ। ਪੰਜਾਬ ਦੇ 18 ਤੋਂ 35 ਸਾਲ ਦੇ ਨੌਜਵਾਨਾਂ, ਜੋ ਦਸਵੀਂ ਪਾਸ ਹੋਣਗੇ, ਨੂੰ ਸਮਾਰਟ ਫੋਨ ਦਿੱਤੇ ਜਾਣਗੇ। 'ਹਰ ਘਰ ਨੂੰ ਇਕ ਨੌਕਰੀ' ਦੇਣ ਦੀ ਯੋਜਨਾ ਏਨੀ ਤੇਜ਼ੀ ਨਾਲ ਨਹੀਂ ਚੱਲ ਰਹੀ, ਜਿੰਨੀ ਤੇਜ਼ੀ ਸਮਾਰਟ ਫੋਨ ਦੇਣ ਲਈ ਦਿਖਾਈ ਜਾ ਰਹੀ ਹੈ।

ਸਰਕਾਰੀ ਨੌਕਰੀ ਦੀ ਥਾਂ 'ਆਪਣੀ ਗੱਡੀ ਆਪਣਾ ਰੁਜ਼ਗਾਰ'

ਜਲੰਧਰ: ਰਾਜ ਦੇ ਨੌਜਵਾਨਾਂ ਨੂੰ ਨੌਕਰੀਆਂ ਦਾ ਲਾਰਾ ਲਾ ਕੇ ਸੱਤਾ 'ਚ ਆਈ ਕੈਪਟਨ ਸਰਕਾਰ ਵੱਲੋਂ ਨੌਜਵਾਨਾਂ ਨੂੰ ਨੌਕਰੀ ਦੀ ਥਾਂ 'ਆਪਣੀ ਗੱਡੀ ਆਪਣਾ ਰੁਜ਼ਗਾਰ' ਦਾ ਲਾਲੀਪਾਪ ਦੇ ਕੇ ਮਗਰੋਂ ਲਾਹੁਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਕੀਮ ਤਹਿਤ ਨੌਜਵਾਨਾਂ ਨੂੰ ਬਾਈਕ ਟੈਕਸੀ ਦੇ ਪਰਮਿਟ ਦਿੱਤੇ ਜਾਣੇ ਹਨ ਤੇ ਇਸ ਸਬੰਧੀ ਸਰਕਾਰ ਵੱਲੋਂ ਬਾਕਾਇਦਾ ਨੋਟੀਫਿਕੇਸ਼ਨ ਜਾਰੀ ਕਰ ਕੇ ਟਰਾਂਸਪੋਰਟ ਅਧਿਕਾਰੀਆਂ ਨੂੰ ਮੋਟਰ ਸਾਈਕਲਾਂ ਨੂੰ 'ਕਾਂਟਰੈਕਟ ਕੈਰੀਅਜ' ਵਜੋਂ ਰਜਿਸਟਰਡ ਕਰਨ ਦੇ ਆਦੇਸ਼ ਦਿੱਤੇ ਗਏ ਹਨ, ਜਦਕਿ ਚੋਣਾਂ ਤੋਂ ਪਹਿਲਾਂ ਕਾਂਗਰਸ ਵੱਲੋਂ ਰਾਜ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਤੋਂ ਇਲਾਵਾ ਆਪਣੇ ਪੈਰਾਂ 'ਤੇ ਖੜ੍ਹੇ ਕਰਨ ਦੇ ਵੱਡੇ-ਵੱਡੇ ਦਾਅਵੇ ਕੀਤੇ ਗਏ ਸਨ ਪਰ ਹੁਣ ਨੌਜਵਾਨਾਂ ਦੇ ਹੱਥ ਬਾਈਕ ਟੈਕਸੀਆਂ ਫੜਾਈਆਂ ਜਾ ਰਹੀਆਂ ਹਨ।

ਇਰਾਕ ਵਿਚ ਅਗਵਾ ਭਾਰਤੀਆਂ ਬਾਰੇ ਖੁਸ਼-ਖਬਰੀ

ਚੰਡੀਗੜ੍ਹ: ਭਾਰਤ ਸਰਕਾਰ ਨੇ ਦਾਅਵਾ ਕੀਤਾ ਹੈ ਕਿ 2014 ਵਿਚ ਇਰਾਕ 'ਚ ਆਈ.ਐਸ. ਵੱਲੋਂ ਅਗਵਾ ਕੀਤੇ 39 ਭਾਰਤੀ ਇਰਾਕ ਦੇ ਉਤਰੀ ਸ਼ਹਿਰ ਮੋਸੂਲ 'ਚ ਹੋ ਸਕਦੇ ਹਨ। ਅਗਵਾ ਕੀਤੇ ਨੌਜਵਾਨਾਂ ਵਿਚੋਂ ਇਕ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਦੱਸਿਆ ਹੈ ਕਿ ਸਰਕਾਰ ਨੂੰ ਜਾਣਕਾਰੀ ਮਿਲੀ ਹੈ ਕਿ ਜਿਹੜੇ 39 ਭਾਰਤੀ ਤਿੰਨ ਸਾਲ ਪਹਿਲਾਂ ਲਾਪਤਾ ਹੋ ਗਏ ਸਨ, ਉਹ ਮੋਸੂਲ 'ਚ ਹੋ ਸਕਦੇ ਹਨ।

ਵਿਦੇਸ਼ ਮੰਤਰੀ ਨੇ ਪਰਿਵਾਰ ਨਾਲ 45 ਮਿੰਟ ਤੱਕ ਚੱਲੀ ਬੈਠਕ 'ਚ ਦੱਸਿਆ ਕਿ ਮੋਸੂਲ 'ਚ ਵੇਖੇ ਗਏ ਲਾਪਤਾ 39 ਭਾਰਤੀ ਹੀ ਹਨ। ਪਰਿਵਾਰਾਂ ਨੇ ਦੱਸਿਆ ਕਿ ਉਕਤ ਭਾਰਤੀਆਂ ਨੂੰ 14 ਜੂਨ, 2014 ਨੂੰ ਆਈ.ਐਸ. ਦੇ ਲੜਾਕਿਆਂ ਨੇ ਅਗਵਾ ਕਰ ਲਿਆ ਸੀ। ਸੁਸ਼ਮਾ ਸਵਰਾਜ ਨੇ ਦੱਸਿਆ ਹੈ ਕਿ ਮੋਸੂਲ ਸ਼ਹਿਰ ਨੂੰ ਇਰਾਕੀ ਸਰਕਾਰ ਨੇ ਆਈ.ਐਸ. ਦੇ ਕਬਜ਼ੇ ਤੋਂ ਮੁਕਤ ਕਰਵਾ ਲਿਆ ਹੈ ਤੇ ਭਾਰਤ ਸਰਕਾਰ ਵੱਲੋਂ ਇਹ ਮਾਮਲਾ ਇਰਾਕੀ ਸਰਕਾਰ ਕੋਲ ਉਠਾਇਆ ਗਿਆ ਸੀ। ਇਸ ਸਬੰਧੀ ਲਾਪਤਾ ਭਾਰਤੀ ਮਨਜਿੰਦਰ ਸਿੰਘ ਦੀ ਭੈਣ ਗੁਰਪਿੰਦਰ ਕੌਰ ਨੇ ਦੱਸਿਆ ਕਿ ਭਾਰਤ ਸਰਕਾਰ ਨੇ ਵਿਸ਼ਵਾਸ ਦਿਵਾਇਆ ਹੈ ਕਿ ਹਾਲਾਤ ਆਮ ਹੋਣ ਤੋਂ ਬਾਅਦ ਉਕਤ ਭਾਰਤੀਆਂ ਨੂੰ ਵਾਪਸ ਲਿਆਂਦਾ ਜਾਵੇਗਾ। ਅੰਮ੍ਰਿਤਸਰ ਜ਼ਿਲ੍ਹੇ ਦੇ ਭੋਏਵਾਲ ਪਿੰਡ ਦੀ ਵਸਨੀਕ ਗੁਰਪਿੰਦਰ ਕੌਰ ਨੇ ਦੱਸਿਆ ਕਿ ਪਹਿਲਾਂ ਸਰਕਾਰ ਇਸ ਮਾਮਲੇ 'ਤੇ ਚੁੱਪ ਸੀ, ਪਰ ਹੁਣ ਸੁਸ਼ਮਾ ਸਵਰਾਜ ਨੇ ਵਿਸ਼ਵਾਸ ਦਿਵਾਇਆ ਹੈ ਕਿ ਲਾਪਤਾ ਭਾਰਤੀਆਂ ਦਾ ਪਤਾ ਲਗਾ ਲਿਆ ਗਿਆ ਹੈ।

ਸਾਰੇ ਬੰਦੀ ਉਤਰੀ ਸ਼ਹਿਰ ਮੋਸੂਲ ਵਿਚ ਹੋਣ ਦਾ ਦਾਅਵਾ

ਕਤਰ ਵਿਚ ਸਥਿਤੀ 'ਤੇ ਪੂਰੀ ਨਜ਼ਰ: ਸੁਸ਼ਮਾ

ਦੁਬਈ: ਪ੍ਰਮੁੱਖ ਅਰਬ ਦੇਸ਼ਾਂ ਵੱਲੋਂ ਕਤਰ 'ਤੇ ਅਤਿਵਾਦ ਦੇ ਸਮਰਥਨ ਦਾ ਦੋਸ਼ ਲਾਉਂਦੇ ਹੋਏ ਉਸ ਨਾਲੋਂ ਕੂਟਨੀਤਕ ਸਬੰਧ ਤੋੜਨ ਤੋਂ ਬਾਅਦ ਭਾਰਤ ਨੇ ਕਤਰ ਵਿਚ ਆਪਣੇ ਨਾਗਰਿਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ। ਇਸ ਦੇ ਨਾਲ ਹੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਕਿਹਾ ਹੈ ਕਿ ਭਾਰਤ ਨੇ ਕਤਰ ਵਿਚ ਸਥਿਤੀ 'ਤੇ ਲਗਾਤਾਰ ਨਜ਼ਰ ਰੱਖੀ ਹੋਈ ਹੈ।

ਸੁਸ਼ਮਾ ਸਵਰਾਜ ਨੇ ਕਤਰ ਵਿਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਵਤਨ ਲਿਆਉਣ ਦੀ ਮੰਗ ਵਾਲੇ ਇਕ ਟਵੀਟ ਦੇ ਸਬੰਧ ਵਿਚ ਜਵਾਬ ਦਿੰਦੇ ਹੋਏ ਇਹ ਦਾਅਵਾ ਕੀਤਾ। ਤਾਜ਼ਾ ਅੰਕੜਿਆਂ ਮੁਤਾਬਕ ਕਤਰ ਵਿਚ 6.5 ਲੱਖ ਦੇ ਕਰੀਬ ਭਾਰਤੀ ਰਹਿ ਰਹੇ ਹਨ ਅਤੇ ਕੰਮਕਾਜ ਕਰ ਰਹੇ ਹਨ।

ਭਾਰਤ ਤੇ ਪਾਕਿਸਤਾਨ ਸ਼ੰਘਾਈ ਸਹਿਯੋਗ ਸੰਗਠਨ ਵਿਚ ਸ਼ਾਮਲ

ਅਸਤਾਨਾ: ਭਾਰਤ ਅਤੇ ਪਾਕਿਸਤਾਨ ਸ਼ੰਘਾਈ ਸਹਿਯੋਗ ਸੰਗਠਨ (ਐਸ.ਸੀ.ਓ.) ਦੇ ਪੱਕੇ ਮੈਂਬਰ ਬਣ ਗਏ। ਇਸ ਦਾ ਐਲਾਨ ਕਜ਼ਾਖਸਤਾਨ ਦੇ ਰਾਸ਼ਟਰਪਤੀ ਨੂਰਸੁਲਤਾਨ ਨਜ਼ਰਬਾਯੇਵ ਨੇ ਕੀਤਾ ਜੋ ਮੌਜੂਦਾ ਸਮੇਂ 'ਚ ਐਸ.ਸੀ.ਓ. ਦੇ ਮੁਖੀ ਹਨ। ਐਸ.ਸੀ.ਓ. ਦੇ ਸਾਲਾਨਾ ਸਿਖਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸੰਗਠਨ 'ਚ ਸ਼ਾਮਲ ਮੁਲਕਾਂ ਨੂੰ ਸੱਦਾ ਦਿੱਤਾ ਕਿ ਅਤਿਵਾਦ ਦਾ ਰਲ ਕੇ ਟਾਕਰਾ ਕੀਤਾ ਜਾਵੇ।

ਉਨ੍ਹਾਂ ਕਿਸੇ ਮੁਲਕ ਦੀ ਖੁਦਮੁਖਤਿਆਰੀ ਅਤੇ ਇਲਾਕਾਈ ਇਕਜੁਟਤਾ 'ਚ ਦਖ਼ਲ ਦਿੱਤੇ ਬਿਨਾਂ ਸੰਪਰਕ ਵਧਾਉਣ ਦੀ ਵੀ ਵਕਾਲਤ ਕੀਤੀ। ਕਜ਼ਾਖਸਤਾਨ ਦੀ ਰਾਜਧਾਨੀ ਅਸਤਾਨਾ 'ਚ ਸ੍ਰੀ ਮੋਦੀ ਨੇ ਕਿਹਾ ਕਿ ਐਸ.ਸੀ.ਓ. ਪਰਿਵਾਰ 'ਚ ਭਾਰਤ ਦੇ ਦਾਖਲੇ ਨਾਲ ਅਤਿਵਾਦ ਨਾਲ ਸਿੱਝਣ ਅਤੇ ਖਿੱਤੇ ਨੂੰ ਦਰਪੇਸ਼ ਹੋਰ ਚੁਣੌਤੀਆਂ ਦੇ ਮੁਕਾਬਲੇ ਲਈ ਗਰੁੱਪ ਨੂੰ ਨਵਾਂ ਉਤਸ਼ਾਹ ਮਿਲੇਗਾ।

ਪੁਲਿਸ ਵੱਲੋਂ ਸਿੱਖ ਯੂਥ ਫੈਡਰੇਸ਼ਨ ਦੇ ਦੋ ਹੋਰ ਖਾੜਕੂ ਫੜਨ ਦਾ ਦਾਅਵਾ

ਨਵਾਂ ਸ਼ਹਿਰ: ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੁਲਿਸ ਵੱਲੋਂ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਜਥੇਬੰਦੀ ਨਾਲ ਸਬੰਧਤ ਦੋ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਗ੍ਰਿਫਤਾਰ ਨੌਜਵਾਨਾਂ ਦੀ ਪਛਾਣ ਗੁਰਜੀਤ ਸਿੰਘ ਉਰਫ ਗੱਗੂ ਉਰਫ ਘੈਂਟ ਤੇ ਗੁਰਮੁੱਖ ਸਿੰਘ ਵਜੋਂ ਹੈ।

ਪੁਲਿਸ ਮੁਤਾਬਕ ਗੁਰਜੀਤ ਸਿੰਘ ਘੈਂਟ ਦਾ ਪਿਛੋਕੜ ਅਪਰਾਧੀ ਹੈ। ਇਸ ਤੋਂ ਪਹਿਲਾਂ ਇਸ ਨੇ ਸਾਥੀਆਂ ਸਮੇਤ ਸ਼ਿਵ ਸੈਨਾ ਆਗੂ ਹਰਵਿੰਦਰ ਸੋਨੀ ਨੂੰ 12 ਅਪਰੈਲ, 2015 ਨੂੰ ਗੋਲੀ ਮਾਰੀ ਸੀ ਜਿਸ 'ਚ ਇਸ ਨੂੰ ਗ੍ਰਿਫਤਾਰ ਵੀ ਕੀਤਾ ਗਿਆ ਸੀ। ਮੁਢਲੀ ਤਫਤੀਸ਼ ਤੋਂ ਸਾਹਮਣੇ ਆਇਆ ਹੈ ਕਿ ਸਾਲ 2015 'ਚ ਗੁਰਜੀਤ ਸਿੰਘ ਤੇ ਇਸ ਦੇ ਸਾਥੀਆਂ ਨੇ ਬਾਬਾ ਮਾਨ ਸਿੰਘ ਵਾਸੀ ਰੋਡੇਆਣਾ ਥਾਣਾ ਸਿਟੀ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ 'ਤੇ ਗੋਲੀ ਚਲਾ ਕੇ ਜ਼ਖ਼ਮੀ ਕਰ ਦਿੱਤਾ ਸੀ। ਇਸ ਸਬੰਧੀ ਇਨ੍ਹਾਂ ਦੇ ਖਿਲਾਫ ਮੁਕੱਦਮਾ ਥਾਣਾ ਕਲਾਨੌਰ ਵਿਖੇ ਦਰਜ ਕੀਤਾ ਗਿਆ ਸੀ।

ਇਸੇ ਤਰ੍ਹਾਂ ਸਾਲ 2013 'ਚ ਗੁਰਜੀਤ ਸਿੰਘ ਸਮੇਤ ਗੁਰਮੁਖ ਸਿੰਘ ਅਤੇ ਇਨ੍ਹਾਂ ਦੇ ਹੋਰ ਸਾਥੀਆਂ ਨੇ ਪਿੰਡ ਭੱਟੀਆਂ ਥਾਣਾ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਵਿਖੇ ਏ.ਟੀ.ਐਮ. ਮਸ਼ੀਨ ਤੋੜਨ ਦੀ ਕੋਸ਼ਿਸ਼ ਵੀ ਕੀਤੀ ਸੀ। ਗੁਰਜੀਤ ਸਿੰਘ ਪਾਸੋਂ ਇਕ 9 ਐਮ. ਐਮ. ਬੋਰ ਪਿਸਟਲ ਕੰਟਰੀ ਮੇਡ ਬਰਾਮਦ ਕੀਤੀ ਗਈ ਹੈ।

ਭਾਰਤ ਉਤੇ ਸਿੱਖ ਜਥਿਆਂ ਦਾ ਰਾਹ ਡੱਕਣ ਦੇ ਦੋਸ਼

ਲਾਹੌਰ: ਪਾਕਿਸਤਾਨ ਨੇ ਦੋਸ਼ ਲਾਇਆ ਹੈ ਕਿ ਭਾਰਤ ਸਰਕਾਰ ਸਿੱਖ ਸੰਗਤ ਨੂੰ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਤੋਂ ਰੋਕ ਰਹੀ ਹੈ। ਪਾਕਿਸਤਾਨੀ ਅਧਿਕਾਰੀਆਂ ਦਾ ਇਲਜ਼ਾਮ ਹੈ ਕਿ ਦਿੱਲੀ ਸਥਿਤ ਭਾਰਤੀ ਦੂਤਾਵਾਸ ਨੇ 80 ਸਿੱਖ ਯਾਤਰੀਆਂ ਨੂੰ ਪਾਕਿਸਤਾਨ ਵਿਚ 14 ਜੂਨ ਨੂੰ ਪੰਚਮ ਗੁਰੂ ਦੇ ਸ਼ਹੀਦੀ ਦਿਹਾੜੇ ਮੌਕੇ ਪਾਕਿਸਤਾਨ ਜਾਣ ਲਈ ਵੀਜ਼ੇ ਦਿੱਤੇ ਸਨ।

ਉਨ੍ਹਾਂ ਵਿਚੋਂ 66 ਯਾਤਰੀ ਲਾਹੌਰ ਨਹੀਂ ਪਹੁੰਚ ਸਕੇ ਕਿਉਂਕਿ ਭਾਰਤ ਨੇ ਉਨ੍ਹਾਂ ਨੂੰ ਤਕਨੀਕੀ ਕਾਰਨਾਂ ਦਾ ਬਹਾਨਾ ਲਾ ਕੇ ਅਟਾਰੀ ਰੇਲਵੇ ਸਟੇਸ਼ਨ 'ਤੇ ਹੀ ਰੋਕ ਲਿਆ।

ਓਕਾਫ ਬੋਰਡ ਦੇ ਬੁਲਾਰੇ ਅਮੀਰ ਹਾਸ਼ਮੀ ਨੇ ਦੱਸਿਆ ਕਿ ਭਾਰਤੀ ਯਾਤਰੀਆਂ ਨੂੰ ਲੈਣ ਲਈ ਸਮਝੌਤਾ ਐਕਸਪ੍ਰੈਸ ਨੂੰ ਖਾਸ ਤੌਰ 'ਤੇ ਅਟਾਰੀ ਭੇਜਿਆ ਗਿਆ ਸੀ ਪਰ ਸਿੱਖ ਸੰਗਤ ਨੂੰ ਇਹ ਕਹਿ ਕੇ ਰੇਲ ਵਿਚ ਚੜ੍ਹਨ ਨਾ ਦਿੱਤਾ ਗਿਆ ਕਿ ਅਸੀਂ ਯਾਤਰੀਆਂ ਨੂੰ ਸਿਰਫ ਸਪੈਸ਼ਲ ਟਰੇਨ ਰਾਹੀਂ ਹੀ ਪਾਕਿਸਤਾਨ ਭੇਜ ਸਕਦੇ ਹਾਂ।

ਪਾਕਿਸਤਾਨ ਦਾ ਇਲਜ਼ਾਮ ਹੈ ਕਿ ਉਨ੍ਹਾਂ ਸਪੈਸ਼ਲ ਰੇਲ ਵੀ ਤੁਰਤ ਭੇਜਣੀ ਚਾਹੀ ਪਰ ਭਾਰਤੀ ਅਧਿਕਾਰੀਆਂ ਨੇ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ 80 ਵਿਚੋਂ 14 ਸਿੱਖ ਯਾਤਰੀਆਂ ਨੂੰ ਸੜਕੀ ਵਾਹਨਾਂ ਰਾਹੀਂ ਪਾਕਿਸਤਾਨ ਭੇਜਿਆ ਗਿਆ ਜਦਕਿ ਬਾਕੀ ਸੰਗਤ ਜਾ ਹੀ ਨਹੀਂ ਸਕੀ।

ਪੈਰਿਸ ਵਿਚ ਪੰਜਾਬੀ ਨੌਜਵਾਨ ਦੀ ਮੌਤ

ਪੈਰਿਸ: ਫਰਾਂਸ ਦੀ ਰਾਜਧਾਨੀ ਪੈਰਿਸ ਦੇ ਨਜ਼ਦੀਕ ਪੈਂਦੇ ਜ਼ਿਲ੍ਹਾ ਬੋਬੀਨੀ ਦੇ ਪਿੰਡ ਲਾ-ਕੋਰਨਵ ਵਿਚ ਪੰਜਾਬੀ ਨੌਜਵਾਨ ਦੀ ਭੇਤਭਰੇ ਢੰਗ ਨਾਲ ਮੌਤ ਹੋ ਗਈ ਹੈ।

ਮ੍ਰਿਤਕ ਦੀ ਪਛਾਣ 23 ਸਾਲ ਸਿਮਰਨਜੀਤ ਸਿੰਘ ਵਜੋਂ ਹੋਈ ਹੈ। ਉਸ ਦਾ ਸਬੰਧ ਪੰਜਾਬ ਦੇ ਬੇਗੋਵਾਲ ਇਲਾਕੇ ਨਾਲ ਹੈ। ਮ੍ਰਿਤਕ ਦੇ ਸਿਰ ਵਿਚ ਸੱਟ ਦਾ ਨਿਸ਼ਾਨ ਹੈ। ਪੁਲਿਸ ਵੱਲੋਂ ਸਿਮਰਨਜੀਤ ਦੀ ਮੌਤ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਦੂਜੇ ਪਾਸੇ ਇਕਲੌਤੇ ਪੁੱਤਰ ਦੀ ਮੌਤ ਤੋਂ ਬਾਅਦ ਬੇਗੋਵਾਲ ਉਸ ਦੇ ਮਾਪਿਆਂ ਦਾ ਬੁਰਾ ਹਾਲ ਹੈ।

ਐਮ ਐਫ ਹੁਸੈਨ ਦੀਆਂ ਕਲਾ ਕ੍ਰਿਤੀਆਂ ਹੋਣਗੀਆਂ ਨਿਲਾਮ

ਮੁੰਬਈ: ਸ਼ਾਹਰੁਖ ਖਾਨ, ਬਾਬੂਰਾਓ ਪੇਂਟਰ, ਐਮ.ਐਫ. ਹੁਸੈਨ ਸਮੇਤ ਕਈ ਲੋਕਾਂ ਦੀਆਂ ਕਲਾ ਕ੍ਰਿਤੀਆਂ, ਫਿਲਮਾਂ ਤੇ ਬੈਨਰ-ਹੋਰਡਿੰਗ ਸਮੇਤ 1950 ਦੇ ਦਹਾਕੇ ਮਗਰੋਂ ਦੀਆਂ ਵਿੰਟੇਜ ਤਸਵੀਰਾਂ ਨੂੰ ਇਥੇ ਇਸ ਮਹੀਨੇ ਦੇ ਅਖੀਰ ਤੱਕ ਨਿਲਾਮੀ ਲਈ ਰੱਖਿਆ ਜਾਵੇਗਾ। ਓਸੀਅਨ ਦੀ ਇਹ 'ਦਿ ਗਰੇਟੈਸਟ ਇੰਡੀਅਨ ਸ਼ੋਅ ਆਨ ਅਰਥ-2' ਨਾਂ ਹੇਠ ਇਹ ਨਿਲਾਮੀ 22 ਜੂਨ ਨੂੰ ਕੀਤੀ ਜਾਵੇਗੀ। ਇਥੇ ਸੱਤਿਆਜੀਤ ਰੇ, ਮਣੀ ਕੌਲ ਅਤੇ ਦੀਪਤੀ ਨਵਲ ਦੀਆਂ ਮੂਲ ਕਲਾਕ੍ਰਿਤੀਆਂ ਵੀ ਹੋਣਗੀਆਂ। ਮਸ਼ਹੂਰ ਅਦਾਕਾਰ ਦਿਲੀਪ ਕੁਮਾਰ ਵੀ ਉਨ੍ਹਾਂ ਦੀ ਫਿਲਮ 'ਮੁਗਲੇ-ਆਜ਼ਮ' ਦੀ ਪਿਠ ਭੂਮੀ 'ਚ ਰਹਿਣਗੇ। ਇਥੇ ਬੌਬੀ, ਦੀਵਾਰ ਤੇ ਹੋਰਨਾਂ ਫਿਲਮਾਂ ਦੀਆਂ ਵਿਸ਼ੇਸ਼ ਟਰਾਫੀਆਂ ਤੋਂ ਲੈ ਕੇ ਅੰਦਾਜ਼, ਅਨਾੜੀ, ਗਾਈਡ ਵਰਗੀਆਂ ਮਸ਼ਹੂਰ ਫਿਲਮਾਂ ਦੀਆਂ ਅਸਲ ਪ੍ਰਚਾਰ ਵਾਲੀਆਂ ਚੀਜ਼ਾਂ ਦੀ ਮੌਜੂਦ ਹੋਣਗੀਆਂ। ਭਾਰਤੀ ਸਿਨੇਮਾ ਦੇ ਪਹਿਲੇ ਪਰਿਵਾਰ ਕਪੂਰ ਖਾਨਦਾਨ ਨੂੰ ਵੀ ਕੇਂਦਰ 'ਚ ਰੱਖਿਆ ਜਾਵੇਗਾ। ਇਸ ਤੋਂ ਇਲਾਵਾ 150 ਦੇ ਸੁਨਹਿਰੀ ਦਹਾਕੇ ਤੋਂ ਲੈ ਕੇ ਅਮਿਤਾਭ ਬੱਚਨ ਸਮੇਂ ਤੱਕ ਅਤੇ ਸਲਮਾਨ, ਸ਼ਾਹਰੁਖ ਤੇ ਆਮਿਰ ਦੇ ਜ਼ਮਾਨੇ ਤੱਕ ਦੇ ਭਾਰਤੀ ਸਿਨੇਮਾ ਦੇ ਵਿਰਲੇ ਪੋਸਟਰ, ਸ਼ੋਅਕਾਰਡ, ਲੌਬੀ ਕਾਰਡ ਤੇ ਤਸਵੀਰਾਂ ਵੀ ਪੇਸ਼ ਕੀਤੀਆਂ ਜਾਣਗੀਆਂ।

ਲੋਕ ਮਸਲਿਆਂ ਤੋਂ ਪਾਸਾ ਹੀ ਵੱਟਦੀ ਰਹੀ ਮੋਦੀ ਸਰਕਾਰ

ਚੰਡੀਗੜ੍ਹ: ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿਚ ਭਾਜਪਾ ਸਰਕਾਰ ਨੇ ਤਿੰਨ ਸਾਲ ਪੂਰੇ ਕਰ ਲਏ ਹਨ। ਮੋਦੀ ਸਰਕਾਰ ਤੋਂ ਲੋਕ ਮਸਲਿਆਂ ਦੇ ਹੱਲ ਬਾਰੇ ਜੋ ਉਮੀਦ ਸੀ, ਉਹ ਉਸ ਦੇ ਨੇੜੇ ਵੀ ਨਹੀਂ ਪਹੁੰਚ ਸਕੀ। ਮੋਦੀ ਸਰਕਾਰ ਨੇ 'ਸਬ ਕਾ ਸਾਥ, ਸਬ ਕਾ ਵਿਕਾਸ' ਦਾ ਨਾਅਰਾ ਦਿੱਤਾ ਸੀ ਅਤੇ ਲੋਕਾਂ ਨੇ ਤੇਜ਼ ਵਿਕਾਸ ਲਈ ਉਨ੍ਹਾਂ ਨੂੰ ਚੁਣਿਆ।

ਮੋਦੀ ਨੇ ਚੋਣ ਪ੍ਰਚਾਰ ਵਿਚ ਸਭ ਤੋਂ ਵੱਧ ਅਹਿਮੀਅਤ ਬੇਰੁਜ਼ਗਾਰੀ ਦੇ ਮਸਲੇ ਨੂੰ ਦਿੱਤੀ ਸੀ। ਹਾਲ ਹੀ ਵਿਚ ਬੇਰੁਜ਼ਗਾਰੀ ਸਬੰਧੀ ਦੋ ਮਹੱਤਵਪੂਰਨ ਰਿਪੋਰਟਾਂ ਸਾਹਮਣੇ ਆਈਆਂ ਹਨ। ਇਕ ਭਾਰਤ ਸਰਕਾਰ ਦੇ ਕਿਰਤ ਮੰਤਰਾਲੇ ਦੀ ਅਤੇ ਦੂਜੀ ਸੰਯੁਕਤ ਰਾਸ਼ਟਰ ਸੰਘ ਦੀ। ਦੋਵਾਂ ਹੀ ਰਿਪੋਰਟਾਂ ਨੇ ਦੱਸਿਆ ਹੈ ਕਿ ਦੇਸ਼ ਵਿਚ ਰੁਜ਼ਗਾਰ ਦੀ ਹਾਲਤ ਬਹੁਤ ਖਰਾਬ ਹੈ। ਲੇਬਰ ਬਿਊਰੋ ਦੀ ਰਿਪੋਰਟ ਦੱਸਦੀ ਹੈ ਕਿ 2015 ਵਿਚ ਸਿਰਫ ਇਕ ਲੱਖ 55 ਹਜ਼ਾਰ ਅਤੇ 2016 ਵਿਚ 2 ਲੱਖ 31 ਹਜ਼ਾਰ ਨੌਕਰੀਆਂ ਪੈਦਾ ਹੋਈਆਂ।

ਦੇਸ਼ ਵਿਚ ਹਰ ਸਾਲ ਇਕ ਕਰੋੜ 30 ਲੱਖ ਲੋਕ ਨੌਕਰੀਆਂ ਲਈ ਬਾਜ਼ਾਰ ਵਿਚ ਪਹੁੰਚ ਜਾਂਦੇ ਹਨ ਪਰ ਹਾਲਤ ਇਹ ਹੈ ਕਿ 2012 ਤੋਂ ਬਾਅਦ ਕਿਸੇ ਵੀ ਸਾਲ 4 ਲੱਖ ਤੋਂ ਜ਼ਿਆਦਾ ਨੌਕਰੀਆਂ ਪੈਦਾ ਨਹੀਂ ਕੀਤੀਆਂ ਜਾ ਸਕੀਆਂ। ਲੇਬਰ ਬਿਊਰੋ ਦੀ ਰਿਪੋਰਟ ਤੋਂ ਪਤਾ ਲੱਗਦਾ ਹੈ ਕਿ 2015 ਵਿਚ ਗਹਿਣੇ ਬਣਾਉਣ ਦੇ ਕੰਮ ਵਿਚ ਲੱਗੇ 19,000 ਲੋਕਾਂ ਨੇ ਰੁਜ਼ਗਾਰ ਗੁਆਇਆ ਅਤੇ ਹੈਂਡਲੂਮ ਦੇ 11,000 ਲੋਕ ਬੇਰੁਜ਼ਗਾਰ ਹੋ ਗਏ। ਰੁਜ਼ਗਾਰ ਗੁਆਉਣ ਵਾਲਿਆਂ ਵਿਚ ਆਟੋਮੋਬਾਈਲ, ਟਰਾਂਸਪੋਰਟ ਅਤੇ ਕੱਪੜਾ ਉਦਯੋਗ ਦੇ ਲੋਕ ਵੀ ਸ਼ਾਮਲ ਹਨ।

ਦੇਸ਼ ਵਿਚ ਰੁਜ਼ਗਾਰ ਪੈਦਾ ਕਰਨ ਵਾਲਾ ਸਭ ਤੋਂ ਵੱਡਾ ਖੇਤਰ ਆਈ.ਟੀ. ਉਦਯੋਗ ਹੈ। ਇਸ ਵਿਚ 2015-16 ਵਿਚ ਸਭ ਤੋਂ ਜ਼ਿਆਦਾ 76000 ਨੌਕਰੀਆਂ ਆਈਆਂ। ਇਸ ਤੋਂ ਬਾਅਦ ਕੱਪੜਾ ਅਤੇ ਧਾਤੂ ਉਦਯੋਗ ਰਿਹਾ ਪਰ ਹੁਣ ਇਨ੍ਹਾਂ ਖੇਤਰਾਂ ਵਿਚ ਵੀ ਰੁਜ਼ਗਾਰ ਘੱਟ ਹੋਣੇ ਸ਼ੁਰੂ ਹੋ ਗਏ ਹਨ। ਵਿਪਰੋ, ਇੰਫੋਸਿਸ, ਕੋਗਨਿਜ਼ੈਂਟ ਆਦਿ ਵੱਡੀਆਂ ਆਈ.ਟੀ. ਕੰਪਨੀਆਂ ਨੇ ਛਾਂਟੀ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਸਾਲ ਇਸ ਖੇਤਰ ਵਿਚ ਹਜ਼ਾਰਾਂ ਲੋਕਾਂ ਨੇ ਰੁਜ਼ਗਾਰ ਗੁਆ ਦਿੱਤੇ ਹਨ। ਅਗਲੇ ਦੋ ਸਾਲ ਵਿਚ ਪੌਣੇ ਦੋ ਲੱਖ ਲੋਕਾਂ ਦੇ ਰੁਜ਼ਗਾਰ ਗੁਆਉਣ ਦੀ ਸੰਭਾਵਨਾ ਹੈ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਨੇ ਕਿਹਾ ਹੈ ਕਿ 2017 ਅਤੇ 2018 ਵਿਚ ਭਾਰਤ ਵਿਚ ਬੇਰੁਜ਼ਗਾਰੀ ਅਤੇ ਅਸਮਾਨਤਾ ਦੋਵੇਂ ਵਧਣਗੀਆਂ।

ਨੌਜਵਾਨਾਂ ਨੂੰ ਰੁਜ਼ਗਾਰ ਵਾਲੇ ਵਾਅਦੇ ਵਿਸਰ ਹੀ ਗਏ

ਸੋਨੇ ਦੇ ਲਾਲਚ 'ਚ ਧੀ ਤਾਂਤਰਿਕ ਹਵਾਲੇ

ਲਖਨਊ: ਉਤਰ ਪ੍ਰਦੇਸ਼ ਵਿਚ 5 ਕਿਲੋ ਸੋਨੇ ਦੇ ਲਾਲਚ ਵਿਚ ਮਾਤਾ-ਪਿਤਾ ਨੇ ਆਪਣੀ 14 ਸਾਲਾ ਧੀ ਨੂੰ ਇਕ ਤਾਂਤਰਿਕ ਹਵਾਲੇ ਕਰ ਦਿੱਤਾ। ਤਾਂਤਰਿਕ ਨੇ ਉਸ ਨਾਲ ਜਬਰ ਜਨਾਹ ਕਰ ਕੇ ਹੱਤਿਆ ਕਰ ਦਿੱਤੀ ਤੇ ਉਸ ਨੂੰ ਖੇਤ 'ਚ ਦਫਨਾ ਦਿੱਤਾ।



ਜਾਣਕਾਰੀ ਅਨੁਸਾਰ ਕਨੌਜ ਦੇ ਮਹਾਵੀਰ ਪ੍ਰਸਾਦ ਨੂੰ ਕਾਰੋਬਾਰ 'ਚ ਘਾਟਾ ਪੈ ਗਿਆ, ਜਿਸ ਨਾਲ ਉਸ ਦੀ ਆਰਥਿਕ ਸਥਿਤੀ ਖਰਾਬ ਹੋ ਗਈ। ਫਿਰ ਉਸ ਦਾ ਸੰਪਰਕ ਤਾਂਤਰਿਕ ਕ੍ਰਿਸ਼ਨ ਸ਼ਰਮਾ ਨਾਲ ਹੋਇਆ, ਜਿਸ ਨੇ ਮਹਾਵੀਰ ਨੂੰ 5 ਕਿਲੋ ਸੋਨਾ ਜ਼ਮੀਨ 'ਚ ਗੱਡੇ ਹੋਣ ਬਾਰੇ ਦੱਸਿਆ। ਤਾਂਤਰਿਕ ਨੇ ਉਸ ਨੂੰ ਦੱਸਿਆ ਕਿ ਇਹ ਗੱਡਿਆ ਸੋਨਾ ਕੱਢਣ ਲਈ ਇਕ ਬਲੀ ਦੇਣੀ ਹੋਵੇਗੀ। ਗੱਲਾਂ 'ਚ ਆ ਕੇ ਮਾਤਾ-ਪਿਤਾ ਨੇ ਪੂਜਾ-ਪਾਠ ਦੇ ਨਾਂ 'ਤੇ ਆਪਣੀ ਧੀ ਤਾਂਤਰਿਕ ਹਵਾਲੇ ਕਰ ਦਿੱਤੀ। ਦੋ-ਤਿੰਨ ਦਿਨ ਬਾਅਦ ਸੋਨਾ ਨਾ ਮਿਲਣ 'ਤੇ ਲੜਕੀ ਦੀ ਮਾਂ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਤੇ ਸਾਰਾ ਮਾਮਲਾ ਦੱਸਿਆ। ਪੁਲਿਸ ਨੇ ਮਾਮਲਾ ਦਰਜ ਕਰ ਕੇ ਤਾਂਤਰਿਕ ਸਮੇਤ ਪੁੱਛਗਿੱਛ ਲਈ ਮ੍ਰਿਤਕਾ ਦੇ ਮਾਤਾ-ਪਿਤਾ ਨੂੰ ਵੀ ਹਿਰਾਸਤ 'ਚ ਲੈ ਲਿਆ ਹੈ।

ਹੁਣ ਬਦਲ ਗਏ ਹਨ ਦਹਿਸ਼ਤਗਰਦੀ ਦੇ ਹਥਿਆਰ

ਯੂਰਪ ਵਿਚ ਦਹਿਸ਼ਤੀ ਹਮਲੇ ਤੇਜ਼ ਕਰਦਿਆਂ ਅਤਿਵਾਦੀ ਸੰਗਠਨ ਇਸਲਾਮਿਕ ਸਟੇਟ (ਆਈ.ਐਸ.), ਮਨੁੱਖੀ ਬੰਬਾਂ ਤੋਂ ਲੈ ਕੇ ਭੀੜ ਵਾਲੀਆਂ ਸੜਕਾਂ ਉਤੇ ਗੁਜ਼ਰ ਰਹੇ ਲੋਕਾਂ ਨੂੰ ਟਰੱਕਾਂ ਨਾਲ ਕੁਚਲਣ ਅਤੇ ਤਮਾਸ਼ਬੀਨਾਂ ਨੂੰ ਛੁਰੇ ਮਾਰਨ ਵਰਗੇ ਨਵੇਂ ਹਥਿਆਰ ਆਮ ਹੀ ਵਰਤਣ ਲੱਗ ਪਿਆ ਹੈ। ਤਿੰਨ ਮਹੀਨਿਆਂ ਤੋਂ ਘੱਟ ਸਮੇਂ ਵਿਚ ਇਕੱਲੇ ਬ੍ਰਿਟੇਨ ਨੇ ਹੀ ਤਿੰਨ ਹਮਲੇ ਝੱਲੇ ਹਨ ਜਿਨ੍ਹਾਂ ਨੇ ਦਰਜਨਾਂ ਜਾਨਾਂ ਲੈ ਲਈਆਂ। ਦਹਿਸ਼ਤ ਫੈਲਾਉਣ ਦੇ ਇਸ ਨਵੇਂ ਤੌਰ ਤਰੀਕੇ ਨੇ ਪੱਛਮੀ ਮੁਲਕਾਂ ਦੀਆਂ ਸੁਰੱਖਿਆ ਏਜੰਸੀਆਂ ਲਈ ਚੁਣੌਤੀ ਹੋਰ ਵੀ ਪੇਚੀਦਾ ਬਣਾ ਦਿੱਤੀ ਹੈ।

ਮੈਨਚੈਸਟਰ ਐਰਿਨਾ ਵਿਚ ਹੋਏ ਘਾਤਕ ਬੰਬ ਧਮਾਕੇ ਜਿਥੇ ਅਮਰੀਕੀ ਪੌਪ ਗਾਇਕਾ ਏਰੀਏਨਾ ਗਰੈਂਡ ਪੇਸ਼ਕਾਰੀ ਕਰ ਰਹੀ ਸੀ, ਤੋਂ

ਜ਼ਾਹਿਦ ਹੁਸੈਨ

ਕੁਝ ਦਿਨਾਂ ਬਾਅਦ ਹੀ ਤਿੰਨ ਹਮਲਾਵਰਾਂ ਨੇ ਇਤਿਹਾਸਕ ਲੰਡਨ ਬ੍ਰਿਜ 'ਤੇ ਜਾ ਰਹੀ ਭੀੜ ਉਤੇ ਵੈਨ ਚੜ੍ਹਾ ਦਿੱਤੀ ਅਤੇ ਫਿਰ ਬਹੁਤ ਸਾਰੇ ਲੋਕਾਂ 'ਤੇ ਛੁਰੇ ਚਲਾਏ। ਇੰਤਹਾਪਸੰਦ ਬਣੇ ਇਹ ਸਾਰੇ ਅਪਰਾਧੀ ਬ੍ਰਿਟਿਸ਼ ਨਾਗਰਿਕ ਹੀ ਸਨ ਜਿਨ੍ਹਾਂ ਦੇ ਪਰਿਵਾਰ ਵੱਖ ਵੱਖ ਇਸਲਾਮੀ ਮੁਲਕਾਂ ਨਾਲ ਸਬੰਧਿਤ ਹਨ। ਇਹ ਤੱਥ ਇਨ੍ਹਾਂ ਕਾਤਲਾਂ ਦੇ ਅੰਦਰ ਇੰਤਹਾਪਸੰਦੀ ਦੀ ਪੈਦਾਇਸ਼ ਤੇ ਵਿਕਾਸ ਸਬੰਧੀ ਸੁਆਲ ਵੀ ਖੜ੍ਹੇ ਕਰਦਾ ਹੈ। ਉਨ੍ਹਾਂ ਵਿਚੋਂ ਕੋਈ ਵੀ ਵਿਦੇਸ਼ਾਂ ਵਿਚਲੇ ਅਤਿਵਾਦੀ ਕੈਂਪਾਂ ਵਿਚ ਸਿਖਲਾਈਯਾਫ਼ਤਾ ਨਹੀਂ ਜਾਪਦਾ।

ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਨ੍ਹਾਂ ਤਿੰਨਾਂ ਹਮਲਿਆਂ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਨੇ ਕਬੂਲੀ ਸੀ। ਉਂਜ, ਇਹ ਸਪਸ਼ਟ ਨਹੀਂ ਹੈ ਕਿ ਇਸ ਦਹਿਸ਼ਤੀ ਸੰਗਠਨ ਨਾਲ ਉਹ ਕਿਵੇਂ ਜੁੜੇ ਹੋਏ ਸਨ। ਹਾਂ, ਉਨ੍ਹਾਂ ਨੇ ਆਈ.ਐਸ. ਦੇ ਮਜ਼ਬੂਤ ਪ੍ਰਾਪੇਗੰਡੇ ਤੋਂ ਪ੍ਰਭਾਵਿਤ ਹੋਏ ਹਨ। ਦਿਲਚਸਪ ਗੱਲ ਇਹ ਹੈ ਕਿ ਆਈ.ਐਸ. ਦੀ ਵੈਬਸਾਈਟ ਉਤੇ ਰਮਜ਼ਾਨ ਮਹੀਨੇ ਯੂਰਪ ਵਿਚ ਹਮਲੇ ਤੇਜ਼ ਕਰਨ ਬਾਰੇ ਪੋਸਟਰ ਦਿਖਾਈ ਦੇਣ ਮਗਰੋਂ ਹੀ ਇਨ੍ਹਾਂ ਦਹਿਸ਼ਤਗਰਦਾਂ ਨੇ ਹਮਲੇ ਕੀਤੇ। ਪੋਸਟਰ ਵਿਚ ਸਫ਼ੈਦ ਵੈਨ ਚੋਣਵੇਂ ਹਥਿਆਰ ਵਜੋਂ ਦਿਖਾਈ ਗਈ ਸੀ। ਦਹਿਸ਼ਤੀ ਹਮਲਿਆਂ ਵਿਚ ਸਭ ਤੋਂ ਵੱਡਾ ਇਜ਼ਾਫ਼ਾ ਉਦੋਂ ਹੋ ਰਿਹਾ ਹੈ ਜਦੋਂ ਇਸਲਾਮਿਕ ਸਟੇਟ ਨੂੰ ਇਰਾਕ ਅਤੇ ਸੀਰੀਆ ਵਿਚ ਇਸ ਦੇ ਕਬਜ਼ੇ ਹੇਠਲੇ ਖੇਤਰਾਂ ਵਿਚੋਂ ਖਦੇੜਿਆ ਜਾ ਰਿਹਾ ਹੈ।

ਉਂਜ, ਇਹ ਪਹਿਲੀ ਵਾਰ ਨਹੀਂ ਸੀ ਜਦੋਂ ਦਹਿਸ਼ਤਗਰਦਾਂ ਨੇ ਪੈਦਲ ਜਾ ਰਹੇ ਲੋਕਾਂ ਨੂੰ ਮਾਰਨ ਲਈ ਤੇਜ਼ ਰਫ਼ਤਾਰ ਵੈਨ ਦੀ ਵਰਤੋਂ ਕੀਤੀ ਹੋਵੇ। ਲੰਡਨ ਬ੍ਰਿਜ ਹਮਲੇ ਵਿਚ ਪਿਛਲੇ ਵਰ੍ਹੇ ਫਰਾਂਸ ਦੇ ਸ਼ਹਿਰ ਨੀਸ ਵਿਚ ਬੈਸਟੀਲ ਡੇਅ ਮਨਾ ਰਹੀ ਭੀੜ ਅਤੇ ਜਰਮਨੀ ਦੀ ਰਾਜਧਾਨੀ ਬਰਲਿਨ ਵਿਚ ਕ੍ਰਿਸਮਸ ਮਾਰਕੀਟ ਵਿਚ ਲੋਕਾਂ ਨੂੰ ਤੇਜ਼ ਰਫ਼ਤਾਰ ਵਾਹਨਾਂ ਨਾਲ ਕੁਚਲ ਕੇ ਕੀਤੇ ਗਏ ਖ਼ੂਨ ਖਰਾਬੇ ਨੂੰ ਦੁਹਰਾਇਆ ਗਿਆ ਹੈ। ਇਸ ਸਾਲ ਮਾਰਚ ਵਿਚ ਵੀ ਵੈਸਟਮਿੰਸਟਰ ਬ੍ਰਿਜ 'ਤੇ ਅਜਿਹਾ ਹੀ ਹਮਲਾ ਹੋਇਆ ਸੀ ਜਦੋਂ ਅਧਖੜ ਬੰਦੇ ਨੇ ਭੀੜ ਉਤੇ ਆਪਣੀ ਕਾਰ ਚੜ੍ਹਾ ਦਿੱਤੀ ਸੀ ਅਤੇ ਫਿਰ ਇਕ ਪੁਲਿਸ ਅਧਿਕਾਰੀ ਉਤੇ ਛੁਰੇ ਨਾਲ ਹਮਲਾ ਕਰ ਦਿੱਤਾ ਸੀ। ਇਸਲਾਮਿਕ ਸਟੇਟ ਦੇ ਇਸ ਨਵੇਂ ਹਥਿਆਰ ਲਈ ਘੱਟੋ-ਘੱਟ ਸਰੋਤ ਜਾਂ ਮੁਹਾਰਤ ਲੋੜੀਂਦੀ ਹੈ। ਇਸ ਦੇ ਨਾਲ ਹੀ ਇਸ ਹਮਲੇ ਨਾਲ ਆਤਮਘਾਤੀ ਬੰਬ ਹਮਲੇ ਜਿੰਨਾ ਹੀ ਜਾਂ ਇਸ ਤੋਂ ਵੀ ਜ਼ਿਆਦਾ ਧੱਕਾ ਅਤੇ ਹੈਰਾਨਗੀ ਦੇ ਤੱਤ ਜੁੜੇ ਹੁੰਦੇ ਹਨ। ਪੱਛਮੀ ਦੇਸ਼ਾਂ ਦੀਆਂ ਸੁਰੱਖਿਆ ਏਜੰਸੀਆਂ ਲਈ ਸਭ ਤੋਂ ਵੱਧ ਫ਼ਿਕਰਮੰਦੀ ਵਾਲੀ ਗੱਲ ਇਹ ਹੈ ਕਿ ਤਬਾਹਕੁਨ ਪ੍ਰਭਾਵ ਵਾਲੇ ਅਜਿਹੇ ਹਮਲੇ ਲਈ ਇਕ ਜਾਂ ਕੁਝ ਗ਼ਰਮਖ਼ਿਆਲੀ ਬੰਦਿਆਂ ਦੀ ਹੀ ਜ਼ਰੂਰਤ ਪੈਂਦੀ ਹੈ। ਪਿਛਲੇ ਹਫ਼ਤੇ ਦੀ ਲੰਡਨ ਬ੍ਰਿਜ ਘਟਨਾ ਵੀ ਇਸ ਦੀ ਤਸਦੀਕ ਕਰਦੀ ਹੈ। ਜਿੰਨਾ ਚਿਰ ਹਮਲਾਵਰ ਹਮਲਾ ਨਹੀਂ ਕਰਦਾ ਜਾਂ ਕਰਦੀ, ਸੁਰੱਖਿਆ ਏਜੰਸੀਆਂ ਲਈ ਉਸ ਦੀ ਪਛਾਣ ਕਰਨੀ ਲਗਭਗ ਅਸੰਭਵ ਹੈ। ਹਾਲੀਆ ਮਾਮਲਿਆਂ ਦੇ ਕੁਝ ਹਮਲਾਵਰ ਭਾਵੇਂ ਬ੍ਰਿਟਿਸ਼ ਸੁਰੱਖਿਆ ਸੇਵਾਵਾਂ ਦੀ ਨਜ਼ਰ ਵਿਚ ਆ ਚੁੱਕੇ ਸਨ, ਪਰ ਇਹ ਪਤਾ ਲਾਉਣਾ ਮੁਸ਼ਕਿਲ ਹੈ ਕਿ ਉਨ੍ਹਾਂ ਦੇ ਮਨ ਵਿਚ ਕੀ ਚੱਲ ਰਿਹਾ ਹੈ।

ਬ੍ਰਿਟੇਨ ਲਈ ਯਕੀਨਨ ਇਹ ਡਰਾਉਣੇ ਸੁਪਨੇ ਵਾਂਗ ਹੈ ਜਿਥੇ 3000 ਤੋਂ ਵਧੇਰੇ ਲੋਕ ਗ਼ਰਮਖ਼ਿਆਲੀ ਵਿਚਾਰਧਾਰਾ ਰੱਖਣ ਦੇ ਸ਼ੱਕ ਕਾਰਨ ਨਿਗਰਾਨੀ ਹੇਠ ਹਨ। ਮੈਨਚੈਸਟਰ ਹਮਲੇ ਦੇ ਮਾਮਲੇ ਵਿਚ ਮਨੁੱਖੀ ਬੰਬ ਦੇ ਅਤਿਵਾਦੀ ਸੰਗਠਨ ਨਾਲ ਸਿੱਧੇ ਸਬੰਧਾਂ ਦੇ ਸਬੂਤ ਹਨ। 22 ਸਾਲਾ ਸਲਮਾਨ ਆਬਦੀ ਜਿਸ ਦਾ ਪਰਿਵਾਰ ਲਿਬੀਅਨ ਮੂਲ ਦਾ ਹੈ, ਆਪਣੀ ਮਾਤਭੂਮੀ ਦੇ ਦੌਰੇ ਸਮੇਂ ਇਸ ਸੰਗਠਨ ਦੇ ਸੰਪਰਕ ਵਿਚ ਆਇਆ। ਦੂਜੇ ਪਾਸੇ ਲੰਡਨ ਬ੍ਰਿਜ ਦੇ ਹਮਲਾਵਰਾਂ ਨੂੰ ਮੱਧ ਪੂਰਬ ਵਿਚ ਸਰਗਰਮ ਅਤਿਵਾਦੀ ਸੰਗਠਨਾਂ ਵੱਲੋਂ ਕਿਸੇ ਕਿਸਮ ਦੇ ਸੰਗਠਨਾਤਮਕ ਮਾਨਤਾ ਬਾਰੇ ਹਾਲੇ ਕੋਈ ਸਬੂਤ ਨਹੀਂ ਹੈ, ਭਾਵੇਂ ਉਨ੍ਹਾਂ ਵਿਚੋਂ ਘੱਟੋ ਘੱਟ ਇਕ

ਬੰਦੇ ਖੁੱਰਮ ਬੱਟ ਦੇ ਗਰਮਖ਼ਿਆਲੀ ਵਿਚਾਰਾਂ ਬਾਰੇ ਖ਼ਬਰ ਸੀ। ਦੋ ਛੋਟੇ ਬੱਚਿਆਂ ਦੇ ਪਿਤਾ ਅਤੇ ਫੁਟਬਾਲ ਦੇ ਪ੍ਰਸ਼ੰਸਕ ਤੋਂ ਕਈ ਲੋਕਾਂ ਦਾ ਕਾਤਲ ਬਣਨ ਤਕ ਬੱਟ ਦਾ ਸਫ਼ਰ ਹੁਣ ਉਚੇਚੀ ਜਾਂਚ ਦਾ ਵਿਸ਼ਾ ਹੈ।

ਜਿਹਲਮ ਸ਼ਹਿਰ ਦੇ ਰਹਿਣ ਵਾਲੇ ਮਾਪਿਆਂ ਦੇ ਪੁੱਤਰ ਬੱਟ ਦਾ ਜਨਮ ਪਾਕਿਸਤਾਨ ਵਿਚ ਹੋਇਆ, ਪਰ ਉਸ ਦਾ ਪਾਲਣ ਪੋਸ਼ਣ ਬ੍ਰਿਟੇਨ ਵਿਚ ਹੋਇਆ। ਉਸ ਦੇ ਗੁਆਂਢੀਆਂ ਨੇ ਉਸ ਦਾ ਆਰਸੇਨਲ ਫੁੱਟਬਾਲ ਕਲੱਬ ਦੇ ਸਮਰਥਕ ਦੇ ਰੂਪ ਵਿਚ ਵਰਣਨ ਕੀਤਾ ਸੀ ਜਿਸ ਦੀ ਕਮੀਜ਼ ਉਸ ਨੇ ਹਮਲੇ ਦੌਰਾਨ ਪਹਿਨੀ ਹੋਈ ਸੀ। ਪਿਛਲੇ ਮਹੀਨੇ ਉਸ ਨੂੰ ਲੋਕਾਂ ਨੂੰ ਆਮ ਚੋਣਾਂ ਵਿਚ ਹਿੱਸਾ ਨਾ ਲੈਣ ਦੀ ਬੇਨਤੀ ਕਰਦੇ ਹੋਏ ਦੇਖਿਆ ਸੀ, ਪਰ ਕਿਸੇ ਨੂੰ ਵੀ ਉਸ 'ਤੇ ਸ਼ੱਕ ਨਹੀਂ ਹੋਇਆ ਕਿ ਉਸ ਨੇ ਸਮੂਹਿਕ ਹੱਤਿਆਵਾਂ ਕਰਨ ਦੀ ਯੋਜਨਾ ਬਣਾਈ ਹੋਈ ਹੈ। ਮੋਰਾਕੋ ਨਾਲ ਸਬੰਧਿਤ ਦੂਜੇ ਹਮਲਾਵਰ ਦਾ ਇੰਤਹਾਪਸੰਦਾਂ ਨਾਲ ਸਬੰਧਾਂ ਦਾ ਕੋਈ ਇਤਿਹਾਸ ਨਹੀਂ ਹੈ। ਸ਼ੱਕ ਹੈ ਕਿ ਉਹ ਇੰਟਰਨੈੱਟ ਰਾਹੀਂ ਆਈ.ਐਸ. ਦੇ ਪ੍ਰਭਾਵ ਵਿਚ ਆਇਆ। ਦਰਅਸਲ, ਇੰਟਰਨੈੱਟ ਵਿਸ਼ਵ ਦੇ ਜਹਾਦੀ ਗਰੁੱਪਾਂ ਵਿਚ ਨਵੀਂ ਭਰਤੀ ਦਾ ਸਭ ਤੋਂ ਸ਼ਕਤੀਸ਼ਾਲੀ ਸਾਧਨ ਬਣ ਗਿਆ ਹੈ। ਆਈ.ਐਸ. ਵੈੱਬਸਾਈਟ 'ਤੇ ਪੋਸਟਰ ਵੀ ਅਜਿਹਾ ਹੈ ਜੋ ਇੰਤਹਾਪਸੰਦਾਂ ਦੇ ਮਨਾਂ ਨੂੰ ਦਹਿਸ਼ਤੀ ਗਤੀਵਿਧੀਆਂ ਕਰਨ ਲਈ ਪ੍ਰੇਰਦਾ ਹੈ।

ਪਰ ਇਹ ਤੱਤ ਇੰਟਰਨੈੱਟ ਪ੍ਰਾਪੇਗੰਡਾ ਤੋਂ ਕਿਤੇ ਵੱਧ ਸ਼ਕਤੀਸ਼ਾਲੀ ਹੈ ਜੋ ਬ੍ਰਿਟੇਨ ਅਤੇ ਹੋਰ ਯੂਰਪੀ ਮੁਲਕਾਂ ਦੇ ਮੁਸਲਿਮ ਨੌਜਵਾਨਾਂ ਦੀ ਇੰਤਹਾਪਸੰਦੀ ਦੀ ਦਿਸ਼ਾ ਨੂੰ ਸਪਸ਼ਟ ਕਰਦਾ ਹੈ। ਉਹ ਆਈ.ਐਸ. ਦਹਿਸ਼ਤ ਦੀ ਨਵੀਂ ਲਹਿਰ ਤੋਂ ਪ੍ਰਭਾਵਿਤ ਹੋਏ ਹਨ। ਅਸਲ ਵਿਚ ਇੰਟਰਨੈੱਟ ਆਈ.ਐਸ. ਵਰਗੇ ਬਰਾਂਡ ਦੀ ਜਾਣਕਾਰੀ ਅਤੇ ਨਿਰਮਾਣ ਸੰਗਠਨ ਨੂੰ ਪ੍ਰਸਾਰਿਤ ਕਰਨ ਦੇ ਮਾਮਲੇ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਪਰ ਕੁਝ ਮਾਮਲਿਆਂ ਵਿਚ ਨੌਜਵਾਨ ਮੁਸਲਮਾਨਾਂ ਨੂੰ ਜਹਾਦੀ ਗਤੀਵਿਧੀਆਂ ਕਰਨ ਲਈ ਦੁਨੀਆਂ ਵਿਚ ਵਿਚਰਦੇ ਸੰਗਠਨਾਂ ਵੱਲੋਂ ਲੁਭਾਇਆ ਜਾਂਦਾ ਹੈ।

ਸ਼ਾਇਦ ਸਭ ਤੋਂ ਗੰਭੀਰ ਖ਼ਤਰਾ ਸੀਰੀਆ ਦੇ ਜੰਗੀ ਅਖਾੜੇ ਤੋਂ ਯੂਰਪ ਵਾਪਸ ਆਉਣ ਵਾਲੇ ਜਹਾਦੀਆਂ ਤੋਂ ਪੈਦਾ ਹੁੰਦਾ ਹੈ। ਪਿਛਲੇ ਪੰਜ ਸਾਲਾਂ ਦੌਰਾਨ 3000 ਨੌਜਵਾਨ ਮੁਸਲਮਾਨ ਰੰਗਰੂਟ, ਇਸਲਾਮਿਕ ਸਟੇਟ ਲਈ ਲੜਾਈ ਖ਼ਾਤਿਰ ਇਰਾਕ ਅਤੇ ਸੀਰੀਆ ਗਏ ਸਨ। ਇਨ੍ਹਾਂ ਵਿਚੋਂ ਬਹੁਤੇ ਹੁਣ ਘਰ ਵਾਪਸ ਆ ਰਹੇ ਹਨ, ਕਿਉਂਕਿ ਜਿਹੜੇ ਖੇਤਰਾਂ 'ਤੇ ਉਨ੍ਹਾਂ ਦਾ ਕਬਜ਼ਾ ਸੀ, ਉਨ੍ਹਾਂ ਤੋਂ ਉਨ੍ਹਾਂ ਨੂੰ ਕੱਢਿਆ ਜਾ ਰਿਹਾ ਹੈ। ਇਹ ਤੱਥ ਬ੍ਰਿਟੇਨ ਸਮੇਤ ਯੂਰਪੀ ਦੇਸ਼ਾਂ ਲਈ ਗੰਭੀਰ ਖ਼ਤਰਾ ਪੈਦਾ ਕਰਦਾ ਹੈ। ਮਜ਼ਬੂਤ ਖ਼ੁਫ਼ੀਆ ਤੰਤਰ ਦੇ ਬਾਵਜੂਦ ਜਹਾਦੀ ਸਰਗਰਮੀਆਂ ਨੂੰ ਠੱਲ੍ਹ ਪਾਉਣ ਲਈ ਇਨ੍ਹਾਂ ਦੇਸ਼ਾਂ ਲਈ ਹਰ ਵਾਪਸ ਆਉਣ ਵਾਲੇ ਵਿਅਕਤੀ ਅਤੇ ਸ਼ੱਕੀ ਇੰਤਹਾਪਸੰਦ ਮੁਸਲਮਾਨਾਂ 'ਤੇ ਨਜ਼ਰ ਰੱਖਣੀ ਮੁਸ਼ਕਿਲ ਹੈ।

ਸਾਬਕਾ ਐਫ.ਬੀ.ਆਈ. ਏਜੰਟ ਅਲੀ ਸੂਫਨ ਦੇ ਸ਼ਬਦਾਂ ਵਿਚ- "ਆਈ.ਐਸ. ਦੇ ਦਹਿਸ਼ਤ ਦਾ ਕੈਂਸਰ ਰੋਗ ਮੱਧ ਪੂਰਬ ਤੇ ਉਤਰੀ ਅਫ਼ਰੀਕਾ ਅਤੇ ਉਨ੍ਹਾਂ ਤੋਂ ਵੀ ਅੱਗੇ ਹੋਰ ਥਾਈਂ ਫੈਲ ਗਿਆ ਹੈ। ਜਿਥੇ ਜਿਥੇ ਇਹ ਫੈਲ ਰਿਹਾ ਹੈ, ਉਥੇ ਉਥੇ ਇਸ ਦੇ ਜੀਵਾਣੂੰ ਵੱਧ ਜ਼ਹਿਰੀਲੇ, ਵੱਧ ਵਿਨਾਸ਼ਕ ਹੋਰਹੇ ਹਨ।" ਆਪਣੀ ਕਿਤਾਬ 'ਅਨਾਟਮੀ ਆਫ ਟੈਰਰ' ਵਿਚ ਐਫ.ਬੀ.ਆਈ. ਦੇ ਇਸ ਸਾਬਕਾ ਵਿਸ਼ੇਸ਼ ਏਜੰਟ ਨੇ ਆਈ.ਐਸ. ਦੀ ਤੁਲਨਾ ਯੂਨਾਨੀ ਪੌਰਾਣਿਕ ਕਥਾਵਾਂ ਨਾਲ ਕੀਤੀ ਹੈ: ਇਕ ਸਿਰ ਕੱਟੋ ਅਤੇ ਦੋ ਹੋਰ ਜਲਦੀ ਹੀ ਪੈਦਾ ਹੋ ਜਾਂਦੇ ਹਨ।

ਸਪਸ਼ਟ ਹੈ ਕਿ ਇਰਾਕ ਅਤੇ ਸੀਰੀਆ ਵਿਚ ਇਸਲਾਮਿਕ ਸਟੇਟ ਦੀ ਹਾਰ ਨਾਲ ਆਲਮੀ ਦਹਿਸ਼ਤਗਰਦੀ ਦਾ ਅੰਤ ਨਹੀਂ ਹੋਵੇਗਾ। ਅਸਲ ਵਿਚ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਤੀਬਰ ਜਹਾਦੀ-ਪ੍ਰੇਰਿਤ ਹਮਲਿਆਂ ਦਾ ਖ਼ਤਰਾ ਹੈ, ਕਿਉਂਕਿ ਮੱਧ ਪੂਰਬ ਵਿਚ ਲਗਾਤਾਰ ਖ਼ਾਨਾਜੰਗੀ ਕਾਰਨ ਵੱਡੀ ਸੰਖਿਆ ਵਿਚ ਇਨਸਾਨਾਂ ਦੀਆਂ ਜਾਨਾਂ ਜਾ ਰਹੀਆਂ ਹਨ ਜ ਬਦਲੇ ਦੀ ਭਾਵਨਾ ਪ੍ਰਬਲ ਕਰ ਰਹੀਆਂ ਹਨ। ਪੱਛਮੀ ਦੇਸ਼ਾਂ ਵੱਲੋਂ ਇਸਲਾਮ ਪ੍ਰਤੀ ਡਰ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਛੋਟੀਆਂ ਛੋਟੀਆਂ ਨੀਤੀਆਂ ਨਾਲ ਦਹਿਸ਼ਤਗਰਦੀ ਦੇ ਖ਼ਤਰੇ ਨੂੰ ਰੋਕਣ ਵਿਚ ਮਦਦ ਮਿਲਣ ਦੀ ਸੰਭਾਵਨਾ ਨਹੀਂ ਹੈ। *('ਡਾਅਨ' ਤੋਂ ਧੰਨਵਾਦ ਸਹਿਤ)*

ਭਾਜਪਾ ਦੀਆਂ ਰਣਨੀਤੀਆਂ

ਨਰੇਂਦਰ ਮੋਦੀ ਦੀ ਸਰਕਾਰ ਨੂੰ ਲੰਮੇ ਹੱਥੀਂ ਲੈਣ ਵਾਲਿਆਂ ਵੱਲੋਂ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਤੋਂ ਬਾਅਦ ਕੀਤੀ ਆਲੋਚਨਾ 'ਤੇ ਗੌਰ ਕੀਤਾ ਜਾਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਵਿਚੋਂ ਜ਼ਿਆਦਾਤਰ ਮੋਦੀ ਪ੍ਰਸ਼ਾਸਨ ਦੀ ਆਲੋਚਨਾ ਕਰਨ ਵਿਚ ਅਸਫਲ ਰਹੇ ਹਨ। ਕੋਈ ਸਿਰਫ ਧਰਮ ਨਿਰਪੱਖਤਾ ਦੇ ਸਵਾਲ 'ਤੇ ਹੀ ਕਮੀਆਂ ਗਿਣਾ ਰਿਹਾ ਹੈ ਤਾਂ ਕੋਈ ਸਿਰਫ ਆਰਥਿਕ ਅਸਫਲਤਾਵਾਂ ਵੱਲ ਇਸ਼ਾਰਾ ਕਰ ਰਿਹਾ ਹੈ। ਕੁਝ ਅਜਿਹੇ ਆਲੋਚਕ ਵੀ ਹਨ ਜੋ ਕਹਿੰਦੇ ਹਨ ਕਿ ਵਿਦੇਸ਼ ਨੀਤੀ ਦੇ ਮੋਰਚੇ 'ਤੇ ਇਹ ਸਰਕਾਰ ਨਾਕਾਮ ਰਹੀ ਹੈ। ਸਰਕਾਰ ਦੇ ਬੁਲਾਰਿਆਂ ਕੋਲ ਹਰ ਗੱਲ ਦਾ ਇਕ ਹੀ ਜਵਾਬ ਹੈ ਕਿ ਪ੍ਰਧਾਨ ਮੰਤਰੀ ਦੀ

ਅਭੈ ਕੁਮਾਰ ਦੂਬੇ

ਹਰਮਨ-ਪਿਆਰਤਾ ਲਗਾਤਾਰ ਵਧੀ ਹੈ ਅਤੇ ਉਨ੍ਹਾਂ ਨੇ ਉਤਰ ਪ੍ਰਦੇਸ਼ ਦੀ ਚੋਣ ਜ਼ਬਰਦਸਤ ਤਰੀਕੇ ਨਾਲ ਜਿੱਤੀ ਹੈ। ਖੈਰ! ਸਰਕਾਰ ਜੋ ਵੀ ਕਹੇ, ਸਰਕਾਰ ਦੀ ਰਣਨੀਤੀ ਅਤੇ ਪ੍ਰਦਰਸ਼ਨ ਦੀ ਸਮੀਖਿਆ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੀ ਤਸਵੀਰ ਪੇਸ਼ ਕਰਨ ਜਿਸ ਰਾਹੀਂ ਸਭ ਕੁਝ ਲੋਕਾਂ ਸਾਹਮਣੇ ਰੱਖਿਆ ਜਾ ਸਕੇ।

ਮੋਦੀ ਦੇ ਤਿੰਨ ਸਾਲ ਦੇ ਸ਼ਾਸਨ ਕਾਲ ਨੂੰ ਤਿੰਨ ਭਾਗਾਂ ਵਿਚ ਵੰਡ ਕੇ ਦੇਖਣਾ ਚਾਹੀਦਾ ਹੈ। ਇਹ ਤਿੰਨ ਭਾਗ ਦਰਅਸਲ ਤਿੰਨ ਰਣਨੀਤੀਆਂ ਹਨ ਜੋ ਇਕ-ਦੂਜੇ ਨਾਲ ਜੁੜੀਆਂ ਹੋਈਆਂ ਹਨ, ਇਕ-ਦੂਜੇ ਦਾ ਨਤੀਜਾ ਹਨ ਅਤੇ ਇਕ-ਦੂਜੇ ਦੀ ਪੁਸ਼ਟੀ ਕਰਦੀਆਂ ਹਨ; ਪਰ ਇਹ ਤਿੰਨੇ ਇਕ ਹੀ ਨਿਰੰਤਰ ਅਤੇ ਠੋਸ ਰਣਨੀਤੀ ਦਾ ਹਿੱਸਾ ਹੋਣ ਦੇ ਬਾਵਜੂਦ ਇਕ-ਦੂਜੇ ਤੋਂ ਵੱਖ ਵੀ ਹਨ। ਮੋਦੀ ਦੀ ਅਗਵਾਈ ਵਿਚ ਭਾਜਪਾ ਇਨ੍ਹਾਂ 'ਤੇ ਕ੍ਰਮਵਾਰ ਜ਼ੋਰ ਦਿੰਦੀ ਹੋਈ ਅੱਗੇ ਵਧ ਰਹੀ ਹੈ। ਸਮਝਣ ਲਈ ਇਨ੍ਹਾਂ ਵਿਚੋਂ ਪਹਿਲੀ ਨੂੰ ਕਾਰਪੋਰੇਟ ਰਣਨੀਤੀ, ਦੂਸਰੀ ਸਮਾਜਿਕ ਰਣਨੀਤੀ ਅਤੇ ਤੀਜੀ ਨੂੰ ਫ਼ਿਰਕੂ ਰਣਨੀਤੀ ਕਹਿਣਾ ਪਸੰਦ ਕਰਾਂਗਾ। ਪਹਿਲੇ ਦੌਰ ਵਿਚ ਮੋਦੀ ਦਾ ਧਿਆਨ ਕਾਰਪੋਰੇਟ ਰਣਨੀਤੀ ਵਾਲੇ ਪਹਿਲੂ 'ਤੇ ਰਿਹਾ, ਪਰ ਉਸ ਵਿਚ ਜ਼ਿਆਦਾ ਕਾਮਯਾਬੀ ਨਾ ਮਿਲਦਿਆਂ ਵੇਖ ਕੇ ਦੂਸਰੇ ਦੌਰ ਵਿਚ ਸਰਕਾਰ ਸਮਾਜਿਕ ਰਣਨੀਤੀ 'ਤੇ ਟਿਕ ਗਈ। ਇਸ ਸਮੇਂ ਲੱਗ ਰਿਹਾ ਹੈ ਕਿ ਸਮਾਜਿਕ ਰਣਨੀਤੀ ਨੂੰ ਉਹ ਜ਼ਿਆਦਾ ਸਫਲਤਾ ਨਾਲ ਲਾਗੂ ਕਰ ਸਕੀ ਹੈ; ਖ਼ਾਸ ਕਰ ਕੇ ਉਤਰ ਪ੍ਰਦੇਸ਼ ਦੀ ਚੋਣ ਤੋਂ ਬਾਅਦ ਇਸ ਸਮਾਜਿਕ ਰਣਨੀਤੀ ਦੀ ਸਮਰਥਾ ਵਿਚ ਕੁਝ ਜ਼ਿਆਦਾ ਵਿਸ਼ਵਾਸ ਹੋਣ ਲੱਗਾ ਹੈ।

ਫਿਲਹਾਲ ਦੂਜਾ ਦੌਰ ਜਾਰੀ ਹੈ, ਜੇ ਦੂਜੇ ਦੌਰ ਤੋਂ ਉਮੀਦ ਮੁਤਾਬਿਕ ਸਫਲਤਾ ਨਹੀਂ ਮਿਲੀ ਤਾਂ ਤੀਜੇ ਦੌਰ ਵਿਚ ਮੋਦੀ ਸਰਕਾਰ ਅਤੇ ਉਨ੍ਹਾਂ ਦੀ ਪਾਰਟੀ ਦਾ ਧਿਆਨ ਚੁਸਤੀ ਨਾਲ ਫ਼ਿਰਕੂ ਰਣਨੀਤੀ 'ਤੇ ਆ ਜਾਵੇਗਾ। ਦਿਲਚਸਪ ਗੱਲ ਇਹ ਹੈ ਕਿ ਜੇ ਸਾਲ-ਡੇਢ ਸਾਲ ਵਿਚ ਮੋਦੀ ਨੂੰ ਲੱਗਾ ਕਿ ਕਾਰਪੋਰੇਟ ਰਣਨੀਤੀ ਦੁਬਾਰਾ ਕਾਮਯਾਬੀ ਦਾ ਸੰਕੇਤ ਕਰ ਰਹੀ ਹੈ ਤਾਂ ਉਹ ਉਸ ਵੱਲ ਵੀ ਮੁੜ ਸਕਦੇ ਹਨ। ਉਨ੍ਹਾਂ ਦਾ ਰਵੱਈਆ ਲਚੀਲਾ ਅਤੇ ਨਤੀਜਾ ਦੇਣ ਵਾਲਾ ਹੈ। ਖ਼ਾਸ ਗੱਲ ਇਹ ਕਿ ਜਿਸ ਸਮੇਂ ਇਹ ਸਰਕਾਰ ਆਪਣਾ ਰਣਨੀਤਕ ਧਿਆਨ ਬਦਲਦੀ ਹੈ, ਉਸ ਸਮੇਂ ਵੀ ਠੋਸ ਰਣਨੀਤੀ ਦੇ ਬਾਕੀ ਦੋਵੇਂ ਪਹਿਲੂਆਂ 'ਤੇ ਜਿੰਦਾ ਮਾਰ ਕੇ ਨਹੀਂ ਬੈਠ ਜਾਂਦੀ। ਥੋੜ੍ਹਾ-ਬਹੁਤ ਕੰਮ ਉਨ੍ਹਾਂ 'ਤੇ ਵੀ ਚਲਦਾ ਰਹਿੰਦਾ ਹੈ। ਮਿਸਾਲ ਵਜੋਂ, ਜਿਸ ਸਮੇਂ ਕਾਰਪੋਰੇਟ ਨੀਤੀ 'ਤੇ ਜ਼ੋਰ ਸੀ, ਉਸ ਸਮੇਂ ਵੀ ਸੰਘ ਅਤੇ ਅਮਿਤ ਸ਼ਾਹ ਦੀ ਪ੍ਰਯੋਗਸ਼ਾਲਾ ਵਿਚ ਸਮਾਜਿਕ ਰਣਨੀਤੀ ਦੀ ਵਰਕਸ਼ਾਪ ਚਲਦੀ ਸੀ ਅਤੇ ਨਾਲ-ਨਾਲ ਫ਼ਿਰਕੂ ਰਣਨੀਤੀ ਨੂੰ ਅੱਗੇ ਵਧਾਉਣ ਦੀ ਜ਼ਿੰਮੇਵਾਰੀ ਵੀ ਸਾਕਸ਼ੀ ਮਹਾਰਾਜ ਅਤੇ ਨਿਰੰਜਨ ਜੋਤੀ ਵਰਗੀਆਂ ਸਾਧਵੀਆਂ ਵੱਲੋਂ ਜ਼ਹਿਰੀਲੀ ਭਾਸ਼ਾ ਨਾਲ ਪੂਰੀ ਕੀਤੀ ਜਾ ਰਹੀ ਸੀ।

ਕਾਰਪੋਰੇਟ ਰਣਨੀਤੀ ਨੂੰ ਜੇ ਅਸੀਂ ਚਾਹੀਏ ਤਾਂ ਮੋਦੀ ਸਰਕਾਰ ਦੀਆਂ ਕੁਝ ਸ਼ੁਰੂਆਤੀ ਯੋਜਨਾਵਾਂ ਦੇ ਸ਼ੀਸ਼ੇ ਵਿਚੋਂ ਵੇਖ ਸਕਦੇ ਹਾਂ। ਇਹ ਹਨ- ਸਵੱਛ ਭਾਰਤ, ਜਨ ਧਨ ਯੋਜਨਾ, ਮੇਕ ਇਨ ਇੰਡੀਆ, ਸਟਾਰਟ ਅੱਪ ਇੰਡੀਆ ਅਤੇ ਸਕਿੱਲ ਇੰਡੀਆ। ਸਰਕਾਰ ਦੇ ਬੁਲਾਰਿਆਂ ਤੋਂ ਜੇ ਪੁੱਛਿਆ ਜਾਵੇ ਤਾਂ ਉਹ ਦਾਅਵਾ ਕਰਨਗੇ ਕਿ ਇਹ ਯੋਜਨਾਵਾਂ ਪੂਰੀ ਤਰ੍ਹਾਂ ਨਾਲ ਸਫ਼ਲ ਹਨ,



ਪਰ ਉਨ੍ਹਾਂ ਦੀਆਂ ਇਨ੍ਹਾਂ ਗੱਲਾਂ 'ਤੇ ਸਿਰਫ ਮੁਸਕਰਾਇਆ ਹੀ ਜਾ ਸਕਦਾ ਹੈ। ਦਰਅਸਲ, ਸਵੱਛ ਭਾਰਤ ਮੁਹਿੰਮ ਪੂਰੀ ਤਰ੍ਹਾਂ ਅਸਫਲ ਹੋ ਚੁੱਕੀ ਹੈ। ਜਨ ਧਨ ਯੋਜਨਾ ਦੇ ਖਾਤਿਆਂ ਦਾ ਨੋਟਬੰਦੀ ਦੌਰਾਨ ਕਾਲਾ ਧਨ ਭਰਨ ਲਈ ਚੰਗਾ ਇਸਤੇਮਾਲ ਕੀਤਾ ਗਿਆ ਹੈ। ਮੇਕ ਇਨ ਇੰਡੀਆ ਸਿਰਫ 'ਭਾਵਨਾ' ਦਾ ਰੂਪ ਲੈ ਕੇ ਰਹਿ ਗਈ ਹੈ ਅਤੇ ਸਕਿੱਲ ਇੰਡੀਆ 'ਨਾਨ ਸਟਾਰਟਰ' ਹੈ। ਕਾਰਪੋਰੇਟ ਰਣਨੀਤੀ ਦੌਰਾਨ ਮੋਦੀ ਨੂੰ 'ਸੂਟ ਬੂਟ ਦੀ ਸਰਕਾਰ' ਵਰਗੇ ਇਲਜ਼ਾਮਾਂ ਦਾ ਸਾਹਮਣਾ ਕਰਨਾ ਪਿਆ ਅਤੇ ਉਨ੍ਹਾਂ ਦੀ ਸਰਕਾਰ ਭੂਮੀ ਪ੍ਰਾਪਤੀ ਕਾਨੂੰਨ ਬਣਾਉਣ ਵਿਚ ਅਸਫਲ ਰਹੀ। ਕੌਮੀ ਪੱਧਰ 'ਤੇ ਕਿਸਾਨ ਅੰਦੋਲਨ ਦੇ ਖ਼ਦਸ਼ਿਆਂ ਤੋਂ ਡਰ ਕੇ ਮੋਦੀ ਸਰਕਾਰ ਨੂੰ ਆਪਣੇ ਕਦਮ ਵਾਪਸ ਖਿੱਚਣੇ ਪਏ। ਇਸ ਦੌਰਾਨ ਦਿੱਲੀ ਅਤੇ ਬਿਹਾਰ ਵਿਚ ਪਾਰਟੀ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਦੌਰਾਨ ਜਾਰੀ ਕੀਤੇ ਗਏ ਭਾਰਤੀ ਅਰਥ-ਵਿਵਸਥਾ 'ਚ ਵਾਧੇ ਦੀ ਦਰ ਦੇ ਵੱਡੇ ਵੱਡੇ ਅੰਕੜਿਆਂ ਦਾ ਦੁਨੀਆ ਵਿਚ ਮਜ਼ਾਕ ਉਡਾਇਆ ਗਿਆ। ਇਕ ਤਰ੍ਹਾਂ ਨਾਲ ਵੇਖਿਆ ਜਾਵੇ ਤਾਂ ਇਸ ਦੌਰ ਵਿਚ ਮੋਦੀ ਦੀ ਰਣਨੀਤੀ ਦੇ ਮੁਕਾਬਲੇ ਵਿਰੋਧੀ ਧਿਰ ਦਾ ਪਲੜਾ ਭਾਰੀ ਰਿਹਾ। ਧਿਆਨ ਰਹੇ ਕਿ ਕਾਰਪੋਰੇਟ ਨੀਤੀ ਦੇ ਕਈ ਪਹਿਲੂ ਲੋਕਾਂ ਨੂੰ ਲੁਭਾਉਣ ਵਾਲੇ ਵੀ ਹਨ। ਜਨ ਧਨ ਯੋਜਨਾ ਅਜਿਹੀ ਸਕੀਮ ਹੈ ਕਿ ਜੇ ਉਹ ਤਿੰਨ-ਚੌਥਾਈ ਵੀ ਕਾਮਯਾਬ ਰਹਿੰਦੀ ਤਾਂ ਬਦਲਾਓ ਸਾਬਤ ਹੋ ਸਕਦੀ ਸੀ।

ਦਰਅਸਲ, ਜਿਵੇਂ ਹੀ ਮੋਦੀ ਦੀ ਸਮਝ ਵਿਚ ਆਇਆ ਕਿ ਕਾਰਪੋਰੇਟ ਰਣਨੀਤੀ ਸਫਲ ਕਰਨਾ ਉਨ੍ਹਾਂ ਦੇ ਹੱਥ ਵਿਚ ਨਹੀਂ ਹੈ ਅਤੇ ਜਦੋਂ ਤੱਕ ਭਾਰਤ ਦੇ ਵੱਡੇ ਪੂੰਜੀਪਤੀ ਅਰਥ ਵਿਵਸਥਾ ਵਿਚ ਵੱਡੇ ਪੈਮਾਨੇ 'ਤੇ ਨਿਵੇਸ਼ ਕਰਨਾ ਸ਼ੁਰੂ ਨਹੀਂ ਕਰਨਗੇ, ਉਦੋਂ ਤੱਕ ਨਾ ਉਨ੍ਹਾਂ ਦੀ ਕੋਈ ਯੋਜਨਾ ਸਿਰੇ ਚੜ੍ਹੇਗੀ, ਨਾ ਹੀ ਨਵੇਂ ਰੁਜ਼ਗਾਰ ਪੈਦਾ ਹੋਣਗੇ; ਉਨ੍ਹਾਂ ਨੇ ਕੁਸ਼ਲਤਾਪੂਰਵਕ 'ਸੂਟ ਬੂਟ ਦੀ ਸਰਕਾਰ' ਵਾਲੀ ਨਕਾਰਾਤਮਿਕ ਤਸਵੀਰ ਤੋਂ ਛੁਟਕਾਰਾ ਪਾਉਣ ਦੀ ਤਰਕੀਬ ਸ਼ੁਰੂ ਕਰ ਦਿੱਤੀ। ਸਮਾਜਿਕ ਰਣਨੀਤੀ ਦੇ ਤਹਿਤ ਪ੍ਰਧਾਨ ਮੰਤਰੀ ਦੇ ਪਛੜੇ ਵਰਗ ਦੇ ਨੇਤਾ ਵਾਲੇ ਅਕਸ 'ਤੇ ਯੋਜਨਾਬੰਦੀ ਨਾਲ ਕੰਮ ਸ਼ੁਰੂ ਕਰ ਦਿੱਤਾ ਗਿਆ। ਉਨ੍ਹਾਂ ਦੀ ਇਸ ਰਣਨੀਤੀ ਨੂੰ ਕਾਮਯਾਬੀ ਵੱਲ ਵਧਾਉਣ ਲਈ ਉਤਰ ਪ੍ਰਦੇਸ਼ ਵਿਚ ਹੋਣ ਵਾਲੀ ਸਮਾਜਿਕ ਨਿਆਂ ਦੀ ਰਾਜਨੀਤੀ ਦੇ ਖੋਖਲੇਪਨ ਨੇ ਵੀ ਸਹਾਇਤਾ ਕੀਤੀ। ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀ ਅਗਵਾਈ ਦੀ ਮਾੜੀ ਹਾਲਤ ਨੇ ਭਾਜਪਾ ਨੂੰ ਨਾ ਸਿਰਫ ਚੋਣ ਜਿੱਤਣ ਦਾ ਮੌਕਾ ਦਿੱਤਾ, ਸਗੋਂ ਗ਼ੈਰ-ਯਾਦਵਾਂ ਅਤੇ ਗ਼ੈਰ-ਜਾਟਾਂ ਨੂੰ ਆਪਣੇ ਨਾਲ ਜੋੜ ਕੇ 'ਹਿੰਦੂ ਵੋਟ' ਬਣਾਉਣ ਦਾ ਮੌਕਾ ਵੀ ਦਿੱਤਾ। ਹੁਣ ਮੋਦੀ ਖ਼ੁਦ ਨੂੰ ਪਛੜੇ ਲੋਕਾਂ ਦੇ ਨੇਤਾ ਦੇ ਤੌਰ 'ਤੇ ਪੇਸ਼ ਕਰ ਰਹੇ ਹਨ। ਮਲਾਈਦਾਰ ਪਰਤ ਦੀ ਆਮਦਨੀ ਸੀਮਾ ਵਧਾਉਣ ਦਾ ਐਲਾਨ ਅਤੇ ਨਵਾਂ ਪਛੜਿਆ ਵਰਗ ਕਮਿਸ਼ਨ ਬਣਾ ਕੇ ਉਸ ਨੂੰ ਸੰਵਿਧਾਨਕ ਦਰਜਾ ਦੇਣ ਦੀ ਯੋਜਨਾ ਦਰਸਾਉਂਦੀ ਹੈ ਕਿ ਮੋਦੀ ਦੇ ਰੂਪ ਵਿਚ ਦੇਸ਼ ਨੂੰ ਆਪਣੇ ਇਤਿਹਾਸ ਵਿਚ ਪਹਿਲੀ ਵਾਰ ਪਛੜੇ ਵਰਗ ਦਾ ਨੇਤਾ ਮਿਲਣ ਵਾਲਾ ਹੈ। ਅਜੇ ਤੱਕ ਅਜਿਹੇ ਸਾਰੇ ਨੇਤਾ ਖੇਤਰੀ ਹੀ ਹੁੰਦੇ ਸਨ, ਜਿਵੇਂ ਚਰਚਾ ਹੈ ਕਿ ਜੇ ਭਾਜਪਾ ਆਪਣੇ ਕਿਸੇ ਵੀ ਆਦਿਵਾਸੀ ਚਿਹਰੇ ਨੂੰ ਰਾਸ਼ਟਰਪਤੀ ਦੇ ਅਹੁਦੇ 'ਤੇ ਬਿਠਾ ਦਿੰਦੀ ਹੈ ਤਾਂ ਉਸ ਨੂੰ ਸਾਰੇ ਦੇਸ਼ ਵਿਚ ਆਦਿਵਾਸੀ ਸਮਾਜ ਦੀ ਹਮਦਰਦੀ ਵੀ ਮਿਲ ਜਾਵੇਗੀ।

ਜਿਵੇਂ ਰਾਜਨੀਤੀ ਵਿਚ ਹੁੰਦਾ ਹੈ, ਸਭ ਕੁਝ ਆਪਣੀ ਮਰਜ਼ੀ ਨਾਲ ਨਹੀਂ ਚਲਦਾ। ਹੁਣ ਤੱਕ ਭਾਜਪਾ ਦੇ ਸਾਰੇ ਦਾਅ ਸਿੱਧੇ ਬੈਠ ਰਹੇ ਹਨ। ਜੇ ਕੁਝ ਵੀ ਇਸ ਦੇ ਵਿਰੁਧ ਹੋਇਆ ਤਾਂ ਬੈਂਚ 'ਤੇ ਬੈਠੇ ਬਦਲਵੇਂ ਖਿਡਾਰੀ ਕੰਮ ਆਉਣਗੇ। ਭਾਜਪਾ ਅਤੇ ਸੰਘ ਪਰਿਵਾਰ ਵਿਚ ਵਿਚ ਅਜਿਹਾ ਕੁਝ ਕਰਦੇ ਰਹਿੰਦੇ ਹਨ ਕਿ ਫ਼ਿਰਕਾਪ੍ਰਸਤੀ ਦੀ ਅੱਗ ਮੁੜ ਤੋਂ ਭੜਕਦੀ ਰਹਿੰਦੀ ਹੈ। ਇਸ ਸਮੇਂ ਉਹ ਨਾ ਤਾਂ ਇਸ ਅੱਗ ਨੂੰ ਬੁਝਣ ਦੇਣਾ ਚਾਹੁੰਦੇ ਹਨ ਤਾਂ ਨਾ ਹੀ ਉਹ ਇਹ ਚਾਹੁੰਦੇ ਹਨ ਕਿ ਕੁੜੱਤਣ ਵਿਚ ਹੁਣੇ ਹੀ ਉਬਾਲ ਆ ਜਾਵੇ, ਪਰ ਜਿਸ ਸਮੇਂ ਵੀ ਭਾਜਪਾ ਫ਼ਿਰਕੂ ਰਣਨੀਤੀ 'ਤੇ ਧਿਆਨ ਦੇਵੇਗੀ, ਉਹ ਸਮਾਂ ਬਜਰੰਗ ਦਲ, ਹਿੰਦੂ ਸੁਰੱਖਿਆ ਵਾਹਿਨੀ, ਗਊ ਰੱਖਿਅਕ ਦਲਾਂ, ਰਾਮ ਮੰਦਿਰ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਸਮਾਂ ਹੋਵੇਗਾ। ਅਜਿਹੇ ਹਾਲਾਤ ਵਿਚ ਕੀ ਹੋਵੇਗਾ, ਇਸ ਦਾ ਨਜ਼ਾਰਾ ਅਸੀਂ 1990 ਤੋਂ ਲੈ ਕੇ 1992 ਤੱਕ ਵੇਖ ਚੁੱਕੇ ਹਾਂ।

ਦਲਿਤ ਮੁਕਤੀ ਲਈ ਰਾਜਨੀਤਕ ਰਾਖਵੇਂਕਰਨ ਦਾ ਖਾਤਮਾ ਜ਼ਰੂਰੀ

ਭਾਰਤੀ ਸੰਵਿਧਾਨ 'ਚ ਜਾਤੀ ਆਧਾਰ 'ਤੇ ਤਿੰਨ ਤਰ੍ਹਾਂ ਦਾ ਰਾਖਵਾਂਕਰਨ ਹੈ-ਰਾਜਨੀਤੀ, ਸਿੱਖਿਆ ਅਤੇ ਰੁਜ਼ਗਾਰ ਦੇ ਖੇਤਰ ਵਿਚ। ਸਿਰਫ ਰਾਜਨੀਤਕ ਰਾਖਵਾਂਕਰਨ ਮੁੱਢਲੇ ਦਸ ਸਾਲਾਂ ਲਈ ਦਿੱਤਾ ਗਿਆ ਸੀ ਜਦਕਿ ਸਿੱਖਿਆ ਅਤੇ ਰੁਜ਼ਗਾਰ ਸਬੰਧੀ ਰਾਖਵੇਂਕਰਨ ਦੀ ਕਈ ਸਮਾਂ ਸੀਮਾ ਨਹੀਂ ਹੈ। ਪਰ ਅਸਲ ਵਿਚ ਰਾਜਨੀਤਕ ਰਾਖਵਾਂਕਰਨ ਮੁੱਢਲੇ ਦਸ ਸਾਲਾਂ ਦੀ ਥਾਂ ਅਜੇ ਵੀ ਲਾਗੂ ਹੈ ਜੋ ਹਰ ਦਸ ਸਾਲ ਪਿਛੋਂ ਵਧਾ ਦਿੱਤਾ ਜਾਂਦਾ ਹੈ। ਹੁਣ ਇਹ ਸੀਮਾ ਸਾਲ 2019 ਵਿਚ ਖਤਮ ਹੋ ਰਹੀ ਹੈ ਪਰ ਯਕੀਨਨ ਜਾਤੀ ਆਧਾਰਤ ਰਾਜਨੀਤਕ

ਕੁਲਵੰਤ ਸਿੰਘ ਟਿੱਬਾ
ਫੋਨ: 91-92179-71379

ਰਾਖਵੇਂਕਰਨ ਵਿਚ ਅਗਲੇ ਦਸ ਸਾਲ ਲਈ ਦੇਸ਼ ਦੀ ਪਾਰਲੀਮੈਂਟ 'ਚ ਵਾਧਾ ਕੀਤਾ ਜਾਣਾ ਤੈਅ ਹੈ।

ਸਦੀਆਂ ਤੋਂ ਜਾਤੀ ਆਧਾਰ 'ਤੇ ਪਛੜੇ ਵਰਗਾਂ ਲਈ ਭਾਰਤੀ ਸੰਵਿਧਾਨ ਅਨੁਸਾਰ ਦਿੱਤਾ ਗਿਆ ਰਾਖਵਾਂਕਰਨ ਕੋਈ ਭੀਖ ਨਹੀਂ। ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਡਕਰ ਨੇ ਜਾਤੀ ਆਧਾਰ 'ਤੇ ਰਾਜਨੀਤਕ ਰਾਖਵੇਂਕਰਨ ਦੀ ਹੱਦ ਇਸ ਲਈ ਤੈਅ ਕੀਤੀ ਸੀ ਕਿਉਂਕਿ ਉਹ ਚੰਗੀ ਤਰ੍ਹਾਂ ਜਾਣ ਚੁਕੇ ਸਨ ਕਿ ਇਹ ਦਲਿਤਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ।

ਲੰਡਨ 'ਚ ਹੋਈ ਗੋਲਮੇਜ਼ ਕਾਨਫਰੰਸ ਤਹਿਤ ਹੋਏ ਫਿਰਕੂ ਫੈਸਲੇ ਅਧੀਨ ਵੱਖਰੀ ਚੋਣ ਪ੍ਰਣਾਲੀ ਦਾ ਐਲਾਨ ਹੋਇਆ ਸੀ। ਪਰ ਇਸ ਵਿਰੁਧ ਪੂਨਾ ਦੀ ਯਰਵੜਾ ਜੇਲ੍ਹ ਵਿਚ ਮਹਾਤਮਾ ਗਾਂਧੀ ਦੇ ਮਰਨ ਵਰਤ ਰੱਖਣ ਉਪਰੰਤ ਹੋਏ ਪੂਨਾ ਪੈਕਟ ਅਧੀਨ ਮਿਲਿਆ ਰਾਜਨੀਤਕ ਰਾਖਵਾਂਕਰਨ ਮਜਬੂਰੀ ਵਿਚ ਲੈਣਾ ਪਿਆ। ਇਸ ਦੇ ਸ਼ਿਕਾਰ ਖੁਦ ਡਾ. ਅੰਬੇਡਕਰ ਵੀ ਹੋਏ ਜਦੋਂ 1952 'ਚ ਪਹਿਲੀਆਂ ਆਮ ਚੋਣਾਂ ਸਮੇਂ ਉਨ੍ਹਾਂ ਨੇ ਬੰਬਈ (ਸਿਟੀ ਉਤਰੀ) ਤੋਂ ਲੋਕ ਸਭਾ ਚੋਣ ਲੜੀ ਤਾਂ ਇੱਕ ਅਦਨੇ ਜਿਹੇ ਕਾਂਗਰਸੀ ਉਮੀਦਵਾਰ ਨਰਾਇਣ ਸਦੋਬਾ ਕਜਰੋਲਕਰ ਤੋਂ 14,374 ਵੋਟਾਂ ਨਾਲ ਹਾਰ ਗਏ। 1954 ਵਿਚ ਡਾ. ਅੰਬੇਡਕਰ ਨੇ ਭੰਡਾਰਾ ਹਲਕੇ ਤੋਂ ਉਪ ਚੋਣ ਲਈ ਕਾਗਜ਼ ਭਰੇ। ਇੱਥੇ ਵੀ ਇੱਕ ਅਨਜਾਣੇ ਕਾਂਗਰਸੀ ਭੌਰਾਓ ਬੋਰਕਰ ਹੱਥੋਂ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਉਨ੍ਹਾਂ ਦੇ ਮੁਕਾਬਲੇ 7ਵੀਂ ਪਾਸ ਕਾਂਗਰਸੀ ਉਮੀਦਵਾਰ ਜਿੱਤ ਗਿਆ। ਇਸ ਲਈ ਹੀ ਬਾਬਾ ਸਾਹਿਬ ਪੂਨਾ ਪੈਕਟ ਬਾਰੇ ਆਖਦੇ ਹਨ, "ਇਹ ਖਤਮ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਰਾਹੀਂ ਵਿਧਾਨ ਮੰਡਲਾਂ ਵਿਚ ਅਛੂਤਾਂ ਦੇ ਸਹੀ ਅਤੇ ਸੱਚੇ ਨੁਮਾਇੰਦੇ ਚੁਣ ਕੇ ਨਹੀਂ ਜਾਂਦੇ। ਇਸ ਨੇ ਤਾਂ ਅਸਲ ਵਿਚ ਵੋਟ ਦਾ ਹੱਕ ਵੀ ਖੋਹ ਲਿਆ ਹੈ।"

ਭਾਰਤੀ ਸੰਵਿਧਾਨ ਦੀ ਭਾਵਨਾ ਸੀ ਕਿ ਜਾਤੀ ਆਧਾਰ 'ਤੇ ਲਿਤਾੜੇ ਗਏ ਲੋਕਾਂ ਨੂੰ ਪ੍ਰਤੀਨਿਧਤਾ ਮਿਲੇ ਪਰ ਇਸ ਦਾ ਦੂਜਾ ਪਹਿਲੂ ਵੀ ਦਲਿਤਾਂ ਲਈ ਘਾਤਕ ਸੀ ਕਿਉਂਕਿ ਵੱਖਰੀ ਚੋਣ ਪ੍ਰਣਾਲੀ ਦੀ ਥਾਂ ਸਾਂਝੀ ਚੋਣ ਪ੍ਰਣਾਲੀ ਰਾਹੀਂ ਗਾਂਧੀ ਦੀ ਸਿਆਸੀ ਚਮਚੇ ਬਣਾਉਣ ਦੀ ਸੋਚ ਡਾ. ਅੰਬੇਡਕਰ ਦੀ ਭਾਵਨਾ 'ਤੇ ਭਾਰੂ ਪੈ ਗਈ। ਨਤੀਜਾ ਇਹ ਹੋਇਆ ਕਿ ਰਾਖਵੇਂ ਹਲਕਿਆਂ ਤੋਂ ਦਲਿਤਾਂ ਦੇ ਨੁਮਾਇੰਦਿਆਂ ਦੀ ਥਾਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਜਿੱਤਣ ਲੱਗੇ, ਜੋ ਦਲਿਤਾਂ ਦੀ ਥਾਂ ਆਪੋ ਆਪਣੀਆਂ ਸਿਆਸੀ ਪਾਰਟੀਆਂ ਦੀ ਪ੍ਰਤੀਨਿਧਤਾ ਕਰਨ ਲੱਗੇ। ਇਸੇ ਕਾਰਨ ਅਜੋਕੇ ਦੌਰ 'ਚ ਦਲਿਤਾਂ 'ਤੇ ਜ਼ੁਲਮ ਲਗਾਤਾਰ ਵਧ ਰਿਹਾ ਹੈ, ਜਦਕਿ ਸਮੁੱਚੇ ਭਾਰਤ ਵਿਚ ਦਲਿਤ ਸਮਾਜ ਨਾਲ ਸਬੰਧਿਤ 131 ਲੋਕ ਸਭਾ ਮੈਂਬਰ ਅਤੇ 1161 ਵਿਧਾਇਕ ਹਨ।

ਹੈਰਾਨੀ ਇਹ ਹੈ ਕਿ ਇੰਨੇ ਨੁਮਾਇੰਦੇ ਚੁਣੇ ਜਾਣ ਦੇ ਬਾਵਜੂਦ ਦਲਿਤਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਕਿਉਂਕਿ ਉਹ ਅਸਲ ਵਿਚ ਦਲਿਤਾਂ ਦੇ ਨਹੀਂ, ਸਿਆਸੀ ਪਾਰਟੀਆਂ ਦੇ ਨੁਮਾਇੰਦੇ ਹਨ। ਵਿਧਾਨ ਸਭਾਵਾਂ ਅਤੇ ਪਾਰਲੀਮੈਂਟ ਵਿਚ ਦਲਿਤ ਵਰਗ ਦੇ ਹੱਕਾਂ ਦੀ ਗੱਲ ਤਰਜੀਹੀ ਆਧਾਰ 'ਤੇ ਨਹੀਂ ਕੀਤੀ ਜਾਂਦੀ ਬਲਕਿ ਦਬਵੀਂ ਆਵਾਜ਼ ਵਿਚ ਖਾਨਾਪੂਰਤੀ ਕੀਤੀ ਜਾਂਦੀ ਹੈ। ਬਿਨਾ ਸ਼ੱਕ ਦਲਿਤ ਸਮਾਜ ਲਈ ਸਿਆਸੀ ਰਾਖਵਾਂਕਰਨ ਹਾਨੀਕਾਰਕ ਸਾਬਤ ਹੋ ਰਿਹਾ ਹੈ। ਅਜੋਕੇ ਦੌਰ ਵਿਚ ਭਾਰਤੀ ਸੰਵਿਧਾਨ ਅੰਦਰ ਸਮਾਂ ਸੀਮਾ ਰਹਿਤ ਸਿੱਖਿਆ ਅਤੇ ਰੁਜ਼ਗਾਰ ਸਬੰਧੀ ਰਾਖਵੇਂਕਰਨ ਨੂੰ ਪਾਰਦਰਸ਼ੀ ਅਤੇ ਸਹੀ ਢੰਗ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ ਸਗੋਂ ਬੰਦ ਕਰਨ ਲਈ ਨਿਜੀਕਰਨ ਵਰਗੀਆਂ ਚੋਰ ਮੋਰੀਆਂ ਦਾ ਸਹਾਰਾ ਲਿਆ ਜਾ ਰਿਹਾ ਹੈ ਜਦਕਿ ਸੰਵਿਧਾਨ ਅੰਦਰ ਸਿਰਫ ਦਸ ਸਾਲ ਲਈ ਕੀਤੇ ਗਏ ਜਾਤੀ ਆਧਾਰਤ ਸਿਆਸੀ ਰਾਖਵੇਂਕਰਨ ਨੂੰ ਨਾ ਸਿਰਫ ਸੌ ਫੀਸਦੀ ਲਾਗੂ ਕੀਤਾ ਜਾ ਰਿਹਾ ਹੈ ਬਲਕਿ ਵਾਰ ਵਾਰ ਇਸ ਦੀ ਸਮਾਂ ਸੀਮਾ ਵਧਾਈ ਜਾ ਰਹੀ ਹੈ। ਇਹ ਵਾਧਾ ਵੀ ਉਹ ਲੋਕ ਕਰ ਰਹੇ ਹਨ ਜਿਹੜੇ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਦੇ ਖੇਤਰ ਵਿਚ ਦਲਿਤ ਵਰਗ ਨੂੰ ਨੁੱਕਰੇ ਲਾਉਣ ਵਿਚ ਆਪਣਾ ਸਾਰਾ ਜ਼ੋਰ ਲਾ ਰਹੇ ਹਨ।

ਜਾਤੀ ਆਧਾਰਤ ਰਾਖਵੇਂਕਰਨ ਸਬੰਧੀ ਇਹ ਦੋ ਆਪਾ ਵਿਰੋਧੀ ਪਹਿਲੂ ਹੀ ਦਲਿਤ ਵਿਰੋਧੀ ਮਾਨਸਿਕਤਾ ਦਾ ਸਬੂਤ ਹਨ। ਸਿੱਖਿਆ ਤੇ ਰੁਜ਼ਗਾਰ ਦੇ ਖੇਤਰ 'ਚ ਰਾਖਵਾਂਕਰਨ ਸਹੀ ਨੀਅਤ ਨਾਲ ਲਾਗੂ ਹੋਣ ਨਾਲ ਦਲਿਤ ਸਮਾਜ ਨੂੰ ਸਮੂਹਿਕ ਫਾਇਦਾ ਮਿਲਣਾ ਸੀ। ਕਿਉਂਕਿ ਸਾਮਰਾਜਵਾਦ ਦੀਆਂ ਹਾਮੀ ਮਨੂੰਵਾਦੀ ਸਿਆਸੀ ਧਿਰਾਂ ਦਲਿਤਾਂ ਨੂੰ ਸਮਾਜਿਕ ਤੌਰ 'ਤੇ ਨੁੱਕਰੇ ਲਾਉਣ ਲਈ ਤਰਲੋਮੱਛੀ ਹੋ ਰਹੀਆਂ ਹਨ, ਇਸ ਲਈ ਸਮੁੱਚੇ ਸਮਾਜ ਨੂੰ ਸਮੂਹਿਕ ਰੂਪ ਵਿਚ ਲਾਭ ਪੁੱਜਣ ਦੇ ਖਦਸ਼ੇ ਤੋਂ ਬਚਣ ਲਈ ਕੁੱਝ ਹਜਾਰ ਦਲਿਤ ਪਰਿਵਾਰਾਂ ਨੂੰ ਲਾਭ ਦੇਣ ਦਾ ਤਰੀਕਾ ਅਪਨਾਇਆ ਗਿਆ। ਕਿਉਂਕਿ ਜੇ ਸੱਚਮੁੱਚ ਦਲਿਤ ਨੁਮਾਇੰਦੇ ਵਿਧਾਨ ਸਭਾ ਜਾਂ ਲੋਕ ਸਭਾ ਵਿਚ ਹੋਣਗੇ, ਫਿਰ ਉਹ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਨਗੇ।

ਦਲਿਤਾਂ 'ਤੇ ਲਗਾਤਾਰ ਹੋ ਰਹੇ ਊਨਾ ਤੇ ਸਹਾਰਨਪੁਰ ਵਰਗੇ ਤਸ਼ੱਦਦ ਇਸ ਪਹਿਲੂ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ। ਜਿਸ ਮੰਤਵ ਲਈ ਰਾਖਵੇਂ ਹਲਕਿਆਂ ਤੋਂ ਇਹ ਵਿਧਾਇਕ ਜਾਂ ਲੋਕ ਸਭਾ ਮੈਂਬਰ ਚੁਣ ਕੇ ਜਾਂਦੇ ਹਨ, ਉਸ ਦੀ ਥਾਂ ਆਪਣੀ ਸਿਆਸੀ ਧਿਰ ਦੀ ਜੀ ਹਜ਼ੂਰੀ ਕਰਦਿਆਂ ਉਸ ਦੀ ਹੀ ਬੋਲੀ ਬੋਲਣ ਲੱਗ ਜਾਂਦੇ ਹਨ। ਇਸ ਤੋਂ ਸ਼ਰਮਨਾਕ ਹੋਰ ਕੀ ਹੋ ਸਕਦਾ ਹੈ

ਡਾ. ਅੰਬੇਡਕਰ

ਕਿ ਸਾਰੀਆਂ ਹੀ ਸਿਆਸੀ ਪਾਰਟੀਆਂ ਦਲਿਤ ਹੱਕਾਂ ਵਿਰੁਧ ਅਜਿਹੇ ਰਾਖਵੇਂ ਕੋਟੇ ਦੇ ਵਿਧਾਇਕਾਂ ਜਾਂ ਲੋਕ ਸਭਾ ਮੈਂਬਰਾਂ ਨੂੰ ਇੱਕ ਮੋਹਰੇ ਵਜੋਂ ਵਰਤਦੀਆਂ ਹਨ। ਰਾਜਨੀਤਕ ਰਾਖਵਾਂਕਰਨ ਸਾਂਝੀ ਚੋਣ ਪ੍ਰਣਾਲੀ ਦਾ ਉਹ ਦੁਖਾਂਤ ਹੈ ਜੋ ਅਜੋਕੇ ਸਮੇਂ ਦਲਿਤ ਸਮਾਜ ਭੁਗਤ ਰਿਹਾ ਹੈ।

ਡਾ. ਅੰਬੇਡਕਰ ਦੇ ਯਤਨਾਂ ਸਦਕਾ ਅੰਗਰੇਜ਼ ਸਾਮਰਾਜ ਵੱਲੋਂ ਐਲਾਨੇ ਫਿਰਕੂ ਫੈਸਲੇ ਤਹਿਤ ਇਕਹਿਰੀ ਚੋਣ ਪ੍ਰਣਾਲੀ ਵਿਚ ਭਾਵੇਂ ਦਲਿਤ ਵਰਗ ਦੇ ਵਿਧਾਇਕ ਜਾਂ ਲੋਕ ਸਭਾ ਮੈਂਬਰ ਘੱਟ ਸਨ ਪਰ ਉਹ ਸੱਚਮੁੱਚ ਹੀ ਦਲਿਤ ਸਮਾਜ ਦੇ ਸਹੀ ਪ੍ਰਤੀਨਿਧ ਹੋਣੇ ਸਨ, ਜੋ ਦਲਿਤਾਂ ਪ੍ਰਤੀ ਹੀ ਜਵਾਬਦੇਹ ਹੋਣੇ ਸਨ ਕਿਉਂਕਿ ਰਾਖਵੇਂ ਹਲਕੇ ਤੋਂ ਚੋਣ ਲੜਨ ਵਾਲੇ ਉਮੀਦਵਾਰ ਨੂੰ ਵੋਟਾਂ ਵੀ ਸਿਰਫ ਦਲਿਤ ਵਰਗ ਦੀਆਂ ਹੀ ਪੈਣੀਆਂ ਸਨ। ਇਸ ਤਰ੍ਹਾਂ ਰਾਖਵੇਂ ਹਲਕੇ ਤੋਂ ਚੋਣ ਜਿੱਤ ਕੇ ਜਾਣ ਵਾਲੇ ਵਿਧਾਇਕ ਜਾਂ ਲੋਕ ਸਭਾ ਮੈਂਬਰ 'ਤੇ ਆਪਣੇ ਸਮਾਜ ਦਾ ਡਰ ਬਣਿਆ ਰਹਿਣਾ ਸੀ ਕਿ ਜੇ ਉਹ ਆਪਣੇ ਸਮਾਜ ਦੇ ਹਿਤਾਂ ਦੀ ਗੱਲ ਨਹੀਂ ਕਰੇਗਾ ਤਾਂ ਉਸ ਦਾ ਸਮਾਜ ਅਗਲੀ ਚੋਣ ਵਿਚ ਉਸ ਨੂੰ ਸਬਕ ਸਿਖਾ ਦੇਵੇਗਾ।

ਪਰ ਅਜੋਕੇ ਸਮੇਂ ਵਿਚ ਰਾਖਵੇਂ ਹਲਕਿਆਂ ਤੋਂ ਜਿੱਤੇ ਵਿਧਾਇਕਾਂ ਜਾਂ ਲੋਕ ਸਭਾ ਮੈਂਬਰਾਂ ਨੂੰ ਦਲਿਤ ਭਾਈਚਾਰੇ ਦਾ ਡਰ ਨਹੀਂ ਹੈ, ਜੇ ਡਰ ਜਾਂ ਚਿੰਤਾ ਹੈ, ਤਾਂ ਇਹ ਹੈ ਕਿ ਜਿਸ ਪਾਰਟੀ ਦੇ ਟਿਕਟ 'ਤੇ ਜਿੱਤ ਕੇ ਆਇਆ ਹੈ, ਜੇ ਉਸ ਨੇ ਉਸ ਦੀ ਜੀ ਹਜ਼ੂਰੀ ਨਾ ਕੀਤੀ, ਆਪਣੇ ਸਮਾਜ ਦੇ ਹਿਤ ਉਸ ਕੋਲ ਗਹਿਣੇ ਨਾ ਕੀਤੇ ਤਾਂ ਉਸ ਦੀ ਪਾਰਟੀ ਨੇ ਅਗਲੀ ਵਾਰ ਉਸ ਨੂੰ ਟਿਕਟ ਨਹੀਂ ਦੇਣੀ। ਭਾਈਚਾਰਾ ਜਾਵੇ ਢੱਠੇ ਖੂਹ ਵਿਚ।

'ਸਾਰਾ ਜਾਂਦਾ ਦੇਖੀਏ ਤਾਂ ਅੱਧਾ ਦੇਈਏ ਵੰਡ' ਵਾਲੀ ਕਹਾਵਤ ਮਹਾਤਮਾ ਗਾਂਧੀ ਦੇ ਪੂਨਾ ਪੈਕਟ ਤਹਿਤ ਮਿਲੇ ਰਾਜਨੀਤਕ ਰਾਖਵੇਂਕਰਨ ਦੇ ਮਾਮਲੇ ਵਿਚ ਸਹੀ ਢੁੱਕਦੀ ਹੈ ਕਿਉਂਕਿ ਵਿਧਾਨ ਸਭਾਵਾਂ ਜਾਂ ਲੋਕ ਸਭਾ ਅੰਦਰ ਦਲਿਤ ਵਰਗ ਦੇ ਸੱਚੇ ਅਤੇ ਅਸਲੀ ਪ੍ਰਤੀਨਿਧ ਹੁੰਦੇ ਤਾਂ ਹੁਣ ਤੱਕ ਦਲਿਤ ਸਮਾਜ ਦੀ ਸਮਾਜਿਕ, ਆਰਥਿਕ ਦਸ਼ਾ ਬਦਲ ਚੁਕੀ ਹੁੰਦੀ। ਪਰ ਮਹਾਤਮਾ ਗਾਂਧੀ ਵੱਲੋਂ ਫਿਰਕੂ ਐਵਾਰਡ ਦਾ ਵਿਰੋਧ ਕਰਨ ਦੇ ਸਿੱਟੇ ਵਜੋਂ ਪੂਨਾ ਪੈਕਟ ਤਹਿਤ ਇਕਹਿਰੀ ਚੋਣ ਪ੍ਰਣਾਲੀ ਦੀ ਥਾਂ ਸਾਂਝੀ ਚੋਣ ਪ੍ਰਣਾਲੀ ਸਮੇਤ ਰਾਖਵਾਂਕਰਨ ਹੋਂਦ ਵਿਚ ਲੈ ਆਂਦਾ। ਜਦਕਿ ਦਲਿਤ ਸਮਾਜ ਅਤੇ ਡਾ. ਅੰਬੇਡਕਰ ਨੇ ਕਦੇ ਵੀ ਅਜਿਹੇ ਰਾਖਵੇਂਕਰਨ ਦੀ ਮੰਗ ਨਹੀਂ ਕੀਤੀ ਸੀ।

ਪੂਨਾ ਪੈਕਟ ਸਮਝੌਤੇ ਉਪਰੰਤ ਡਾ. ਅੰਬੇਡਕਰ ਨੇ ਕਿਹਾ ਸੀ ਕਿ ਲੰਮੇ ਸੰਘਰਸ਼ ਸਦਕਾ ਮੈਂ ਜੋ ਫਲ ਅੰਗਰੇਜ਼ਾਂ ਤੋਂ ਅਛੂਤ ਵਰਗ ਲਈ ਲੈ ਕੇ ਆਇਆ ਸੀ, ਗਾਂਧੀ ਨੇ ਉਸ ਦਾ ਰਸ ਚੂਸ ਕੇ ਗਿਟਕ ਮੇਰੇ ਮੂੰਹ 'ਤੇ ਮਾਰੀ ਹੈ। ਕਹਿਣ ਤੋਂ ਭਾਵ ਫਿਰਕੂ ਫੈਸਲੇ ਦੀ ਰੂਹ ਭਾਵ ਦੋਹਰੀ ਵੋਟ ਦਾ ਅਧਿਕਾਰ ਖੋਹ ਕੇ ਮਹਾਤਮਾ ਗਾਂਧੀ ਨੇ ਰਾਖਵਾਂਕਰਨ ਅਛੂਤਾਂ ਲਈ ਪੇਸ਼ ਕਰ ਦਿੱਤਾ, ਜੋ ਅੱਗੇ ਜਾ ਕੇ ਭਾਰਤੀ ਸੰਵਿਧਾਨ ਦਾ ਅੰਗ ਬਣਿਆ। ਇਕਹਿਰੀ ਚੋਣ ਪ੍ਰਣਾਲੀ ਵਿਚ ਰਾਖਵੇਂ ਹਲਕੇ ਘੱਟ ਸਨ ਭਾਵ 78 ਸਨ ਜਦਕਿ ਸਾਂਝੀ ਚੋਣ ਪ੍ਰਣਾਲੀ ਵਿਚ ਰਾਖਵੇਂ ਹਲਕਿਆਂ ਦੀ ਗਿਣਤੀ ਵਧ ਕੇ 148 ਹੋ ਗਈ ਪਰ ਅਛੂਤ ਵਰਗਾਂ ਦੀ ਪ੍ਰਤੀਨਿਧਤਾ ਨੂੰ ਅਸਿੱਧੇ ਢੰਗ ਨਾਲ ਕਾਬੂ ਹੇਠ ਕਰ ਲਿਆ ਗਿਆ, ਜੋ ਅੱਜ ਵੀ ਜਾਰੀ ਹੈ। ਦਲਿਤ ਵਰਗ ਨੂੰ ਇਸ ਸਬੰਧੀ ਲਾਮਬੰਦੀ ਕਰਨੀ ਪਵੇਗੀ ਅਤੇ ਰਾਜਨੀਤਕ ਰਾਖਵੇਂਕਰਨ ਦੀ ਥਾਂ ਨਿਆਂਇਕ ਖੇਤਰ ਰਾਹੀਂ ਅਦਾਲਤਾਂ ਤੇ ਮੈਡੀਕਲ ਖੇਤਰ ਵਿਚ ਬੈਕਲਾਗ ਪੂਰਾ ਕਰਵਾਉਣ ਤੋਂ ਬਿਨਾ ਭਾਰਤੀ ਸੈਨਾ ਵਿਚ ਆਪਣਾ ਰਾਖਵਾਂਕਰਨ ਬਹਾਲ ਕਰਵਾ ਕੇ ਵਿਸ਼ੇਸ਼ ਰੈਜੀਮੈਂਟ ਲਈ ਸੰਘਰਸ਼ ਕਰਨਾ ਪਵੇਗਾ।

ਅੱਜ ਦੇ ਹਾਲਾਤ ਇਹ ਹਨ ਕਿ ਹਰ ਦਲਿਤ ਵਰਗ ਦਾ ਨੇਤਾ ਅਖਵਾਉਂਦਾ ਵਿਅਕਤੀ ਆਪਣੇ ਸਮਾਜ ਦੇ ਹਿਤਾਂ ਦੀ ਗੱਲ ਕਰਨ ਦੀ ਥਾਂ ਆਪਣੀ ਪਾਰਟੀ ਦੇ ਸਵਰਨ ਆਗੂਆਂ ਦੀ ਚਾਪਲੂਸੀ ਕਰਨ ਵਿਚ ਇੱਕ ਦੂਜੇ ਤੋਂ ਅੱਗੇ ਲੰਘਣ ਵਿਚ ਲੱਗਾ ਹੋਇਆ ਹੈ। ਇਸ ਲਈ ਦਲਿਤ ਵਰਗ ਦੀ ਹਾਲਤ ਇੱਕ ਲਾਵਾਰਸ ਬੱਚੇ ਵਰਗੀ ਹੋ ਗਈ ਹੈ। ਇਹ ਹਾਲਤ ਉਨ੍ਹਾਂ ਚਿਰ ਇਸ ਤਰ੍ਹਾਂ ਹੀ ਰਹਿਣੀ ਹੈ ਜਦੋਂ ਤੱਕ ਰਾਜਨੀਤਕ ਰਾਖਵਾਂਕਰਨ ਖਤਮ ਨਹੀਂ ਹੋ ਜਾਂਦਾ। ਇਸ ਦੇ ਖਤਮ ਹੋਣ ਪਿਛੋਂ ਹੀ ਸਿਆਸੀ ਪਾਰਟੀਆਂ ਦੇ ਦਲਿਤ ਆਗੂਆਂ ਨੂੰ ਆਪਣੀ ਔਕਾਤ ਦੀ ਸਮਝ ਆ ਜਾਵੇਗੀ। ਇਸ ਦਾ ਮਤਲਬ ਇਹ ਨਹੀਂ ਕਿ ਅਜਿਹਾ ਹੋਣ ਨਾਲ ਉਨ੍ਹਾਂ ਦੇ ਨੁਮਾਇੰਦੇ ਜਿੱਤ ਕੇ ਨਹੀਂ ਜਾ ਸਕਣਗੇ, ਬਲਕਿ ਇਸ ਤਰ੍ਹਾਂ ਹੋਣ ਨਾਲ ਦਲਿਤ ਵਰਗ ਦੇ ਸੱਚੇ ਸੁੱਚੇ ਨੇਤਾ ਸਾਹਮਣੇ ਆਉਣਗੇ ਅਤੇ ਨਵੀਂ ਕਤਾਰਬੰਦੀ ਹੋਵੇਗੀ। ਦਲਿਤਾਂ ਵਿਚੋਂ ਚਮਚੇ ਨੇਤਾਵਾਂ ਦਾ ਖਾਤਮਾ ਹੋ ਜਾਵੇਗਾ।

ਰਾਮ ਵਿਲਾਸ ਪਾਸਵਾਨ

ਭਾਰਤ ਦਾ ਅੱਜ ਤੱਕ ਦਾ ਇਤਿਹਾਸ ਗਵਾਹ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਕਿਸੇ ਵੀ ਵੱਡੇ ਦਲਿਤ ਨੇਤਾ ਨੂੰ ਅੱਜ ਤੱਕ ਕਿਸੇ ਜਨਰਲ ਸੀਟ ਤੋਂ ਚੋਣ ਨਹੀਂ ਲੜਾਈ। ਰਾਮ ਵਿਲਾਸ ਪਾਸਵਾਨ ਦਾ ਵੱਡੇ ਅੰਤਰ ਨਾਲ ਚੋਣ ਜਿੱਤਣ ਦਾ ਵਿਸ਼ਵ ਰਿਕਾਰਡ ਹੈ। ਉਹ ਕਈ ਪਾਰਟੀਆਂ ਵਿਚ ਰਿਹਾ ਹੈ ਪਰ ਕਿਸੇ ਨੇ ਉਸ ਨੂੰ ਰਿਜ਼ਰਵ ਸੀਟ ਦੀ ਬਜਾਏ ਜਨਰਲ ਸੀਟ ਨਹੀਂ ਦਿੱਤੀ। ਇਸ ਸਭ ਲਈ ਦਲਿਤ ਵਰਗ ਨੂੰ ਖੁਦ ਚੇਤੰਨ ਹੋ ਕੇ ਅੱਗੇ ਆਉਣਾ ਪਵੇਗਾ ਕਿਉਂਕਿ ਚਮਚੇ ਨੇਤਾ ਕਦੇ ਵੀ ਨਹੀਂ ਚਾਹੁਣਗੇ ਕਿ ਉਨ੍ਹਾਂ ਦਾ ਰਾਜਨੀਤਕ ਰਾਖਵਾਂਕਰਨ ਖਤਮ ਹੋ ਜਾਵੇ। ਰਾਜਨੀਤਕ ਰਾਖਵੇਂਕਰਨ ਦਾ ਖਾਤਮਾ ਸਮੁੱਚੇ ਦਲਿਤ ਵਰਗ ਦੀ ਲੋੜ ਹੈ ਨਾ ਕਿ ਚਮਚੇ ਨੇਤਾਵਾਂ ਦੀ। ਇਸ ਵਿਚ ਹੀ ਸਮਾਜ ਦੇ ਹਿਤ ਸੁਰੱਖਿਅਤ ਰਹਿ ਸਕਦੇ ਹਨ।

1980 ਦਾ ਨਿਊ ਯਾਰਕ

ਨਿੱਕ ਸੁੱਕ

ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਇਹ ਕਾਲਮ ਮੇਰੀ ਸਵੈਜੀਵਨੀ 'ਚੋਂ ਹੈ।

ਜੇ ਉਤਰੀ ਧਰੁਵ ਦਾ ਦੱਖਣੀ ਧਰੁਵ ਨਾਲ ਟਾਕਰਾ ਕਰਨਾ ਹੋਵੇ ਤਾਂ ਨਿਊ ਯਾਰਕ ਦੇ ਆਰਥਿਕ, ਸਭਿਆਚਾਰਕ ਤੇ ਸਮਾਜਿਕ ਜੀਵਨ ਨੂੰ ਪ੍ਰਯੋਗਸ਼ਾਲਾ ਵਜੋਂ ਵਰਤਿਆ ਜਾ ਸਕਦਾ ਹੈ। ਇਥੇ ਇਕ ਪਾਸੇ ਹਵਾ ਨਾਲ ਗੱਲਾਂ ਕਰਦੀਆਂ ਬਹੁਮੰਜਲੀ ਇਮਾਰਤਾਂ ਹਨ ਤੇ ਦੂਜੇ ਪਾਸੇ ਗੰਦਗੀ ਨਾਲ ਭਰੀਆਂ ਬਦਬੂ ਮਾਰਦੀਆਂ ਬਸਤੀਆਂ। ਇਕ ਪਾਸੇ ਪੈਦਲ ਤੁਰਨ ਵਾਲਿਆਂ ਦਾ ਭੀੜ ਭੜੱਕਾ ਤੇ ਦੂਜੇ ਪਾਸੇ ਹਾਰਨ ਵਜਾਉਂਦੇ ਟ੍ਰੈਫਿਕ ਜਾਮ।

ਇਹ ਕਮਾਲ ਦਾ ਸ਼ਹਿਰ ਹੈ ਜੋ ਪਲ ਭਰ ਵੀ ਅਮੀਰਾਂ ਦੀ ਚੂਹਾ ਦੌੜ ਤੇ ਘੱਟ ਪੈਸੇ ਵਾਲਿਆਂ ਦੀ ਰੱਸਾਕਸ਼ੀ ਦਾ ਸ਼ਿਕਾਰ ਨਾ ਹੋਇਆ ਹੋਵੇ। ਜੇ ਕਿਸੇ ਨੇ ਨਿਰਾਰਥਕ ਪਦਾਰਥਵਾਦ ਹੱਥੀਂ ਨਾਗਰਿਕਤਾ ਦਾ ਕਤਲ ਹੁੰਦਾ ਵੇਖਣਾ ਹੋਵੇ ਤਾਂ ਇਥੇ ਆ ਕੇ ਨਿਰਾਸ਼ ਨਹੀਂ ਜਾ ਸਕਦਾ। ਨਿਊ ਯਾਰਕ ਨੂੰ ਦੂਰ ਦੁਰੇਡੇ ਦੇਸ਼ਾਂ ਤੋਂ ਆਏ ਆਵਾਸੀਆਂ ਨੇ ਹੀ ਕਤਲ ਨਹੀਂ ਕੀਤਾ, ਦੂਜੀਆਂ ਸਟੇਟਾਂ ਦੇ ਅਮਰੀਕਨ ਵੀ ਇਥੇ ਆ ਕੇ ਵੱਸੇ ਬਿਨਾ ਸਾਹ ਨਹੀਂ ਲੈਂਦੇ। ਇਹ ਆਵਾਸੀ ਲੋਕ ਵੈਲਫੇਅਰ ਸਕੀਮਾਂ ਨੂੰ ਹੜੱਪ ਕਰਦੇ ਅਤੇ ਸਿਹਤ, ਵਿਦਿਆ, ਪਾਣੀ ਤੇ ਬਿਜਲੀ ਦਾ ਸੰਕਟ ਪੈਦਾ ਕਰਦੇ ਹਨ।

ਮੈਂ ਮਿਥੀ ਤਿਥੀ ਨਾਲੋਂ ਇੱਕ ਦਿਨ ਪਹਿਲਾਂ ਅਮਰੀਕਾ ਪਹੁੰਚ ਗਿਆ ਸਾਂ। ਰਾਤ ਕੱਟਣ ਲਈ ਸਸਤਾ ਜਿਹਾ ਹੋਟਲ ਲੱਭ ਲਿਆ। ਰਾਤ ਦਾ ਖਾਣਾ ਖਿਲਾਉਣ ਵਾਲੀਆਂ ਨਿੱਕੀਆਂ-ਨਿੱਕੀਆਂ ਗੋਰੀਆਂ ਸਨ। ਮੇਰੇ ਲਈ ਇਹ ਬੜਾ ਅਜੀਬ ਸੀ।

ਰਾਤ ਨੂੰ ਸੌਣ ਲੱਗਾ ਤਾਂ ਸਰਹਾਣੇ ਵਾਲੀ ਦਰਾਜ ਵਿਚ ਇਕ ਕਾਗਜ਼ ਉਤੇ ਕੁਝ ਹਦਾਇਤਾਂ ਸਨ ਜਿਨ੍ਹਾਂ ਵਿਚੋਂ ਇਕ ਸੀ ਕਿ ਜੇ ਤੁਸੀਂ ਦੁਨੀਆਂ ਦੇ ਮਜ਼ੇ ਲੈਣੇ ਹੋਣ ਤਾਂ ਸਰਹਾਣੇ ਬਣੀ ਇਕ ਨਿੱਕੀ ਜਿਹੀ ਮੋਰੀ ਵਿਚ ਇਕ ਸਿੱਕਾ ਪਾ ਕੇ ਲੇਟ ਜਾਓ।

ਸਿੱਕਾ ਕਿੰਨਾ ਸੀ, ਮੈਨੂੰ ਹੁਣ ਚੇਤੇ ਨਹੀਂ ਪਰ ਸੀ ਇਕ ਡਾਲਰ ਦਾ ਅੱਧਾ ਜਾਂ ਚੌਥਾ ਹਿੱਸਾ। ਕੁਦਰਤੀ ਲੋੜੀਂਦਾ ਸਿੱਕਾ ਮੇਰੀ ਜੇਬ ਵਿਚ ਹੈ ਸੀ।

ਮੈਂ ਮਜ਼ਾ ਲੈਣ ਦਾ ਫੈਸਲਾ ਕਰ ਲਿਆ ਪਰ ਅੰਦਰੋਂ ਡਰਾਂ ਕਿ ਕਿਤੇ ਕੋਈ ਠੱਗੀ ਨਾ ਹੋਵੇ। ਅਮਰੀਕਾ ਨੂੰ ਮੇਰੇ ਕਾਮਰੇਡ ਮਿੱਤਰ ਠੱਗਾਂ ਦਾ ਦੇਸ਼ ਕਹਿੰਦੇ ਹਨ। ਲੁੱਟਣ ਨੂੰ ਮੇਰੇ ਕੋਲ ਕੁਝ ਵੀ ਨਹੀਂ ਸੀ। ਫੇਰ ਵੀ ਕੋਈ ਹਬਸ਼ੀ ਆ ਕੇ ਡਰਾ ਸਕਦਾ ਸੀ ਜਾਂ ਕੋਈ ਗੋਰੀ ਆ ਕੇ ਭਰਮਾ ਸਕਦੀ ਸੀ। ਫਿਰ ਵੀ ਮੇਰਾ ਮਨ ਸਿੱਕੇ ਦਾ ਕ੍ਰਿਸ਼ਮਾ ਵੇਖਣ ਲਈ ਬਜ਼ਿਦ ਸੀ। ਮੈਂ ਇਹਤਿਆਤ ਵਜੋਂ ਕਮਰੇ ਦੀਆਂ ਖਿੜਕੀਆਂ, ਰੋਸ਼ਨਦਾਨ ਤੇ ਹੋਰ ਝੀਤਾਂ ਬੰਦ ਕਰਨ ਪਿੱਛੋਂ ਦਰਵਾਜ਼ਾ ਵੀ ਬੰਦ ਕਰ ਲਿਆ।

ਜਦੋਂ ਮੈਨੂੰ ਪੂਰਾ ਯਕੀਨ ਹੋ ਗਿਆ ਕਿ ਹੁਣ ਮੈਨੂੰ ਕੋਈ ਨੁਕਸਾਨ ਨਹੀਂ ਪਹੁੰਚ ਸਕਦਾ ਤਾਂ ਮੈਂ ਹਦਾਇਤ ਅਨੁਸਾਰ ਬੈਡ 'ਤੇ ਲੰਮਾ ਪੈ ਕੇ ਸਿੱਕਾ ਮੋਰੀ 'ਚ ਖਿਸਕਾ ਦਿੱਤਾ। ਬੈਡ ਵਿਚੋਂ ਸੰਗੀਤ ਦੀਆਂ ਮਿੱਠੀਆਂ-ਮਿੱਠੀਆਂ ਆਵਾਜ਼ਾਂ ਆਉਣ ਲੱਗੀਆਂ ਤੇ ਮੇਰੀ ਪਿੱਠ ਦੇ ਥੱਲੇ ਝੁਣਝੁਣੀ ਜਿਹੀ ਹੋਣ ਲੱਗੀ। ਕੁਝ ਏਸ ਤਰ੍ਹਾਂ ਜਿਵੇਂ ਬੈਡ 'ਚ ਸਪਰਿੰਗ ਲੱਗੇ ਹੋਣ ਤੋਂ ਉਹ ਖਾਸ ਤਰਤੀਬ ਨਾਲ ਹਿੱਲ ਕੇ ਮੇਰੇ ਥੱਕੇ ਹੋਏ ਜਿਸਮ ਨੂੰ ਸਹਿਲਾ ਰਹੇ ਹੋਣ। ਪਲਾਂ ਵਿਚ ਝੁਣਝੁਣੀ ਬਹੁਤ ਤੇਜ਼ ਹੋ ਗਈ ਤੇ ਪਤਾ ਹੀ ਨਹੀਂ ਲੱਗਿਆ ਕਿ ਮੈਂ ਕਦੋਂ ਸੌਂ ਗਿਆ।

ਅਗਲੇ ਦਿਨ ਆਪਣੇ ਕੰਮ ਵਾਲੀ ਥਾਂ ਜਾਣ ਲਈ ਹੋਟਲ ਵਿਚੋਂ ਨਿਕਲਿਆ ਤਾਂ ਕੀ ਦੇਖਦਾ ਹਾਂ। ਲੋਕ ਵਕਤ ਦੇ ਬੜੇ ਪਾਬੰਦ ਹਨ। ਸਮੇਂ ਸਿਰ ਕੰਮ 'ਤੇ ਜਾਣਾ ਤੇ ਸਮੇਂ ਸਿਰ ਕੰਮ ਨਿਪਟਾ ਕੇ ਘਰ ਨੂੰ ਭੱਜਣਾ ਆਮ ਗੱਲ ਹੈ। ਹਰ ਕਿਸੇ ਦੀ ਚਾਲ ਵਿਚ ਤੇਜ਼ੀ ਹੈ। ਅਨੇਕਾਂ ਲੋਕ ਸੜਕ 'ਤੇ ਤੁਰੇ ਜਾਂਦੇ ਗਲੇ ਤੇ ਬਾਹਾਂ ਦੇ ਬਟਨ ਬੰਦ ਕਰਦੇ, ਟੋਪੀ ਦੇ ਥੱਲੇ ਵਾਲ ਸੰਵਾਰਦੇ, ਨਕਟਾਈ ਸਿੱਧੀ ਕਰਦੇ, ਤੇ ਭੱਜੇ ਜਾਂਦੇ ਬਰੇਕਫਾਸਟ ਖਾ ਰਹੇ ਹੁੰਦੇ ਹਨ। ਸਭ ਤੋਂ ਚੌਕਸੀ ਦੀ ਲੋੜ ਸੜਕ ਪਾਰ ਕਰਨ ਵੇਲੇ ਹੁੰਦੀ ਹੈ। ਜੇ ਬੱਤੀ ਲਾਲ ਹੈ ਤਾਂ ਕੋਈ ਮਜਾਲ ਨਹੀਂ ਕਿ ਤੁਸੀਂ ਇਕ ਇੰਚ ਵੀ ਅੱਗੇ ਸਰਕ ਸਕੋ। ਜਦੋਂ ਬੱਤੀ ਹਰੀ ਹੁੰਦੀ ਹੈ ਤਾਂ ਪਾਰ ਕਰਨ ਵਾਲੇ ਇੰਜ ਦੌੜਦੇ ਹਨ ਜਿਵੇਂ ਉਨ੍ਹਾਂ ਦੇ ਪਿੱਛੇ ਪੁਲਿਸ ਲੱਗੀ ਹੋਈ ਹੋਵੇ। ਹਰ ਕੋਈ ਨੱਕ ਦੀ ਸੇਧ ਵਿਚ ਦੌੜਦਾ ਹੈ, ਨਾ ਖੱਬੇ ਦੇਖਦਾ ਹੈ ਤੇ ਨਾ ਸੱਜੇ।

ਸੜਕ ਪਾਰ ਕਰਨ ਲਈ ਭੀੜ ਜਮ੍ਹਾ ਸੀ। ਕੰਮ ਤੋਂ ਲੇਟ ਹੋ ਰਹੇ ਲੋਕ ਸੜਕ ਦੇ ਪਾਰ ਖੜ੍ਹੇ ਲੂਰ੍ਹੀਆਂ ਲੈ ਰਹੇ ਸਨ ਜਿਵੇਂ ਸੌ ਮੀਟਰ ਦੀ ਰੇਸ ਲਾਉਣ ਵਾਲੇ ਖਿਡਾਰੀ ਸੀਟੀ ਦੀ ਆਵਾਜ਼ ਲਈ ਕੰਨ ਖੋਲ੍ਹ ਕੇ ਖੜੇ ਹੁੰਦੇ ਹਨ। ਹਰੀ ਬੱਤੀ ਹੁੰਦਿਆਂ ਸਾਰ ਮੈਂ ਵੀ ਦੂਜੇ ਪਾਰ ਜਾਣ ਲਈ ਸ਼ੂਟ ਵੱਟ ਲਈ। ਅੱਧ-ਵਿਚਕਾਰ ਗਿਆ ਤਾਂ ਕਿਸੇ ਨੇ ਉਚੀ ਆਵਾਜ਼ ਵਿਚ ਬੜੇ ਤਪਾਕ ਨਾਲ ਸਤਿ ਸ੍ਰੀ ਅਕਾਲ ਕਿਹਾ। ਕਾਹਲੀ ਵਿਚ ਮੈਂ ਉਤਰ ਵੀ ਨਹੀਂ ਦੇ ਸਕਿਆ। ਪਰ ਇਕਦਮ ਬਿਜਲੀ ਦੀ ਰਫਤਾਰ ਨਾਲ ਫੁਰਨਾ ਫੁਰਨ ਤੋਂ ਪਿੱਛੋਂ ਉਨ੍ਹੀਂ ਕਦਮੀਂ ਪਿੱਛੇ ਨੂੰ ਮੁੜ ਗਿਆ, ਉਸ ਨੌਜਵਾਨ ਨਾਲ ਗੱਲ ਕਰਨ ਲਈ, ਜਿਸ ਨੇ ਮੈਨੂੰ ਸਤਿ ਸ੍ਰੀ ਅਕਾਲ ਬੁਲਾਈ ਸੀ। ਮੈਨੂੰ ਕੋਈ ਕਾਹਲ ਨਹੀਂ ਸੀ। ਉਸ ਦੀ ਕਾਹਲ ਦਾ ਮੈਨੂੰ ਪਤਾ ਨਹੀਂ ਸੀ। ਗੱਲ ਕਰਨ ਵਿਚ ਕੀ ਹਰਜ ਹੈ? ਸ਼ਾਇਦ ਮੈਨੂੰ ਜਾਣਦਾ ਹੀ ਹੋਵੇ।

ਸਭ ਕੁਝ ਐਨੀ ਫੁਰਤੀ ਨਾਲ ਹੋਇਆ ਕਿ ਮੈਂ ਇਸ ਵਾਕਫ ਦੇ ਨਾਲੋ ਨਾਲ ਉਸੇ ਪਟੜੀ ਉਤੇ ਆ ਗਿਆ ਜਿਸ ਤੋਂ ਮੈਂ ਦੂਜੇ ਪਾਸੇ ਨੂੰ ਭੱਜਿਆ ਸੀ। ਆਪਣੇ 'ਵਾਕਫ' ਨੂੰ ਮੁਖਾਤਬ ਹੁੰਦਿਆਂ ਸਾਰ ਮੈਂ ਬੋਲਿਆ, 'ਮੇਰਾ ਨਾਂ ਗੁਲਜ਼ਾਰ ਸਿੰਘ ਹੈ, ਮੈਂ ਦਿੱਲੀ ਤੋਂ ਹਾਂ।'

'ਮੇਰਾ ਨਾਂ ਨੂਰ ਮੁਹੰਮਦ ਹੈ, ਮੈਂ ਰਾਵਲਪਿੰਡੀ ਤੋਂ ਹਾਂ।' ਉਸ ਨੇ ਤੁਰੰਤ ਉਤਰ ਦਿੱਤਾ। ਉਹ ਮੈਨੂੰ ਜਾਣਦਾ ਨਹੀਂ ਸੀ। ਪਾਕਿਸਤਾਨੀ ਲਈ ਮੇਰੀ ਪਗੜੀ ਤੇ ਦਾੜ੍ਹੀ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਸੀ ਕਿ ਮੈਂ ਸਿੱਖ ਸਾਂ ਤੇ ਸਤਿ ਸ੍ਰੀ ਅਕਾਲ ਦੇ ਬੋਲ ਮੈਨੂੰ ਖੁਸ਼ ਕਰ ਸਕਦੇ ਸਨ। ਮੇਰੇ ਮਨ ਉਤੇ ਉਸ ਦੇ ਤੱਪਾਕ ਨੇ ਜਿਹੜਾ ਪ੍ਰਭਾਵ ਪਾਇਆ, ਮੈਂ ਮਿੱਤਰ ਮਹਿਫਿਲਾਂ ਵਿਚ ਅਨੇਕ ਵਾਰੀ ਦੁਹਰਾ ਚੁੱਕਿਆ ਹਾਂ।

ਅੰਤਿਕਾ: ਮਿਰਜ਼ਾ ਗਾਲਿਬ
ਬਨਾ ਕਰ ਫਕੀਰੋ ਕਾ ਹਮ ਭੇਸ ਗਾਲਿਬ
ਤਮਾਸ਼ਾ ਏ ਅਹਿਲ ਏ ਕਰਮ ਦੇਖਤੇ ਹੈਂ।

ਬਾਪ ਦੀ ਪੈੜ-ਚਾਲ ਦੇ ਅੰਗ-ਸੰਗ

ਜ਼ਿੰਦਗੀ ਦਾ ਨਾਦ

ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਪਿਛਲੇ ਇਕ ਅਰਸੇ ਤੋਂ ਪੰਜਾਬ ਟਾਈਮਜ਼ ਦੇ ਪਾਠਕ ਉਨ੍ਹਾਂ ਦੀਆਂ ਲਿਖਤਾਂ ਪੜ੍ਹਦੇ ਆ ਰਹੇ ਹਨ ਅਤੇ ਉਨ੍ਹਾਂ ਦੀ ਨਿਵੇਕਲੀ ਸ਼ੈਲੀ ਦੇ ਸ਼ੁਦਾਈ ਵੀ ਹੋਏ ਹਨ। ਡਾ. ਭੰਡਾਲ ਇਸ ਕਾਲਮ ਹੇਠ ਘਰ ਦੀਆਂ ਨਿਆਮਤਾਂ ਦੀ ਵਾਰਤਾ ਸੁਣਾ ਚੁਕੇ ਹਨ ਕਿ ਘਰ ਦਾ ਕੇਂਦਰ ਮਾਂ ਹੁੰਦੀ ਹੈ, ਬੁਢਾਪਾ ਉਹ ਅਵਸਥਾ ਏ ਜਦੋਂ ਜ਼ਿੰਦਗੀ, ਸਰੀਰਕ ਸਮਰੱਥਾ ਤੋਂ ਆਤਮਿਕ ਸੰਤੁਸ਼ਟੀ ਅਤੇ ਸਕੂਨ ਦੇ ਸਫਰ ਦੀ ਹਮਰਾਜ਼ ਬਣਦੀ ਏ। ਧੀਆਂ ਨੂੰ ਬੋਝ ਸਮਝਣ ਵਾਲਿਆਂ ਨੂੰ ਡਾ. ਭੰਡਾਲ ਦਾ ਸਵਾਲ ਸੀ, ਜੇ ਧੀਆਂ ਨਾ ਹੁੰਦੀਆਂ ਤਾਂ ਕੀ ਮਨੁੱਖ ਦੀ ਹੋਂਦ ਸੰਭਵ ਹੁੰਦੀ? ਵਿਛੋੜੇ ਦੇ ਸੱਲ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਵਿਛੋੜਾ ਕੋਈ ਵੀ ਹੋਵੇ, ਵਿਛੋੜਾ ਹੀ ਹੁੰਦਾ ਏ। 'ਕੱਲੀ ਕੂੰਜ ਵਿਛੜ ਗਈ ਡਾਰੋਂ' ਦਾ ਦਰਦ। ਉਨ੍ਹਾਂ ਅਜੋਕੇ ਸਮਿਆਂ ਵਿਚ ਰਿਸ਼ਤਿਆਂ ਦੀ ਟੁੱਟ-ਭੱਜ 'ਤੇ ਗਿਲਾ ਕੀਤਾ ਸੀ ਕਿ ਕੇਹੇ ਵਕਤ ਆ ਗਏ ਨੇ, ਅਸੀਂ ਖੁਸ਼ੀ ਦੇ ਪਲ ਸਾਂਝੇ ਕਰਨਾ ਵੀ ਮੁਨਾਸਬ ਨਹੀਂ ਸਮਝਦੇ ਜਦ ਕਿ ਖੁਸ਼ੀ ਵੰਡਿਆਂ ਦੂਣ ਸਵਾਈ ਹੁੰਦੀ ਏ। ਡਾ. ਭੰਡਾਲ ਨੇ ਅਜੋਕੇ ਯੁਗ ਵਿਚ ਪੰਜਾਬ ਦੇ ਵਾਤਾਵਰਣ, ਸਮਾਜਕ ਕਦਰਾਂ-ਕੀਮਤਾਂ, ਮਨੁੱਖੀ ਰਿਸ਼ਤਿਆਂ ਤੇ ਜ਼ਿੰਦਗੀ ਦੇ ਹਰ ਮੁਕਾਮ ਵਿਚ ਆਈ ਮਲੀਨਤਾ ਦੀ ਗੱਲ ਕਰਦਿਆਂ ਸਵਾਲ ਖੜ੍ਹਾ ਕੀਤਾ ਸੀ ਕਿ ਦੁਨੀਆਂ ਨੂੰ ਸੰਗੀਤ ਦੇਣ ਵਾਲੇ ਜਦੋਂ ਸ਼ੋਰ 'ਚ ਡੁੱਬ ਜਾਣ ਤਾਂ ਅਸੀਂ ਕਿਹੜੇ ਦਮਗਜ਼ਿਆਂ ਦੇ ਵਾਰਸ ਕਹਿਲਾਉਣ ਦੀ ਹਾਮੀ ਭਰਾਂਗੇ? ਪਿਛਲੇ ਲੇਖ ਵਿਚ ਵਿਚ ਉਨ੍ਹਾਂ ਚਮਨ 'ਤੇ ਆਈ ਬਹਾਰ ਅਤੇ ਪੱਤਝੜ ਦੀ ਗੱਲ ਕਰਦਿਆਂ ਕਿਹਾ ਹੈ ਕਿ ਚਮਨ ਜਦ ਉਦਾਸ ਹੋ ਜਾਵੇ ਤਾਂ ਮਹਿਕਾਂ ਰੁੱਸ ਜਾਂਦੀਆਂ ਨੇ, ਖੇੜੇ ਵੈਰਾਗੇ ਜਾਂਦੇ ਨੇ। ਭੁੱਲ ਜਾਂਦੀ ਏ ਬਹਾਰਾਂ ਦੀ ਦਸਤਕ। ਅਸਲ 'ਚ ਉਨ੍ਹਾਂ ਦਾ ਇਸ਼ਾਰਾ ਮਨੁੱਖੀ ਜਜ਼ਬਾਤ ਵੱਲ ਵੀ ਹੈ ਕਿ ਜੇ ਜਜ਼ਬਾਤ ਦੀ ਕਦਰ ਨਾ ਹੋਵੇ ਤਾਂ ਮਨੁੱਖ ਦੀ ਹਾਲਤ ਪੱਤਝੜ ਮਾਰੇ ਚਮਨ ਜਿਹੀ ਹੀ ਹੋ ਜਾਂਦੀ ਹੈ। ਹਥਲੇ ਲੇਖ ਵਿਚ ਉਨ੍ਹਾਂ ਪਿਤਾ ਦੇ ਸਾਏ ਦੀ ਗੱਲ ਕਰਦਿਆਂ ਕਿਹਾ ਹੈ ਕਿ ਪਿਤਾ ਇਕ ਮਜ਼ਬੂਤ ਦੀਵਾਰ। ਝੱਖੜਾਂ ਤੇ ਤੇਜ਼ ਹਨੇਰੀਆਂ ਤੋਂ ਬਚਾਅ। ਸਮਾਜ ਦੇ ਕੁਰੱਖਤ ਵਰਤਾਰਿਆਂ ਸਾਹਵੇਂ ਤਣੀ ਹੋਈ ਹਿੱਕ, ਆਪਦੇ ਚਮਨ ਦੀ ਸਰਬਪੱਖੀ ਖੁਸ਼ਹਾਲੀ ਲਈ ਦੁਆ ਤੇ ਦਰਵੇਸ਼ਤਾ। -ਸੰਪਾਦਕ

ਜੇਠ ਦੀ ਕੜਕਦੀ ਧੁੱਪ, ਤਿੱਖੜ ਦੁਪਹਿਰ। ਕਣਕ ਦੇ ਵੱਢ 'ਚ ਰੂੜੀ ਪਾ ਰਹੇ ਪਿਉ-ਪੁੱਤਰ, ਮੁੜ੍ਹਕੇ ਨਾਲ ਨਹਾਤੇ, ਤਪਸ਼ ਦੇ ਵਲੂੰਧਰੇ ਪਰ ਪੂਰੀ ਤਨਦੇਹੀ ਨਾਲ ਜਲਦੀ ਕੰਮ ਨਿਬੇੜਨ ਦਾ ਜਜ਼ਬਾ ਭਾਰੂ। ਨਿੱਕੀਆਂ-ਨਿੱਕੀਆਂ ਗੱਲਾਂ, ਸਲਾਹਾਂ। ਪੁੱਤਰ ਗਿਆਰਵੀਂ ਦੇ ਪੇਪਰ ਦੇ ਕੇ ਵਿਹਲਾ। ਖੇਤੀ ਦੇ ਕੰਮਾਂ 'ਚ ਮਸ਼ਰੂਫ। ਕੋਲੋਂ ਲੰਘਦੇ ਪੁੱਤਰ ਦੇ ਦੋਸਤ ਦਾ ਦੱਸਣਾ, "ਗਿਆਰਵੀਂ ਦਾ ਰਿਜ਼ਲਟ ਆ ਗਿਆ ਏ। ਮੈਂ ਤਾਂ ਪਾਸ ਹੋ ਗਿਆਂ ਪਰ ਤੂੰ ਫੇਲ੍ਹ ਹੋ ਗਿਆ ਏਂ।" ਅਸਮਾਨੋਂ ਪਈ ਬਿਜਲੀ, ਸੁਪਨਿਆਂ ਦੇ ਤਿੜਕਣ ਦੀ ਆਵਾਜ਼। ਉਡਦੇ ਪਰਿੰਦੇ ਤੋਂ ਖੋਹੀ ਪਰਵਾਜ਼। ਉਦਾਸ ਪੁੱਤਰ ਨੂੰ ਕਲਾਵੇ 'ਚ ਲੈ ਪਿਉ ਦਾ ਕਹਿਣਾ, "ਤੂੰ ਕਿਹੜਾ ਬੁੱਢਾ ਹੋ ਗਿਆ ਏਂ। ਪੜ੍ਹਨਾ ਸ਼ੁਰੂ ਕਰ ਦੇ ਦੁਬਾਰਾ ਜ਼ੋਰ ਲਾ ਕੇ। ਖਰਚ ਦਾ ਫਿਕਰ ਨਾ ਕਰੀਂ। ਮੈਂ ਤੈਨੂੰ ਕੁਝ ਬਣਿਆ ਦੇਖਣਾ ਚਾਹੁੰਦਾ ਹਾਂ। ਮੇਰੇ ਹੁੰਦਿਆਂ ਉਦਾਸ ਨਹੀਂ ਹੋਣਾ। ਚੱਲ ਉਠ, ਅੱਜ ਕੰਮ ਨਿਬੇੜ ਲਈਏ। ਕੱਲ ਹੀ ਜਾ ਕੇ ਦੁਬਾਰਾ ਦਾਖਲ ਹੋ ਜਾ।" ਡਿਗਦੇ ਪੁੱਤਰ ਨੂੰ ਸਹਾਰਾ। ਮੁਰਝਾਈ ਡੋਡੀ ਨੂੰ ਮਿਲਿਆ ਨਵਾਂ ਜਨਮ। ਖਾਲੀ ਝੋਲੀ 'ਚ ਇੱਕ ਦੁਆ ਅਤੇ ਉਸ ਦੁਆ ਸਦਕਾ ਮਨ 'ਚ ਕੁਝ ਕਰਨ ਦਾ ਸੰਕਲਪ। ਪਿਉ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਤਮੰਨਾ, ਸਿਰੜ 'ਚ ਤਬਦੀਲ ਹੋ ਗਈ।

ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿਤਾ ਦੇ ਮੋਢਿਆਂ 'ਤੇ ਘਰ ਬਣਾਉਣ, ਘਰ ਚਲਾਉਣ ਅਤੇ ਘਰ ਨੂੰ ਘਰ ਦੇ ਅਰਥਾਂ 'ਚ ਨਵਿਆਉਣ ਦੀ ਸੋਝੀ, ਸਲੀਕਾ ਤੇ ਅਕੀਦਾ।

ਪਿਤਾ ਆਪਣੇ ਬੱਚਿਆਂ ਲਈ ਅਸੀਸ। ਉਨ੍ਹਾਂ ਦੀਆਂ ਤਲੀਆਂ 'ਤੇ ਸ਼ੁਭ ਚਿੰਤਨ ਤੇ ਸ਼ੁਭ-ਕਰਮਨ ਦੀ ਬਖਸ਼ੀਸ਼। ਸਮੇਂ ਨੂੰ ਚੰਗੇਰੇ ਅਰਥ ਦੇਣ ਦੀ ਲਾਲਸਾ।

ਪਿਤਾ, ਪਰਿਵਾਰ ਦਾ ਮੁਖੀ, ਸਮੁੱਚੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਤੇ ਨਿਭਾਉਣ ਦੇ ਸਮਰੱਥ। ਉਸ ਦੀ ਯੋਗ-ਅਗਵਾਈ ਪਰਿਵਾਰ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ। ਪਰਿਵਾਰ ਦੀ ਸਮੁੱਚੀ ਪਛਾਣ ਹੁੰਦਾ ਏ ਪਿਉ।

ਪਿਤਾ ਇਕ ਮਜ਼ਬੂਤ ਦੀਵਾਰ। ਝੱਖੜਾਂ ਤੇ ਤੇਜ਼ ਹਨੇਰੀਆਂ ਤੋਂ ਬਚਾਅ। ਸਮਾਜ ਦੇ ਕੁਰੱਖਤ ਵਰਤਾਰਿਆਂ ਸਾਹਵੇਂ ਤਣੀ ਹੋਈ ਹਿੱਕ, ਆਪਦੇ ਚਮਨ ਦੀ ਸਰਬਪੱਖੀ ਖੁਸ਼ਹਾਲੀ ਲਈ ਦੁਆ ਤੇ ਦਰਵੇਸ਼ਤਾ।

ਪਿਤਾ, ਪਰਿਵਾਰ ਦੇ ਸਿਰ ਦੀ ਛੱਤ, ਇਕ ਮਹਿਫੂਜ਼ ਮਾਹੌਲ, ਨਿੱਘ ਤੇ ਮੋਹ 'ਚ ਲਿਪਟਿਆ ਅਨੁਸ਼ਾਸਨ। ਸੰਭਾਵਨਾਵਾਂ ਨੂੰ ਸਾਰਥਿਕਤਾ 'ਚ ਬਦਲਣ ਦੇ ਯੋਗ ਫਿਜ਼ਾ। ਇਸੇ ਲਈ ਜਦੋਂ ਘਰ ਦਾ ਮੁਖੀਆ, ਕਿਸੇ ਹਾਦਸੇ ਜਾਂ ਦੁਰਘਟਨਾ ਕਾਰਨ ਅਚਨਚੇਤੀ ਤੁਰ ਜਾਵੇ ਤਾਂ ਪਰਿਵਾਰ 'ਤੇ ਕਹਿਰ ਟੁੱਟਦਾ ਏ। ਕੜਕਦੀਆਂ ਧੁੱਪਾਂ ਲੂੰਹਦੀਆਂ ਨੇ। ਪੋਹ-ਮਾਘ ਦੀ ਠੰਢ ਹੱਡਾਂ ਨੂੰ ਸਿੱਲ-ਪੱਥਰ ਬਣਾਉਂਦੀ ਏ। ਪਰਿਵਾਰ, ਤਿੜਕਦੇ ਪਲਾਂ, ਹਰਾਸੇ ਵਕਤ ਅਤੇ ਦੁਖਦੇ ਪਹਿਰਾਂ ਦੀ ਵੇਦਨਾ ਹੰਢਾਉਣ ਲਈ ਮਜਬੂਰ ਹੋ ਜਾਂਦਾ ਏ। ਹੰਝੂਆਂ ਦੀ ਰੁੱਤ, ਰੰਗ 'ਚ ਵਸਦੇ ਚਮਨ ਦਾ ਨਸੀਬ ਬਣ ਜਾਂਦੀ ਹੈ।

ਅਜੋਕੇ ਸਮਿਆਂ ਦੀ ਕੇਹੀ ਤ੍ਰਾਸਦੀ ਹੈ ਕਿ ਪਰਿਵਾਰ ਲਈ ਵਧੇਰੇ ਆਰਥਿਕ ਸਾਧਨ ਤੇ ਸੁੱਖ-ਸੁਵਿਧਾਵਾਂ ਪੈਦਾ ਕਰਨ ਲਈ ਪਰਦੇਸਾਂ ਵਿਚ ਰੁਲਦੇ ਬਾਪ ਦੇ ਬੱਚੇ ਵਿਗੜ ਰਹੇ ਨੇ। ਮੋਟਰਸਾਈਕਲ ਤੇ ਮੋਬਾਈਲ ਨੇ ਅੱਜ ਬੱਚਿਆਂ ਦੇ ਸ਼ੌਕ। ਨਸ਼ਿਆਂ 'ਚ ਖੁਰ ਰਹੀ ਏ ਜਵਾਨੀ। ਸੁਪਨਿਆਂ ਦਾ ਬੀਜ-ਨਾਸ। ਰਿਸ਼ਤਿਆਂ 'ਚ ਪੈਦਾ ਹੋ ਰਿਹਾ ਤਣਾਓ। ਅਨੇਕਾਂ ਮਾਨਸਿਕ, ਸਮਾਜਿਕ ਤੇ ਪਰਿਵਾਰਕ ਸਮੱਸਿਆਵਾਂ ਦੀ ਧਰਾਤਲ ਬਣ ਰਹੀ ਏ, ਵਧੇਰੇ ਆਰਥਿਕ ਸਾਧਨ ਪੈਦਾ ਕਰਨ ਦੀ ਕੋਸ਼ਿਸ਼। ਪਿਤਾ ਦੀ ਅਣਹੋਂਦ, ਕਈ ਕਲੇਸ਼ਾਂ ਦੀ ਜੜ੍ਹ। ਪਿਤਾ ਦੀ ਹਾਜ਼ਰੀ, ਇਕ ਮਾਨਸਿਕ ਦਬਾਅ, ਇਕ ਦਿਸ਼ਾ-ਨਿਰਦੇਸ਼। ਹਰ ਸਵੇਰ ਲਈ ਨਵੀਂ ਸੋਚ ਦਾ ਸੰਦੇਸ਼।

ਜਦੋਂ ਪਿਤਾ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਤੋਂ ਅਸਮਰਥ ਹੋ ਜਾਵੇ ਜਾਂ ਬੇਲਾਗ ਹੋ ਜਾਵੇ ਤਾਂ ਪਰਿਵਾਰ 'ਤੇ ਦੁਸ਼ਵਾਰੀਆਂ ਦਾ ਕਹਿਰ ਟੁੱਟਦਾ ਏ। ਆਲ੍ਹਣਾ ਹਨੇਰੀਆਂ ਤੋਂ ਸੁਰੱਖਿਆ ਖੋ ਬੈਠਦਾ ਏ। ਚਿੜੀਆਂ, ਕਾਵਾਂ ਦੀ ਮਾਰ ਹੇਠ ਆ ਜਾਂਦੀਆਂ ਨੇ। ਵਿਲਕਦੀ ਏ ਫਿਜ਼ਾ। ਬੋਲ ਗੁੰਗੇ ਹੋ ਜਾਂਦੇ ਨੇ। ਬੋਟਾਂ ਦਾ ਚਹਿਚਹਾਉਣਾ ਹਾਦਸਿਆਂ ਤੇ ਹੌਕਿਆਂ ਦੀ ਭੇਟਾ ਚੜ੍ਹ ਜਾਂਦਾ ਏ। ਖੜਕਦੇ ਭਾਂਡੇ ਤੇ ਤਿੜਕਿਆ ਵਿਸ਼ਵਾਸ, ਕਰ ਜਾਂਦਾ ਏ ਜੀਵਨ ਦੀ ਸਮੁੱਚਤਾ ਨੂੰ ਬੇ-ਆਸ।

ਜਦ ਪਿਉ, ਪਿੱਤਰ ਬਣ ਜਾਂਦਾ ਏ ਅਤੇ ਪੁੱਤਰ, ਪਿਉ ਬਣਦਾ ਏ ਤਾਂ ਬਦਲਦੇ ਸਰੋਕਾਰਾਂ ਕਾਰਨ ਸਮੇਂ ਦਾ ਹਾਣੀ ਬਣਨ ਲਈ ਪੁੱਤਰ ਨੂੰ ਵਿੱਤੋਂ-ਬਾਹਰਾ ਜ਼ੋਰ ਲਾਉਣਾ ਪੈਂਦਾ ਏ।

ਪਿਤਾ ਅੱਖ ਦੀ ਘੂਰ। ਬੱਚਿਆਂ ਦੇ ਗਲਤ ਕਦਮ ਲਈ ਰੋਕ, ਉਨ੍ਹਾਂ ਦੀ ਅਵਾਰਗੀ ਲਈ ਰੁਕਾਵਟ। ਉਨ੍ਹਾਂ ਦੀ ਮਾਨਸਿਕ ਭਟਕਣਾ ਲਈ ਟੋਕ, ਉਨ੍ਹਾਂ ਦੇ ਤਿੜਕਦੇ ਸੁਪਨਿਆਂ ਲਈ ਆਸ, ਠਰੰਮਾ ਤੇ ਹੌਸਲਾ। ਉਨ੍ਹਾਂ ਦੇ ਵਿਚਾਰਾਂ ਲਈ ਸੱਚਿਆਈ ਅਤੇ ਪਕਿਆਈ। ਕਰਮ-ਖੇਤ ਨੂੰ ਕੰਡਿਆਲੀ ਵਾੜ।

ਬਾਪ, ਸਿਰਫ ਰੋਜ਼ੀ-ਰੋਟੀ ਦਾ ਹੀ ਫਿਕਰ ਨਹੀਂ ਕਰਦਾ, ਪਰਿਵਾਰ ਲਈ ਇਕ ਛੱਤ ਹੀ ਨਹੀਂ ਹੁੰਦਾ, ਇਕ ਸੁਰੱਖਿਅਤ ਜਗ੍ਹਾ ਹੀ ਨਹੀਂ ਹੁੰਦਾ, ਇਕ ਦਾਈਆ ਹੀ ਨਹੀਂ ਹੁੰਦਾ, ਮੋਹ 'ਚ ਡੁੱਬਿਆ ਡਰ ਜਾਂ ਸ਼ੁਭਕਾਮਨਾ 'ਚ ਲਿਪਟੀ ਘੂਰਦੀ ਅੱਖ ਹੀ ਨਹੀਂ ਹੁੰਦਾ, ਪਿਤਾ ਇਕ ਜਿਉਂਦਾ ਜਾਗਦਾ, ਸਵੱਲੀ ਨਜ਼ਰ ਵਾਲਾ ਰੋਲ-ਮਾਡਲ ਹੁੰਦਾ ਏ। ਸਮੁੱਚੇ ਪਰਿਵਾਰ ਨੂੰ ਸੁਚੇਤ ਅਤੇ ਅਚੇਤ ਰੂਪ 'ਚ ਪ੍ਰਭਾਵਤ ਕਰਦਾ। ਉਨ੍ਹਾਂ ਦੀਆਂ ਕ੍ਰਿਆਵਾਂ, ਪਹਿਲਾਂ ਨੂੰ ਨਿਰਧਾਰਤ ਕਰਦਾ। ਉਨ੍ਹਾਂ ਦੀਆਂ ਜੀਵਨ-ਸੇਧਾਂ ਲਈ ਦਿਸ਼ਾ-ਨਿਰਦੇਸ਼। ਉਨ੍ਹਾਂ ਦੇ ਸੁਪਨਿਆਂ ਦੇ ਪਨਪਣ ਅਤੇ ਸੰਪੂਰਨ ਹੋਣ ਤੀਕ ਦਾ ਹਮਰਾਜ਼।

ਉਨ੍ਹਾਂ ਦਾ ਖਿਦਮਤਗਾਰ। ਉਨ੍ਹਾਂ ਦੀ ਸਫਲਤਾ ਲਈ ਹਰ ਹੀਲਾ ਵਰਤਦਾ, ਹਿੰਮਤ ਜੁਟਾਉਂਦਾ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਨੂੰ ਮੋਹ-ਵੰਤੇ ਪਲਾਂ ਦਾ ਨਿਉਂਦਾ ਪਾਉਂਦਾ। ਸਾਡੇ ਅੰਦਰ ਪਲੀ ਹਉਮੈ ਸਦਕਾ ਪਰਿਵਾਰ ਟੁੱਟ ਰਹੇ ਨੇ। ਬੱਚੇ ਸੰਤਾਪ ਹੰਢਾ ਰਹੇ ਨੇ। ਜਦੋਂ ਇਕ ਬੱਚਾ, ਇਕੱਲਾ ਮਾਂ ਜਾਂ ਬਾਪ ਦੀ ਦੇਖ-ਰੇਖ ਹੇਠ ਜਵਾਨ ਹੁੰਦਾ ਏ ਤਾਂ ਉਹ ਇਕਹਿਰੀ ਸ਼ਖਸੀਅਤ ਦਾ ਮਾਲਕ ਹੁੰਦਾ ਏ। ਜ਼ਿੰਦਗੀ ਦਾ ਇਕਹਿਰਾ ਰੰਗ ਉਸ ਦੇ ਸਮੁੱਚ ਨੂੰ ਧੁਆਂਖ ਦਿੰਦਾ ਏ। ਪੱਛਮ 'ਚ ਆਮ ਹੋ ਰਹੇ ਇਕਹਿਰੇ ਪਰਿਵਾਰਾਂ ਦੀ ਤ੍ਰਾਸਦੀ ਦੀ ਉਪਜ ਏ ਨਵੀਂ ਪੀੜ੍ਹੀ 'ਚ ਛਾਈ ਮਾਯੂਸੀ, ਉਦਾਸੀ ਤੇ ਉਪਰਾਮਤਾ।

ਪਿਤਾ ਫਿਕਰਮੰਦੀ ਦੀ ਦਰਗਾਹ। ਉਸ ਦੇ ਮਨ 'ਚ ਹਮੇਸ਼ਾ ਕੁਝ ਚੰਗਾ ਕਰਨ ਦਾ ਚਾਅ। ਨਵੇਂ ਦਿਸਹੱਦਿਆਂ ਦੀ ਦੱਸ ਪਾਉਂਦਾ ਰਾਹ ਅਤੇ ਉਸ ਦਾ ਰਾਹੀ ਬਣ ਕੇ ਮੰਜ਼ਲ 'ਤੇ ਪਹੁੰਚਣ ਦਾ ਉਮਾਹ।

ਇਕੱਲੀਆਂ ਮਾਂਵਾਂ ਹੀ ਬੱਚਿਆਂ ਦਾ ਪਾਲਣ ਪੋਸ਼ਣ ਨਹੀਂ ਕਰਦੀਆਂ। ਕਈ ਵਾਰ ਅਣਸੁਖਾਵੇਂ ਹਾਲਾਤ ਜਾਂ ਬਦਲੇ ਸੰਦਰਭਾਂ ਕਾਰਨ ਬਾਪ ਵੀ ਬੱਚਿਆਂ ਨੂੰ ਬਾਖੂਬੀ ਪਾਲਦੇ ਨੇ। ਉਨ੍ਹਾਂ ਲਈ ਮਾਂ ਵੀ ਬਣਦੇ ਨੇ। ਉਨ੍ਹਾਂ ਦੀਆਂ ਜ਼ਰੂਰਤਾਂ ਦਾ ਖਿਆਲ ਰੱਖਦੇ ਨੇ ਅਤੇ ਕਿਸੇ ਨੂੰ ਸ਼ਿਕਵਾ ਕਰਨ ਦਾ ਮੌਕਾ ਨਹੀਂ ਦਿੰਦੇ।

ਬਾਪ ਦੇ ਮਨ 'ਚ ਆਪਣੇ ਬੱਚਿਆਂ ਪ੍ਰਤੀ ਸਮਰਪਣ ਤੇ ਸਾਧਨਾ ਸਦਕਾ ਹੀ ਬਹੁਤੀ ਵਾਰ ਉਹ ਆਪਣੀ ਨਿਜੀ ਜ਼ਿੰਦਗੀ ਦੀਆਂ ਤਰਜੀਹਾਂ ਬਦਲ ਕੇ ਉਨ੍ਹਾਂ ਨੂੰ ਆਪਣੇ ਬੱਚਿਆਂ ਦੀ ਬਿਹਤਰੀ ਦੇ ਨਾਮ ਕਰ ਦਿੰਦਾ ਏ।

ਪਿਤਾ ਇਕ ਦਾਈਆ, ਇਕ ਰੋਅਬ। ਇਕ ਗਰਜਵਾਂ ਅੰਦਾਜ਼। ਤੁਸੀਂ ਕਿਸੇ ਵੀ ਰੁਤਬੇ 'ਤੇ ਪਹੁੰਚ ਜਾਵੋ, ਬਾਪ ਤੁਹਾਨੂੰ ਦਬਕਾ ਮਾਰ ਸਕਦਾ ਏ। ਤੁਹਾਡੀਆਂ ਗਲਤੀਆਂ ਦੱਸ ਸਕਦਾ ਏ। ਟੋਕ ਸਕਦਾ ਏ। ਰੋਕ ਸਕਦਾ ਏ। ਤੁਹਾਨੂੰ, ਤੁਹਾਡੇ ਬਚਪਨ ਦੇ ਨਾਮ ਨਾਲ ਹਾਕ ਮਾਰਦਾ ਏ ਤਾਂ ਤੁਹਾਡੇ ਚੇਤਿਆਂ ਦੀ ਜੂਹੇ ਬਚਪਨੇ ਦੇ ਫਕੀਰਾਨਾ ਪਲਾਂ ਦੀ ਯਾਦ ਵਰਤਮਾਨ ਨੂੰ ਸਰਸ਼ਾਰ ਕਰ ਜਾਂਦੀ ਏ। ਇਕ ਅਫਸਰ ਦੋਸਤ ਦਾ ਕਹਿਣਾ, "ਜਿੰਨਾ ਚਿਰ ਮੈਂ ਘਰ ਜਾ ਕੇ ਬਾਪ ਦੇ ਦਬਕੇ/ਝਿੜਕਾਂ/ਹੁਕਮਨਾਮੇ/ਹਦਾਇਤਾਂ ਦੇ ਪ੍ਰਵਚਨ ਨਾ ਸੁਣਾਂ, ਆਪਣੇ ਆਪ 'ਚ ਅਪੂਰਨ ਰਹਿੰਦਾ ਹਾਂ" ਕਿੰਨਾ ਵੱਡਾ ਸੱਚ ਹੈ।

ਪਿਤਾ ਸਮਾਜਿਕ ਸਰੋਕਾਰਾਂ ਅਤੇ ਬੀਤੇ ਦਾ ਜਿਉਂਦਾ-ਜਾਗਦਾ ਇਤਿਹਾਸ। ਸਾਰੇ ਸਮਾਜਿਕ ਕਾਰਜਾਂ ਦੀ ਰੂਹ। ਬਾਪ ਦੇ ਹੁੰਦਿਆਂ ਹਰ ਕੋਈ, ਪਰਿਵਾਰਕ ਤੇ ਸਮਾਜਿਕ ਰਸਮਾਂ, ਰਿਵਾਜਾਂ, ਸਮਾਗਮਾਂ ਆਦਿ ਦੀਆਂ ਸਮੁੱਚੀਆਂ ਜ਼ਿੰਮੇਵਾਰੀਆਂ ਤੋਂ ਸੁਰਖਰੂ। ਤੁਹਾਡਾ ਸਮਾਜਿਕ ਬੋਝ ਉਠਾ ਕੇ ਫਖਰ ਮਹਿਸੂਸ ਕਰਨ ਵਾਲਾ ਪਿਤਾ, ਤੁਹਾਡੀ ਰੂਹ ਦੀ ਆਂਦਰ, ਤੁਹਾਡੇ ਸਕੂਨ ਦਾ ਦਰ ਅਤੇ ਤੁਹਾਡੀ ਮੌਲਿਕਤਾ ਦਾ ਵਰ।

ਪਿਤਾ, ਤੁਹਾਡੀ ਸਰਬਮੁਖੀ ਸੋਚ ਦੇ ਪਨਪਣ ਤੇ ਫੈਲਣ ਦਾ ਸਾਧਨ। ਸ਼ਖਸੀਅਤ ਨੂੰ ਨਿਖਾਰਨ ਦਾ ਸਬੱਬ। ਪੰਡਿਤ ਜਵਾਹਰ ਲਾਲ ਨਹਿਰੂ ਜਦ ਜੇਲ੍ਹ 'ਚੋਂ ਆਪਣੀ ਧੀ ਨੂੰ ਲਿਖੀਆਂ ਚਿੱਠੀਆਂ 'ਚ ਭਾਰਤ ਦੀ ਸਮੁੱਚੀ ਇਤਿਹਾਸਕ, ਮਿਥਿਹਾਸਕ ਅਤੇ ਰਾਜਨੀਤਕ ਵਿਰਾਸਤ ਲਿਖਦਾ ਸੀ ਤਾਂ ਉਸ ਦੇ ਮਨ 'ਚ ਧੀ ਨੂੰ ਭਾਰਤ ਦੇ ਅਮੀਰ ਵਿਰਸੇ ਤੋਂ ਜਾਣੂ ਕਰਵਾਉਣਾ ਸੀ ਅਤੇ ਉਸ 'ਚੋਂ ਚੰਗੇਰੇ ਨੂੰ ਆਪਣੇ ਅੰਦਰ 'ਚ ਉਤਾਰ ਆਪੇ ਨੂੰ ਨਿਖਾਰਨਾ ਵੀ ਸੀ ਤਾਂ ਕਿ ਉਸ ਦੀ ਧੀ ਭਵਿੱਖ 'ਚ ਇਕ ਚੰਗੇਰੀ ਪਛਾਣ ਸਿਰਜ ਸਕੇ। ਇਕ ਪਿਤਾ ਵਲੋਂ ਆਪਣੀ ਧੀ ਲਈ ਢੇਰ ਸਾਰੀਆਂ ਸ਼ੁਭਕਾਮਨਾਵਾਂ ਅਤੇ ਉਜਲ ਭਵਿੱਖ ਲਈ ਸੁਚੇਤ ਪੱਧਰ 'ਤੇ ਕੀਤੇ ਸਾਰਥਕ ਯਤਨਾਂ ਦਾ ਨਤੀਜਾ ਸੀ, ਇੰਦਰਾ ਗਾਂਧੀ ਦਾ ਭਾਰਤ ਦੇ ਰਾਜਨੀਤਕ ਦ੍ਰਿਸ਼ ਉਤੇ ਬੜੇ ਲੰਮੇ ਸਮੇਂ ਤੀਕ ਛਾਇਆ ਰਹਿਣਾ-ਜਿਉਂਦੀ ਜਾਗਦੀ ਮਿਸਾਲ।

ਇਕ ਬਾਪ-ਮਨ ਦੀ ਤੀਬਰਤਾ ਦਾ ਅੰਦਾਜ਼ਾ ਉਸ ਚਿੱਠੀ ਤੋਂ ਲਾਇਆ ਜਾ ਸਕਦਾ ਹੈ ਜੋ ਅਬਰਾਹਮ ਲਿੰਕਨ ਨੇ ਆਪਣੇ ਪੁੱਤਰ ਦੇ ਟੀਚਰ ਨੂੰ ਲਿਖਦਿਆਂ ਕਿਹਾ, "ਮੇਰੇ ਬੱਚੇ ਨੂੰ ਗਲਤ/ਸਹੀ ਸਮਝਣ ਦੀ ਮੱਤ ਆਵੇ। ਉਸ ਨੂੰ ਜਿੱਤ 'ਚ ਨਿਰਮਾਣਤਾ ਅਤੇ ਹਾਰ 'ਚ ਫਰਾਖਦਿਲੀ ਵਿਖਾਉਣ ਦਾ ਵੱਲ ਆਵੇ। ਉਸ ਨੂੰ ਦੁਨਿਆਵੀ ਸੁੱਖ ਖੁਸ ਜਾਣ 'ਤੇ ਮੁਸ਼ਕਿਲਾਂ ਤੇ ਦੁਸ਼ਵਾਰੀਆਂ ਦਾ ਸਾਹਮਣਾ ਕਰਨ ਦੀ ਜਾਚ ਆਵੇ। ਹੱਸਦਿਆਂ, ਰੋਣਾ ਯਾਦ ਰਹੇ। ਸਫਲਤਾ ਦੀਆਂ ਬੁਲੰਦੀਆਂ ਛੂੰਹਦਿਆਂ, ਉਸ ਦੇ ਪੈਰ ਧਰਤੀ 'ਤੇ ਟਿਕੇ ਰਹਿਣ। ਉਸ ਨੂੰ ਅਤਿ ਗਮਗੀਨ ਹਾਲਤਾਂ 'ਚ ਵੀ ਮੁਸਕਰਾਉਣ ਦਾ ਵੱਲ ਆਵੇ ਅਤੇ ਉਸ ਦਾ ਜਿਉਣਾ, ਹਰ ਇਕ ਨੂੰ ਜਿਉਣ ਦਾ ਅਦਬ ਸਿਖਾਵੇ।" ਇਹ ਚਿੱਠੀ ਕਾਮਨਾ ਏ, ਪੁੱਤਰ ਦੀ ਸੰਪੂਰਨ ਸ਼ਖਸੀਅਤ ਦੀ। ਉਸ ਦੀ ਜ਼ਿੰਦਗੀ ਨੂੰ ਚੁਫੇਰੇ ਫੈਲੇ ਸੱਚ ਮੁਤਾਬਕ ਸਿਰਜਣ ਦੀ।

ਪਿਤਾ ਕੁਲ ਦੀ ਪਛਾਣ, ਨਾਮੋ-ਨਿਸ਼ਾਨ ਅਤੇ ਜਵਾਨ ਹੋਏ ਬੱਚੇ, ਪਰਿਵਾਰ ਤੇ ਪਿਤਾ ਦੀ ਪਛਾਣ। ਇਸ ਪਛਾਣ ਦਾ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤੀਕ ਦਾ ਸੁਖਾਵਾਂ ਸਫਰ। ਨਵੇਂ ਮੀਲ ਪੱਥਰਾਂ ਦੀ ਸਿਰਜਣਾ 'ਚੋਂ ਉਕਰੇ ਨਰੋਏ ਨਕਸ਼।

ਮੇਰਾ ਬਾਪ

ਮੇਰਾ ਬਾਪ, ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ
ਬੂਹਾ ਖੋਲ੍ਹ ਕੇ
ਅੰਦਰ ਲੰਘ ਆਉਣ ਵਾਲਾ ਮੇਰਾ ਬਾਪ
ਬੈਲ ਮਾਰ ਕੇ ਉਡੀਕ ਕਰਦਾ ਹੈ ਕਿ
ਹਾਉਸ ਨੰਬਰ ਬਣੇ ਘਰ ਦਾ
ਗੇਟ ਕਦੋਂ ਖੁਲ੍ਹੇਗਾ।
ਗੇਟ ਖੁੱਲ੍ਹਣ 'ਤੇ
ਅੰਦਰ ਲੰਘ ਆਉਣ ਤੋਂ ਡਰਦਾ ਹੈ
ਘਰ 'ਚ ਰੱਖੇ ਜਰਮਨ ਸ਼ੈਫਰਡ ਤੋਂ।
ਅੰਦਰ ਲੰਘ ਕੇ
ਮੰਜੇ 'ਤੇ ਨਿੱਸਲ ਹੋਣ ਵਾਲਾ ਮੇਰਾ ਬਾਪ
ਸੋਫੇ 'ਚ ਸੁੰਗੜ ਜਾਂਦਾ ਹੈ।

ਗੜਵੀ ਚਾਹ ਦੀ ਪੀਣ ਵਾਲੇ ਬਾਪ ਨੂੰ
ਕੱਪ ਕੁ ਚਾਹ ਦਾ ਅਤੇ ਦੋ ਕੁ ਬਿਸਕੁਟ
ਨਿਰਾ ਮਖੌਲ ਜਾਪਦੇ ਨੇ।
ਮੇਰੇ ਬੱਚਿਆਂ ਨੂੰ ਅੱਖਰਦਾ ਹੈ
ਬਾਪ ਦਾ ਖੁਰਦਰੇ ਹੱਥਾਂ ਨਾਲ ਪਲੋਸਣਾ।
ਉਹ ਦਾਦੇ ਦੀਆਂ ਗੱਲਾਂ ਦਾ
ਹੁੰਗਾਰਾ ਭਰਨ ਦੀ ਥਾਂ
ਕੰਪਿਊਟਰ ਤੇ ਟੀ.ਵੀ. 'ਚ ਖੁਭ ਜਾਂਦੇ ਨੇ।
ਬਾਬੇ ਦੀਆਂ ਬਾਤਾਂ
ਮਸੋਸ ਕੇ ਰਹਿ ਜਾਂਦੀਆਂ ਨੇ
ਮੇਰੇ ਰੁਝੇਵਿਆਂ ਨੇ ਖਾ ਲਿਆ ਹੈ
ਬਾਪ ਦੀਆਂ ਨਸੀਹਤਾਂ ਦਾ ਹੁੰਗਾਰਾ।
ਮੱਕੀ ਦੀ ਰੋਟੀ ਅਤੇ
ਕੌਲਾ ਸਾਗ ਦਾ ਖਾਣ ਵਾਲੇ
ਬਾਪ ਦੀ ਭੁੱਖ ਮਰ ਜਾਂਦੀ ਹੈ
ਜਦ ਉਸ ਨੂੰ ਖਾਣ ਲਈ ਪੀਜ਼ਾ ਦਿੰਦੇ ਹਾਂ।

ਦਲਾਨ ਵਿਚ ਮੰਜਾ ਡਾਹ ਕੇ
ਸੌਣ ਵਾਲੇ ਬਾਪ ਨੂੰ
ਬੈਡਰੂਮ ਵਿਚ ਨੀਂਦ ਨਹੀਂ ਆਉਂਦੀ
ਤੇ ਸੂਰਜ ਡੁੱਬਣ ਸਾਰ ਸੌਣ ਵਾਲੇ ਬਾਪ ਦੀ
ਕੱਚੀ ਨੀਂਦ ਤਿੜਕ ਜਾਂਦੀ ਹੈ,
ਜਦ ਅਸੀਂ ਪਾਰਟੀ ਤੋਂ ਬਾਅਦ
ਅੱਧੀ ਰਾਤ ਨੂੰ ਘਰ ਪਰਤਦੇ ਹਾਂ।

ਉਹ ਅੰਮ੍ਰਿਤ ਵੇਲੇ ਉਠ
ਇਸ਼ਨਾਨ ਕਰ, ਨੌਕਰ ਹੱਥੋਂ
ਚਾਹ ਦਾ ਕੱਪ ਪੀ
ਸਾਡੇ ਜਾਗਣ ਤੋਂ ਪਹਿਲਾਂ ਪਹਿਲਾਂ
ਪਿੰਡ ਨੂੰ ਪਰਤ ਜਾਂਦਾ ਹੈ।
ਅਕਸਰ ਹੀ ਮੇਰਾ ਬਾਪ ਬਹੁਤ ਘੱਟ
ਮੈਨੂੰ ਮਿਲਣ ਸ਼ਹਿਰ ਆਉਂਦਾ ਹੈ

-ਡਾ. ਗੁਰਬਖਸ਼ ਸਿੰਘ ਭੰਡਾਲ

ਬਾਪ

ਮਾਂ ਨੂੰ ਸਾਰਾ ਜੱਗ ਦਿੰਦਾ ਉਚਾ ਦਰਜਾ
ਪਰ ਮਾਂ ਨ੍ਹੀਂ ਇਕੱਲੀ, ਬਾਪ ਵੀ ਹੈ।
ਉਹਨੂੰ ਕੋਈ ਯਾਦ ਨ੍ਹੀਂ ਕਰਦਾ,
ਦੁੱਖ ਤਕਲੀਫ ਦੀ ਪੰਡ
ਜੋ ਸਿਰ 'ਤੇ ਚੁੱਕੀ ਫਿਰਦਾ।
ਮੁਖੀ ਬਣ ਪਰਿਵਾਰ ਦੀ ਜੋ ਰਾਖੀ ਕਰਦਾ
ਮਾਂ ਨ੍ਹੀਂ ਇਕੱਲੀ, ਬਾਪ ਵੀ ਹੈ।
ਉਹਨੂੰ ਕੋਈ ਯਾਦ ਨ੍ਹੀਂ ਕਰਦਾ।

ਉਂਗਲ ਫੜ ਜੋ ਸਾਨੂੰ ਚੱਲਣਾ ਸਿਖਾਵੇ
ਸਾਡੀ ਖੁਸ਼ੀ ਲਈ ਜੋ ਹਰ ਤਕਲੀਫ ਹੰਢਾਵੇ
ਪੜ੍ਹ-ਲਿਖ ਪਾਉਣ ਤਰੱਕੀਆਂ
ਇਹੋ ਕਾਮਨਾ ਕਰਦਾ।
ਮਾਂ ਨ੍ਹੀਂ ਇਕੱਲੀ, ਬਾਪ ਵੀ ਹੈ
ਉਹਨੂੰ ਕੋਈ ਯਾਦ ਨ੍ਹੀਂ ਕਰਦਾ।

ਸਾਡੇ ਲਈ ਹੀ ਸਿਰ 'ਤੇ ਚੁੱਕਦਾ ਕਰਜ਼ਾ
ਸਾਡੀ ਹਰ ਇੱਕ ਰੀਝ ਨੂੰ ਪੂਰੀ ਕਰਦਾ।
ਉਪਰੋਂ-ਉਪਰੋਂ ਭਾਵੇਂ ਕਰੇ ਗੁੱਸਾ
ਪਰ ਦਿਲੋਂ ਪਿਆਰ ਵੀ ਕਰਦਾ।
ਮਾਂ ਨ੍ਹੀਂ ਇਕੱਲੀ, ਬਾਪ ਵੀ ਹੈ
ਉਹਨੂੰ ਕੋਈ ਯਾਦ ਨ੍ਹੀਂ ਕਰਦਾ।

ਜਿਸ ਸਿਰ ਹੋਵੇ ਬਾਪ ਦਾ ਹੱਥ
ਉਹ ਬੇਪਰਵਾਹ ਮੌਜਾਂ ਮਾਣੇ।
ਗੱਲ ਇਹ ਰਤਾ ਝੂਠ ਨ੍ਹੀਂ
ਸਾਰਾ ਜੱਗ ਇਹਨੂੰ ਜਾਣੇ।
'ਸੰਗੂ' ਬੈਠ ਗੱਲਾਂ ਖਰੀਆਂ ਕਰਦਾ।
ਮਾਂ ਨ੍ਹੀਂ ਇਕੱਲੀ, ਬਾਪ ਵੀ ਹੈ
ਉਹਨੂੰ ਕੋਈ ਯਾਦ ਨ੍ਹੀਂ ਕਰਦਾ।

-ਦਿਲਬਰ ਸਿੰਘ ਸੰਗੂ

ਸੇਵਾ ਦਾ ਆਦਰਸ਼ ਰੂਪ ਭਾਈ ਘਨੱਈਆ

ਦਿੱਲੀ ਵੱਸਦੇ ਸ਼ਾਇਰ, ਚਿੱਤਰਕਾਰ ਅਤੇ ਕਲਾ ਆਲੋਚਕ ਜਗਤਾਰਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਮਹਾਨ ਸ਼ਖਸੀਅਤ ਭਾਈ ਘਨੱਈਆ ਬਾਰੇ ਇਤਿਹਾਸ ਦੇ ਵਰਕੇ ਫਰੋਲੇ ਹਨ। ਇਹ ਵਰਕੇ ਫਰੋਲਣ ਲਈ ਉਨ੍ਹਾਂ ਮਸ਼ਹੂਰ ਚਿੱਤਰਕਾਰ ਕ੍ਰਿਪਾਲ ਸਿੰਘ ਵੱਲੋਂ ਭਾਈ ਘਨੱਈਆ ਬਾਰੇ ਬਣਾਏ ਗਏ ਚਿੱਤਰ ਨੂੰ ਆਧਾਰ ਬਣਾਇਆ ਹੈ। ਚਿੱਤਰ ਦੀ ਇਸ ਵਿਖਿਆਇਆ ਨਾਲ ਭਾਈ ਘਨੱਈਆ ਦੇ ਜੀਵਨ ਅਤੇ ਸਿੱਖੀ ਦੇ ਸਰੋਕਾਰਾਂ ਬਾਰੇ ਹੋਰ ਡੂੰਘੀ ਸੂਹ ਮਿਲਦੀ ਹੈ। ਅਸੀਂ ਇਹ ਲੇਖ ਆਪਣੇ ਪਾਠਕਾਂ ਲਈ ਛਾਪਣ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ

ਸੇਵਾ ਨੂੰ ਸਿੱਖ ਧਰਮ ਵਿਚ ਖਾਸ ਮਹੱਤਵ ਪ੍ਰਾਪਤ ਹੈ। ਇਸ ਦੀ ਸ਼ੁਰੂਆਤ ਗੁਰੂ ਨਾਨਕ ਤੋਂ ਹੀ ਹੋ ਗਈ ਸੀ, ਜਦੋਂ ਪਿਤਾ ਮਹਿਤਾ ਕਲਿਆਣ ਦਾਸ ਨੇ ਉਨ੍ਹਾਂ ਨੂੰ ਵਪਾਰ ਸ਼ੁਰੂ ਕਰਨ ਲਈ ਵੀਹ ਰੁਪਏ ਦਿੱਤੇ ਸਨ। ਗੁਰੂ ਨਾਨਕ ਤੋਂ ਬਾਅਦ ਹੋਰ ਸਾਰੇ ਗੁਰੂ ਸਾਹਿਬਾਨ ਨੇ ਇਸ ਰੀਤ ਨੂੰ ਹੋਰ ਦ੍ਰਿੜ੍ਹ ਕੀਤਾ। ਗੁਰੂ ਗੋਬਿੰਦ ਸਿੰਘ ਤਕ ਪਹੁੰਚਦਿਆਂ-ਪਹੁੰਚਦਿਆਂ ਇਸ ਦਾ ਦਾਇਰਾ ਹੋਰ ਵਸੀਹ ਹੋ ਗਿਆ।

ਸੇਵਾ ਦਾ ਜ਼ਿਕਰ ਚਲਦਾ ਹੈ ਤਾਂ ਭਾਈ ਘਨੱਈਆ ਦਾ ਨਾਂ ਆਪਣੇ ਆਪ ਜ਼ੁਬਾਨ 'ਤੇ ਆ ਜਾਂਦਾ ਹੈ। ਭਾਈ ਘਨੱਈਆ ਪਹਿਲਾਂ-ਪਹਿਲ ਸਿੱਖਾਂ ਦੇ ਸੱਤਵੇਂ ਗੁਰੂ ਹਰਿ ਰਾਏ ਦੇ ਸੰਪਰਕ ਵਿਚ ਆਏ ਅਤੇ ਆਪਣੀ ਸੇਵਾ ਭਾਵਨਾ ਸਦਕਾ ਗੁਰੂ ਤੇਗ ਬਹਾਦਰ ਤੇ ਫਿਰ ਗੁਰੂ ਗੋਬਿੰਦ ਸਿੰਘ ਦੇ ਨੇੜੇ ਹੋ ਗਏ। ਉਨ੍ਹਾਂ ਖੁਦ ਨੂੰ ਸੇਵਾ ਵਿਚ ਸਦਾ ਰਮਾਈ ਰੱਖਿਆ।

ਜਗਤਾਰਜੀਤ ਸਿੰਘ
ਫੋਨ: +91-98990-91186

ਇਉਂ ਸਿੱਖ ਪੰਥ ਵਿਚ ਇਕ ਹੋਰ ਪੰਥ 'ਸੇਵਾ ਪੰਥ' ਦੀ ਨੀਂਹ ਪਈ।

ਭਾਈ ਘਨੱਈਆ ਦਾ ਜਨਮ 1648 ਵਿਚ ਸੋਧਰਾ ਕਸਬੇ (ਅਜੋਕੇ ਪਾਕਿਸਤਾਨ) ਵਿਚ ਹੋਇਆ ਸੀ। ਇਹ ਕਸਬਾ ਚਨਾਬ ਦਰਿਆ ਕੰਢੇ ਵਸਦੇ ਵਜ਼ੀਰਾਬਾਦ ਤੋਂ ਪੰਜ ਕੁ ਮੀਲ ਦੀ ਵਿੱਥ 'ਤੇ ਹੈ। ਭਾਈ ਘਨੱਈਆ ਦਾ ਪਿਤਾ ਨੱਥੂ ਰਾਮ ਵਪਾਰੀ ਸੀ ਜੋ ਸ਼ਾਹੀ ਫ਼ੌਜਾਂ ਨੂੰ ਰਸਦ ਅੱਪੜਦੀ ਕਰਦਾ ਸੀ। ਘਰ ਪੈਸੇ ਦੀ ਕਮੀ ਨਹੀਂ ਸੀ। ਭਾਈ ਘਨੱਈਆ ਚੜ੍ਹਦੀ ਉਮਰ ਤੋਂ ਹੀ ਸੰਸਾਰੀ ਹੋਣ ਦੀ ਬਜਾਏ ਸੇਵਾ, ਤਿਆਗ ਅਤੇ ਪ੍ਰਭੂ ਭਗਤੀ ਵੱਲ ਤੁਰ ਪਏ। ਘਰੋਂ ਮਿਲਣ ਵਾਲੇ ਪੈਸੇ ਸਾਧੂ, ਸੰਤਾਂ ਅਤੇ ਲੋੜਵੰਦਾਂ ਵਿਚ ਵੰਡ ਦਿੰਦੇ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਕਰਦੇ। ਮਾਪਿਆਂ ਨੇ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਮੋੜਾ ਨਾ ਪਿਆ। ਥੱਕ ਹਾਰ ਕੇ ਉਨ੍ਹਾਂ ਘਰ ਵਿਚ ਹੀ ਇਕ ਕਮਰਾ ਪਾ ਦਿੱਤਾ, ਜਿਥੇ ਉਹ ਖੁਦ ਰਹਿੰਦੇ ਅਤੇ ਆਏ-ਗਏ ਦੀ ਦੇਖ-ਰੇਖ ਕਰਦੇ। ਖਰਚੇ ਦੇ ਸਾਰੇ ਪੈਸੇ ਘਰੋਂ ਹੀ ਮਿਲ ਜਾਂਦੇ।

ਜਦੋਂ ਗੁਰੂ ਤੇਗ ਬਹਾਦਰ ਆਨੰਦਪੁਰ ਪਹੁੰਚੇ ਤਾਂ ਭਾਈ ਘਨੱਈਆ ਨੇ ਉਥੇ ਪਹੁੰਚ ਕੇ ਸੰਗਤ ਦੀ ਸੇਵਾ ਆਰੰਭ ਦਿੱਤੀ। ਇਸ ਉਪਰੰਤ ਲੰਗਰ ਅਤੇ ਘੋੜਿਆਂ ਦੀ ਦੇਖ-ਭਾਲ ਵਿਚ ਰੁਝ ਗਏ। ਭਾਈ ਘਨੱਈਆ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਕਿਹਾ, "ਤੁਸੀਂ ਹੁਣ ਕਿਸੇ ਹੋਰ ਥਾਂ ਜਾ ਕੇ ਸੇਵਾ ਜਾਰੀ ਰੱਖੋ।"

ਘਰ ਜਾਂਦਿਆਂ ਪਿਆਸ ਲੱਗਣ ਕਾਰਨ ਰਾਹ ਵਿਚ ਰੁਕਣਾ ਪਿਆ। ਜਿਸ ਕੋਲੋਂ ਪਾਣੀ ਮੰਗਿਆ, ਉਸ ਨੇ ਇਹ ਕਹਿ ਕੇ ਮੋੜ ਦਿੱਤਾ ਕਿ ਇਥੇ ਪਾਣੀ ਦੀ ਕਿੱਲਤ ਹੈ। ਆਪਣੀ ਪਿਆਸ ਬੁਝਾਉਣ ਤੋਂ ਬਾਅਦ ਉਨ੍ਹਾਂ ਉਥੇ ਟਿਕੇ ਰਹਿਣ ਦਾ ਮਨ ਬਣਾ ਲਿਆ। ਉਹ ਥੋੜ੍ਹੀ ਵਿੱਥ 'ਤੇ ਵਗਦੀ ਨਦੀ ਵਿਚੋਂ ਪਾਣੀ ਦਾ ਘੜਾ ਭਰ ਲਿਆਉਂਦੇ। ਉਨ੍ਹਾਂ ਵੱਲੋਂ ਪਿਆਸਿਆਂ ਨੂੰ ਜਲ ਛਕਾਉਣ ਦੀ ਕੀਰਤੀ ਸਮੇਂ ਨਾਲ ਦੂਰ ਦੂਰ ਤਕ ਫੈਲ ਗਈ। ਗੁਰੂ ਤੇਗ ਬਹਾਦਰ ਦੀ ਸ਼ਹੀਦੀ (1675) ਉਪਰੰਤ ਬਾਲ ਗੋਬਿੰਦ ਰਾਏ ਗੱਦੀ 'ਤੇ ਬੈਠੇ। 1678 ਵਿਚ ਭਾਈ ਘਨੱਈਆ, ਗੁਰੂ ਗੋਬਿੰਦ ਰਾਏ ਪਾਸ ਆਨੰਦਪੁਰ ਆ ਗਏ। ਮੋਢੇ 'ਤੇ ਲਮਕਦੀ ਮਸ਼ਕ ਜਾਂ ਸਿਰ ਉਪਰ ਰੱਖਿਆ ਘੜਾ ਉਨ੍ਹਾਂ ਦੀ ਨਿਸ਼ਾਨੀ ਸੀ। ਛੇਤੀ ਹੀ ਆਨੰਦਪੁਰ ਦੀ ਧਰਤੀ ਜੰਗ ਦੇ ਮੈਦਾਨ ਵਿਚ ਬਦਲ ਗਈ। ਇਕ ਪਾਸੇ ਸ਼ਸਤਰਾਂ ਦੇ ਆਪਸ ਵਿਚ ਭਿੜਨ ਅਤੇ ਜ਼ਖਮੀ ਸਿਪਾਹੀਆਂ ਦੀਆਂ ਦਰਦੀਲੀਆਂ ਆਵਾਜ਼ਾਂ ਸਨ ਤਾਂ ਦੂਜੇ ਪਾਸੇ ਉਸ ਦੁਆਲੇ ਨੂੰ ਚੀਰ ਕੇ ਮਸ਼ਕ ਵਿਚੋਂ ਨਿਕਲਦੇ ਪਾਣੀ ਦੀ ਕਲ-ਕਲ ਦੀ ਆਵਾਜ਼ ਸੁਣਨ ਨੂੰ ਮਿਲਣ ਲੱਗੀ। ਬਿਨਾਂ ਭਿੰਨ-ਭੇਦ ਕੀਤਿਆਂ ਭਾਈ ਘਨੱਈਆ ਦੀ ਜਲ ਸੇਵਾ ਕਈ ਸਿੱਖਾਂ ਨੂੰ ਚੰਗੀ ਨਾ ਲੱਗੀ। ਗੁਰੂ ਜੀ ਨੇ ਸ਼ਿਕਾਇਤ ਦੇ ਨਿਪਟਾਰੇ ਲਈ ਭਾਈ ਘਨੱਈਆ ਨੂੰ ਬੁਲਾਇਆ। ਉਨ੍ਹਾਂ ਨੇ ਸਭ ਸਾਹਮਣੇ ਕਿਹਾ, "ਗੁਰੂ ਸਾਹਿਬ, ਮੈਨੂੰ ਮੈਦਾਨ-ਇ-ਜੰਗ ਵਿਚ ਕੋਈ ਹਿੰਦੂ, ਸਿੱਖ ਜਾਂ ਮੁਸਲਮਾਨ ਨਹੀਂ ਦਿਸਦਾ। ਮੈਨੂੰ ਤਾਂ ਸਭਨਾਂ ਵਿਚੋਂ ਤੁਸੀਂ ਨਜ਼ਰ ਆਉਂਦੇ ਹੋ। ਮੈਂ ਤਾਂ ਤੁਹਾਨੂੰ ਪਾਣੀ ਪਿਲਾਉਂਦਾ ਹਾਂ।" ਇਹ ਵਿਚਾਰ ਸੁਣ ਕੇ ਗੁਰੂ ਜੀ ਪ੍ਰਸੰਨ ਹੋਏ। ਉਨ੍ਹਾਂ ਨੇ ਭਾਈ ਘਨੱਈਆ ਨੂੰ ਮੱਲ੍ਹਮ ਬਖ਼ਸ਼ਦਿਆਂ ਕਿਹਾ, "ਹੁਣ ਤੁਸੀਂ ਪਾਣੀ ਪਿਲਾਉਣ ਦੇ ਨਾਲ ਨਾਲ ਜ਼ਖ਼ਮੀਆਂ ਦੇ ਜ਼ਖ਼ਮਾਂ 'ਤੇ ਮੱਲ੍ਹਮ ਵੀ ਲਗਾ ਦਿਆ ਕਰੋ।"

ਸਿੱਖ ਦੇ ਵਿਹਾਰ ਨੂੰ ਗੁਰੂ ਜੀ ਦੀ ਸਹਿਮਤੀ ਮਿਲਣ ਉਪਰੰਤ ਇਹ ਸਿੱਖੀ ਦਾ ਨੇਮ ਬਣ ਗਿਆ ਕਿ ਹਰ ਗੁਰਸਿੱਖ ਇਸੇ ਲੀਹ ਤੁਰੇ। ਭਾਈ ਘਨੱਈਆ ਦੀ ਕਾਰਜ ਸ਼ੈਲੀ ਨੇ 'ਸੇਵਾ ਪੰਥ' ਨੂੰ ਜਨਮ ਦਿੱਤਾ। ਸੇਵਾ ਪੰਥ ਸੰਪਰਦਾਇ ਦਾ ਮੁੱਖ ਡੇਰਾ ਗੋਨਿਆਣਾ ਮੰਡੀ (ਬਠਿੰਡਾ) ਵਿਖੇ ਹੈ।

ਆਮ ਲੋਕਾਂ ਤੋਂ ਇਲਾਵਾ ਲੇਖਕ ਤੇ ਚਿੱਤਰਕਾਰ ਵੀ ਭਾਈ ਘਨੱਈਆ ਦੀ ਜੀਵਨ ਸ਼ੈਲੀ ਵੱਲ ਖਿੱਚੇ ਗਏ ਹਨ। ਚਿੱਤਰਕਾਰਾਂ ਵਿਚੋਂ ਸੋਭਾ ਸਿੰਘ ਅਤੇ ਕ੍ਰਿਪਾਲ ਸਿੰਘ ਮੁੱਖ ਹਨ ਜਿਨ੍ਹਾਂ ਨੇ ਇਸ ਸੇਵਾਦਾਰ ਦੇ ਕਰਮ ਨੂੰ ਵਿਸ਼ਾ ਬਣਾ ਕੇ ਚਿੱਤਰ ਬਣਾਏ। ਚਿੱਤਰਾਂ ਦਾ ਕਰਮ ਭਾਵੇਂ ਇਕੋ ਹੈ, ਪਰ ਦੋਵਾਂ ਵੱਲੋਂ ਤਿਆਰ ਕੀਤੇ ਦ੍ਰਿਸ਼ ਭਿੰਨ ਭਿੰਨ ਹਨ। ਦੋਵੇਂ ਦ੍ਰਿਸ਼ ਰਚਨਾਕਾਰਾਂ ਦੀ ਮਾਨਸਿਕਤਾ ਅਤੇ ਇਤਿਹਾਸ ਪ੍ਰਤੀ ਦ੍ਰਿਸ਼ਟੀ ਦਰਸਾਉਂਦੇ ਹਨ।

ਕ੍ਰਿਪਾਲ ਸਿੰਘ ਦੀ ਰਚਨਾ ਦਾ ਆਕਾਰ ਚੌਤੀ ਗੁਣਾ ਪੰਜਤਾਲੀ ਇੰਚ ਹੈ। ਇਸ ਦੇ ਰਚੇ ਜਾਣ ਦਾ ਵਰ੍ਹਾ 1957 ਹੈ। ਇਤਿਹਾਸ ਤੋਂ ਮਿਲਦੀ ਜਾਣਕਾਰੀ ਮੁਤਾਬਿਕ ਇਹ ਸਥਾਨ ਆਨੰਦਪੁਰ ਦੇ ਆਸ-ਪਾਸ ਦਾ ਹੈ ਜਦੋਂ ਮੁਗ਼ਲ ਫ਼ੌਜਾਂ ਅਤੇ ਪਹਾੜੀ ਰਾਜਿਆਂ ਨੇ ਮਿਲ ਕੇ ਸਿੰਘਾਂ ਨੂੰ ਘੇਰਾ ਘੱਤ ਲਿਆ ਸੀ।

ਦ੍ਰਿਸ਼ ਅਤੇ ਵੇਲਾ ਭਾਵੇਂ ਲੜਾਈ ਦਾ ਹੈ, ਪਰ ਇਹ ਗਹਿਗੱਚ ਲੜਾਈ ਨੂੰ ਨਹੀਂ ਦਰਸਾਉਂਦਾ। ਪੇਂਟਿੰਗ ਦਾ ਉਦੇਸ਼ ਅਤੇ ਸੰਦੇਸ਼ ਜੰਗ ਨਹੀਂ ਹੈ। ਇਸੇ ਲਈ ਮੂਲ ਪਾਤਰ ਰਵਾਇਤੀ ਹਥਿਆਰਾਂ ਨਾਲ ਲੈਸ ਨਹੀਂ ਹੈ। ਉਹ ਤਾਂ ਮੈਦਾਨ-ਇ-ਜੰਗ ਵਿਚ ਪਾਣੀ ਪਿਲਾ ਰਿਹਾ ਹੈ। ਇਉਂ ਇਹ ਸ਼ਖ਼ਸੀਅਤ ਆਪਣੇ ਨਿੱਤ ਦੇ ਕੰਮ ਅਤੇ ਆਪਣੀ ਜੀਵਨ ਸ਼ੈਲੀ ਕਰ ਕੇ ਵਿਲੱਖਣ ਯੋਧਾ ਹੈ। ਕ੍ਰਿਪਾਲ ਸਿੰਘ ਇਤਿਹਾਸਕ ਘਟਨਾ ਨੂੰ ਆਪਣੀ ਪੇਂਟਿੰਗ ਦਾ ਆਧਾਰ ਬਣਾਉਂਦਾ ਹੈ। ਲੜਾਈ ਉਜਾਗਰ ਕਰਦੇ ਦ੍ਰਿਸ਼ ਚਿੱਤਰ ਵਿਚ ਮੁਸੱਵਰ ਉਸ ਲੜਾਕੇ ਨੂੰ ਧਿਆਨ ਵਿਚ ਰੱਖਦਾ ਹੈ ਜਿਹੜਾ ਬਲਸ਼ਾਲੀ ਹੈ, ਵਿਲੱਖਣ ਹੈ। ਰਣ ਖੇਤਰ ਵਿਚ ਲੜਾਕਾ ਮਰਨ-ਮਾਰਨ ਦੀ ਨੀਅਤ ਲੈ ਕੇ ਜੁਝਦਾ ਹੈ। ਦੋਵਾਂ ਤਰ੍ਹਾਂ ਦੀ ਹੋਣੀ ਤੋਂ ਉਹ ਉਦੋਂ ਤਕ ਅਣਜਾਣ ਰਹਿੰਦਾ ਹੈ ਜਦੋਂ ਤਕ ਯੁੱਧ ਦਾ ਅੰਤ ਨਹੀਂ ਹੋ ਜਾਂਦਾ।

ਚਿੱਤਰ ਅਨੁਸਾਰ ਭਾਈ ਘਨੱਈਆ ਯੁੱਧ ਖੇਤਰ ਵਿਚ ਆਪਣੇ ਜਿਹੇ ਆਪ ਹਨ। ਉਨ੍ਹਾਂ ਦੇ ਮੁਕਾਬਲੇ ਵਿਚ ਕੋਈ ਹੋਰ ਨਹੀਂ ਹੈ। ਉਹ ਹਥਿਆਰਬੰਦ ਵੀ ਨਹੀਂ। ਯੁੱਧ ਖੇਤਰ ਵਿਚ ਬਿਨਾਂ ਹਥਿਆਰ ਵਿਚਰਨਾ ਦੋ ਗੱਲਾਂ ਵੱਲ ਧਿਆਨ ਖਿੱਚਦਾ ਹੈ। ਇਕ, ਉਸ ਦਾ ਮਾਨਸਿਕ ਸੰਤੁਲਨ ਸਹਿਜ ਨਹੀਂ। ਦੋ, ਉਹ ਆਤਮ-ਵਿਸ਼ਵਾਸ ਦਾ ਭਰਿਆ ਹੋਇਆ ਹੈ। ਸਭ ਕੁਝ ਦੇ ਬਾਵਜੂਦ ਉਸ ਦੇ ਹੱਥ ਵਿਚ ਜੀਵਨ ਦੇਣ ਅਤੇ ਜੀਵਨ ਲੈਣ ਦੀ ਤਾਕਤ ਮੌਜੂਦ ਹੈ। ਉਹ ਪਾਣੀ ਪਿਲਾ ਕੇ ਸਿਪਾਹੀਆਂ ਨੂੰ ਜੀਵਨ ਦੇ ਰਿਹਾ ਹੈ। ਉਹ ਪਾਣੀ ਨੂੰ ਹਥਿਆਰ ਵਾਂਗ ਵਰਤ ਸਕਦੇ ਸਨ, ਪਰ ਨਹੀਂ ਵਰਤ ਰਹੇ। ਇਹੋ ਗੁਣ-ਲੱਛਣ ਸੂਰਬੀਰ ਦਾ ਵੱਖਰਾਪਣ ਥਾਪ ਰਿਹਾ ਹੈ।

ਚਿਤੇਰੇ ਨੇ ਉਨ੍ਹਾਂ ਦੇ ਮੁਕਾਬਲੇ 'ਤੇ ਕਿਸੇ ਨੂੰ ਬਣਾਇਆ ਹੀ ਨਹੀਂ, ਕਿਉਂਕਿ ਉਹੋ ਜਿਹਾ ਵਿਹਾਰ ਕਰਨ ਵਾਲਾ ਕੋਈ ਹੋਰ ਨਹੀਂ ਹੈ। ਨਾ ਦ੍ਰਿਸ਼ ਵਿਚ ਅਤੇ ਨਾ ਦ੍ਰਿਸ਼ ਤੋਂ ਬਾਹਰ। ਪੇਂਟਿੰਗ ਵਿਚਾਰਨ ਦਾ ਇਹ ਕੇਂਦਰੀ ਸੰਦ ਹੈ ਜਿਸ ਨੂੰ ਵਰਤਦਿਆਂ ਅੱਗੇ ਵਧ ਸਕਦੇ ਹਾਂ। ਕੈਨਵਸ ਦੇ ਫਰੇਮ ਵਿਚ ਦੋ ਮੁੱਖ ਆਕਾਰ ਹਨ- ਮਸ਼ਕਧਾਰੀ ਭਾਈ ਘਨੱਈਆ ਅਤੇ ਜ਼ਖ਼ਮੀ ਮੁਗ਼ਲ ਸੈਨਿਕ। ਪਾਣੀ ਪੀ ਰਹੇ ਸੈਨਿਕ ਦੀ ਪਿੱਠ ਪਿੱਛੇ ਘੋੜਸਵਾਰ ਸਿੱਖ ਸਿਪਾਹੀ ਨੇਜ਼ੇ ਨਾਲ ਮੁਗ਼ਲ ਸਿਪਾਹੀ ਨੂੰ ਮਾਰ ਰਿਹਾ ਹੈ; ਪਰ ਘਨੱਈਆ, ਸਿੱਖ ਹੋਣ ਦੇ ਬਾਵਜੂਦ ਰਣ ਖੇਤਰ ਵਿਚ ਜੀਵਨ ਲੈਣ ਵਾਲਾ ਨਹੀਂ, ਜੀਵਨ ਦੇਣ ਵਾਲਾ ਹੈ। ਇਉਂ ਹੁੰਦਾ ਨਹੀਂ, ਹੁਣ ਹੋ ਰਿਹਾ ਹੈ। ਚਿੱਤਰ ਚੌਪਾਸੀਂ ਹੋ ਰਹੀਆਂ ਮੌਤਾਂ ਦਰਮਿਆਨ ਜੀਵਨ ਦਾ ਸੰਦੇਸ਼ ਸੰਚਾਰ ਰਿਹਾ ਹੈ। ਪਾਣੀ ਪਿਲਾਉਣ ਵਾਲਾ ਪੀਣ ਵਾਲੇ ਤੋਂ ਇਲਾਵਾ ਦੂਜਿਆਂ ਨੂੰ ਵੀ ਦੇਖ ਰਿਹਾ ਹੈ। ਇਉਂ ਉਹ ਵਡੇਰੇ ਸੰਸਾਰ ਨਾਲ ਜੁੜਿਆ ਹੋਇਆ ਹੈ ਜਦੋਂਕਿ ਪਾਣੀ ਪੀਣ ਵਾਲੇ ਦਾ ਆਪਣੇ ਤੋਂ ਛੁੱਟ ਕਿਸੇ ਹੋਰ ਵੱਲ ਨਿਮਖ ਮਾਤਰ ਧਿਆਨ ਨਹੀਂ ਹੈ।

ਚਿੱਤਰਕਾਰ ਕ੍ਰਿਪਾਲ ਸਿੰਘ ਭਾਈ ਘਨੱਈਆ ਦੇ ਕੰਮ ਦਾ ਅਨੁਸਰਨ ਕਰ ਰਿਹਾ ਹੈ। ਉਹ ਸਿੱਖ ਵੱਲੋਂ ਸਿੱਖ ਨੂੰ ਜਲ ਛਕਾਉਣ ਦਾ ਦ੍ਰਿਸ਼ ਸਹਿਜ ਭਾਵ ਨਾਲ ਬਣਾ ਸਕਦਾ ਸੀ। ਇਸ ਨਾਲ ਚਿੱਤਰ ਤਾਂ ਪੂਰਾ ਹੋਇਆ ਕਿਹਾ ਜਾ ਸਕਦਾ ਸੀ, ਪਰ ਉਹ ਸੰਚਾਰੇ ਜਾਣ ਵਾਲੇ ਉਦੇਸ਼ ਤੋਂ ਥਿੜਕ ਜਾਣਾ ਸੀ। ਇਸ ਰਾਹ ਤੁਰਨ ਨਾਲ ਇਹ ਰਚਨਾ ਇਤਿਹਾਸਕ ਪੱਖੋਂ ਝੂਠੀ ਹੋ ਜਾਣੀ ਸੀ। ਸਮੁੱਚੀ ਦ੍ਰਿਸ਼ਾਤਮਕ ਪੇਸ਼ਕਾਰੀ ਦੋ ਵਿਰੋਧੀ ਗੁੱਟਾਂ ਵਿਚ ਵੰਡੀ ਹੋਈ ਹੈ। ਉਂਜ ਵੀ ਯੁੱਧ ਭੂਮੀ ਦੋ ਵਿਰੋਧੀ ਗੁੱਟਾਂ ਵਿਚ ਵੰਡੀ ਹੁੰਦੀ ਹੈ। ਆਮ ਤੌਰ 'ਤੇ ਅਜਿਹੀਆਂ ਥਾਵਾਂ ਇਕਰਸ-ਇਕਰੰਗੀ ਹੁੰਦੀਆਂ ਹਨ। ਉਥੇ ਵੀਰਤਾ ਦਾ ਮਤਲਬ ਮਾਰਨ ਵਾਲਾ ਹੈ। ਹਰ ਕੋਈ ਆਪਣੇ ਵਿਰੋਧੀ ਨੂੰ ਖ਼ਤਮ ਕਰਨ ਵਿਚ ਰੁਝਿਆ ਰਹਿੰਦਾ ਹੈ। ਇਹ ਚਿੱਤਰ ਯੁੱਧ ਦੇ ਮੂਲ ਸੁਭਾਅ ਨੂੰ ਪਿਛਾਂਹ ਕਰਦਿਆਂ ਮਰਨ ਵਾਲੇ ਨੂੰ ਜੀਵਨ ਵੱਲ ਮੋੜਨ ਦਾ ਯਤਨ ਕਰਦਾ ਹੈ।

ਭਾਈ ਘਨੱਈਆ ਦੇ ਤਕੜੇ ਅਤੇ ਮਜ਼ਬੂਤ ਸਰੀਰ ਨੂੰ ਸਾਹਮਣਿਓਂ ਨਹੀਂ ਬਣਾਇਆ ਗਿਆ। ਚਿਹਰਾ ਇਕ ਚਸ਼ਮੀ ਅਤੇ ਪਿੱਠ ਨੂੰ ਜ਼ਿਆਦਾ ਮਹੱਤਵ ਦਿੱਤਾ ਹੈ। ਕਾਰਨ ਖੱਬੇ ਮੋਢੇ ਲਟਕੀ ਪਾਣੀ ਨਾਲ ਭਰੀ ਮਸ਼ਕ ਦਾ ਸੰਪੂਰਨ ਦੀਦਾਰ ਕਰਵਾਉਣਾ ਹੈ ਜਿਸ ਦੇ ਮੂੰਹ ਨੂੰ ਭਾਈ ਘਨੱਈਆ ਨੇ ਖੱਬੇ ਹੱਥ ਨਾਲ ਘੁੱਟ ਕੇ ਨੱਪਿਆ ਹੋਇਆ ਹੈ। ਮਸ਼ਕ ਦੇ ਧੁਰ ਦੂਜੇ ਪਾਸੇ ਨੂੰ ਸੱਜੇ ਹੱਥ ਦਾ ਆਸਰਾ ਮਿਲਿਆ ਦਿਖਦਾ ਹੈ। ਉਸੇ ਹੱਥ ਦੀ ਉਚੀ ਨੀਵੀਂ ਹਰਕਤ ਨਾਲ ਪਾਣੀ ਦੇ ਵਹਾਅ ਨੂੰ ਤੇਜ਼ ਜਾਂ ਮੱਠਾ ਕੀਤਾ ਜਾਂਦਾ ਹੈ।

ਵਸਤਰਾਂ ਦੇ ਨਾਂ 'ਤੇ ਕੁਝ ਵੀ ਸਜਾਵਟੀ ਨਹੀਂ। ਸਿਰ ਹਲਕੇ ਕੇਸਰੀ ਰੰਗ ਦੀ ਪੱਗ। ਪਿੰਡੇ ਉਪਰ ਨੀਲਾ ਚੋਲਾ ਜਿਸ ਦੀਆਂ ਬਾਹਾਂ ਉਪਰ ਨੂੰ ਚਾੜ੍ਹੀਆਂ ਹੋਈਆਂ ਹਨ, ਤੇੜ ਗੋਡਿਆਂ ਤਕ ਲੰਮਾ ਕਛਹਿਰਾ ਅਤੇ ਪੈਰੀਂ ਦੇਸੀ ਜੁੱਤੀ। ਤਨ ਢਕਣ ਨੂੰ ਇੰਨੇ ਕੁ ਵਸਤਰਾਂ ਤੋਂ ਇਲਾਵਾ ਹੋਰ ਕੁਝ ਨਹੀਂ। ਅਮੀਰੀ, ਸੁੰਦਰਤਾ ਅਤੇ ਆਕਰਸ਼ਣ ਵਸਤਾਂ ਵਿਚ ਨਹੀਂ, ਅਨੂਠੇ ਵਿਹਾਰ ਵਿਚ ਹੈ। ਸਿਆਹ ਦਰਮਿਆਨੀ ਦਾੜ੍ਹੀ ਭਾਈ ਘਨੱਈਆ ਦੀ ਉਮਰ ਤਾਂ ਦੱਸਦੀ ਹੈ, ਪਰ ਸਹੀ ਨਹੀਂ ਕਿਉਂਕਿ ਉਨ੍ਹਾਂ ਦਾ ਦੇਹਾਂਤ 1718 ਵਿਚ ਹੋਇਆ ਸੀ ਅਤੇ ਇਹ ਦ੍ਰਿਸ਼ ਆਨੰਦਪੁਰ ਦੀ ਲੜਾਈ ਦਾ ਹੈ ਜਦੋਂ 1704-05 ਵਿਚ ਮੁਗ਼ਲਾਂ ਨਾਲ ਮਿਲ ਕੇ ਪਹਾੜੀ ਰਾਜਿਆਂ ਨੇ ਆਨੰਦਪੁਰ ਉਪਰ ਹਮਲਾ ਕੀਤਾ ਸੀ। ਚਿੱਤਰ ਵਿਚ ਦੂਰ ਖੱਬੇ ਵੱਲ ਦਿਸਦੀ ਇਮਾਰਤ ਆਨੰਦਪੁਰ ਦਾ ਕਿਲ੍ਹਾ ਹੈ। ਜਲ ਸੇਵਾਦਾਰ ਮੈਦਾਨ-ਇ-ਜੰਗ ਵਿਚ ਆਪਣੇ ਦੋਵਾਂ ਪੈਰਾਂ ਬਲ ਖੜ੍ਹਾ ਹੈ। ਖੜ੍ਹੇ ਹੋਣ ਦਾ ਇਹ ਅੰਦਾਜ਼ ਕਿਰਦਾਰ ਦੇ ਗੁਣਾਂ- ਸਥਿਰਤਾ, ਸੰਜਮ ਤੇ ਦ੍ਰਿੜ੍ਹਤਾ, ਨੂੰ ਪ੍ਰਗਟਾਉਂਦਾ ਹੈ।

ਕੀ ਇਹ ਦ੍ਰਿਸ਼ ਲੜਾਈ ਖ਼ਤਮ ਹੋਣ ਉਪਰੰਤ ਦਾ ਹੈ? ਨਹੀਂ! ਭਾਈ ਘਨੱਈਆ ਦੁਆਲੇ ਹੋ ਰਹੀ ਨਕਲੋ-ਹਰਕਤ ਸੂਹ ਦਿੰਦੀ ਹੈ ਕਿ ਉਹ ਆਪਣਾ ਕੰਮ ਬਿਨਾਂ ਕਿਸੇ ਭੈਅ ਦੇ ਗਹਿਗੱਚ ਲੜਾਈ ਵੇਲੇ ਵੀ ਜਾਰੀ ਰੱਖ ਰਹੇ ਹਨ। ਸੱਜੇ ਪਾਸੇ ਵੱਲ ਦੌੜ ਰਹੇ ਚਿੱਟੇ ਘੋੜੇ ਦਾ ਪਿਛਲਾ ਹਿੱਸਾ ਨਜ਼ਰ ਆ ਰਿਹਾ ਹੈ। ਪਾਣੀ ਪੀ ਰਹੇ ਸਿਪਾਹੀ ਦੇ ਠੀਕ ਉਪਰ ਸਿੱਖ ਘੋੜਸਵਾਰ ਆਪਣੇ ਲੰਬੇ ਬਰਛੇ ਨਾਲ ਦੁਸ਼ਮਣ ਨੂੰ ਵਿੰਨ੍ਹ ਰਿਹਾ ਹੈ। ਕੁਝ ਅਸਪਸ਼ਟ ਆਕਾਰ ਵੀ ਨਕਲੋ-ਹਰਕਤ ਵਿਚ ਹਨ।

ਸੰਕੇਤ ਹੈ ਕਿ ਲੜਾਈ ਵੇਲੇ ਸਿੰਘਾਂ ਦਾ ਜ਼ਿਆਦਾ ਨੁਕਸਾਨ ਹੋਇਆ। ਭਾਈ ਘਨੱਈਆ ਦੇ ਪੈਰਾਂ ਕੋਲ ਜਾਨ ਗੁਆ ਚੁੱਕੇ ਦੋ ਸਿੰਘ ਪਏ ਹਨ ਜਿਨ੍ਹਾਂ ਦੀਆਂ ਮੀਟੀਆਂ ਅੱਖਾਂ ਵਾਲੇ ਚਿਹਰੇ ਸ਼ਾਂਤ ਦਿਖ ਰਹੇ ਹਨ, ਜਦੋਂਕਿ ਸਾਹਮਣੇ ਦਿਖਾਈ ਦੇ ਰਹੇ ਜ਼ਖ਼ਮੀ ਮੁਗ਼ਲ ਸਿਪਾਹੀਆਂ ਦੇ ਚਿਹਰੇ ਭੈਅਗ੍ਰਸਤ ਅਤੇ ਡਰਾਉਣ ਵਾਲੇ ਹਨ। ਦੋਵਾਂ ਧਿਰਾਂ ਵਿਚ ਵਿਰੋਧੀ ਤੱਤ ਮੌਜੂਦ ਹੈ। ਜੋ ਮਰ ਚੁੱਕੇ ਹਨ, ਉਨ੍ਹਾਂ ਦੇ ਚਿਹਰਿਆਂ ਉਪਰ ਭੋਰਾ ਮਾਤਰ ਭੈਅ ਦਾ ਪਰਛਾਵਾਂ ਨਹੀਂ। ਜਿਹੜੇ ਜੀਵਤ ਹਨ, ਉਨ੍ਹਾਂ ਦੇ ਚਿਹਰਿਆਂ ਉਪਰ ਭੋਰਾ ਭਰ ਸ਼ਾਂਤੀ ਦੀ ਲਿਸ਼ਕ ਨਹੀਂ। ਲੁਕਵੇਂ ਰੂਪ ਵਿਚ ਇਹ ਸੱਚ-ਝੂਠ ਵੱਲ ਸੰਕੇਤ ਹੋ ਸਕਦਾ ਹੈ।

ਭਾਈ ਘਨੱਈਆ ਅਤੇ ਖੜ੍ਹੀ ਤੋਪ ਵਿਚਾਲੇ ਤਿੰਨ ਬੰਦੇ ਹਨ। ਤਿੰਨੋਂ ਗੰਭੀਰ ਜ਼ਖ਼ਮੀ ਹਨ। ਤਾਹੀਓਂ ਉਹ ਦੁਸ਼ਮਣ ਹੋਣ ਦੇ ਬਾਵਜੂਦ ਇਕ ਦੂਜੇ ਦੇ ਕੋਲ ਅਤੇ ਇਕ ਦੂਜੇ ਉਪਰ ਪਏ ਹਨ। ਜੋ ਮੁਗ਼ਲ ਬੁੱਕ ਨਾਲ ਪਾਣੀ ਪੀ ਰਿਹਾ ਹੈ ਤਾਂ ਥੋੜ੍ਹੀ ਵਿੱਥ 'ਤੇ ਜ਼ਖ਼ਮੀ ਸਿੰਘ ਆਪਣੀ ਵਾਰੀ ਉਡੀਕ ਰਿਹਾ ਹੈ। ਮਹਿਸੂਸ ਕੀਤਾ ਜਾ ਸਕਦਾ ਹੈ ਕਿ ਕ੍ਰਿਪਾਲ ਸਿੰਘ ਦੇ ਕਿਰਦਾਰ ਠਰੰਮੇ ਵਾਲੇ ਹਨ। ਕਿਸੇ ਵੱਲੋਂ ਅਜਿਹੀ ਕੋਈ ਹਰਕਤ ਨਹੀਂ ਹੋ ਰਹੀ ਜੋ 'ਚਿਤਰਿਤ ਚੌਗਿਰਦੇ' ਨੂੰ ਸ਼ੋਰੀਲਾ ਕਰਦੀ ਹੋਵੇ। ਇਥੋਂ ਤਕ ਕਿ ਪਿਆਸੇ ਅਤੇ ਜ਼ਖ਼ਮੀ ਸਿਪਾਹੀਆਂ ਨੇ ਵੀ ਧੀਰਜ ਧਾਰਿਆ ਹੋਇਆ ਹੈ। ਚਿਤੇਰਾ ਆਪਣੇ ਚਿਤਵੇ ਨੇਮ ਦਾ ਅਨੁਸਰਨ ਕਰ ਰਿਹਾ ਹੈ।

ਮੂਲ ਕਿਰਦਾਰ ਜਾਣਦਾ ਹੈ ਕਿ ਕਿਸ ਕੋਲ ਜਾਣਾ ਹੈ ਅਤੇ ਜ਼ਰੂਰਤਮੰਦ ਨੂੰ ਗਿਆਨ ਹੈ ਕਿ ਕਿਸ ਕੋਲੋਂ ਉਸ ਦੀ ਜ਼ਰੂਰਤ ਪੂਰੀ ਹੋਣੀ ਹੈ। ਕੋਈ ਦੂਜਾ ਭਾਈ ਘਨੱਈਆ ਵੱਲ ਅੱਖ ਤਕ ਨਹੀਂ ਕਰਦਾ। ਬਿਲਕੁਲ ਨਜ਼ਰ ਦੀ ਜ਼ੱਦ ਵਿਚ ਘੋੜਸਵਾਰ ਜ਼ਮੀਨੀ ਸਿਪਾਹੀ ਨੂੰ ਮਾਰ ਰਿਹਾ ਹੈ। ਠੀਕ ਪਿਛਲੇ ਪਾਸੇ ਵੱਲੋਂ ਸਫ਼ੈਦ ਘੋੜੇ ਦਾ ਸਵਾਰ ਗੁਜ਼ਰ ਰਿਹਾ ਹੈ। ਇਸ ਪੇਂਟਿੰਗ ਵਿਚ ਮਾਰਨ, ਮਾਰਨ ਤੋਂ ਬਚਾਉਣਾ (ਭਾਈ ਘਨੱਈਆ ਨੂੰ) ਅਤੇ ਬਚਾਉਣ (ਪਾਣੀ ਪਿਆ ਤੇ ਮੱਲ੍ਹਮ ਲਗਾ ਕੇ) ਦੀ ਲੈਅ, ਸੰਜੋਗ ਅਤੇ ਨਿਖੇੜ ਦੀ ਅਨੂਠੀ ਪੇਸ਼ਕਾਰੀ ਮਿਲਦੀ ਹੈ।

ਇਕ ਹੋਰ ਵਿਰੋਧੀ ਜੁਟ ਮੁੱਖ ਕਿਰਦਾਰ ਅਤੇ ਤੋਪ ਹੈ। ਦੋਵੇਂ ਮੈਦਾਨ-ਇ-ਜੰਗ ਵਿਚ ਆਪੋ-ਆਪਣਾ ਕੰਮ ਕਰ ਰਹੇ ਹਨ। ਜਿਥੇ ਤੋਪ ਹੈ, ਸਿੱਖਾਂ ਵਾਸਤੇ ਇਹ ਦੁਸ਼ਮਣ ਦਾ ਇਲਾਕਾ ਹੈ। ਤੋਪ ਦਾ ਮੂੰਹ ਦੂਰ ਧੁੰਦਲੇ ਦਿਸਦੇ ਆਨੰਦਪੁਰ ਕਿਲ੍ਹੇ ਵੱਲ ਹੈ। ਇਸੇ ਕਿਲ੍ਹੇ ਨੂੰ ਹੀ ਮੁਗ਼ਲਾਂ ਅਤੇ ਪਹਾੜੀ ਰਾਜਿਆਂ ਨੇ ਘੇਰਿਆ ਹੋਇਆ ਹੈ। ਸਿੱਖ ਸਮੂਹ ਵਿਚ ਬਾਹਰ ਨਿਕਲ ਕੇ ਜੂਝਦੇ ਹਨ, ਮਰ ਮਿਟਦੇ ਹਨ। ਭਾਈ ਘਨੱਈਆ ਜਲ ਸੇਵਾ ਆਪਣੇ ਦੁਸ਼ਮਣ ਦੇ ਖੇਤਰ ਵਿਚ ਜਾ ਕੇ ਕਰ ਰਹੇ ਹਨ।

ਚਿੱਤਰ ਦੇਖਣ ਵਾਲਾ ਕਹਿ ਸਕਦਾ ਹੈ ਕਿ ਇਸ ਫਰੇਮ ਵਿਚ ਕਾਫ਼ੀ ਕੁਝ ਅਸਪਸ਼ਟ ਹੈ। ਪ੍ਰਸ਼ਨ ਵਾਜਬ ਹੈ। ਇਸ ਦਾ ਉਤਰ ਵੀ ਇਸੇ ਫਰੇਮ ਵਿਚ ਹੈ। ਆਨੰਦਪੁਰ ਦੀ ਧਰਤੀ ਸਮਤਲ ਨਹੀਂ ਅਤੇ ਇਹ ਰੇਤਲੀ ਹੈ। ਲੜਾਕਿਆਂ ਦੀ ਭੱਜ-ਨੱਠ, ਨੱਠਦੇ ਘੋੜਿਆਂ ਦੇ ਪੌੜਾਂ ਅਤੇ ਤੋਪਾਂ ਦੇ ਗੋਲਿਆਂ ਨਾਲ ਧੂੜ-ਮਿੱਟੀ ਦਾ ਉਡਣਾ ਸੁਭਾਵਿਕ ਹੈ। ਉਡਦੀ ਧੂੜ ਕਦੇ ਮਿੱਤਰ ਨੂੰ ਨਿੱਬੜਦੀ ਹੈ, ਕਦੇ ਦੁਸ਼ਮਣ। ਪੇਂਟਿੰਗ ਵਿਚ ਧਰਤੀ ਤੋਂ ਉਡੀ ਧੂੜ ਆਸਮਾਨ ਤਕ ਫੈਲੀ ਹੋਈ ਹੈ। ਇਸ ਦੇ ਨਾਲ-ਨਾਲ ਹਲਕੀ, ਪੇਤਲੀ ਬੱਦਲਵਾਈ ਦ੍ਰਿਸ਼ ਨੂੰ ਮਾਕੂਲ ਅਰਥ ਦਿੰਦੀ ਹੈ।

ਭਾਈ ਘਨੱਈਆ ਦਾ ਜੁੱਸਾ ਉਨ੍ਹਾਂ ਦੇ ਕਰਮ ਅਨੁਕੂਲ ਹੈ। ਬਾਹਾਂ ਤਾਕਤਵਰ ਹਨ। ਮਸ਼ਕ ਦੇ ਮੂੰਹ ਉਪਰ ਹੱਥ ਦੀ ਮਜ਼ਬੂਤ ਪਕੜ ਹੈ। ਪਹਿਨੇ ਚੋਲੇ ਦੀਆਂ ਬਾਹਾਂ ਨੂੰ ਕੰਮ ਵਿਚ ਰੁਕਾਵਟ ਬਣਨ ਤੋਂ ਰੋਕਣ ਲਈ ਉਪਰ ਵੱਲ ਚਾੜ੍ਹਿਆ ਹੋਇਆ ਹੈ। ਭਾਈ ਘਨੱਈਆ ਦਾ ਚਿਹਰਾ ਨਾ ਅਤਿ ਸੁੰਦਰ ਹੈ, ਨਾ ਹੀ ਆਕਰਸ਼ਣ ਤੋਂ ਵਿਹੂਣਾ। ਅਸਲ ਵਿਚ ਚੰਗਾ ਵਿਹਾਰ ਆਪਣੇ ਅਨੁਰੂਪ ਰੂਪ ਨੂੰ ਥੋੜ੍ਹਾ-ਬਹੁਤ ਘੜ ਲੈਂਦਾ ਹੈ। ਜਾਪਦਾ ਹੈ ਕਿ ਕ੍ਰਿਪਾਲ ਸਿੰਘ ਨੇ ਇਸੇ ਤੱਥ ਦਾ ਆਸਰਾ ਲਿਆ ਹੈ। ਇਹ ਕਾਮੇ ਦਾ ਸਰੀਰ ਹੈ। ਇਹ ਉਸੇ ਤਰ੍ਹਾਂ ਦਾ ਹੈ ਜਿਹੋ ਜਿਹਾ ਉਸ ਨੂੰ ਹੋਣਾ ਚਾਹੀਦਾ ਹੈ, ਭਿੰਨ ਭਿੰਨ ਮੌਸਮਾਂ ਦੀ ਮਾਰ ਅਤੇ ਜੀਵਨ ਦੀਆਂ ਔਕੜਾਂ ਸਹਿੰਦਾ ਹੋਇਆ।

ਸਰੀਰ ਅਤੇ ਮਸ਼ਕ ਦਾ ਭਾਰ ਲੱਤਾਂ ਨੇ ਹੀ ਚੁੱਕਣਾ ਹੈ। ਸੁਡੌਲ ਪਿੰਨੀਆਂ ਉਸ ਦਾ ਸੰਕੇਤ ਕਰਦੀਆਂ ਹਨ। ਪੈਰ ਜੇ ਪੂਰੀ ਤਰ੍ਹਾਂ ਜ਼ਮੀਨ ਉਪਰ ਟਿਕੇ ਹਨ ਤਾਂ ਪਾਣੀ ਛਕਾਉਂਦੇ ਹੱਥਾਂ ਲਈ ਅੱਖਾਂ ਆਪਣੇ-ਪਰਾਏ ਦੀ ਪਛਾਣ ਕੀਤੇ ਬਿਨਾਂ ਰਣ ਖੇਤਰ ਵਿਚੋਂ ਜ਼ਖ਼ਮੀ ਜੰਗਜੂ ਭਾਲ ਰਹੀਆਂ ਹਨ।

ਕ੍ਰਿਪਾਲ ਸਿੰਘ ਦਾ ਭਾਈ ਘਨੱਈਆ ਸਾਧਾਰਨ ਦਿੱਖ ਦਾ ਹੁੰਦਾ ਹੋਇਆ ਵੀ ਵਿਸ਼ੇਸ਼ ਕਰਮ ਕਰ ਰਿਹਾ ਹੈ। ਜਿਸ ਨਿਰਭੈਤਾ ਨਾਲ ਗੁਰੂ ਨੇ ਆਪਣੇ ਸਿੱਖ ਨੂੰ ਸਮਤਾ ਦਾ ਗਿਆਨ ਦਿੱਤਾ ਸੀ, ਉਨ੍ਹਾਂ ਦਾ ਸਿੱਖ ਅਡੋਲ ਭਾਵ ਨਾਲ ਉਸ ਮੰਤਰ ਨੂੰ ਉਸੇ ਨਿਰਭੈਤਾ ਨਾਲ ਵਿਹਾਰ ਵਿਚ ਤਬਦੀਲ ਕਰ ਰਿਹਾ ਹੈ ਜੋ ਅਦੁੱਤੀ ਹੈ।

ਗੁਰੂ ਅਤੇ ਸਿੱਖ ਦੇ ਸਬੰਧ ਦੀ ਕੜੀ ਵੱਲ ਵੀ ਇਹ ਰਚਨਾ ਚੁਪੀਤਿਆਂ ਇਸ਼ਾਰਾ ਕਰ ਰਹੀ ਹੈ। ਗੁਰੂ ਦਾ ਸਿੱਖ ਗੁਰੂ ਸਾਹਮਣੇ ਹੀ ਉਸ ਦੀ ਆਗਿਆ ਦਾ ਪਾਲਣ ਨਹੀਂ ਕਰਦਾ, ਸਗੋਂ ਉਹ ਤਾਂ ਉਸ ਦੀ ਗ਼ੈਰਹਾਜ਼ਰੀ ਵਿਚ ਵੀ ਕੋਈ ਕੋਤਾਹੀ ਨਹੀਂ ਵਰਤਦਾ। ਇਹ ਚਿੱਤਰ ਉਸੇ ਰੂਪ ਦਾ ਉਤਾਰਾ ਹੈ।



ਚਿੱਤਰਕਾਰ ਕ੍ਰਿਪਾਲ ਸਿੰਘ (ਉਪਰ) ਅਤੇ ਉਨ੍ਹਾਂ ਵੱਲੋਂ ਬਣਾਇਆ ਭਾਈ ਘਨੱਈਆ ਦਾ ਚਿੱਤਰ।

ਮਕਾਨ ਦੀ ਤਲਾਸ਼

ਦਿੱਲੀ ਵੱਸਦੇ ਉਘੇ ਲਿਖਾਰੀ ਅਤੇ ਅਨੁਵਾਦਕ ਕਰਨਜੀਤ ਸਿੰਘ ਨੇ ਆਪਣੇ ਇਸ ਲੇਖ ਵਿਚ ਪੰਜਾਬ ਤੋਂ ਦਿੱਲੀ ਪੁੱਜਣ ਦੇ ਮੁਢਲੇ ਦਿਨਾਂ ਦਾ ਜ਼ਿਕਰ ਕੀਤਾ ਹੈ ਜਦੋਂ ਉਸ ਨੂੰ ਮਕਾਨ ਲੱਭਣ ਲਈ ਬੜਾ ਤਰੱਦਦ ਕਰਨਾ ਪਿਆ ਸੀ। ਇਹ ਕਹਾਣੀ ਇਕੱਲੇ ਕਰਨਜੀਤ ਸਿੰਘ ਦੀ ਨਹੀਂ, ਸ਼ਹਿਰਾਂ ਵਿਚ ਮਕਾਨ ਲੱਭਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ। ਮਕਾਨ ਮਾਲਕ ਜਿਸ ਢੰਗ ਨਾਲ ਅਗਲੇ ਦੀ 'ਇੰਟਰਵਿਊ' ਲੈਂਦਾ ਹੈ, ਉਸ ਨਾਲ ਕਹਿੰਦੇ-ਕਹਾਉਂਦਿਆਂ ਦੀ ਵੀ ਬੱਸ ਹੋ ਜਾਂਦੀ ਹੈ। ਇਸੇ ਤਰ੍ਹਾਂ ਦੀ ਦਿਲਚਸਪ ਵਾਰਤਾ ਹੈ ਇਹ ਲੇਖ। -ਸੰਪਾਦਕ

ਦਿੱਲੀ ਪਹੁੰਚ ਕੇ ਦਫ਼ਤਰ ਵਿਚ ਡਿਊਟੀ ਜਾਇਨ ਕਰਨ ਤੋਂ ਮਗਰੋਂ ਕਰਨਜੀਤ ਦੇ ਸਨਮੁਖ ਵੱਡਾ ਮਸਲਾ ਕਿਰਾਏ ਉਤੇ ਰਿਹਾਇਸ਼ੀ ਮਕਾਨ ਦੀ ਤਲਾਸ਼ ਦਾ ਸੀ, ਪਰ ਇਹ ਮਸਲਾ ਏਡੀ ਫੌਰੀ ਅਹਿਮੀਅਤ ਵਾਲਾ ਬਣ ਜਾਏਗਾ, ਇੰਜ ਉਸ ਨੇ ਨਹੀਂ ਸੀ ਸੋਚਿਆ। ਜਿਸ ਦਿਨ ਸਰਹਿੰਦ ਤੋਂ ਸਵੇਰੇ ਯਾਰਾਂ ਵਜੇ ਦੇ ਕਰੀਬ ਰਵਾਨਾ ਹੋ ਕੇ ਮੁੰਬਈ ਐਕਸਪ੍ਰੈਸ ਉਤੇ ਉਸ ਦਾ ਪਰਿਵਾਰ ਰਾਤ ਦੇ ਨੌਂ-ਦਸ ਵਜੇ ਦੇ ਕਰੀਬ ਦਿੱਲੀ ਅਪੜਿਆ ਤਾਂ ਉਸ ਦਾ ਸਾਲਾ ਚਰਨ ਸਿੰਘ ਤੇ ਉਸ ਦੀ ਪਤਨੀ ਪਰਮਜੀਤ ਉਨ੍ਹਾਂ ਨੂੰ ਲੈਣ ਵਾਸਤੇ ਸਟੇਸ਼ਨ ਉਤੇ ਆਏ ਹੋਏ ਸਨ। ਚਰਨ ਸਿੰਘ ਉਨ੍ਹੀਂ ਦਿਨੀਂ ਦਿੱਲੀ ਦੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਵਿਚ ਲੈਬ ਅਸਿਸਟੈਂਟ ਲੱਗਾ ਹੋਇਆ ਸੀ ਅਤੇ ਹਸਪਤਾਲ ਦੇ ਕੈਂਪਸ ਵਿਚ ਹੀ ਉਸ ਨੂੰ ਜੀ-ਟਾਇਪ ਫਲੈਟ ਮਿਲਿਆ ਹੋਇਆ ਸੀ। ਦੋ ਕਮਰੇ, ਲਾਬੀ, ਕਿਚਨ ਤੇ ਬਾਥਰੂਮ। ਇਕ ਕਮਰੇ ਨਾਲ ਕਾਫੀ ਖੁੱਲ੍ਹੀ ਡੁੱਲ੍ਹੀ ਬਾਲਕੋਨੀ ਵੀ ਸੀ। ਇਨ੍ਹਾਂ

ਕਰਨਜੀਤ ਸਿੰਘ

ਬਾਲਕੋਨੀਆਂ ਦੀ ਕਿੰਨੀ ਅਹਿਮੀਅਤ ਹੁੰਦੀ ਹੈ, ਇਸ ਗੱਲ ਦਾ ਗਿਆਨ ਕਰਨਜੀਤ ਨੂੰ ਉਦੋਂ ਹੀ ਗਿਆ ਸੀ ਜਦੋਂ ਪਰਿਵਾਰ ਨੂੰ ਲਿਆਉਣ ਤੋਂ ਪਹਿਲਾਂ ਉਹ ਤਕਰੀਬਨ ਇਕ ਮਹੀਨਾ ਆਪਣੇ ਇਸ ਮਿੱਤਰ-ਰਿਸ਼ਤੇਦਾਰ ਕੋਲ ਇਸੇ ਫਲੈਟ ਵਿਚ ਠਹਿਰਿਆ ਸੀ। ਕਰਨਜੀਤ ਦਾ ਖਿਆਲ ਸੀ ਕਿ ਜ਼ਿਆਦਾ ਨਹੀਂ ਤਾਂ ਇਕ ਮਹੀਨਾ ਤਾਂ ਉਹ ਜ਼ਰੂਰ ਆਪਣੇ ਸਾਲੇ ਦੇ ਛੋਟੇ ਜਿਹੇ ਪਰਿਵਾਰ ਕੋਲ ਠਹਿਰਨਗੇ। ਚਰਨ ਸਿੰਘ ਦਾ ਵਿਆਹ ਡੇਢ-ਦੋ ਸਾਲ ਪਹਿਲਾਂ ਹੀ ਹੋਇਆ ਸੀ ਤੇ ਉਨ੍ਹਾਂ ਦੀ ਪਲੇਠੀ ਬੱਚੀ ਉਸ ਵੇਲੇ ਛੇ ਕੁ ਮਹੀਨਿਆਂ ਦੀ ਹੀ ਸੀ।

ਪਰ ਕਰਨਜੀਤ ਨੇ ਕੁਝ ਦਿਨਾਂ ਬਾਅਦ ਹੀ ਮਹਿਸੂਸ ਕਰ ਲਿਆ ਕਿ ਉਸ ਦੇ ਪਰਿਵਾਰ ਦਾ ਇਕ ਮਹੀਨਾ ਇਥੇ ਗੁਜ਼ਾਰ ਸਕਣਾ ਸੰਭਵ ਨਹੀਂ। ਉਸ ਨੂੰ ਕਿਸੇ ਨੇ ਕੁਝ ਆਖਿਆ ਨਹੀਂ ਸੀ, ਨਾ ਹੀ ਕਿਸੇ ਤਰ੍ਹਾਂ ਦੀ ਘਰ ਵਿਚ ਕੋਈ ਐਸੀ ਘਟਨਾ ਵਾਪਰੀ ਸੀ ਜਿਸ ਤੋਂ ਕੋਈ ਨਾਰਾਜ਼ਗੀ ਜਾਂ ਨਿਰਾਸ਼ਾ ਪੈਦਾ ਹੋ ਸਕੇ। ਤਾਂ ਵੀ ਉਸ ਨੂੰ ਇੰਜ ਪ੍ਰਤੀਤ ਹੋਣ ਲੱਗਾ ਜਿਵੇਂ ਕਰਨਜੀਤ ਦੀ ਪਤਨੀ ਤੇ ਉਸ ਦੀ ਭਰਜਾਈ ਕਿਸੇ ਤਣਾਓ ਦਾ ਸ਼ਿਕਾਰ ਹੋਣ। ਇਹ ਕੋਈ ਅਣਹੋਣੀ ਗੱਲ ਵੀ ਨਹੀਂ ਸੀ। ਘਰ ਵਿਚ ਨਿੱਕੇ ਨਿੱਕੇ ਛੇ ਸੱਤ ਨਿਆਣਿਆਂ ਨੂੰ ਸਾਂਭਣਾ ਸੰਭਾਲਣਾ ਅਤੇ ਰਸੋਈ ਦਾ ਕੰਮ ਕਾਰਜ ਨਿਪਟਾਉਣਾ ਥਕਾ ਦੇਣ ਵਾਲਾ ਕਾਰਜ ਤਾਂ ਸੀ ਹੀ, ਪਰ ਨਾਲ ਕਰਨਜੀਤ ਸਿੰਘ ਨੂੰ ਇੰਜ ਵੀ ਮਹਿਸੂਸ ਹੁੰਦਾ, ਜਿਵੇਂ ਘਰ ਦੀਆਂ ਦੋਵੇਂ ਸੁਆਣੀਆਂ ਆਪੋ ਆਪਣੇ ਅਧਿਕਾਰਾਂ ਦੇ ਪਰ ਕੱਟੇ ਗਏ ਸਮਝ ਰਹੀਆਂ ਹੋਣ! ਉਸ ਦੀ ਇਹ ਧਾਰਨਾ ਸੀ ਕਿ ਰਸੋਈ ਘਰੇਲੂ ਸੁਆਣੀ ਦੀ ਸਲਤਨਤ ਹੁੰਦੀ ਹੈ ਅਤੇ ਇਸ ਵਿਚ ਕਿਸੇ ਦੂਸਰੀ ਸੁਆਣੀ ਦਾ ਦਖ਼ਲ ਸਹਾਰ ਸਕਣਾ ਉਹਦੇ ਲਈ ਸੌਖਾ ਕੰਮ ਨਹੀਂ ਹੁੰਦਾ; ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ ਅਤੇ ਇਕ ਜੰਗਲ ਵਿਚ ਦੋ ਸ਼ੇਰ ਨਹੀਂ ਰਹਿ ਸਕਦੇ, ਤਿਵੇਂ ਹੀ ਇਕ ਰਸੋਈ ਉਤੇ ਦੋ ਇਸਤਰੀਆਂ ਦਾ ਕਬਜ਼ਾ ਨਹੀਂ ਹੋ ਸਕਦਾ। ਕਰਨਜੀਤ ਸਿੰਘ ਨੇ ਸੋਚਿਆ, ਇਸ ਤੋਂ ਪਹਿਲਾਂ ਕਿ ਕੋਈ ਮੰਦਭਾਗੀ ਜਾਂ ਦਿਲ ਦੁਖਾਉਣੀ ਘਟਨਾ ਵਾਪਰ ਜਾਵੇ, ਇਹੀ ਬਿਹਤਰ ਹੋਵੇਗਾ ਕਿ ਆਪਣੀ ਰਿਹਾਇਸ਼ ਦਾ ਜਲਦੀ ਤੋਂ ਜਲਦੀ ਬੰਦੋਬਸਤ ਕਰ ਲਿਆ ਜਾਵੇ।

ਲਿਹਾਜ਼ਾ ਇਕ ਦਿਨ ਸ਼ਾਮ ਨੂੰ ਉਸ ਨੇ ਆਪਣੇ ਸਾਲੇ ਨੂੰ ਆਖਿਆ, "ਚਰਨ, ਚੱਲ ਯਾਰ ਕੋਈ ਮਕਾਨ-ਸ਼ਕਾਨ ਲੱਭਣ ਦੀ ਕੋਸ਼ਿਸ਼ ਕਰੀਏ।"

"ਐਡੀ ਵੀ ਕੀ ਜਲਦੀ ਹੈ ਜੀਜਾ ਜੀ, ਜਿਸ ਦਿਨ ਤੁਰਾਂਗੇ ਕੋਈ ਨਾ ਕੋਈ ਮਿਲ ਹੀ ਜਾਵੇਗਾ। ਮੈਡੀਕਲ ਦੇ ਪਿਛਲੇ ਪਾਸੇ ਗੌਤਮ ਨਗਰ ਵਿਚ ਮਕਾਨਾਂ ਦੀ ਕੋਈ ਘਾਟ ਨਹੀਂ।" ਉਸ ਨੇ ਜਵਾਬ ਦਿੱਤਾ।

"ਓਏ ਭਾਈ, ਆਖਰ ਤਾਂ ਇਹ ਕੰਮ ਕਰਨਾ ਈ ਐ, ਫੇਰ ਦੋ ਦਿਨ ਅੱਗੇ ਕੀ ਤੇ ਪਿੱਛੇ ਕੀ!" ਤੇ ਉਹਨੇ ਚਰਨ ਨੂੰ ਬਾਹੋਂ ਫੜ ਕੇ ਉਠਾਇਆ ਤੇ ਪੌੜੀਆਂ ਵੱਲ ਖਿੱਚਿਆ। ਉਹ ਦੋਵੇਂ ਗੱਲਾਂ ਕਰਦੇ ਗੌਤਮ ਨਗਰ ਪਹੁੰਚ ਗਏ। ਇਹ ਆਬਾਦੀ ਕਿਹੜੀ ਦੂਰ ਸੀ। ਮਹਿਰੌਲੀ ਰੋਡ ਤੋਂ ਮੈਡੀਕਲ ਦੀ ਫ਼ਸੀਲ ਦੇ ਨਾਲ ਖੱਬੇ ਪਾਸੇ ਦੋ ਤਿੰਨ ਮਿੰਟ ਦਾ ਫਾਸਲਾ ਤੇ ਆਬਾਦੀ ਸ਼ੁਰੂ। ਉਦੋਂ ਇਥੇ ਏਨੀ ਸੰਘਣੀ ਆਬਾਦੀ ਨਹੀਂ ਸੀ, ਜਿੰਨੀ ਅੱਜ ਹੈ ਅਤੇ ਨਾ ਹੀ ਇਸ ਕਿਸਮ ਦੇ ਆਧੁਨਿਕ ਸੁਖ-ਸਹੂਲਤਾਂ ਵਾਲੇ ਮਕਾਨ ਸਨ ਜਿਸ ਤਰ੍ਹਾਂ ਦੇ ਅੱਜ ਹਨ। ਬਹੁਤੇ ਲੋਕਾਂ ਨੇ ਤਾਂ ਚਾਰ ਦੀਵਾਰੀਆਂ ਵਲ ਕੇ ਕਮਰੇ ਹੀ ਪਾਏ ਹੋਏ ਸਨ, ਜਿਵੇਂ ਪਿੰਡਾਂ ਵਿਚ ਆਮ ਹੁੰਦਾ ਸੀ। ਹਾਂ, ਕੁਝ ਚੋਣਵੇਂ ਚੰਗੇ ਵਿਉਂਤ ਕੇ ਉਸਾਰੇ ਗਏ ਮਕਾਨ ਵੀ ਸਨ। ਇਥੇ ਰਹਿੰਦੇ ਲੋਕਾਂ ਤੇ ਦੁਕਾਨਦਾਰਾਂ ਤੋਂ ਪੁੱਛ ਪੁੱਛਾ ਕੇ ਉਨ੍ਹਾਂ ਨੂੰ ਇਕ ਦੋ ਮਕਾਨਾਂ ਦੀ ਦੱਸ ਪਈ। ਇਕ ਮਕਾਨ ਦੇਖਿਆ, ਮਕਾਨ ਕਾਹਦਾ... ਬਸ ਕਮਰੇ ਹੀ ਸਨ ਦੋ। ਰਸੋਈ ਤੇ ਗੁਸਲਖਾਨਾ ਕੋਈ ਨਹੀਂ। ਵਿਹੜੇ ਵਿਚ ਹੀ ਇਹ ਕੰਮ ਕਰਨਾ ਪੈਣਾ ਸੀ। ਜ਼ਾਹਿਰ ਹੈ ਕਿ ਇਹ ਮਕਾਨ ਉਨ੍ਹਾਂ ਨੂੰ ਨਾ ਪਸੰਦ ਆਉਣਾ ਸੀ ਤੇ ਨਾ ਆਇਆ। ਇਸੇ ਤਰ੍ਹਾਂ ਦੇ ਹੀ ਇਕ ਦੋ ਹੋਰ ਮਕਾਨ ਦੇਖ ਕੇ ਉਹ ਵਾਪਸ ਆ ਗਏ।

ਕਰਨਜੀਤ ਨੂੰ ਕੁਝ ਕੁਝ ਨਿਰਾਸ਼ਾ ਹੋਈ ਸੀ। ਉਹ ਚਾਹੁੰਦਾ ਸੀ ਕਿ ਮਕਾਨ ਉਸ ਨੂੰ ਇਸੇ ਇਲਾਕੇ ਵਿਚ ਹੀ, ਅਰਥਾਤ, ਮੈਡੀਕਲ ਇੰਸਟੀਚਿਊਟ ਦੇ ਨੇੜੇ ਹੀ ਕਿਧਰੇ ਮਿਲੇ।

ਦਿੱਲੀ ਵਿਚ ਰੂਸੀ ਦੂਤਾਵਾਸ ਜਿਥੇ ਲਿਖਾਰੀ ਨੂੰ ਨੌਕਰੀ ਮਿਲੀ ਸੀ।

"ਦਿੱਲੀ ਵਰਗੇ ਵੱਡੇ ਸ਼ਹਿਰ ਵਿਚ ਨਜ਼ਦੀਕੀ ਰਿਸ਼ਤੇਦਾਰ ਦਾ ਗੁਆਂਢ ਬੜਾ ਵੱਡਾ ਆਸਾਰਾ ਹੋਵੇਗਾ।" ਉਹ ਸੋਚਦਾ ਸੀ, ਪਰ ਜਿਸ ਤਰ੍ਹਾਂ ਦੇ ਮਕਾਨ ਉਹਨਾਂ ਅੱਜ ਵੇਖੇ ਸਨ, ਅਜਿਹੇ ਕਿਸੇ ਮਕਾਨ ਵਿਚ ਉਹ ਨਹੀਂ ਰਹਿ ਸਕਦਾ ਸੀ। ਉਹ ਤਾਂ ਸ਼ਾਇਦ ਰਹਿ ਵੀ ਲੈਂਦਾ, ਪਰ ਉਹ ਆਪਣੇ ਬੱਚਿਆਂ ਨੂੰ ਨਹੀਂ ਸੀ ਅਜਿਹੀ ਥਾਂ ਰੱਖਣਾ ਚਾਹੁੰਦਾ। ਆਖਰ ਉਹ ਸੰਸਾਰ ਦੇ ਵੱਡੇ ਮੁਲਕ ਦੇ ਦੂਤਾਵਾਸ ਦੇ ਦਫ਼ਤਰ ਵਿਚ ਕੰਮ ਕਰਦਾ ਸੀ! ਇਸ ਤਰ੍ਹਾਂ ਦੀਆਂ ਹਰ ਮਧ ਵਰਗੀ ਬੰਦੇ ਦੀ ਸੋਚ ਦੀਆਂ ਲਹਿਰਾਂ ਉਹਦੇ ਦਿਮਾਗ ਵਿਚ ਉਠਦੀਆਂ ਤੇ ਬਹਿ ਜਾਂਦੀਆਂ।

ਅਗਲੇ ਦਿਨ ਫਿਰ ਉਹ ਮਕਾਨ ਦੀ ਤਲਾਸ਼ ਵਿਚ ਨਿਕਲੇ ਤਾਂ ਉਸ ਮਨ ਬਣਾ ਲਿਆ ਸੀ ਕਿ ਜਿਹੜੀਆਂ ਕੁਝ ਇਕ ਚੰਗੀਆਂ ਇਮਾਰਤਾਂ ਹਨ, ਉਨ੍ਹਾਂ ਵਿਚ ਹੀ ਪਤਾ ਕਰੇਗਾ। ਹੋ ਸਕਦਾ ਹੈ ਕਿ ਕਿਸੇ ਵਿਚ ਕੋਈ ਪੋਰਸ਼ਨ ਖਾਲੀ ਮਿਲ ਜਾਵੇ; ਤੇ ਦੇਵਨੇਤ ਦੀ ਗੱਲ, ਅਜਿਹਾ ਇਕ ਹਿੱਸਾ ਖਾਲੀ ਮਿਲ ਵੀ ਗਿਆ। ਦੋ ਕਮਰੇ ਸਨ, ਭਾਵੇਂ ਬਹੁਤ ਵੱਡੇ ਨਹੀਂ ਸਨ। ਰਸੋਈ ਸੀ, ਗੁਸਲਖਾਨਾ ਸੀ। ਮਕਾਨ ਉਸ ਨੂੰ ਪਸੰਦ ਆ ਗਿਆ ਸੀ। ਸੀ ਵੀ ਪੰਜਾਬੀ ਸਰਦਾਰ ਦਾ, ਭਾਵੇਂ ਕਰਨਜੀਤ ਪੰਜਾਬੀ, ਗੈਰ-ਪੰਜਾਬੀ ਅਤੇ ਸਰਦਾਰ ਜਾਂ ਗੈਰ-ਸਰਦਾਰ ਆਦਿ ਦੇ ਅੰਦਾਜ਼ ਵਿਚ ਸੋਚਣ ਦਾ ਆਦੀ ਨਹੀਂ ਸੀ। ਮਕਾਨ ਦੇਖਣ ਮਗਰੋਂ ਜਦੋਂ ਉਹਨੇ ਗਲੀ ਵਿਚ ਕੁਰਸੀ ਰੱਖ ਕੇ ਬੈਠੇ ਮਾਲਕ ਨਾਲ ਕਿਰਾਏ ਵਗੈਰਾ ਦੀ ਗੱਲ ਤੋਰੀ ਤਾਂ ਉਸ ਨੇ ਅੱਗਿਉਂ ਪਹਿਲਾਂ ਸਵਾਲ ਇਹ ਪੁੱਛਿਆ, "ਸਰਦਾਰ ਸਾਹਿਬ, ਬੱਚੇ ਕਿੰਨੇ ਨੇ ਤੁਹਾਡੇ?" ਕਰਨਜੀਤ ਕੁਝ ਡੌਰ-ਭੌਰ ਉਹਦੇ ਵੱਲ ਦੇਖਣ ਲੱਗਾ। ਉਸ ਨੂੰ ਇਸ ਕਿਸਮ ਦੇ ਸਵਾਲ ਦੀ ਕੋਈ ਤਵੱਕੋ ਨਹੀਂ ਸੀ। ਬੰਦਾ ਪੁੱਛਦਾ ਹੈ- ਕੰਮ ਕੀ ਕਰਦੇ ਓ, ਤਨਖਾਹ ਕਿੰਨੀ ਲੈਂਦੇ ਓ, ਵਗੈਰਾ; ਪਰ... "ਜੀ, ਛੇ ਬੱਚੇ ਨੇ ਮੇਰੇ। ਚਾਰ ਵੱਡੀਆਂ ਬੇਟੀਆਂ, ਦੋ ਛੋਟੇ ਬੇਟੇ। ਸਭ ਤੋਂ ਛੋਟਾ ਸਵਾ ਕੁ ਸਾਲ ਦਾ ਹੈ।" ਉਸ ਦਾ ਜਵਾਬ ਸੀ- "ਤਾਂ ਮਾਫ ਕਰਨਾ, ਕੋਈ ਹੋਰ ਜਗ੍ਹਾ ਦੇਖ ਲਓ।" ਮਾਲਕ ਮਕਾਨ ਦਾ ਰੁੱਖਾ ਜਿਹਾ ਜਵਾਬ ਸੀ।

"ਕਿਉਂ, ਕੀ ਗੱਲ? ਮੇਰੇ ਬੱਚੇ ਸ਼ੋਰ-ਸ਼ਰਾਬਾ ਕਰਨ ਵਾਲੇ ਨਹੀਂ। ਛੋਟੇ ਬੱਚੇ ਤਾਂ ਜਿਥੇ ਬਿਠਾ ਦਿਓ, ਬੈਠੇ ਰਹਿੰਦੇ ਨੇ, ਜਿਵੇਂ ਕੋਈ ਡੌਲ ਰੱਖੀ ਹੋਵੇ।" ਕਰਨਜੀਤ ਜਿਵੇਂ ਕੋਈ ਸਫ਼ਾਈ ਪੇਸ਼ ਕਰ ਰਿਹਾ ਹੋਵੇ!

"ਨਾਲੇ ਬੱਚਿਆਂ ਨਾਲ ਹੀ ਤਾਂ ਘਰ ਦੀ ਰੌਣਕ ਹੁੰਦੀ ਏ।" ਚਰਨ ਨੇ ਦਲੀਲ ਪੇਸ਼ ਕੀਤੀ।

"ਤੁਹਾਡੀ ਗੱਲ ਠੀਕ ਹੈ, ਪਰ ਮੈਂ ਏਡੇ ਵੱਡੇ ਟੱਬਰ ਨੂੰ ਮਕਾਨ ਨਹੀਂ ਦੇ ਸਕਦਾ।" ਉਸ ਨੇ ਬੜੇ ਰੁੱਖੇ ਜਿਹੇ ਅੰਦਾਜ਼ ਵਿਚ ਗੱਲ ਮੁਕਾ ਦਿੱਤੀ।

ਉਹ ਵਾਪਸ ਘਰ ਪਰਤ ਆਏ। ਮਕਾਨ ਬਾਰੇ ਕਿਸੇ ਹੋਰ ਨਾਲ ਕੋਈ ਗੱਲ ਕਰਨ ਨੂੰ ਉਹਦਾ ਮਨ ਹੀ ਨਹੀਂ ਕੀਤਾ। ਘਰ ਆ ਕੇ ਜਦੋਂ ਉਨ੍ਹਾਂ ਇਹ ਸਾਰੀ ਗੱਲ ਦੱਸੀ ਤਾਂ ਕਰਨਜੀਤ ਦੀ ਪਤਨੀ ਦਾ ਮੂੰਹ ਟੱਡਿਆ ਰਹਿ ਗਿਆ। ਕਰਨਜੀਤ ਵੀ ਆਪਣੇ ਆਪ ਨੂੰ ਜਿੱਚ ਹੋਇਆ ਮਹਿਸੂਸ ਕਰ ਰਿਹਾ ਸੀ। ਛੇ ਬੱਚੇ ਪੈਦਾ ਕਰ ਕੇ ਜਿਵੇਂ ਉਸ ਨੇ ਕੋਈ ਗੁਨਾਹ ਕੀਤਾ ਹੋਵੇ, ਪਰ ਉਹ ਤਾਂ ਤਿੰਨ ਧੀਆਂ ਦਾ ਬਾਪ ਬਣ ਜਾਣ ਮਗਰੋਂ ਨਾਲ 'ਤਿਕੋਣ' ਵਾਲੇ ਮਹਿਕਮੇ ਦੇ ਪੇਸ਼ ਹੋ ਗਿਆ ਸੀ। ਡਾਕਟਰ ਨੇ ਆਪ ਹੀ ਉਸ ਨੂੰ ਦੂਜੇ ਰਸਤੇ ਪਾ ਦਿੱਤਾ ਸੀ। ਇਕ ਪੁੱਤਰ ਮਾਂ ਦੀ ਝੋਲੀ ਪਾਉਣ ਦੇ ਰਸਤੇ। ਸੋ ਤਿੰਨ ਤੋਂ ਪੰਜ ਬੱਚੇ ਹੋ ਗਏ ਤੇ ਛੇਵਾਂ ਬੱਚਾ ਬਿਨ ਮੰਗਿਆ ਹੀ ਝੁੰਗਾ! ਜਿਸ ਦਿਨ ਛੇਵੇਂ ਬੱਚੇ ਦਾ ਜਨਮ ਹੋਇਆ ਸੀ, ਇਸੇ ਮੈਡੀਕਲ ਇੰਸਟੀਚਿਊਟ ਵਿਚ, ਉਸੇ ਦਿਨ ਕਰਨਜੀਤ ਨੇ ਆਪਣਾ ਨਸਬੰਦੀ ਅਪਰੇਸ਼ਨ ਕਰਵਾ ਲਿਆ ਸੀ। ਉਹ ਹੁਣ ਕਿਸੇ ਜੋਖਮ ਵਿਚ ਨਹੀਂ ਸੀ ਪੈਣਾ ਚਾਹੁੰਦਾ। ਸੰਤਾਨ ਸੰਜਮ ਦੇ ਸਭ ਹੀਲੇ ਵਸੀਲੇ ਵਰਤਣ ਦੇ ਬਾਵਜੂਦ ਉਹ ਛੇ ਬੱਚਿਆਂ ਦਾ ਬਾਪ ਬਣ ਗਿਆ ਸੀ ਅਤੇ ਜੇ ਦੋ ਵਾਰੀ ਉਹਦੀ ਪਤਨੀ ਦਾ ਗਰਭਪਾਤ ਨਾ ਹੋ ਗਿਆ ਹੁੰਦਾ ਤਾਂ ਅੱਜ ਸ਼ਾਇਦ ਉਹ... ਇਨ੍ਹਾਂ ਸੋਚਾਂ ਵਿਚ ਪਿਆਂ ਕਰਨਜੀਤ ਨੂੰ ਸਰਹਿੰਦ ਤੋਂ ਦਿੱਲੀ ਤੱਕ ਦਾ ਆਪਣਾ ਸਫ਼ਰ ਯਾਦ ਆ ਗਿਆ।

> ***ਅਗਲੇ ਦਿਨ ਫਿਰ ਉਹ ਮਕਾਨ ਦੀ ਤਲਾਸ਼ ਵਿਚ ਨਿਕਲੇ।... ਇਕ ਖਾਲੀ ਮਕਾਨ ਮਿਲ ਗਿਆ। ਦੋ ਕਮਰੇ ਸਨ, ਭਾਵੇਂ ਬਹੁਤ ਵੱਡੇ ਨਹੀਂ ਸਨ। ਰਸੋਈ ਸੀ, ਗੁਸਲਖਾਨਾ ਸੀ। ਮਕਾਨ ਉਸ ਨੂੰ ਪਸੰਦ ਆ ਗਿਆ ਸੀ। ਮਕਾਨ ਦੇਖਣ ਮਗਰੋਂ ਜਦੋਂ ਉਹਨੇ ਗਲੀ ਵਿਚ ਕੁਰਸੀ ਰੱਖ ਕੇ ਬੈਠੇ ਮਾਲਕ ਨਾਲ ਕਿਰਾਏ ਦੀ ਗੱਲ ਤੋਰੀ ਤਾਂ ਉਸ ਨੇ ਅੱਗਿਉਂ ਪਹਿਲਾਂ ਸਵਾਲ ਇਹ ਪੁੱਛਿਆ, "ਸਰਦਾਰ ਸਾਹਿਬ, ਬੱਚੇ ਕਿੰਨੇ ਨੇ ਤੁਹਾਡੇ?" ਕਰਨਜੀਤ ਕੁਝ ਡੌਰ-ਭੌਰ ਉਹਦੇ ਵੱਲ ਦੇਖਣ ਲੱਗਾ। ਉਸ ਨੂੰ ਇਸ ਕਿਸਮ ਦੇ ਸਵਾਲ ਦੀ ਕੋਈ ਤਵੱਕੋ ਨਹੀਂ ਸੀ। ਬੰਦਾ ਪੁੱਛਦਾ ਹੈ- ਕੰਮ ਕੀ ਕਰਦੇ ਓ, ਤਨਖਾਹ ਕਿੰਨੀ ਲੈਂਦੇ ਓ, ਵਗੈਰਾ!***

ਗੱਡੀ ਦੇ ਜਿਸ ਡੱਬੇ ਵਿਚ ਉਹ ਵੜੇ, ਉਸ ਵਿਚ ਚਾਰ ਚਾਰ ਸੀਟਾਂ ਵਾਲੇ ਕੂਪੇ ਜਿਹੇ ਵਿਚ ਸਿਰਫ਼ ਇਕ ਸਵਾਰੀ ਬੈਠੀ ਸੀ। ਅੱਧਖੜ ਉਮਰ ਦੀ ਔਰਤ, ਖ਼ੂਬਸੂਰਤ, ਗੋਰੀ ਚਿੱਟੀ, ਗਦਰਾਏ ਬਦਨ ਵਾਲੀ। ਉਹ ਚੌਕੜੀ ਮਾਰ ਕੇ ਗੁਟਕੇ ਤੋਂ ਪਾਠ ਕਰ ਰਹੀ ਸੀ। ਕਰਨਜੀਤ ਅਤੇ ਉਸ ਦੇ ਬੱਚੇ ਖਾਲੀ ਸੀਟਾਂ ਉਤੇ ਬੈਠ ਗਏ ਸਨ। ਸਾਮਾਨ ਉਹਨਾਂ ਕੁਝ ਸੀਟਾਂ ਦੇ ਹੇਠਾਂ ਤੇ ਕੁਝ ਉਪਰ ਦੀਆਂ ਸੀਟਾਂ 'ਤੇ ਟਿਕਾਅ ਲਿਆ ਸੀ। ਕੋਈ ਦੋ ਘੰਟੇ ਮਗਰੋਂ ਪਾਠ ਦਾ ਭੋਗ ਪਾ ਕੇ ਉਸ ਔਰਤ ਨੇ ਬੱਚਿਆਂ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਦੋਵੇਂ ਛੋਟੇ ਮੁੰਡਿਆਂ ਨੂੰ ਗੋਦੀ ਵਿਚ ਬਿਠਾ ਕੇ ਉਹਨਾਂ ਦੀਆਂ ਗੱਲ੍ਹਾਂ ਪਲੋਸਦੀ ਤੋਤਲੀਆਂ ਗੱਲਾਂ ਕਰਦੀ ਰਹੀ। ਕਰਨਜੀਤ ਦੀ ਪਤਨੀ ਨਾਲ ਵੀ ਉਹਨੇ ਗੱਲਬਾਤ ਛੇੜ ਲਈ, ਪਰ ਕਰਨਜੀਤ ਨਾਲ ਅਜੇ ਤੱਕ ਉਸ ਨੇ ਕੋਈ ਬੋਲ ਸਾਂਝਾ ਨਹੀਂ ਸੀ ਕੀਤਾ। ਸਿਰਫ਼ ਵਿਚ ਵਿਚ ਉਹ ਕੈਰੀ ਅੱਖ ਨਾਲ ਉਹਦੇ ਵੱਲ ਵੇਖ ਲੈਂਦੀ ਸੀ। ਉਹ ਵੀ ਉਹਦੇ ਵੱਲ ਦੇਖ ਛੱਡਦਾ। ਕਰਨਜੀਤ ਨੂੰ ਉਸ ਔਰਤ ਦੀਆਂ ਅੱਖਾਂ ਵਿਚ ਕਿਸੇ ਲਾਲਸਾ ਦੇ ਪਰਛਾਵੇਂ ਜਿਹੇ ਨਜ਼ਰ ਆਉਂਦੇ, ਜਿਵੇਂ ਉਹ ਕੁਝ ਮੰਗ ਰਹੀਆਂ ਹੋਣ। ਸਫ਼ਰ ਬੜਾ ਲੰਮਾ ਸੀ ਅਤੇ ਥਕਾ ਦੇਣ ਵਾਲਾ ਵੀ। ਜਦੋਂ ਸ਼ਾਮ ਢਲੀ ਅਤੇ ਹਨੇਰਾ ਜਿਹਾ ਹੋ ਗਿਆ ਤਾਂ ਸਭ ਦੀਆਂ ਅੱਖਾਂ ਵਿਚ ਨੀਂਦਰ ਉਤਰਨ ਲੱਗੀ ਤੇ ਹੌਲੀ ਹੌਲੀ ਸਭ ਨਿਆਣੇ ਸੌਂ ਗਏ। ਵੱਡੀਆਂ ਬੱਚੀਆਂ ਉਪਰ ਵਾਲੀਆਂ ਸੀਟਾਂ 'ਤੇ, ਅਤੇ ਛੋਟੇ ਬੱਚੇ ਹੇਠਲੀਆਂ ਸੀਟਾਂ 'ਤੇ। ਕਰਨਜੀਤ ਸਿੰਘ ਦੀ ਪਤਨੀ ਨੇ ਵੀ ਲੱਤਾਂ ਨਿਸਲ ਕਰ ਲਈਆਂ; ਤੇ ਕਰਨਜੀਤ ਸਾਹਮਣੇ ਵਾਲੀ ਸੀਟ ਉਤੇ ਉਸ ਔਰਤ ਦੇ ਕੋਲ ਜਾ ਬੈਠਾ। ਦਿੱਲੀ ਪਹੁੰਚਦਿਆਂ ਤੱਕ ਉਹ ਆਪਸ ਵਿਚ ਗੱਲਾਂ ਕਰਦੇ ਰਹੇ। ਉਸ ਔਰਤ ਦੇ ਨਾਮ ਪ੍ਰੀਤਮ ਕੌਰ ਸੀ। ਉਹ ਦਿੱਲੀ ਦੇ ਕਿਸੇ ਪ੍ਰਾਇਮਰੀ ਸਕੂਲ ਵਿਚ ਅਧਿਆਪਕਾ ਸੀ। ਉਹਦਾ ਪਤੀ ਸਰਕਾਰੀ ਨੌਕਰ ਸੀ। ਉਹ ਸਰੋਜਨੀ ਨਗਰ ਦੇ ਸਰਕਾਰੀ ਕੁਆਰਟਰਾਂ ਵਿਚ ਰਹਿੰਦੇ ਸਨ। ਉਹਦੇ ਵਿਆਹ ਨੂੰ ਦਸ ਸਾਲ ਹੋ ਗਏ ਸਨ। ਉਨ੍ਹਾਂ ਦੇ ਕੋਈ ਬੱਚਾ ਨਹੀਂ ਸੀ। ਇਕ ਸਤਮਾਹੇ ਪੁੱਤਰ ਨੇ ਜਨਮ ਲਿਆ ਸੀ ਵਿਆਹ ਤੋਂ ਸਾਲ ਕੁ ਮਗਰੋਂ, ਜਿਸ ਦੀ ਕੁਝ ਘੰਟਿਆਂ ਮਗਰੋਂ ਹੀ ਮੌਤ ਹੋ ਗਈ ਸੀ। ਉਸ ਤੋਂ ਬਾਅਦ ਕਰਨਜੀਤ ਨੂੰ ਪੰਜਾਬੀ ਕਵੀ ਵਜੀਦ ਦੀਆਂ ਇਹ ਪੰਗਤੀਆਂ ਯਾਦ ਆ ਗਈਆਂ:

ਇਕਨਾ ਦੇ ਘਰ ਪੁੱਤਰ
ਪੁੱਤਾਂ ਘਰ ਪੋਤਰੇ
ਇਕਨਾ ਦੇ ਘਰ ਧੀਆਂ
ਧੀਆਂ ਘਰ ਦੋਹਤਰੇ
ਇਕਨਾ ਦੇ ਘਰ ਇਕ
ਤੇ ਉਹ ਵੀ ਜਾਂਦਾ ਮਰ
ਵਜੀਦਾ ਕੌਣ ਸਾਹਿਬ ਨੂੰ ਆਖੇ
ਇੰਜ ਨਹੀਂ ਇੰਜ ਕਰ।

ਇਨ੍ਹਾਂ ਸੋਚਾਂ ਵਿਚ ਹੀ ਕਰਨਜੀਤ ਦੀ ਉਹ ਦਿਹਾੜੀ ਵੀ ਲੰਘ ਗਈ। ਅਗਲੇ ਦਿਨ ਉਹ ਮਕਾਨ ਦੀ ਤਲਾਸ਼ ਵਿਚ ਇਕੱਲਾ ਹੀ ਨਿਕਲਿਆ। ਉਸ ਸੋਚਿਆ, ਪਤਾ ਨਹੀਂ ਹੋਰ ਕਿਸ ਤਰ੍ਹਾਂ ਦੇ ਉਟ-ਪਟਾਂਗ ਸਵਾਲ ਕੋਈ ਉਸ ਨੂੰ ਪੁੱਛ ਲਵੇ। ਅੱਜ ਉਸ ਨੂੰ ਇਕ ਸੱਜਣ ਜਿਸ ਦੀ ਬਜ਼ਾਰ ਵਿਚ ਆਟੇ ਦੀ ਚੱਕੀ ਸੀ, ਪੁੱਛਣ ਲੱਗਾ, "ਤੁਸੀਂ ਡਾ. ਰਘਬੀਰ ਸਿੰਘ ਨੂੰ ਮਿਲੇ ਓ? ਜੇ ਨਹੀਂ ਤਾਂ ਉਹਨਾਂ ਨੂੰ ਜ਼ਰੂਰ ਮਿਲੋ। ਉਹਨਾਂ ਦਾ ਦੋ-ਤਿੰਨ ਮਕਾਨ ਨੇ। ਖਵਰੇ ਕੋਈ ਹਿੱਸਾ ਖਾਲੀ ਹੋਵੇ।" ਤੇ ਕਰਨਜੀਤ ਡਾ. ਰਘਬੀਰ ਸਿੰਘ ਦੇ ਕਲੀਨਿਕ ਵਿਚ ਪਹੁੰਚ ਗਿਆ। ਬੜਾ ਸੁਹਣਾ ਸੁਨੱਖਾ ਦਰਮਿਆਨੇ ਕੱਦ ਦਾ ਸੁਡੌਲ ਸਰੀਰ ਵਾਲਾ ਸਰਦਾਰ ਜਿਸ ਨੇ ਬੂਟੀਆਂ ਵਾਲੀ ਪਗੜੀ ਬੰਨ੍ਹੀ ਹੋਈ ਸੀ। ਅੰਦਰ ਬੈਠੇ ਮਰੀਜ਼ਾਂ ਤੋਂ ਵਿਹਲਾ ਹੋਇਆ ਤਾਂ ਉਸ ਨੇ ਕਰਨਜੀਤ ਸਿੰਘ ਨੂੰ ਅੰਦਰ ਬੁਲਾਇਆ।

"ਹਾਂ ਜੀ, ਦੱਸੋ।" ਉਸ ਦੇ ਗੱਲ ਕਰਨ ਦੇ ਅੰਦਾਜ਼ ਤੋਂ ਲੱਗਦਾ ਸੀ ਕਿ ਉਹ ਕਰਨਜੀਤ ਨੂੰ ਵੀ ਕੋਈ ਮਰੀਜ਼ ਹੀ ਸਮਝ ਰਿਹਾ ਸੀ।

"ਜੀ ਮੈਂ ਕੋਈ ਦਵਾਈ ਲੈਣ ਨਹੀਂ ਆਇਆ। ਇਕ ਜ਼ਰੂਰੀ ਗੱਲ ਕਰਨੀ ਹੈ।" ਕਰਨਜੀਤ ਨੇ ਕਿਹਾ।

"ਦੱਸੋ?" ਉਸ ਦਾ ਸੰਖੇਪ ਹੁੰਗਾਰਾ ਸੀ।

ਕਰਨਜੀਤ ਨੇ ਆਪਣਾ ਅੱਗਾ ਪਿੱਛਾ ਦੱਸ ਕੇ, ਦਿੱਲੀ ਦੂਤਾਵਾਸ ਵਿਚ ਨੌਕਰੀ ਦੀ ਗੱਲ ਕਰਨ ਤੋਂ ਮਗਰੋਂ ਆਪਣੀ ਸਮੱਸਿਆ ਪੇਸ਼ ਕੀਤੀ ਤੇ ਨਾਲ ਹੀ ਆਖਿਆ, "ਇਹ ਗੱਲ ਮੈਂ ਆਪ ਹੀ ਦੱਸ ਦੇਵਾਂ, ਮੈਂ ਛੇ ਬੱਚਿਆਂ ਦਾ ਬਾਪ ਹਾਂ।"

ਡਾਕਟਰ ਮੁਸਕਰਾ ਪਿਆ, "ਅੱਛਾ, ਚਲੋ ਠੀਕ ਐ। ਜਗ੍ਹਾ ਤਾਂ ਖਾਲੀ ਹੈ, ਪਰ ਤੁਹਾਡੇ ਵਾਸਤੇ ਥੋੜ੍ਹੀ ਹੋਵੇਗੀ। ਇਕ ਹਾਲ ਕਮਰਾ ਹੈ, ਤੇ ਉਹਦੇ ਨਾਲ ਇਕ ਰਸੋਈ। ਲੈਟਰੀਨ ਦੂਜੇ ਦੋ ਕਿਰਾਏਦਾਰਾਂ ਨਾਲ ਸਾਂਝੀ ਅਤੇ ਗੁਸਲਖਾਨੇ ਦਾ ਕੰਮ ਰਸੋਈ ਕੋਲੋਂ ਹੀ ਲੈਣਾ ਪਵੇਗਾ। ਰਸੋਈ ਕਾਫੀ ਖੁੱਲ੍ਹੀ ਹੈ। ਤੁਸੀਂ ਦੇਖ ਲਵੋ, ਜੇ ਤੁਹਾਡਾ ਕੰਮ ਚੱਲ ਸਕਦਾ ਹੈ, ਤਾਂ ਮੈਨੂੰ ਕੋਈ ਇਤਰਾਜ਼ ਨਹੀਂ।" ਉਸ ਨੇ ਸਾਰੀ ਸਥਿਤੀ ਸਪਸ਼ਟ ਕਰ ਦਿੱਤੀ। ਕਰਨਜੀਤ ਦੇ ਕਹਿਣ ਉਤੇ ਕਿ ਉਹ ਇਕੋ ਹਾਲ ਕਮਰੇ ਵਿਚ ਗੁਜ਼ਾਰਾ ਕਰ ਲਵੇਗਾ, ਡਾਕਟਰ ਨੇ ਆਪਣੇ ਕੰਪਾਊਡਰ ਅਤੇ ਡਰਾਈਵਰ ਨੂੰ ਆਵਾਜ਼ ਮਾਰੀ ਤੇ ਅੰਦਰ ਬੁਲਾ ਕੇ ਆਖਿਆ, "ਧਰਮ ਰਾਜ, ਸਰਦਾਰ ਸਾਹਿਬ ਨੂੰ ਗੱਡੀ ਵਿਚ ਲੈ ਜਾ, ਤੇ ਮਕਾਨ ਦਿਖਾ ਲਿਆ।"

ਪੰਜ ਮਿੰਟ ਬਾਅਦ ਕਰਨਜੀਤ ਡਾ. ਰਘਬੀਰ ਸਿੰਘ ਦੀ ਫੀਅਟ ਵਿਚ ਬੈਠ ਮਕਾਨ ਦੇਖਣ ਜਾ ਰਿਹਾ ਸੀ। ਬਹੁਤ ਵੱਡਾ ਹਾਲ ਕਮਰਾ ਅਠਾਰਾਂ ਫੁੱਟ ਉਚੀ ਛੱਤ ਵਾਲਾ, ਸੱਜੇ ਖੱਬੇ ਦੋ ਹੋਰ ਕਿਰਾਏਦਾਰ ਸਨ। ਇਕ ਕਿਰਾਏਦਾਰ ਉਪਰਲੀ ਮੰਜ਼ਲ ਉਤੇ ਸੀ। ਹਾਲ ਕਮਰੇ ਦੇ ਸਾਹਮਣੇ ਛੋਟਾ ਜਿਹਾ ਵਿਹੜਾ ਸੀ। ਵਿਹੜੇ ਵਿਚ ਇਕ ਪਾਸੇ ਰਘਬੀਰ ਸਿੰਘ ਦਾ ਆਪਣਾ ਘਰ ਸੀ, ਉਸ ਦੇ ਖੱਬੇ ਉਹਦੇ ਵੱਡੇ ਭਰਾ ਦਰਸ਼ਨ ਸਿੰਘ ਦਾ ਘਰ ਸੀ ਅਤੇ ਸੱਜੇ ਉਸ ਤੋਂ ਵੱਡੇ ਭਰਾ ਦਾ ਮਕਾਨ ਜੋ ਕਿਰਾਏ 'ਤੇ ਚਾੜ੍ਹਿਆ ਹੋਇਆ ਸੀ। ਉਹ ਆਪ ਸ਼ਹਿਰ ਦੇ ਕਿਸੇ ਹੋਰ ਇਲਾਕੇ ਵਿਚ ਰਹਿੰਦਾ ਸੀ।

ਮਕਾਨ ਦੇਖਣਾ ਤਾਂ ਇਕ ਰਸਮ ਸੀ। ਉਸ ਨੇ ਹਰ ਹਾਲਤ ਵਿਚ ਰਿਹਾਇਸ਼ ਬਦਲਣੀ ਸੀ। ਵਾਪਸ ਆ ਕੇ ਉਸ ਨੇ ਕਿਰਾਇਆ ਪੁੱਛਿਆ ਤਾਂ ਡਾਕਟਰ ਨੇ ਦੱਸਿਆ, "ਕਿਰਾਇਆ ਪੰਜਾਹ ਰੁਪਏ।" ਕਰਨਜੀਤ ਨੇ ਜੇਬ ਵਿਚ ਬਟੂਏ ਨੂੰ ਹੱਥ ਪਾਇਆ ਤਾਂ ਡਾ. ਰਘਬੀਰ ਸਿੰਘ ਬੜੀ ਮਲੂਕੜੀ ਆਵਾਜ਼ ਵਿਚ ਮੁਸਕਰਾਉਂਦਾ ਹੋਇਆ ਬੋਲਿਆ, "ਇਹ ਕੀ? ਕਿਸੇ ਐਡਵਾਂਸ ਦੀ ਲੋੜ ਨਹੀਂ। ਤੁਸੀਂ ਜਦੋਂ ਚਾਹੋ ਸ਼ਿਫਟ ਕਰ ਲਓ।" ਤੇ ਉਸ ਨੇ ਮਕਾਨ ਦੀ ਚਾਬੀ ਧਰਮ ਰਾਜ ਤੋਂ ਲੈ ਕੇ ਕਰਨਜੀਤ ਦੇ ਹੱਥ ਫੜਾ ਦਿੱਤੀ।

ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜਾਤਾਂ-ਗੋਤਾਂ ਦੇ ਨਾਂ ਬਣ ਗਏ

ਪਾਕਿਸਤਾਨ ਤੋਂ ਇੰਗਲੈਂਡ ਜਾ ਵੱਸੇ ਲੇਖਕ ਜਨਾਬ ਗੁਲਾਮ ਮੁਸਤਫਾ ਡੋਗਰ ਦੀ ਪੰਜਾਬੀ ਸਭਿਆਚਾਰ ਉਤੇ ਬੜੀ ਪੀਡੀ ਪਕੜ ਹੈ, ਦੂਜੇ ਲਫਜ਼ਾਂ ਵਿਚ ਉਹ ਪੰਜਾਬ ਦੇ ਜ਼ੱਰੇ ਜ਼ੱਰੇ ਤੋਂ ਵਾਕਿਫ ਹਨ। ਪਿਛੇ ਜਿਹੇ ਪੰਜਾਬ ਟਾਈਮਜ਼ ਵਿਚ ਛਪੇ ਆਪਣੇ ਲੇਖ 'ਸਿੱਖ ਅਤੇ ਮੁਸਲਮਾਨ: ਭਾਈਚਾਰਕ ਸਾਂਝ' ਵਿਚ ਉਨ੍ਹਾਂ ਇਨ੍ਹਾਂ ਦੋਹਾਂ ਫਿਰਕਿਆਂ ਦੀ ਆਪਸੀ ਸਾਂਝ ਬਾਰੇ ਗੱਲ ਕੀਤੀ ਸੀ। ਹਥਲੇ ਲੇਖ ਵਿਚ ਉਨ੍ਹਾਂ ਅਣਵੰਡੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਦੇ ਲੋਕਾਂ ਦੀਆਂ ਜਾਤਾਂ-ਗੋਤਾਂ ਦਾ ਵੇਰਵਾ ਬੜੇ ਦਿਲਚਸਪ ਅੰਦਾਜ਼ ਵਿਚ ਆਖ ਸੁਣਾਇਆ ਹੈ। -ਸੰਪਾਦਕ

ਮਸ਼ਰਕੀ (ਪੂਰਬੀ) ਪੰਜਾਬ ਦਾ ਗਾਇਕ ਸਤਿੰਦਰ ਸਰਤਾਜ ਮੈਨੂੰ ਬੜਾ ਪਸੰਦ ਹੈ, ਖਾਸ ਕਰਕੇ ਉਹਦੀ ਗਾਈ ਹੀਰ। ਕੁਝ ਦਿਨ ਪਹਿਲਾਂ ਮੈਂ ਉਹਦਾ ਗਾਣਾ 'ਹਜ਼ਾਰੇ ਵਾਲਾ ਮੁੰਡਾ' ਸੁਣ ਰਿਹਾ ਸਾਂ। ਖਿਆਲ ਆਇਆ, ਜਦੋਂ ਸਭਿਆਚਾਰ ਇਕ ਹੋਵੇ, ਉਸ ਇਲਾਕੇ ਨੂੰ ਸਦਾ ਲਈ ਨਹੀਂ ਵੰਡਿਆ ਜਾ ਸਕਦਾ। ਵੇਖੋ ਨਾ, ਪੂਰਬੀ ਪੰਜਾਬ ਦੇ ਲੋਕ ਹੀਰ ਗਾਏ ਬਿਨਾ ਕਿਵੇਂ ਰਹਿ ਸਕਦੇ ਨੇ! 70 ਸਾਲਾਂ ਬਾਅਦ ਵੀ ਇਨ੍ਹਾਂ ਦੇ ਗਾਣਿਆਂ ਵਿਚ ਹਜ਼ਾਰੇ ਦਾ ਜ਼ਿਕਰ ਆ ਰਿਹਾ ਹੈ। ਭਾਵੇਂ ਇਨ੍ਹਾਂ ਨੂੰ ਪਤਾ ਨਹੀਂ ਕਿ ਹਜ਼ਾਰਾ ਕਿਸੇ ਸ਼ਹਿਰ ਜਾਂ ਪਿੰਡ ਦਾ ਨਾਂ ਨਹੀਂ, ਇਹ ਤਾਂ ਪਾਕਿਸਤਾਨੀ ਪੰਜਾਬ ਨਾਲ ਲਗਦੇ ਇਕ ਇਲਾਕੇ ਦਾ ਨਾਂ ਹੈ, ਜਿਹੜਾ ਹੈ ਤਾਂ ਪੰਜਾਬੋਂ ਬਾਹਰ ਪਰ ਬੋਲੀ ਉਥੇ ਵੀ ਲਹਿੰਦੀ ਪੰਜਾਬੀ ਹੀ ਬੋਲੀ ਜਾਂਦੀ ਹੈ।

ਗੁਲਾਮ ਮੁਸਤਫਾ ਡੋਗਰ
ਫੋਨ: 0044-7878132209
email: kotroy@hotmail.co.uk

ਕੁਦਰਤੀ ਹੈ, ਹਰ ਮੁਆਸ਼ਰਾ ਜਾਤਾਂ ਗੋਤਾਂ, ਕਬੀਲਿਆਂ 'ਚ ਵੰਡਿਆ ਪਿਆ ਹੈ। ਜੇ ਇਕੱਲੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਇਥੇ ਜੱਟਾਂ ਦੇ ਹੀ ਕੋਈ 550 ਕਬੀਲੇ ਜਾਂ ਗੋਤ ਨੇ। ਰਾਜਪੂਤਾਂ ਦੇ ਕੋਈ 300 ਗੋਤ ਹੋਣਗੇ। ਮਸਲਨ ਇਥੇ ਕੋਈ ਗਿੱਲ ਹੈ, ਬਾਜਵਾ ਹੈ, ਰੰਧਾਵਾ ਹੈ, ਪਰਿਹਾਰ ਹੈ, ਚੌਹਾਨ ਹੈ ਤੇ ਕੋਈ ਵਿਰਕ। ਯੂਰਪ ਵਿਚ ਇਨ੍ਹਾਂ ਨੂੰ ਫੈਮਿਲੀ ਨੇਮ ਜਾਂ ਲਾਸਟ ਨੇਮ ਕਹਿ ਦਿੰਦੇ ਨੇ।

ਕਈ ਨਾਂ ਅਜਿਹੇ ਨੇ ਜੋ ਅਸਲ ਵਿਚ ਇਲਾਕਿਆਂ ਦੇ ਨਾਂ ਹਨ ਪਰ ਲੋਕ ਉਨ੍ਹਾਂ ਨੂੰ ਵੀ ਗੋਤ ਜਾਂ ਕਬੀਲੇ ਸਮਝਦੇ ਹਨ। ਮਿਸਾਲ ਦੇ ਤੌਰ 'ਤੇ ਡੋਗਰੇ, ਸੁਲੈਹਰੀਏ, ਬਾਰੀਏ, ਬਾਗੜੀ, ਨੱਕਈ, ਮਝੈਲ, ਮਲਵੱਈ ਆਦਿ। ਕਹਿਣ ਤੋਂ ਭਾਵ ਡੁੱਗਰ ਇਕ ਇਲਾਕੇ ਦਾ ਨਾਂ ਹੈ ਤੇ ਜੋ ਵੀ ਉਥੋਂ ਦਾ ਵਸਨੀਕ ਹੈ, ਉਹ ਡੋਗਰਾ ਕਹਾਉਂਦਾ ਹੈ ਭਾਵੇਂ ਉਹ ਕਿਸੇ ਵੀ ਜਾਤ ਗੋਤ ਜਾਂ ਕਬੀਲਾ ਤੋਂ ਹੋਵੇ।

ਹਜ਼ਾਰੇ ਵਿਚ ਹਰੀਪੁਰ ਸ਼ਹਿਰ ਆਬਾਦ ਹੈ ਜੋ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ ਆਬਾਦ ਕੀਤਾ ਸੀ। ਉਥੇ ਫਿਰ ਮਾਨਸਿਹਰਾ ਸ਼ਹਿਰ ਹੈ ਜਿਸ ਦੀ ਨੀਂਹ ਸਿੱਖ ਜਰਨੈਲ ਮਾਨ ਸਿੰਘ ਨੇ ਰੱਖੀ ਸੀ। ਹਜ਼ਾਰੇ ਵਿਚ ਹੀ ਸ਼ਹਿਰ ਐਬਟਾਬਾਦ ਹੈ ਜਿਥੇ ਪਾਕਿਸਤਾਨੀ ਫੌਜ ਦੇ ਅਫਸਰਾਂ ਦਾ ਟਰੇਨਿੰਗ ਸੈਂਟਰ ਹੈ। ਅੱਜ ਤਾਂ ਵਿਚ ਵਿਚ ਕਦੀ ਕਦੀ ਮੰਗ ਉਠਦੀ ਹੈ ਕਿ ਹਜ਼ਾਰੇ ਨੂੰ ਵੀ ਵੱਖਰਾ ਸੂਬਾ ਬਣਾਇਆ ਜਾਵੇ। ਜੇ ਅਜਿਹਾ ਹੋ ਗਿਆ ਤਾਂ ਉਹਦੀ ਰਾਜਧਾਨੀ ਹਰੀਪੁਰ ਹੀ ਬਣਨੀ ਹੈ।

ਯਾਦ ਰਹੇ, ਹਜ਼ਾਰਾ ਇਲਾਕਾ ਇਸ ਵੇਲੇ ਖੈਬਰ ਪੱਖਤੂਨਖਾ ਦਾ ਬਹੁਤ ਵੱਡਾ ਇਲਾਕਾ ਹੈ, ਹਾਲਾਂ ਕਿ ਬੋਲੀ ਉਥੇ ਵੀ ਪੰਜਾਬੀ ਹੀ ਜਾਂਦੀ ਹੈ। ਅਮੂਮਨ ਕਿਹਾ ਜਾਂਦਾ ਹੈ ਕਿ ਪੰਜਾਬ ਸੂਬਾ ਪੂਰੇ ਪਾਕਿਸਤਾਨ ਦਾ 64% ਹੈ। ਮੈਂ ਕਹਿਨਾਂ ਵਾਂ, ਪੰਜਾਬ ਉਸ ਤੋਂ ਵੀ ਵੱਡਾ ਹੈ ਕਿਉਂਕਿ ਜਦੋਂ ਅਸੀ 64% ਕਹਿੰਨੇ ਆਂ, ਉਦੋਂ ਹਜ਼ਾਰੇ ਵਰਗੇ ਇਲਾਕੇ ਨਜ਼ਰਅੰਦਾਜ਼ ਕਰ ਦਿੰਨੇ ਆਂ, ਜਿਥੋਂ ਦੀ ਬੋਲੀ ਪੰਜਾਬੀ ਹੀ ਹੈ। ਹਾਲਾਂ ਕਿ ਜਿਵੇਂ ਅਕਸਰ ਹੁੰਦਾ ਹੈ, ਬੋਲੀ ਕਦੀ ਵੀ ਇਕਸਾਰ ਨਹੀਂ ਹੁੰਦੀ, ਇਲਾਕੇ ਦਾ ਫਰਕ ਪੈਂਦਾ ਹੈ। ਹਜ਼ਾਰੇ ਦੀ ਪੰਜਾਬੀ ਪੇਸ਼ਾਵਰ ਦੀ ਹਿੰਦਕੋ ਤੇ ਪੰਜਾਬੀ ਦਾ ਮੇਲ ਜਿਹਾ ਹੈ।

ਮੈਨੂੰ ਪਤਾ ਹੈ, 1947 'ਚ ਹਜ਼ਾਰੇ ਤੋਂ ਬਹੁਤ ਸਿੱਖ ਉਠ ਕੇ ਪਟਿਆਲੇ ਜਾ ਬੈਠੇ ਸਨ ਜਿਨ੍ਹਾਂ ਨੂੰ ਭਾਪੇ ਕਿਹਾ ਜਾਂਦਾ ਹੈ।

ਹਜ਼ਾਰੇ ਤੋਂ ਥੋੜ੍ਹਾ ਅਗਲਾ ਇਲਾਕਾ ਛੱਛ ਕਹਾਉਂਦਾ ਹੈ। ਉਥੋਂ ਦੇ ਵਸਨੀਕਾਂ ਨੂੰ ਛਾਛੀ ਕਿਹਾ ਜਾਂਦਾ ਹੈ। ਇਹ ਸਮਝ ਲਓ ਕਿ ਇਹ ਪੇਸ਼ਾਵਰ ਤੇ ਪੰਜਾਬ ਦੇ ਵਿਚਲਾ ਇਲਾਕਾ ਹੈ। ਅਜਿਹਾ ਇਲਾਕਾ ਜਿਥੇ ਦੋ ਜ਼ਬਾਨਾਂ ਮਿਲਦੀਆਂ ਹੋਣ, ਉਥੋਂ ਦੇ ਲੋਕ ਉਹ ਦੋਵੇਂ ਜ਼ਬਾਨਾਂ ਬੋਲ ਸਕਦੇ ਹੁੰਦੇ ਨੇ, ਤੇ ਬਸ ਇਹੋ ਹਾਲ ਛੱਛ ਦਾ ਹੈ। ਛਾਛੀ ਪਸ਼ਤੋ ਤੇ ਪੰਜਾਬੀ-ਦੋਹਾਂ ਜ਼ਬਾਨਾਂ ਬੋਲ ਸਕਦੇ ਨੇ। ਸਗੋਂ ਨਿਗ੍ਹਾ ਵਿਚ ਤਾਂ ਛਾਛੀ ਪਠਾਣ ਹੀ ਹੁੰਦੇ ਨੇ ਪਰ ਪਠਾਣ ਲੋਕ ਇਨ੍ਹਾਂ ਨੂੰ ਅਸਲੀ ਪਠਾਣ ਨਹੀਂ ਗਿਣਦੇ। ਉਹ ਕਹਿੰਦੇ, ਇਹ ਛਾਛੀ ਪਠਾਣ ਨੇ। ਛੱਛ ਦਾ ਵੱਡਾ ਸ਼ਹਿਰ ਅੱਟਕ ਹੈ।

ਹਜ਼ਾਰੇ ਤੋਂ ਉਰਾਂ ਨੂੰ ਆਈਏ ਤਾਂ ਪੰਜਾਬ ਦਾ ਜੋ ਇਲਾਕਾ ਪੈਂਦਾ ਹੈ, ਉਹਨੂੰ ਪੋਠੋਹਾਰ ਕਿਹਾ ਜਾਂਦਾ ਹੈ ਜਿਸ ਵਿਚ ਰਾਵਲਪਿੰਡੀ, ਚੱਕਵਾਲ, ਜਿਹਲਮ, ਗੁਜਰਾਤ, ਪਿੰਡੀ ਘੇਬ ਜ਼ਿਲੇ ਆਉਂਦੇ ਹਨ। ਇਹ ਕਾਫੀ ਵੱਡਾ ਇਲਾਕਾ ਹੈ। ਇਸ ਇਲਾਕੇ ਦੇ ਲੋਕ ਖਾਸ ਕਰਕੇ ਜੱਟ ਤੇ ਰਾਜਪੂਤ ਫੌਜ ਵਿਚ ਵੱਡੀ ਗਿਣਤੀ ਵਿਚ ਹਨ। ਇਥੇ ਜੋ ਜ਼ੁਬਾਨ ਬੋਲੀ ਜਾਂਦੀ ਹੈ, ਉਹ ਪੋਠੋਹਾਰੀ ਪੰਜਾਬੀ ਹੈ, ਜੋ ਭਾਪਿਆਂ ਦੀ ਜ਼ੁਬਾਨ ਹੈ।

ਫਿਰ ਉਰੇ ਆਉਂਦੇ ਹਾਂ ਤਾਂ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਚੱਜ ਕਿਹਾ ਜਾਂਦਾ ਹੈ। ਇਥੋਂ ਦੇ ਮੂਲ ਨਿਵਾਸੀ ਗੋਂਦਲ ਜੱਟ ਤੇ ਰਾਂਝੇ ਜੱਟ ਹਨ। ਧੀਦੋ ਰਾਂਝਾ ਇਸੇ ਇਲਾਕੇ ਦਾ ਸੀ। ਮਤਲਬ ਜਿਹਲਮ ਤੇ ਝਨਾਂ (ਚਿਨਾਬ) ਵਿਚਲਾ ਇਲਾਕਾ ਮੰਡੀ ਬਹਾਉਦੀਨ। ਗੁਜਰਾਤ ਸ਼ਹਿਰ ਵਿਚ ਝਨਾਂ ਦਰਿਆ ਦੇ ਕੰਢੇ ਸੋਹਣੀ ਮਹੀਂਵਾਲ ਵੀ ਇਸੇ ਇਲਾਕੇ ਦੇ ਹੋਏ ਹਨ।

ਸੱਚੀ ਗੱਲ ਇਹ ਹੈ ਕਿ ਜੇ ਕੋਈ ਮਸ਼ਰਕੀ ਪੰਜਾਬ ਬਾਰੇ ਲਿਖ ਰਿਹਾ ਹੋਵੇ ਅਤੇ ਜੇ ਉਹਨੂੰ ਮਗਰਬੀ ਪੰਜਾਬ ਬਾਰੇ ਜਾਣਕਾਰੀ ਜਾਂ ਮਾਲੂਮਾਤ ਨਾ ਹੋਵੇ ਤਾਂ ਉਹਦੀ ਲਿਖਤ ਕਦੀ ਵੀ ਭਰੋਸੇਮੰਦ ਨਹੀਂ ਬਣ ਸਕਦੀ। ਇਕ ਹਿੱਸੇ ਦੇ ਭੂਗੋਲ ਨੂੰ ਸਮਝਣ ਵਾਸਤੇ ਤੁਹਾਨੂੰ ਪੂਰੇ ਪੰਜਾਬ ਦਾ ਜੁਗਰਾਫੀਆ ਪੜ੍ਹਨਾ ਪਵੇਗਾ। ਇਕਾਈ (ਯੂਨਿਟ) ਪੰਜਾਬ ਹੈ। ਜਿਵੇਂ ਸਰੀਰ ਦੇ ਵੱਖ ਵੱਖ ਅੰਗ ਹੁੰਦੇ ਨੇ, ਇਹਨੂੰ ਵੰਡ ਜਿੰਨਾ ਮਰਜੀ ਲਓ ਪਰ ਅਸਲੀ ਪੰਜਾਬ ਤਾਂ ਅਣਵੰਡਿਆ ਪੰਜਾਬ ਹੀ ਹੈ। ਕੋਈ ਇਕ ਟੁਕੜਾ ਪੰਜਾਬ ਨਹੀਂ ਕਹਾ ਸਕਦਾ।

ਅੰਮ੍ਰਿਤਸਰ ਦੇ ਦੱਖਣ ਵਿਚ ਛੋਟਾ ਜਿਹਾ ਕਸਬਾ ਹੈ, ਝਬਾਲ। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਸ ਇਲਾਕੇ ਦੇ ਮੌਜੂਦਾ ਸਿੱਖ ਵਸਨੀਕਾਂ ਨੂੰ ਪਤਾ ਵੀ ਨਹੀਂ ਹੋਣਾ ਕਿ ਇਹਨੂੰ ਝਬਾਲ ਕਿਉਂ ਕਿਹਾ ਜਾਂਦਾ ਹੈ? ਹਾਂ, ਪਰ ਜੇ ਤੁਹਾਨੂੰ ਲਹਿੰਦੇ ਪੰਜਾਬ ਦਾ ਗਿਆਨ ਹੈ ਤਾਂ ਜਰੂਰ ਜਾਣਦੇ ਹੋਵੋਗੇ।

ਪੰਜਾਬ ਦੇ ਰਾਜਪੂਤਾਂ ਦੀ ਇਕ ਗੋਤ ਹੈ, 'ਛਿੱਬ' ਤੇ ਹੋ ਸਕਦਾ ਹੈ, ਇਹ ਛਿੱਬ ਲਫਜ਼ ਛਿੱਬਾ ਤੋਂ ਆਇਆ ਹੋਵੇ ਮਤਲਬ ਕਿਸੇ ਚੀਜ ਵਿਚ ਛਿੱਬ ਪੈ ਜਾਣਾ। ਛਿੱਬ ਲੋਕਾਂ ਦਾ ਮੁੱਖ ਇਲਾਕਾ ਹੈ ਪੋਠੋਹਾਰ ਨਾਲ ਲਗਦਾ, ਗੁਜਰਾਤ ਦਾ ਪਹਾੜ ਪਾਸਾ ਪਰ ਜੰਮੂ ਤੋਂ ਥੱਲੇ-ਖਾਰੀਆਂ, ਜਿਹਲਮ, ਗੁਜਰਾਤ, ਭਿੰਬਰ ਆਦਿ। ਇਨ੍ਹਾਂ ਛਿੱਬੇ ਰਾਜਪੂਤਾਂ ਦਾ ਇਹ ਇਲਾਕਾ ਕਹਾਉਂਦਾ ਹੈ-ਛਿੱਬਆਲ ਜਾਂ ਛਿਬਾਲ ਜਾਂ ਝਬਾਲ। ਕਿਸੇ ਵੇਲੇ ਇਹ ਲੋਕ ਕਾਂਗੜੇ ਦੇ ਵਸਨੀਕ ਸਨ ਤੇ ਇਹ ਡੋਗਰੇ ਵੀ ਕਹਾਉਂਦੇ ਹਨ। ਵਕਤ ਪਾ ਕੇ ਇਧਰ ਉਧਰ ਚਲੇ ਗਏ। ਪਰ ਅੱਜ ਪਹਾੜਾਂ ਤੋਂ ਥੱਲੇ ਦੇ ਇਹ ਛਿੱਬੇ ਸਭ ਮੁਸਲਮਾਨ ਹਨ ਤੇ ਪਹਾੜਾਂ ਵਿਚ ਕਟੋਚ ਕਹਾਉਂਦੇ ਹਨ। ਇਨ੍ਹਾਂ ਛਿੱਬੇ ਰਾਜਪੂਤਾਂ ਦੀ ਬਾਕਾਇਦਾ ਇਕ ਰਿਆਸਤ ਵੀ ਸੀ, ਮੀਰਪੁਰ ਜਿਹਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ ਸੀ। ਛਿੱਬਾਂ ਦਾ ਜਠੇਰਾ ਕੋਈ ਪੀਰ ਸੂਰੀ ਸਾਧ ਹੋਇਆ ਹੈ ਜਿਸ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਇਆ। ਇਹ ਔਰੰਗਜ਼ੇਬ ਦੇ ਵੇਲੇ ਫੌਜ ਨਾਲ ਲੜਦਾ ਮਾਰਿਆ ਗਿਆ ਸੀ। ਛਿੱਬ ਲੋਕ ਆਪਣੇ ਬੱਚੇ ਦੀ ਝੰਡ ਵੀ ਇਸ ਦੀ ਦਰਗਾਹ 'ਤੇ ਜਾ ਕੇ ਹੀ ਚੜ੍ਹਾਉਂਦੇ ਨੇ। ਛਿੱਬ ਲੋਕ ਦੋਹਾਂ ਮੁਲਕਾਂ ਦੀ ਫੌਜ ਵਿਚ ਕਾਫੀ ਗਿਣਤੀ 'ਚ ਹਨ।

ਸੋ, ਹੁਣ ਪਤਾ ਲੱਗਾ ਕਿ ਕਸਬੇ ਦਾ ਨਾਂ ਝਬਾਲ ਕਿਉਂ ਪਿਆ? ਉਥੇ ਵੀ ਛਿੱਬ ਰਾਜਪੂਤ ਰਹਿੰਦੇ ਹੋਣਗੇ ਜੋ ਪਾਕਿਸਤਾਨ ਬਣਨ ਤੋਂ ਜਾਂ ਪਹਿਲੋਂ ਇਧਰ ਉਧਰ ਚਲੇ ਗਏ।

ਇਸੇ ਤਰ੍ਹਾਂ ਜੋ ਲੋਕ ਬਾਰ ਦੇ ਰਹਿਣ ਵਾਲੇ ਹਨ ਜਾਂ ਸਨ, ਲੋਕ ਉਨ੍ਹਾਂ ਨੂੰ ਬਾਰੀਏ ਕਹਿੰਦੇ ਨੇ। ਸਾਡੀ ਨਵੀਂ ਪੀੜੀ ਨੂੰ ਬਾਰਾਂ ਬਾਰੇ ਕੋਈ ਖਾਸ ਗਿਆਨ ਨਹੀਂ। ਇਹ ਪੰਜਾਬ ਦਾ ਬੇਆਬਾਦ ਜਿਹਾ ਜੰਗਲੀ ਇਲਾਕਾ ਹੁੰਦਾ ਸੀ, ਜੋ ਅੰਗਰੇਜ਼ਾਂ ਨੇ ਸਿਆਲਕੋਟ, ਲਾਹੌਰ, ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ ਆਦਿ ਜ਼ਿਲਿਆਂ ਦੀ ਕੁਝ ਆਬਾਦੀ ਨੂੰ ਮੁਫਤ ਜ਼ਮੀਨਾਂ ਦੇ ਕੇ ਵਸਾਇਆ ਸੀ। ਧਿਆਨ ਰਹੇ, ਬਾਰਾਂ ਤਿੰਨ ਹਨ-ਨੀਲੀ ਬਾਰ, ਸਾਂਦਲ ਬਾਰ ਅਤੇ ਕਿਰਾਨਾ ਬਾਰ।

ਨੀਲੀ ਬਾਰ ਰਾਵੀ ਤੇ ਸਤਲੁਜ ਦਰਿਆ ਦੇ ਵਿਚਕਾਰਲਾ ਇਲਾਕਾ ਹੈ। ਇਸ ਇਲਾਕੇ ਵਿਚ ਖਾਨੇਵਾਲ, ਸਾਹੀਵਾਲ, ਓਕਾੜਾ, ਵਿਹਾੜੀ, ਪਾਕ ਪਤਨ ਆਦਿ ਸ਼ਹਿਰ ਹਨ। ਇਥੋਂ ਦੇ ਮੂਲ ਨਿਵਾਸੀ ਸਨ-ਬੋਦਲੇ, ਢੱਡੀ, ਹਾਂਸ, ਜੋਈਆ, ਕਾਠੀਆ, ਖਰਲ, ਲੰਗੜਿਆਲ, ਸਿਆਲ, ਵੱਟੂ। ਯਾਦ ਰਹੇ, ਹੀਰ ਸਿਆਲ ਕਬੀਲੇ ਦੀ ਸੀ ਤੇ ਰਾਂਝਾ ਹੈ ਤਾਂ ਜੱਟ ਕਬੀਲੇ ਦਾ ਸੀ ਪਰ ਉਹ ਮੁਕਾਮੀ ਨਹੀਂ ਥੋੜਾ ਦੂਸਰੇ ਇਲਾਕੇ ਭਾਵ ਸਰਗੋਧੇ ਤੋਂ ਸੀ।

ਸਿਆਲਾਂ ਦੀ ਹੀਰ ਤੇ ਧੀਦੋ ਰਾਂਝਾ

ਰਾਂਝੇ ਦਾ ਅਸਲ ਨਾਂ ਧੀਦੋ ਸੀ। ਰਾਂਝਾ ਗੋਤ ਹੈ।

ਸਾਂਦਲ ਬਾਰ ਨੂੰ ਦੁੱਲੇ ਭੱਟੀ ਵਾਲੀ ਬਾਰ ਵੀ ਕਿਹਾ ਜਾਂਦਾ ਹੈ। ਇਹ ਰਾਵੀ ਤੇ ਝਨਾਂ ਦੇ ਦਰਮਿਆਨ ਵਾਲਾ ਇਲਾਕਾ ਹੈ। ਇਸ ਵਿਚ ਵਸਦੇ ਮੂਲ ਨਿਵਾਸੀ ਹਨ-ਖਰਲ, ਚੱਧੜ, ਖੇੜੇ, ਜੋਈਏ, ਵਾਹਗੇ, ਨੂਰ, ਸਪਰਾ ਤੇ ਸਿਆਲ। ਯਾਦ ਰਹੇ, ਮਿਰਜ਼ਾ ਖਰਲ ਜੱਟ ਸੀ ਤੇ ਸਾਹਿਬਾਂ ਚੱਧੜ ਜੱਟ ਕਬੀਲੇ ਤੋਂ ਸੀ। ਹੀਰ ਵਿਆਹੀ ਖੇੜਿਆਂ ਵਲ ਗਈ ਸੀ। ਸੈਦਾ ਖੇੜਾ ਉਹਦਾ ਪਤੀ ਸੀ। ਜਿਹੜਾ ਖੇੜਾ ਨਾਂ ਹੈ, ਪੰਜਾਬ ਦੇ ਬਾਕੀ ਹਿੱਸਿਆਂ ਵਿਚ ਇਹਨੂੰ ਕਿਤੇ ਖਾਹਰਾ ਕਿਹਾ ਜਾਂਦਾ, ਕਿਤੇ ਖਹਿਰਾ, ਹੈ ਇਕੋ ਹੀ। ਤੀਜੀ ਕਿਰਾਨਾ ਬਾਰ ਜਾਂ ਝੱਜ ਦੁਆਬ ਮਤਲਬ ਝਨਾਂ ਤੇ ਜਿਹਲਮ ਵਿਚਲਾ ਇਲਾਕਾ। ਵਸਦੇ ਲੋਕ-ਗੋਂਦਲ, ਖਿੱਚੀ ਤੇ ਕਲਿਆਰ ਜਾਂ ਕਲੇਰ।

ਫਿਰ ਲਾਹੌਰ ਦੇ ਲਹਿੰਦੇ ਪਾਸੇ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਨਾਕਾ ਕਹਿੰਦੇ ਹਨ। ਨਾਕਾ ਯਾਨਿ ਰੁਕਾਵਟ ਸਰਹੱਦ। ਵਸਨੀਕਾਂ ਨੂੰ ਨੱਕਈ ਕਹਿ ਦਿੱਤਾ ਜਾਂਦਾ ਹੈ। ਇਹ ਲੋਕ ਹੈ ਤਾਂ ਸੰਧੂ ਜੱਟ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਕ ਰਾਣੀ ਸੀ ਜਿਹਦਾ ਨਾਂ ਮਾਈ ਨਕੈਣ ਸੀ। ਇਹ ਨੱਕਈ ਮਿਸਲ ਦੇ ਸਰਦਾਰਾਂ ਦੀ ਧੀ ਸੀ। ਇਸੇ ਖਾਨਦਾਨ ਦੇ ਸਰਦਾਰ ਅਤਰ ਸਿੰਘ (ਖੁਦਾ ਬਖ਼ਸ਼) ਤੇ ਈਸ਼ਰ ਸਿੰਘ (ਅਬਦੁਲ ਅਜ਼ੀਜ਼) ਅੰਗਰੇਜ਼ਾਂ ਵੇਲੇ ਮੁਸਲਮਾਨ ਬਣ ਗਏ ਸਨ। ਇਸ ਪਰਿਵਾਰ ਦਾ ਅੱਜ ਵੀ ਲਹਿੰਦੇ ਪੰਜਾਬ ਦੀ ਸਿਆਸਤ ਵਿਚ ਵੱਡਾ ਅਸਰ ਰਸੂਖ ਹੈ। ਪਿਛੇ ਜਿਹੇ ਆਰਿਫ ਨੱਕਈ ਤਾਂ ਪੰਜਾਬ ਦਾ ਮੁੱਖ ਮੰਤਰੀ ਵੀ ਰਿਹਾ ਹੈ।

ਇਸੇ ਤਰ੍ਹਾਂ ਚੂਹਣੀਆਂ ਇਲਾਕੇ ਤੋਂ ਸੰਧੂ ਜੱਟਾਂ ਦੇ ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਜੋਧ ਸਿੰਘ ਦੇ ਪਰਿਵਾਰ ਦੇ ਬੰਦੇ ਹਨ, ਜੋ ਬਾਅਦ ਵਿਚ ਮੁਸਲਮਾਨ ਬਣ ਗਏ ਸਨ, ਉਨ੍ਹਾਂ ਦੇ ਟੱਬਰ ਵਿਚੋਂ ਵੀ ਕਈ ਲੋਕ ਅੱਜ ਦੀ ਸਿਆਸਤ ਵਿਚ ਪੂਰੇ ਸਰਗਰਮ ਨੇ, ਇਹ ਮੁਅੱਕਲ ਕਹਾਉਂਦੇ ਹਨ।

ਫਿਰ ਸਿਆਲਕੋਟ ਪਸਰੂਰ ਵਗੈਰਾ ਦਾ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਬਜਵਾਤ ਕਿਹਾ ਜਾਂਦਾ ਹੈ। ਇਹ ਬਾਜਵੇ ਜੱਟਾਂ ਤੇ ਬਿਜੂ ਰਾਜਪੂਤਾਂ ਦਾ ਇਲਾਕਾ ਹੈ, ਜਿਨ੍ਹਾਂ ਵਿਚ ਕੁਝ ਹਿੰਦੂ ਵੀ ਸਨ, ਜੋ 1947 ਵੇਲੇ ਹਿਜਰਤ ਕਰ ਗਏ। ਕੌਮਾਂ ਕਬੀਲਿਆਂ 'ਤੇ ਕੰਮ ਕਰਨ ਵਾਲੇ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਸ਼ੁਰੂ ਵਿਚ ਇਹ ਕੋਈ ਸ਼ਿਕਾਰੀ ਕਬੀਲਾ ਹੋਵੇਗਾ ਜਿਨ੍ਹਾਂ ਨੂੰ ਸ਼ਿਕਾਰੀ ਬਾਜ ਪਾਲਣ ਵਿਚ ਮੁਹਾਰਤ ਸੀ। ਅੱਜ ਵੀ ਮਿਡਲ ਈਸਟ ਦੇ ਅਰਬ ਤੇ ਕੇਂਦਰੀ ਏਸ਼ੀਆ ਦੇ ਤੁਰਕ ਤੇ ਮੰਗੋਲ ਜੰਗਲੀ ਇਲਾਕੇ ਵਿਚ ਹਿਰਨ ਤਕ ਦਾ ਸ਼ਿਕਾਰ ਬਾਜ ਨਾਲ ਕਰਦੇ ਨੇ। ਸੋ, ਇਹ ਬਾਜ ਵਾਲਾ ਕਬੀਲਾ ਹੌਲੀ ਹੌਲੀ ਬਣ ਗਿਆ, ਬਾਜਵਾ ਤੇ ਇਨ੍ਹਾਂ ਦਾ ਇਲਾਕਾ ਕਹਾਇਆ ਬਜਵਾਤ। ਇਸ ਤਰ੍ਹਾਂ ਇਹ ਇਲਾਕਾ ਖਾਸ ਬਣਦਾ ਹੈ, ਜਿਹਦਾ ਨਾਂ ਕੌਮ ਦੇ ਨਾਂ ਤੋਂ ਪੈਂਦਾ ਹੈ ਮਤਲਬ ਬਾਜਵਿਆਂ ਦਾ ਇਲਾਕਾ। ਬਾਕੀ ਵੇਖੋ ਨਾਂ ਕੋਈ ਪੋਠੋਹਾਰ ਹੈ, ਕੋਈ ਬਾਰ ਹੈ। ਇਹ ਕਬੀਲਾ ਅੱਗੇ ਜਾ ਕੇ ਫਿਰ ਪਾਟਦਾ ਹੈ ਤੇ ਕੁਝ ਜੱਟਾਂ ਨਾਲ ਜੁੜੇ ਤੇ ਕੁਝ ਰਾਜਪੂਤ ਕਹਾਏ। ਅੱਜ ਪਸਰੂਰ ਸਿਆਲਕੋਟ ਇਲਾਕੇ ਵਿਚ ਇਨ੍ਹਾਂ ਦੇ ਕੋਈ 180 ਪਿੰਡ ਹਨ।

ਦੂਸਰੇ ਪਾਸੇ ਦੰਦ ਕਥਾ ਅਨੁਸਾਰ ਇਹ ਲੋਕ ਮੂਲ ਰੂਪ ਵਿਚ ਰਾਜਪੂਤ ਸਨ। ਚਵਿੰਡਾ ਤੇ ਪਸਰੂਰ ਇਲਾਕੇ ਦੇ ਇਕ ਖਾਸ ਟੱਬਰ ਵਿਚ ਦੋ ਭਰਾ ਹੋਏ-ਜੱਸ ਤੇ ਕਲਸ। ਜੱਸ ਨੇ ਤਾਂ ਜੰਮੂ ਦੇ ਰਾਜੇ ਕੋਲ ਨੌਕਰੀ ਕਰ ਲਈ ਤੇ ਕਲਸ ਨੇ ਨੇੜੇ ਲਗਦੇ ਪਿੰਡ ਪੰਨਵਾਣਾਂ ਦੇ ਕਿਸੇ ਸੰਧੂ ਜੱਟ ਪਰਿਵਾਰ ਦੀ ਲੜਕੀ ਨਾਲ ਨਾਤਾ ਜੋੜ ਲਿਆ। ਜੱਸ ਨੂੰ ਜਦੋਂ ਇਹ ਪਤਾ ਲੱਗਾ ਕਿ ਕਲਸ ਨੇ ਬਰਾਦਰੀ ਤੋਂ ਬਾਹਰ ਵਿਆਹ ਕੀਤਾ ਹੈ ਤਾਂ ਉਹਦਾ ਸਮਾਜਿਕ ਬਾਈਕਾਟ ਕਰ ਦਿੱਤਾ ਤੇ ਬਰਾਦਰੀ ਤੋਂ ਖਾਰਜ ਕਰ ਦਿਤਾ, ਕਿਉਂਕਿ ਰਾਜਪੂਤ ਖੁਦ ਨੂੰ ਜੱਟਾਂ ਨਾਲੋਂ ਉਚਾ ਸਮਝਦੇ ਸਨ। ਕਲਸ ਫਿਰ ਜੱਟ ਬਣਿਆ। ਉਹਦੀ ਔਲਾਦ ਫਿਰ ਜੱਟ ਬਾਜਵੇ ਕਹਾਏ। ਇਨ੍ਹਾਂ ਦਾ ਜਠੇਰਾ ਮਾਂਗੇ 'ਚ ਹੈ ਤੇ ਮੜ ਮਾਂਗਾ ਕਹਾਉਂਦਾ ਹੈ।

ਜੱਸ ਦੀ ਔਲਾਦ ਵਿਚੋਂ ਕੋਈ ਕੌਲੂ ਨਾਂ ਦਾ ਬੰਦਾ ਹੋਇਆ ਜਿਹਦੇ ਔਲਾਦ ਨਹੀਂ ਸੀ ਹੁੰਦੀ। ਵਕਤ ਪਾ ਕੇ ਪਿੰਡ ਕਾਲਾ ਰਾਂਅ ਦੇ ਸ਼ੇਖ ਗਦਾਈ ਦੀ ਬਖਸ਼ਿਸ਼ ਨਾਲ ਉਹਦੇ ਘਰ ਪੰਜ ਬੱਚੇ ਪੈਦਾ ਹੋਏ-ਮਾਣਕ, ਮਾਂਗਾ, ਨਾਰੋ, ਨਰਾਇਣ ਤੇ ਬੱਸੋ। ਉਹਦਾ ਮਜ਼ਾਰ ਅੱਜ ਵੀ ਪਿੰਡ ਵਿਚ ਹੈ। ਲੋਕ ਗਾਥਾ ਹੈ ਕਿ ਜਦੋਂ ਕੌਲੂ ਦੀ ਬੀਵੀ ਪੀਰ ਕੋਲੋਂ ਬੱਚੇ ਦੀ ਦਾਤ ਮੰਗ ਰਹੀ ਸੀ ਤਾਂ ਪੀਰ ਨੇ ਖੁਸ਼ ਹੋ ਕੇ ਕਿਹਾ, ਜਾਹ ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਣਕ ਵੀ ਦਏ, ਗਿਆ ਤਾਂ ਤੈਨੂੰ ਰੱਬ ਮਾਂਗਾ ਵੀ ਦਏ, ਤੈਨੂੰ ਨਰਾਇਣ ਵੀ ਦਏ, ਨਾਰੋ ਵੀ ਦਏ। ਅੱਗੋਂ ਕੌਲੂ ਦੀ ਬੀਵੀ ਚੀਕ ਉਠੀ, ਕਹਿੰਦੀ, 'ਬਸ ਬਾਬਾ ਬਸ।' ਪੀਰ ਨੇ ਕਿਹਾ, 'ਖੁਦਾ ਤੈਨੂੰ ਬਸ ਵੀ ਦਏ।' ਫਿਰ ਏਸੇ ਤਰਤੀਬ ਵਿਚ ਬੱਚੇ ਪੈਦਾ ਹੋਏ ਜਿਨ੍ਹਾਂ ਦੇ ਨਾਂ ਉਸੇ ਤਰ੍ਹਾਂ ਰੱਖੇ ਗਏ ਤੇ ਪੰਜਵੀਂ ਧੀ ਪੈਦਾ ਹੋਈ ਜਿਹਦਾ ਨਾਂ ਉਨ੍ਹਾਂ ਬੱਸੋ ਰੱਖਿਆ।

ਕਿਹਾ ਜਾਂਦਾ ਹੈ ਕਿ ਪੀਰ ਨੇ ਕਿਹਾ, ਚੰਗਾ ਤੇਰੇ ਘਰ ਬਸ ਵੀ ਆਏਗੀ ਤੇ ਜੋ ਕੁੜੀ ਪੈਦਾ ਹੋਈ ਉਹਦਾ ਨਾਂ ਰਖਿਆ, ਬੱਸੋ। ਇਹੋ ਕਾਰਨ ਹੈ, ਬਾਜਵੇ ਲੋਕ ਕੋਈ ਗਲ ਖਤਮ ਕਰਾਉਣ ਮੌਕੇ ਬਸ ਨਹੀਂ ਕਹਿੰਦੇ। ਜਿਵੇਂ ਆਪਾਂ ਰੋਟੀ ਖਾਂਦਿਆਂ ਕਹਿ ਦਿੰਨੇ ਆਂ, 'ਜੀ ਬਸ ਕਰੋ, ਰੱਜ ਗਏ ਹਾਂ।' ਸੋ ਇਨ੍ਹਾਂ ਪੰਜਾਂ ਦੇ ਨਾਂ 'ਤੇ ਇਸ ਇਲਾਕੇ ਵਿਚ ਪਿੰਡ ਜਾਂ ਸ਼ਹਿਰ ਆਬਾਦ ਹੋਏ-ਮਾਣਕ, ਮਾਂਗਾ, ਨਾਰੋਵਾਲ ਆਦਿ।

ਵਕਤ ਪਾ ਕੇ ਜਸ ਵੀ ਜੰਮੂ ਤੋਂ ਇਧਰ ਆ ਗਿਆ ਤੇ ਉਹਦੀ ਔਲਾਦ ਬੱਜੂ ਰਾਜਪੂਤਾਂ ਦੇ ਕੋਈ 85 ਪਿੰਡ ਮੂਲ ਬਜਵਾਤ ਇਲਾਕੇ ਵਿਚ ਹੀ ਹਨ। ਜਦੋਂ ਕਿ ਜੱਟ ਬਾਜਵੇ ਦੱਖਣ ਪਸਰੂਰ, ਸਿਆਲਕੋਟ, ਨਾਰੋਵਾਲ ਵਗੈਰਾ ਇਲਾਕਿਆਂ 'ਚ ਫੈਲੇ। 1947 ਵੇਲੇ ਹਿੰਦੂ-ਸਿੱਖ ਭਾਰਤ ਵਿਚ ਚਲੇ ਗਏ। ਜਿਨ੍ਹਾਂ ਵਿਚੋਂ ਰਾਜਪੂਤ ਜੰਮੂ ਦੇ ਇਲਾਕੇ ਵਿਚ ਜਾ ਬੈਠੇ ਤੇ ਜਿਹੜੇ ਸਿੱਖ ਸਨ, ਉਹ ਪੰਜਾਬ ਚਲੇ ਗਏ। ਅੱਜ ਚਾਹੇ ਬੱਜੂ ਮੁਸਲਮਾਨ ਹੋਣ ਜਾਂ ਹਿੰਦੂ ਹੋਣ ਜਾਂ ਸਿੱਖ ਹੋਣ-ਉਹ ਦੋਵਾਂ ਮੁਲਕਾਂ ਦੀਆਂ ਫੌਜਾਂ ਵਿਚ ਭਰਤੀ ਹੋ ਕੇ ਅਮਰੀਕਾ ਤੇ ਯੂਰਪ ਤੋਂ ਆਏ ਅਸਲੇ ਦਾ ਨਿਸ਼ਾਨਾ ਬਣਦੇ ਨੇ। ਕਹਿਣ ਤੋਂ ਮਤਲਬ ਜਵਾਨ ਪਲੇ ਪਲਾਏ ਬਾਜਵੇ ਪੁੱਤਰ ਨੂੰ ਬਾਜਵਾ ਮਾਰਦਾ ਹੈ। ਬਾਜੀ ਮਾਂ ਦੀ ਗੋਦ ਸੁੰਨੀ ਕਰਦਾ ਹੈ, ਜਦੋਂ ਕਿ ਅਮੀਰ ਮੁਲਕ ਆਪਣਾ ਅਸਲਾ ਵੇਚਦਾ ਹੈ। ਖੁਦਾ ਜਾਣੇ, ਇਹ ਭਰਾ ਮਾਰੂ ਜੰਗ ਕਦੋਂ ਤਕ ਜਾਰੀ ਰਹੇਗੀ। ਅਸੀਂ ਤਾਂ ਲਿਖਾਰੀ ਹਾਂ ਸਹਿਜ ਹੀ ਇਹ ਲਾਈਨਾਂ ਲਿਖ ਦਿਤੀਆਂ ਨੇ ਪਰ ਪੁੱਤ ਮਰੇ ਦਾ ਦਰਦ ਜੇ ਪੁਛਣਾ ਹੋਵੇ ਤਾਂ ਕਿਸੇ ਮਾਂ ਕੋਲੋਂ ਪੁਛੋ। ਕਿਸੇ ਬੱਚੇ ਕੋਲੋਂ ਪੁਛੋ, ਜਿਦ੍ਹਾ ਪਿਓ ਲੜਾਈ 'ਚ ਮਾਰਿਆ ਜਾਂਦਾ ਹੈ। ਜਾਂ ਕਿਸੇ ਜਨਾਨੀ ਨੂੰ ਪੁਛੋ, ਜਿਹੜੀ ਭਰ ਜਵਾਨੀ ਵਿਚ ਬੇਵਾ ਹੋ ਜਾਂਦੀ ਹੈ। ਖੈਰ! ਇਹ ਨਿਰੀ ਬਾਜਵਿਆਂ ਦੀ ਹੀ ਨਹੀਂ, ਇਹ ਹਰ ਪੰਜਾਬੀ ਦੀ ਕਹਾਣੀ ਹੈ ਜੋ ਯੁੱਧ ਵੇਲੇ ਇਕ ਦੂਸਰੇ ਖਿਲਾਫ ਸੀਨਾ ਤਾਣ ਕੇ ਲੜਦੇ ਨੇ।

ਇਹਦੇ ਨਾਲ ਹੀ ਜੰਮੂ ਹੇਠਲਾ ਸਿਆਲਕੋਟ ਦਾ ਜਿਹੜਾ ਇਲਾਕਾ ਹੈ, ਉਸ ਨੂੰ ਸਲੈਹਰ ਕਿਹਾ ਜਾਂਦਾ ਹੈ। ਸਲੈਹਰ ਇਲਾਕਾ ਹੈ, ਸ਼ਹਿਰ ਪਿੰਡ ਦਾ ਨਾਂ ਨਹੀਂ ਹੈ। ਇਸ ਵਿਚ ਚਵਿੰਡਾ ਤੇ ਜਫਰਵਾਲ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਦੇ ਲੋਕ ਕੱਕੇ ਗੋਰੇ ਤੇ ਖੂਬਸੂਰਤ ਹਨ, ਜਿਨ੍ਹਾਂ ਨੂੰ ਸਲੈਰੀਆ ਕਿਹਾ ਜਾਂਦਾ ਹੈ। ਇਸੇ ਇਲਾਕੇ ਦੇ ਕਿਸੇ ਗੁਰਬਚਨ ਸਿੰਘ ਸਲੈਰੀਏ ਨੂੰ 1961 ਵਿਚ ਪਰਮਵੀਰ ਚੱਕਰ ਮਿਲਿਆ ਸੀ। ਚਾਹੇ ਜੱਟ ਜਾਂ ਰਾਜਪੂਤ ਸਲੈਰੀਏ ਹੀ ਕਹਾਉਂਦੇ ਹਨ। ਸੋ ਲੜਾਈ ਮੌਕੇ ਫਰਕ ਸਿਰਫ ਇੰਨਾ ਸੀ ਕਿ ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਸਿੱਖ ਜਾਂ ਹਿੰਦੂ। ਸਨ ਭਰਾ ਭਰਾ ਹੀ।

ਚਵਿੰਡੇ ਤੋਂ ਹੋਰ ਚੜ੍ਹਦੇ ਪਾਸੇ ਜਾਈਏ ਪਸਰੂਰ ਵਲ ਤਾਂ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਦਫ਼ਪ ਕਿਹਾ ਜਾਂਦਾ ਹੈ। ਹੜ੍ਹਾਂ ਵੇਲੇ ਦਰਿਆ ਜਿਹੜੀ ਜਰਖੇਜ਼ ਭਲ਼ ਲੈ ਕੇ ਆਉਂਦੇ ਹਨ, ਉਹਨੂੰ ਦਫ਼ਪ ਕਿਹਾ ਜਾਂਦਾ ਹੈ। ਇਲਾਕੇ ਵਿਚ ਕਾਫੀ ਨਦੀਆਂ ਨਾਲੇ ਨੇ। ਵਸਨੀਕਾਂ ਨੂੰ ਦਿਫ਼ਬੀਏ ਆਖਦੇ ਹਨ। ਮਸ਼ਹੂਰ ਹੈ ਕਿ ਇਸ ਇਲਾਕੇ ਦੇ ਲੋਕ ਸੂਟ ਖਾਂਦੇ ਸਨ। ਮਤਲਬ ਦਾਲ ਵੀ ਮਸਰਾਂ ਦੀ ਤੇ ਰੋਟੀ ਵੀ ਮਸਰਾਂ ਦੀ।

ਇਸ ਤੋਂ ਹੋਰ ਪੂਰਬ ਵਲ ਜਿਹੜਾ ਇਲਾਕਾ ਪੈਂਦਾ ਹੈ, ਉਹਨੂੰ ਕਾਲਰ ਆਖਦੇ ਹਨ। ਕਿਸੇ ਵੇਲੇ ਸ਼ੋਰ ਕੱਲਰ ਹੁੰਦਾ ਸੀ ਪਰ ਹੁਣ ਨਹਿਰਾਂ ਦੇ ਆਉਣ ਨਾਲ ਇਲਾਕਾ ਉਪਜਾਊ ਹੋ ਗਿਆ ਹੈ। ਸ਼ਹਿਰ ਪੈਂਦਾ ਹੈ, ਕਿਲ੍ਹਾ ਕਾਲਰ ਵਾਲਾ। ਇਲਾਕੇ ਦੇ ਲੋਕ ਬੜੇ ਲੜਾਕੇ ਗਿਣੇ ਗਏ ਨੇ, ਜਿਨ੍ਹਾਂ ਨੂੰ ਕਾਲਰੀਏ ਕਿਹਾ ਜਾਂਦਾ ਹੈ।

ਇਸੇ ਹੀ ਇਲਾਕੇ ਵਿਚ ਪਿੰਡ ਅਧੀਆਂ ਹੈ, ਜਿਥੋਂ ਦਾ ਸਾਡਾ ਇਕ ਸੱਜਣ ਬ੍ਰਿਗੇਡੀਅਰ ਜ਼ੁਲਫਿਕਾਰ ਢਿੱਲੋਂ ਹੋਇਆ ਹੈ। ਫਿਰ ਨਾਲ ਲਗਦੇ ਪਿੰਡ ਖੱਖ ਤੋਂ ਉਠ ਕੇ ਆਏ ਇਕ ਸਿੱਖ ਕਰਨਲ ਬਲਰਾਜ ਸਿੰਘ ਘੁੰਮਣ ਵੀ ਮੇਰੇ ਸੰਪਰਕ ਵਿਚ ਸਨ। ਉਨ੍ਹਾਂ ਦੀ ਪਤਨੀ ਨਾਲ ਲਗਦੇ ਪਿੰਡ ਢਿੱਲੀ ਤੋਂ ਹੈ। ਮੈਨੂੰ ਯਾਦ ਹੈ, ਇਕ ਵੇਰਾਂ ਮੈਂ ਕਰਨਲ ਚੰਨਣ ਸਿੰਘ ਢਿੱਲੋਂ ਨਾਲ ਗੱਲ ਕਰ ਰਿਹਾ ਸੀ ਤਾਂ ਮੈਂ ਉਨ੍ਹਾਂ ਨੂੰ ਪਾਕਿਸਤਾਨ ਆਉਣ ਦਾ ਨਿਉਂਦਾ ਦਿੰਦਿਆਂ ਕਿਹਾ ਕਿ ਆਓ, ਮੈਂ ਤੁਹਾਨੂੰ ਤੁਹਾਡੇ ਭਰਾ ਬ੍ਰਿਗੇਡੀਅਰ ਜ਼ੁਲਫਿਕਾਰ ਢਿੱਲੋਂ (ਸਾਬਕਾ ਸਿਹਤ ਮੰਤਰੀ) ਨਾਲ ਮਿਲਾਵਾਂ। ਉਨ੍ਹਾਂ ਹਉਕਾ ਲੈ ਕੇ ਕਿਹਾ, "ਨਹੀਂ ਮੁਸਤਫਾ, ਅਸੀਂ ਫੌਜੀ ਲੋਕ ਜਦੋਂ ਮਿਲਦੇ ਹਾਂ, ਸਾਨੂੰ ਕਿਸੇ ਯੁੱਧ ਵਿਚ ਦੀ ਗੁਜਰਨਾ ਪੈਂਦਾ ਹੈ। ਲੋਕਾਂ ਨੂੰ ਪਤਾ ਨਹੀਂ ਕਿ ਲੜਾਈ ਤੋਂ ਬਾਅਦ ਦੋਵਾਂ ਪਾਸਿਆਂ ਦੇ ਫੌਜੀ ਅਫਸਰ ਜੱਫੀਆਂ ਪਾ ਪਾ ਮਿਲਦੇ ਨੇ। ਫੌਜੀਆਂ ਦੀ

(ਬਾਕੀ ਸਫਾ 31 ਉਤੇ)

ਕੋਠੀ ਲੱਗੀ ਇੱਕ ਬਿਰਧ ਮਾਈ ਦਾ ਕਿੱਸਾ

ਦੁੱਖ ਪਰਦੇਸਾਂ ਦੇ

ਚੰਗੇਰੇ ਭਵਿੱਖ ਲਈ ਪਰਦੇਸੀਂ ਜਾ ਵੱਸਣਾ ਪੰਜਾਬ ਦੀ ਨਵੀਂ ਪੀੜ੍ਹੀ ਦਾ ਸੁਪਨਾ ਵੀ ਹੈ ਅਤੇ ਚੰਗੇ ਭਾਗਾਂ ਦੇ ਦਰ ਖੁਲ੍ਹਣਾ ਵੀ। ਪਰਦੇਸਾਂ ਵਿਚ ਖਾਸ ਕਰਕੇ ਅਮਰੀਕਾ, ਕੈਨੇਡਾ ਜਿਹੇ ਵਿਕਸਿਤ ਮੁਲਕਾਂ ਵਿਚ ਸਾਡੀ ਨਵੀਂ ਪੀੜ੍ਹੀ ਨੇ ਮੱਲਾਂ ਵੀ ਬਥੇਰੀਆਂ ਮਾਰੀਆਂ ਹਨ, ਪਰ ਸਾਡੀ ਪਿਛਲੇਰੀ ਪੀੜ੍ਹੀ ਲਈ ਕਈ ਵਾਰ ਪਰਦੇਸ ਇਕ ਅਜੀਬ ਕੁੜਿੱਕੀ ਬਣ ਜਾਂਦੇ ਹਨ-ਨਾ ਉਹ ਏਧਰਲੇ ਰਹਿ ਜਾਂਦੇ ਹਨ ਤੇ ਨਾ ਉਧਰਲੇ। ਇਹੋ ਜੀਵਨ ਹੈ ਜਿਸ ਨੂੰ ਪ੍ਰਿੰ. ਬਲਕਾਰ ਸਿੰਘ ਬਾਜਵਾ ਨੇ 'ਕੋਠੀ ਲੱਗਣਾ' ਕਿਹਾ ਹੈ। ਇਸ ਲੇਖ ਲੜੀ ਵਿਚ ਉਨ੍ਹਾਂ ਕੋਠੀ ਲੱਗੇ ਬਜ਼ੁਰਗਾਂ ਦੀ ਪੀੜਾ ਦੀ ਸਾਰ ਲਈ ਹੈ। ਹਥਲੇ ਲੇਖ ਵਿਚ ਉਨ੍ਹਾਂ ਇਕ ਅਜਿਹੀ ਬਜ਼ੁਰਗ ਮਾਈ ਦੀ ਗਾਥਾ ਬਿਆਨੀ ਹੈ ਜੋ ਪਹਿਲਾਂ ਤਾਂ ਕੈਨੇਡਾ ਗਏ ਆਪਣੇ ਨੂੰਹ-ਪੁੱਤ ਪਾਸ ਪਹੁੰਚਣ ਲਈ ਵਰ੍ਹਿਆਂਬੱਧੀ ਉਡੀਕਾਂ ਕਰਦੀ ਰਹੀ ਤੇ ਜਦੋਂ ਉਥੇ ਪਹੁੰਚੀ ਤਾਂ ਉਥੇ 'ਇਕੱਲੀ ਤੇ ਘਰ ਵਿਚ ਕੈਦ ਹੋ ਗਈ' ਮਹਿਸੂਸ ਕਰਨ ਲੱਗੀ। ਅਖੀਰ ਪੰਜਾਬ ਮੁੜਨਾ ਪਿਆ। -ਸੰਪਾਦਕ

ਅਖਬਾਰਾਂ 'ਚ 'ਕੋਠੀ ਲੱਗੇ ਐਨ.ਆਰ.ਆਈ. ਬਜ਼ੁਰਗ' ਲੇਖ ਲੜੀ ਪੜ੍ਹ ਪਾਠਕਾਂ ਦੇ ਫੋਨ, ਟੈਕਸਟ ਮੈਸੇਜ ਤੇ ਈਮੇਲਾਂ ਆਉਣ ਲੱਗ ਪਈਆਂ। ਕੁਝ ਨੇ ਕਿਹਾ ਕਿ ਤੁਸੀਂ ਸਾਡੀਆਂ ਹੀ ਗੱਲਾਂ ਕੀਤੀਆਂ ਨੇ। ਤੁਹਾਨੂੰ ਕਿਵੇਂ ਪਤਾ ਲੱਗੈ ਸਾਡੀ ਕਹਾਣੀ ਦਾ। ਇੱਕ ਨੇ ਕਿਹਾ ਮੈਂ ਤਾਂ ਪੂਰਾ ਮਗਨ ਹੋ ਲੇਖ ਪੜ੍ਹਿਆ। ਵੇਖਣ ਵਾਲੇ ਹੈਰਾਨ ਸਨ, ਇਸ ਨੂੰ ਪੜ੍ਹਨ ਨੂੰ ਅੱਜ ਕੀ ਲੱਭ ਗਿਆ! ਹੁਣ ਮੇਰਾ ਪਰਿਵਾਰ ਪੜ੍ਹਨ ਲਈ ਵਾਰੀ ਬੰਨ੍ਹੀ ਬੈਠੈ। ਇੱਕ ਵੀਰ ਨੇ ਤਾਂ ਕਹਿ ਦਿੱਤਾ, ਪ੍ਰਿੰਸੀਪਲ ਸਾਹਿਬ, ਲੋਕਾਂ ਦੇ ਤਾਂ ਦੋਵੇਂ ਮਾਪੇ ਜਾਂ ਕੱਲਾ ਬਾਪੂ ਕੋਠੀ ਲੱਗਾ ਹੋਇਐ, ਏਧਰ ਨੌਂਵੇਂ ਦਹਾਕੇ ਦੇ ਆਖਰੀ ਸਾਲ ਹੰਢਾ ਰਹੀ ਮੇਰੀ ਕੱਲੀ



ਪ੍ਰਿੰ. ਬਲਕਾਰ ਸਿੰਘ ਬਾਜਵਾ
balkarbajwa1935@gmail.com
ਫੋਨ: 647-402-2170

ਬੀਬੀ ਕੋਠੀ ਦੇ ਗਲ ਲੱਗੀ ਬੈਠੀ ਏ, ਅਤੇ ਉਸ ਆਪਣੀ ਗਾਥਾ ਸੁਣਾਉਣ ਲਈ ਮਜਬੂਰ ਕਰ ਦਿੱਤਾ।

ਬੀਬੀ ਦਾ ਇਕਲੌਤਾ ਪੁੱਤ ਨੂੰਹ, ਸਕੂਲ ਪੜ੍ਹਦੇ ਦੋ ਪੁੱਤਾਂ ਨੂੰ ਲੈ 2002 'ਚ ਪੁਆਇੰਟ ਆਧਾਰ 'ਤੇ ਕੈਨੇਡਾ ਆ ਗਏ, ਪਿੱਛੇ ਰਹਿ ਗਈ 'ਕੱਲੀ ਬਿਰਧ ਮਾਂ। ਉਹਨੂੰ ਛੇਤੀ ਤੋਂ ਛੇਤੀ ਸਪਾਂਸਰ ਕਰਨਾ ਇਨ੍ਹਾਂ ਦੀ ਵੱਡੀ ਪਹਿਲ ਸੀ। ਨਵੇਂ ਨਵੇਂ ਆਏ ਸੀ। ਠੰਡੀਆਂ ਯਖ ਹਵਾਵਾਂ ਤੇ ਬਰਫਾਂ ਵਿਚ ਉਗਣਾ ਕਿਹੜਾ ਖਾਲਾ ਜੀ ਦਾ ਵਾੜਾ ਸੀ। ਫਿਰ ਦਿਹਾੜੀਆਂ, ਘੰਟਿਆਂ ਦੀ ਆਮਦਨ। ਸਪਾਂਸਰਸ਼ਿਪ ਵਾਸਤੇ ਪੰਜ ਮੈਂਬਰੀ ਗੁਜ਼ਾਰਾ ਆਮਦਨ ਦਿਖਾਉਣਾ ਕਰੜੀ ਸ਼ਰਤ ਸੀ। ਦੋਹਾਂ ਨੇ ਦਿਨ ਰਾਤ ਇੱਕ ਕਰ ਦਿੱਤਾ, ਓਵਰ ਟਾਈਮ ਲਾਏ ਤੇ ਕਈ ਹੋਰ ਪਾਪੜ ਵੇਲੇ। ਹਰ ਕਿਸਮ ਦੀ ਬੱਚਤ, ਕਿਰਸ, ਕੰਜੂਸੀ ਕੀਤੀ। ਪਰਿਵਾਰ ਨੇ ਢਿੱਡਾਂ ਨੂੰ ਗੰਢਾਂ ਦਿੱਤੀਆਂ। ਰਿਸ਼ਤੇਦਾਰਾਂ ਦੇ ਮਿਹਣੇ ਸੁਣੇ। ਆਖੀਰ ਬੀਬੀ ਨੂੰ ਸੱਤ-ਅੱਠ ਸਾਲ ਦੀ ਜਦੋਜਹਿਦ ਪਿੱਛੋਂ ਕੈਨੇਡਾ ਦੀ ਪੱਕੀ ਇਮੀਗਰੇਸ਼ਨ ਮਿਲ ਹੀ ਗਈ। ਘਰ 'ਚ ਖੁਸ਼ੀਆਂ ਦੇ ਦੀਵੇ ਜਗੇ।

ਪਿੱਛੇ ਇੰਡੀਆ 'ਚ ਉਸ ਦੇ ਪੁੱਤ-ਨੂੰਹ ਕੇਵਲ ਦਰਜਾ ਤਿੰਨ ਸਰਕਾਰੀ ਮੁਲਾਜ਼ਮ ਸਨ। ਡਿਵੈਲਪ ਹੋ ਰਹੀ ਇੱਕ ਕਾਲੋਨੀ 'ਚ ਹੈਸੀਅਤ ਮੂਜਬ 150 ਗਜ ਦੇ ਪਲਾਟ 'ਚ ਘਰ ਬਣਾ ਲਿਆ ਹੋਇਆ ਸੀ। ਆਪਣੀ ਪਿੰਡ ਵਾਲੀ ਥੋੜ੍ਹੀ ਜਿਹੀ ਭੋਇੰ ਵੀ ਏਸੇ ਲੇਖੇ ਲੱਗ ਗਈ। ਆਪਣੇ ਘਰ 'ਚ ਰਹਿਣਾ ਮਾਈ ਦੀ ਵੱਡੀ ਚਾਹਤ ਸੀ। ਪਿੱਛੋਂ ਮਾਈ ਆਪਣੀ ਫੈਮਿਲੀ ਪੈਨਸ਼ਨ ਨਾਲ ਗੁਜ਼ਾਰਾ ਕਰੀ ਗਈ। ਪਰਿਵਾਰ ਦੇ ਕੈਨੇਡਾ ਪਹੁੰਚਦਿਆਂ ਹੀ ਇਮੀਗਰੇਸ਼ਨ ਚਿੱਠੀ ਦੀ ਇੰਤਜ਼ਾਰ ਸ਼ੁਰੂ ਹੋ ਗਈ। ਵਿਚਾਰੀ ਸੋਟੀ ਫੜ੍ਹ ਆਂਢ-ਗੁਆਂਢ ਦੀਆਂ ਮਾਈਆਂ ਨਾਲ ਬਹਿ-ਖਲੋ ਵੀਜ਼ੇ ਦੀ ਉਡੀਕ 'ਚ ਬਨੇਰੇ ਤੋਂ ਕਾਂ ਉਡਾਉਂਦੀ ਰਹਿੰਦੀ। 'ਲੋਕਾਂ ਦੇ ਜਹਾਜ਼ ਤਾਂ ਨਿੱਤ ਨਿੱਤ ਉਡਦੇ, ਤੇਰਾ ਉਡਿਆ ਨਾ ਚੰਦਰਾ ਜਹਾਜ਼' ਗੁਣ-ਗਣਾਉਂਦੀ ਅਸਮਾਨ ਵੱਲ ਤੱਕਦੀ ਰਹਿੰਦੀ। ਦਿਨ ਡੁੱਬਦਾ, ਰਾਤ ਗੁਜ਼ਰਦੀ, ਦਿਨ ਚੜ੍ਹਦਾ...। ਲੋਹੜੀਆਂ, ਵਿਸਾਖੀਆਂ, ਦੁਸਹਿਰੇ, ਦੀਵਾਲੀਆਂ ਲੰਘੀਆਂ। 'ਕੱਲੀ-ਕਾਰੀ ਕਦੀ ਪੇਕੇ ਜਾ ਆਉਂਦੀ, ਕਦੀ ਆਪਣੀਆਂ ਭਤੀਜੀਆਂ ਨੂੰ ਔਖੀ ਸੌਖੀ ਮਿਲ ਆਉਂਦੀ ਤੇ ਕਦੀ ਧੀਆਂ ਨੂੰ। ਸਵੇਰੇ ਉਠ ਚਾਹ ਪੀ ਲੈਣੀ, ਰੋਟੀ ਖਾ ਲੈਣੀ, ਕਦੀ ਮੰਜੇ 'ਤੇ ਲੇਟ ਜਾਣਾ, ਕਦੀ ਸਹੇਲੀਆਂ ਨੂੰ ਮਿਲ ਆਉਣਾ, ਕਦੀ ਗੇਟ ਅੱਗੇ ਬੈਠੇ ਰਹਿਣਾ। ਫਿਰ ਰਾਤ ਦੀਆਂ ਮੰਨੀਆਂ ਪਕਾ ਪੁੱਤ-ਨੂੰਹ, ਪੋਤਿਆਂ ਨੂੰ ਯਾਦ ਕਰਦੀ ਸੌਂ ਜਾਂਦੀ। ਭਲਾ ਹੋਏ ਸੈਲ ਫੋਨਾਂ ਦਾ, ਜੋ ਉਹਦੇ ਸਰਹਾਣੇ ਕਦੀ ਕਦੀ ਬੋਲ ਪੈਂਦਾ। ਆਪਣੇ ਬੱਚਿਆਂ ਨਾਲ ਗੱਲ ਕਰ ਕੇ ਸ਼ੁਕਰ ਕਰਦੀ, ਸੁੱਖਾਂ ਮੰਗਦੀ। ਜਦੋਂ ਕੋਈ ਭਾਈਬੰਦ ਮਿਲਣ ਜਾਂਦਾ, ਉਸ ਦੀ ਹਾਲਤ ਵੇਖ ਪਸੀਜ ਜਾਂਦਾ। ਪਰ ਕਿਸੇ ਦੀ ਕੋਈ ਪੇਸ਼ ਵੀ ਨਹੀਂ ਸੀ ਜਾਂਦੀ, ਸਭ ਧਰਵਾਸ ਦੇ ਕੇ ਤੁਰ ਜਾਂਦੇ।

ਸਵਰਗੀ ਫੌਜੀ ਪਤੀ ਦੇ ਕਾਗਜ਼ਾਂ-ਪੱਤਰਾਂ ਨੂੰ ਕੋਰੀ ਅਨਪੜ੍ਹ ਬੀਬੀ ਸੰਭਾਲ ਕੇ ਨਾ ਰੱਖ ਸਕੀ। ਕੈਨੇਡੀਅਨ ਅੰਬੈਸੀ ਪੇਪਰਾਂ 'ਚ ਇੱਕ ਪਿੱਛੋਂ ਦੂਜਾ ਨੁਕਸ ਕੱਢੀ ਜਾਂਦੀ। ਉਸ ਦਾ ਕੁੜਮ ਭੱਜ ਨੱਠ ਕਰ ਕਾਗਜ਼ ਪੂਰੇ ਕਰਦਾ। ਏਦਾਂ ਕੇਸ ਜੂੰ ਦੀ ਚਾਲੇ ਸਰਕੀ ਗਿਆ। ਬੀਬੀ ਜਦੋਂ ਪੇਕੀਂ ਭਰਾ-ਭਰਜਾਈ ਨੂੰ ਮਿਲਣ ਜਾਂਦੀ, ਭਤਰੀਏ ਤੇ ਭਤਰਈਆਂ ਤੇ ਭਤਰੀਓਂ ਨੂੰਹਾਂ ਭੂਆ ਨਾਲ ਕਈ ਕਿਸਮ ਦੇ ਨਿੱਕੇ ਨਿੱਕੇ ਹਾਸੇ ਠੱਠੇ ਕਰਦੀਆਂ। 'ਭੂਆ ਦਾ ਤਾਂ ਇੱਥੇ ਹੀ ਕੈਨੇਡਾ ਐ, ਫੁੱਫੜ ਵਾਲੀ ਪੈਨਸ਼ਨ ਲੱਗੀ ਹੋਈ ਆ, ਐਵੇਂ ਭੱਜੀ ਜਾਂਦੀ ਏ ਬਰਫਾਂ ਮਿੱਧਣ, ਭੂਆ ਹੁਣ ਜਾਊ ਕਨੇਡੇ ਡਾਲਰ ਹੂੰਝਣ...ਸਾਨੂੰ ਨਾ ਭੁੱਲੀਂ ਭੂਆ, ਸਾਨੂੰ ਵੀ ਕੱਢ ਕਿਸੇ ਤਰੀਕੇ, ਭੂਆ ਤਾਂ ਸਾਡੀ ਬਾਹਲੀ ਈ ਭਾਗਾਂ ਵਾਲੀ ਏ, ਸਾਡੇ ਇਹਦੇ ਜਿਹੇ ਨਸੀਬ ਕਿੱਥੇ, ਕਦੇ ਕਦੇ ਭੂਆ ਸਾਨੂੰ ਵੀ ਡਾਲਰ ਭੇਜ ਦਿਆ ਕਰੀਂ।'

'ਜਾਓ ਵੇ ਤੱਤਿਓ, ਧਿਆਨੂੰ ਮਸ਼ਕਰੀਆਂ ਸੁੱਝਦੀਆਂ। ਕਦੀ ਸੋਚਿਆ ਜੇ 'ਕੱਲੀ ਕਾਰੀ 'ਤੇ ਕੀ ਬੀਤਦੀ ਜੇ, ਕਿਵੇਂ ਦਿਨ ਲੰਘਦੈ ਤੇ ਫਿਰ ਰਾਤ...।'

ਘਰ ਵਾਪਸ ਆ ਕੇ ਬੀਬੀ ਫਿਰ ਵੀਜ਼ੇ ਦੀਆਂ ਔਸੀਆਂ ਪਾਉਣ ਲੱਗ ਪੈਂਦੀ। ਇਸ ਤਰ੍ਹਾਂ ਦਿਨ ਟਪਾਉਂਦੀ ਰਹੀ।

ਇੱਕ ਭਾਈਬੰਦ 2010 'ਚ ਇੰਡੀਆ ਗਿਆ। ਪਿੰਡ ਜਾਂਦਾ-ਆਉਂਦਾ ਬੀਬੀ ਨੂੰ ਮਿਲ ਜਾਂਦਾ। ਉਸ ਦੀ ਹਾਲਤ ਵੇਖ ਬੜੇ ਦੁਖੀ ਮਨ ਨਾਲ ਮੁੜਿਆ। ਧਰਵਾਸ ਤੇ ਹੌਂਸਲਾ ਦੇਣਾ, ਰਾਜ਼ੀ-ਖੁਸ਼ੀ ਪੁੱਛਣਾ-ਗਿੱਛਣਾ ਹੀ ਹੁੰਦੈ। ਮਾਈ ਬੜਾ ਹੁੱਭ ਕੇ ਪੁੱਤ-ਨੂੰਹਾਂ ਬਾਰੇ ਪੁੱਛਦੀ। ਭਰਪਣੀ ਸਨੇਹ ਨਾਲ ਸਿਰ ਪਲੋਸਦੀ ਤੇ ਪੜਪੋਤਿਆਂ ਸਮੇਤ ਹਰ ਇੱਕ ਦੀ ਸੁੱਖ ਮੰਗਦੀ। ਇਉਂ ਲੱਗਦਾ ਜਿਵੇਂ ਉਹ ਤਾਜ਼ਾ ਦਮ ਹੋ ਗਈ ਹੋਵੇ। ਬੜੇ ਸਨੇਹ ਨਾਲ ਤੋਰਦੀ ਤੇ ਦਰਵਾਜ਼ੇ ਅੱਗੇ ਖਲੋ ਕਿੰਨੀ ਦੇਰ ਜਾਂਦੇ ਪਿੱਠ ਵੇਖਦੀ ਰਹਿੰਦੀ।

ਲੰਬੀ ਇੰਤਜ਼ਾਰ ਤੇ ਖੱਜਲ-ਖੁਆਰੀ ਪਿੱਛੋਂ 2011 ਦੇ ਸ਼ੁਰੂ 'ਚ ਹੀ ਉਹ ਦਿਨ ਆਖਰ ਆ ਹੀ ਢੁੱਕਿਆ। ਵੀਜ਼ੇ ਦੇ ਕਾਗਜ਼ ਆ ਗਏ। ਤਾਲ-ਮੇਲ ਹੋ ਗਏ। ਉਹਦੀ ਟਿਕਟ ਵੀ ਭਾਈਬੰਦ ਦੀ ਵਾਪਸੀ ਫਲਾਈਟ 'ਚ ਹੀ ਬੁੱਕ ਕਰਾ ਦਿੱਤੀ ਗਈ। ਤੁਰਨ ਤੋਂ ਆਰੀ, ਬਜ਼ੁਰਗ ਅਨਪੜ੍ਹ ਮਾਈ ਲਈ ਜਹਾਜ਼ 'ਚ ਸਫਰ ਕਰਨਾ ਕਿਹੜਾ ਸੌਖਾ ਸੀ। ਏਅਰਪੋਰਟ 'ਤੇ ਹਰ ਥਾਂ ਉਸ ਨੂੰ ਮਦਦ ਦੀ ਲੋੜ ਸੀ। ਭਾਈਬੰਦ ਵੀ ਬਜ਼ੁਰਗ ਗਿੱਟੇ ਗੋਡਿਆਂ ਤੇ ਰੀਹ ਦੀ ਪੀੜ ਦਾ ਮਰੀਜ਼। ਉਨ੍ਹੇ ਏਅਰਪੋਰਟ 'ਤੇ ਜਿਵੇਂ ਕਿਵੇਂ ਔਖੇ ਸੌਖੇ ਅਸਬਾਬ, ਕਾਗਜ਼ ਪੱਤਰ ਵਗੈਰਾ ਤੇ ਸਕਿਉਰਿਟੀ 'ਚੋਂ ਲੰਘਾਇਆ। ਵ੍ਹੀਲ ਚੇਅਰ ਵਾਲੇ ਇੱਕ ਥਾਂ ਲਾਹ ਇਹ ਆਖ ਖਿਸਕ ਗਏ ਕਿ ਇਥੋਂ ਅੱਗੇ ਤੁਹਾਨੂੰ ਥ੍ਰੀ-ਵ੍ਹੀਲਰ ਲੈ ਕੇ ਜਾਣਗੇ। ਖੋਟੀ ਮਾਨਸਿਕਤਾ। ਪੈਸੇ ਭਾਲਦੇ ਸਨ। ਬੋਰਡਿੰਗ ਗੇਟ ਉਥੋਂ ਕਾਫੀ ਫਾਸਲੇ 'ਤੇ ਸੀ। ਇੱਕ ਖੜ੍ਹੇ ਥ੍ਰੀ-ਵ੍ਹੀਲਰ ਨੂੰ ਕਿਹਾ, ਬਿਠਾ ਬਈ ਮਾਈ ਨੂੰ। ਕਹਿੰਦਾ, ਜੀ ਆਪਣੀ ਜ਼ਿੰਮੇਵਾਰੀ 'ਤੇ ਬਿਠਾ ਦਿਉ। ਜਿਵੇਂ ਕਹਿ ਰਿਹਾ ਹੋਵੇ, ਮੇਰੀ ਮੁੱਠੀ ਗਰਮ ਕਰੋ। ਬਥੇਰੀ ਏਧਰ ਉਧਰ ਭੱਜ ਨੱਠ ਕੀਤੀ। ਡਿਊਟੀ 'ਤੇ ਬੈਠੇ ਸੁਪਰਵਾਈਜ਼ਰ ਵੀ ਕੋਈ ਹੱਥ ਪੱਲਾ ਨਾ ਫੜਾਉਣ। ਅੱਕ ਕੇ ਉਸੇ ਵ੍ਹੀਲਰ 'ਚ ਬਿਠਾਇਆ ਤੇ ਕਿਹਾ ਜੇ ਇਹ ਮਾਈ ਜਹਾਜ਼ ਚੜ੍ਹਨੋਂ ਰਹਿ ਗਈ, ਤੇਰੀ ਜ਼ਿੰਮੇਵਾਰੀ ਹੋਊ! ਜੇ ਕੋਈ ਸੱਟ ਫੇਟ ਲੱਗੀ ਤਾਂ ਤੂੰ ਹੀ ਜ਼ਿੰਮੇਵਾਰ ਹੋਵੇਂਗਾ! ਨੰਬਰ ਤੇਰਾ ਨੋਟ ਕਰ ਲਿਆ। ਯਾਦ ਰੱਖੀਂ! ਇਨ੍ਹਾਂ ਸਖਤ ਗੱਲਾਂ ਦੇ ਜੱਬੋਲੋਟੇ ਵਰਗੇ ਦੱਬਕੇ ਨਾਲ ਉਹ ਤੁਰ ਪਿਆ। ਅਖੀਰ ਜਹਾਜ਼ 'ਚ ਸਵਾਰ ਹੋ ਗਏ।

ਚੌਦਾਂ, ਪੰਦਰਾਂ ਘੰਟੇ ਦੀ ਅਸਮਾਨੀ ਸਫਰ ਪਿੱਛੋਂ ਪੀਅਰਸਨ ਏਅਰਪੋਰਟ 'ਤੇ ਆ ਉਤਰੇ। ਇੱਥੇ ਭਾਰਤ ਨਾਲੋਂ ਵੀ ਇੱਕ ਅਨੋਖੀ ਤੇ ਜੱਗੋਂ ਤੇਰਵੀਂ ਵਾਪਰੀ। ਜਹਾਜ਼ੋਂ ਉਤਰ ਬੀਬੀ ਨੂੰ ਵ੍ਹੀਲ ਚੇਅਰ ਵਿਚ ਬਿਠਾ ਦਿੱਤਾ। ਏਅਰ ਹੋਸਟੈਸ ਕਹਿੰਦੀ, "ਜਾਓ, ਕੋਈ ਫਿਕਰ ਨਾ ਕਰੋ। ਸਾਡਾ ਸਟਾਫ ਪੰਜਾਬੀ ਚੰਗੀ ਜਾਣਦੈ। ਬਾਹਰ ਨਿਕਲੋ, ਸਮਾਨ ਵਗੈਰਾ ਲਵੋ, ਇਹ ਵੀ ਆ ਜਾਊ।" ਬੀਬੀ ਦੇ ਕਾਗਜ਼ ਪੱਤਰ ਉਹਦੀ ਝੋਲੀ 'ਚ ਰੱਖ ਉਹ ਬਾਹਰ ਨਿਕਲ ਆਇਆ।

ਬੈਲਟਾਂ ਤੋਂ ਸਮਾਨ ਲਾਹੀ ਗਏ, ਪਰ ਨਿਗਾਹ ਗੇਟ ਵੱਲ। ਬੜਾ ਚਿਰ ਉਡੀਕ ਕੀਤੀ। ਉਹਦੀ ਵ੍ਹੀਲ ਚੇਅਰ ਨਾ ਅੱਪੜੀ। ਅਖੀਰ ਜੈਟ ਏਅਰਵੇਜ਼ ਵਾਲੇ ਇੰਚਾਰਜ ਕੋਲੋਂ ਪੁੱਛਿਆ। ਉਹਨੇ ਆਪਣਾ ਵਾਇਰਲੈਸ ਖੜ੍ਹਕਾਇਆ। ਉਧਰ ਲੈਣ ਆਏ ਬੀਬੀ ਦੇ ਪਰਿਵਾਰ ਵਾਲੇ ਬਾਹਰ ਖਲੋਤੇ ਥੱਕੇ ਹਾਰੇ ਪਏ ਸਨ। "ਆ ਰਹੀ ਹੈ" ਸੁਪਰਵਾਈਜ਼ਰ ਮੁੜ ਮੁੜ ਕਹੀ ਜਾਏ। ਅਖੀਰ ਕੁਝ ਵ੍ਹੀਲ ਚੇਅਰਾਂ ਆਈਆਂ। ਬੀਬੀ ਬਾਹਰ ਆ ਗਈ। ਸੁੱਖ ਦਾ ਸਾਹ ਆਇਆ। ਪੁੱਛਿਆ, ਕਾਗਜ਼ ਵਗੈਰਾ ਵੇਖ ਲਏ ਸਨ ਗੇਟ 'ਤੇ ਅਫਸਰਾਂ ਨੇ। ਕਹਿੰਦੀ, ਹਾਂ ਵੇਖੇ ਸਨ।

ਚਲੋ, ਚਾਈਂ ਚਾਈਂ ਆਪੋ ਆਪਣੇ ਘਰੀਂ

ਪਹੁੰਚ ਗਏ। ਬੀਬੀ ਦਾ ਪਰਿਵਾਰ ਨਾਲ ਭਰਤ ਮਿਲਾਪ ਹੋਇਆ ਜਾਪਿਆ। ਸਭ ਖੁਸ਼ ਹੋਏ। ਵਧਾਈਆਂ ਮਿਲੀਆਂ। ਜਦੋਂ ਫੋਨ ਕੀਤਾ, ਖੁਸ਼ ਤਾਂ ਸੀ ਪਰ ਆਪਣੇ ਪਿਛੋਕੜ ਦੇ ਹੇਰਵੇ, ਕੋਠੀ ਦੇ ਵਿਛੋੜੇ 'ਚ ਉਦਾਸ ਸੀ। ਚਲੋ, ਆਪੇ ਦਿਲ ਲੱਗ ਜਾਊ।

ਮਹੀਨੇ ਬਾਅਦ ਜਦੋਂ ਬੀਬੀ ਦੀ ਨੂੰਹ ਉਹਦਾ ਸਿੱਨ ਕਾਰਡ ਬਣਾਉਣ ਲਈ ਕੈਨੇਡਾ ਸਰਵਿਸ 'ਤੇ ਗਈ ਤਾਂ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਪਰਿਵਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਏਨੀਆਂ ਉਡੀਕਾਂ ਨਾਲ ਕੈਨੇਡਾ ਪਹੁੰਚੀ ਬੀਬੀ ਦੇ ਭਵਿੱਖ ਦਾ ਹੁਣ ਕੀ ਬਣੇਗਾ? ਉਹ ਕਾਨੂੰਨੀ ਤੌਰ 'ਤੇ ਕੈਨੇਡਾ 'ਚ ਹਾਲੀ ਪਹੁੰਚੀ ਹੀ ਨਹੀਂ। ਜੇ ਹੈ ਤਾਂ ਗੈਰਕਾਨੂੰਨੀ ਤੌਰ 'ਤੇ ਰਹਿ ਰਹੀ ਹੈ ਜੋ ਇੱਕ ਅਪਰਾਧ ਹੈ। ਘਬਰਾਹਟ 'ਚ ਉਨ੍ਹਾਂ ਭਾਈਬੰਦਾਂ ਨੂੰ ਫੋਨ ਕਰ ਦਿੱਤੇ। ਉਹ ਵੀ ਭੰਬਲਭੂਸੇ 'ਚ ਪੈ ਗਏ। ਵਿਚਾਰਾਂ ਸ਼ੁਰੂ ਹੋ ਗਈਆਂ। ਪੁੱਛਾਂ-ਗਿੱਛਾਂ ਦਾ ਦੌਰ ਚੱਲ ਪਿਆ। ਹਕੂਮਤ ਕਰ ਰਹੀ ਸਰਕਾਰ ਦੇ ਪਾਰਲੀਮੈਂਟ ਮੈਂਬਰਾਂ ਦੇ ਪੰਜਾਬੀ ਅਲੰਬਦਾਰਾਂ ਨਾਲ ਗੱਲ ਕੀਤੀ। ਗਿਲੇ-ਭਰੇ ਸ਼ਿਕਵਿਆਂ, ਉਲ੍ਹਾਮਿਆਂ ਦੀ ਬੁਛਾੜ ਕੀਤੀ। ਕਈ ਤਾਂ ਊਂ ਈ ਚੁੱਪ ਸਾਧ ਗਏ।

ਬਾਹਰ ਨਿਕਲਣ ਵੇਲੇ ਦੇ ਘਟਨਾ ਚੱਕਰਾਂ ਦੀ ਫਿਰ ਸਮੀਖਿਆ ਕੀਤੀ। ਬੀਬੀ ਦੇ ਬਾਹਰ ਨਿਕਲਣ ਵੇਲੇ ਉਹਨੂੰ ਪੁੱਛਿਆ ਵੀ ਸੀ, ਕੀ ਤੁਹਾਡੇ ਕਾਗਜ਼, ਪਾਸਪੋਰਟ ਵਗੈਰਾ ਵੇਖ ਲਏ ਸੀ ਅਫਸਰਾਂ ਨੇ। ਪਰ ਇਹ ਪੱਕਾ ਨਾ ਕੀਤਾ ਕਿ ਇਮੀਗਰੇਸ਼ਨ ਦੀ ਸਟੈਂਪ ਲੱਗ ਗਈ ਹੈ ਕਿ ਨਹੀਂ। ਚਾਅ ਭਰੀ ਕਾਹਲੀ ਵਿਚ ਲੈਂਡਿੰਗ ਪੇਪਰ ਤੇ ਪਾਸਪੋਰਟ 'ਤੇ ਲੱਗੀ ਮੋਹਰ ਚੈਕ ਨਾ ਕੀਤੀ। ਇਹ ਹੀ ਇੱਕ ਵੱਡੀ ਕੋਤਾਹੀ ਸੀ।

ਏਅਰਪੋਰਟ 'ਤੇ ਇਮੀਗਰੇਸ਼ਨ ਵਾਲਿਆਂ ਨੂੰ ਮਿਲੇ। ਸਮੱਸਿਆ ਦੱਸੀ। ਕੇਸ ਦੇ ਕਾਗਜ਼ ਜਾਇਜ਼ ਤੇ ਸਹੀ ਸਨ। ਦਰੁਸਤੀ ਕਰ ਦਿਉ। ਉਨ੍ਹਾਂ ਕਿਹਾ, ਹੁਣ ਤੁਹਾਨੂੰ ਇੱਥੋਂ ਕੈਨੇਡਾ ਦੇ ਕਿਸੇ ਬਾਰਡਰ ਤੋਂ ਦੇਸ਼ 'ਚੋਂ ਬਾਹਰ ਜਾਣਾ ਪੈਣਾ। ਏਅਰਪੋਰਟ ਤੋਂ ਤੁਹਾਨੂੰ ਬਾਰਡਰ ਪਾਰ ਕਰਾਉਣਾ ਸੰਭਵ ਨਹੀਂ। ਅਮਰੀਕਾ ਵਾਲੇ ਸਭ ਤੋਂ ਨੇੜੇ ਦੇ ਕੈਨੇਡਾ ਦੇ ਬਾਰਡਰ 'ਤੇ ਜਾਓ। ਉਥੇ ਇੱਕ ਨੋ ਮੈਨਜ਼ ਲੈਂਡ ਹੁੰਦੈ, ਦੋਹਾਂ ਦੇਸ਼ਾਂ ਦੀਆਂ ਸਰਹੱਦਾਂ ਦੇ ਵਿਚਕਾਰ। ਉਥੇ ਦੋਹਾਂ ਦੇਸ਼ਾਂ ਦੀਆਂ ਬਾਰਡਰ ਸਰਵਿਸ ਏਜੰਸੀਆਂ ਹੁੰਦੀਆਂ ਹਨ ਜੋ ਦੇਸ਼ ਵਿਚ ਪਰਵੇਸ਼ ਕਰਨ ਵਾਲਿਆਂ ਦੇ ਦਾਖਲੇ ਦੇ ਕਾਗਜ਼ ਚੈਕ ਕਰਦੀਆਂ ਹਨ। ਉਹ ਤੁਹਾਡੇ ਕਾਗਜ਼ ਚੈਕ ਕਰਕੇ ਪ੍ਰਵਾਨਗੀ ਦੇ ਦੇਣਗੀਆਂ। ਫਿਰ ਦੁਚਿੱਤੀ ਵਰਗੀ ਕੁੜਿੱਕੀ 'ਚ ਫਸ ਗਏ! ਜੇ ਇੱਕ ਵਾਰੀ ਕੈਨੇਡਾ ਤੋਂ ਬਾਹਰ ਹੋ ਗਏ ਅਤੇ ਜੇ ਕਿਸੇ ਨੇ ਅੰਦਰ ਨਾ ਵੜਨ ਦਿੱਤਾ, ਫਿਰ ਕੀ ਬਣੇਗਾ? ਪਰ ਏਧਰੋਂ ਉਧਰੋਂ ਹੋਰ ਤਸੱਲੀ ਕੀਤੀ। ਅਖੀਰ ਨਿਆਗਰਾ ਫਾਲਜ਼ ਦੇ ਬਾਰਡਰ ਪਹੁੰਚੇ। ਨੋ ਮੈਨਜ਼ ਲੈਂਡ 'ਤੇ ਪੈਰ ਰੱਖਿਆ ਤੇ ਨਾਲ ਹੀ ਯੂ ਟਰਨ ਮਾਰ, ਕੈਨੇਡਾ ਦੇ ਪਰਵੇਸ਼ ਵਾਲੀ ਲਾਈਨ 'ਚ ਜਾ ਲੱਗੇ। ਅਮਰੀਕਨ ਪੋਸਟ ਉਥੋਂ ਥੋੜ੍ਹੀ ਅੱਗੇ ਸੀ।

ਵਾਰੀ ਆਉਣ 'ਤੇ ਕੈਨੇਡੀਅਨ ਬਾਰਡਰ ਸਕਿਉਰਿਟੀ ਏਜੰਸੀ ਦੀ ਲੰਮ-ਸਲੰਮੀ, ਸੋਹਣੀ ਤੇ ਸਮਾਰਟ ਗੋਰੀ ਅਫਸਰ ਨੇ ਖਿੜੇ ਮੱਥੇ ਜੀ ਆਇਆਂ ਆਖਿਆ। ਉਸ ਨੇ ਵਧੀਆ ਸਲੀਕੇ ਨਾਲ ਗੱਲ ਸੁਣੀ। ਕਾਗਜ਼ਾਂ ਦੀ ਨੀਝ ਨਾਲ ਪੜਤਾਲ ਕੀਤੀ। ਕੰਪਿਊਟਰ 'ਤੇ ਵੀ ਚੈਕ ਕੀਤਾ। ਸਾਰਾ ਕੁਝ ਸਹੀ ਪਾਇਆ। ਹੱਸਦੀ ਨੇ ਕਾਗਜ਼ਾਂ ਤੇ ਪਾਸਪੋਰਟ 'ਤੇ ਮੋਹਰਾਂ ਜੜ ਦਿੱਤੀਆਂ। ਸਾਰਿਆਂ ਨੂੰ ਸੁਖ ਦਾ ਸਾਹ ਆਇਆ। ਜਾਣਕਾਰੀ ਵਾਸਤੇ ਉਸੇ ਅਫਸਰ ਨੂੰ ਪੁੱਛਿਆ, ਇਹ ਕੰਮ ਏਅਰਪੋਰਟ 'ਤੇ ਦੁਬਾਰਾ ਕਿਉਂ ਨਾ ਕਰ ਦਿੱਤਾ ਗਿਆ। ਅੱਸੀਵਾਂ ਹੰਢਾ ਰਹੀ ਇਸ ਬੁੜੀ ਮਾਈ ਨੂੰ ਇਸ ਚੱਕਰ 'ਚ ਕਿਉਂ ਪਾਇਆ? ਬਹੁਤ ਹੀ ਵਿਸਥਾਰ ਨਾਲ ਸਮਝਾਇਆ ਕਿ ਕਾਨੂੰਨ ਕਹਿੰਦਾ ਹੈ ਕਿ ਜੇ ਕਿਸੇ ਦੀ ਵੀ ਗਲਤੀ ਨਾਲ ਤੁਸੀਂ ਨਾਜਾਇਜ਼ ਤੌਰ 'ਤੇ ਪਰਵੇਸ਼ ਕਰ ਗਏ ਹੋ ਤਾਂ ਤੁਹਾਨੂੰ ਇੱਕ ਵੇਰ ਕੈਨੇਡਾ ਤੋਂ ਬਾਹਰ ਨਿਕਲਣਾ ਪੈਣਾ ਹੈ। ਫਿਰ ਅੰਦਰ ਆਉਣ ਦੀ ਲੋੜੀਂਦੀ ਕਾਨੂੰਨੀ ਇਜਾਜ਼ਤ ਮਿਲਦੀ ਹੈ। ਇਸ ਨੂੰ 'ਪੋਸਟ ਕਰਾਸਿੰਗ' ਕਿਹਾ ਜਾਂਦਾ ਹੈ।

ਖੈਰ! ਮਸਲਾ ਹੱਲ ਹੋਇਆ। ਸ਼ੁਕਰ ਕੀਤਾ! ਬੀਬੀ ਵੀ ਖੁਸ਼। ਉਸ ਦੇ ਪਰਿਵਾਰ ਅਤੇ ਸਨੇਹੀਆਂ ਵਾਸਤੇ ਬੀਬੀ ਦੂਜੀ ਵਾਰੀ ਕੈਨੇਡਾ ਪਹੁੰਚ ਗਈ। ਪਹਿਲਾਂ ਨਾਜਾਇਜ਼ ਤੌਰ 'ਤੇ, ਹੁਣ ਕਾਨੂੰਨੀ ਤੌਰ 'ਤੇ। ਵਧਾਈਆਂ ਦੀ ਛਹਿਬਰ ਫਿਰ ਲੱਗ ਗਈ। ਬੀਬੀ ਦੇ ਭਤੀਜਿਆਂ ਤੇ ਦੋਹਤ ਪੋਤ-ਨੂੰਹਾਂ ਵੱਲੋਂ ਸਵਾਗਤੀ ਪਾਰਟੀਆਂ ਦੇ ਦੌਰ ਚੱਲ ਪਏ।

ਪ੍ਰਿੰਸੀਪਲ ਸਾਹਿਬ! ਕਹਾਣੀ ਹਾਲੇ ਮੁੱਕੀ ਨਹੀਂ ਜੇ। ਕੁਝ ਮਹੀਨੇ ਉਹ ਠੀਕ ਰਹੀ। ਨੂੰਹ ਨਹਾਉਂਦੀ ਧੁਆਉਂਦੀ, ਪੂਰੀ ਸੇਵਾ ਕਰਦੀ। ਪਰ ਬੀਬੀ ਓਦਰੀ ਰਹਿੰਦੀ। ਉਹਦੀ ਸੁਰਤੀ ਤਾਂ ਪਿੱਛੇ ਨਾਲ ਜੁੜੀ ਰਹਿੰਦੀ। ਹਰ ਵੇਲੇ ਪਾਣੀਓਂ ਵਿਛੜੀ ਮੱਛੀ ਵਾਂਗ ਤੜਫਦੀ ਜਾਪਦੀ। ਨਾਲ ਸਾਨੂੰ ਵੀ ਸੁੱਕਣੇ ਪਾਈ ਰੱਖਦੀ। ਆਏ ਭੈਣ ਭਾਈ ਕੋਲ ਆਪਣੀ ਵੇਦਨਾ ਛੋਹ ਧਰਦੀ, 'ਇਹ ਕੋਈ ਦੇਸ਼ ਹੈ, ਸਾਰਾ ਦਿਨ ਅੰਦਰੇ ਈ ਅੰਦਰ! ਨਾ ਦਿਨ ਦਾ ਪਤਾ ਲੱਗਦੈ, ਨਾ ਰਾਤ ਦਾ।' ਇਹ ਸਮਝਾਉਤੀ ਕਿ ਏਥੇ ਡਾਕਟਰੀ ਸਹੂਲਤਾਂ ਮੁਫਤ ਹਨ, ਜੀਵਨ ਸੋਹਣਾ ਚੱਲਦੈ। ਸਾਫ ਸੁਥਰੀਆਂ ਚੀਜ਼ਾਂ ਖਾਣ ਨੂੰ ਮਿਲਦੀਆਂ ਹਨ। ਤੇਰੇ ਪੋਤੇ ਤੇਰੀ ਗੋਦੀ 'ਚ ਨੇ। 'ਆਹੋ ਗੋਦੀ 'ਚ ਨੇ, ਆਉਂਦੇ ਨੇ, ਡੱਬਿਆਂ ਜਿਹਿਆਂ ਅੱਗੇ ਜਾ ਬਹਿੰਦੇ ਨੇ, ਕੋਲ ਬੈਠੇ, ਇੱਕ ਠੀਹਪੇ ਜਿਹੇ 'ਤੇ ਲੱਗੇ ਰਹਿੰਦੇ ਨੇ, ਮੌਸਮ, ਖੁੱਡ ਜਿਹੀ 'ਚੋਂ ਬਾਹਰ ਸਿਰੀ ਨਹੀਂ ਕੱਢਣ ਦੇਂਦਾ, ਮੈਨੂੰ ਕੋਈ ਬਿਮਾਰੀ ਨਹੀਂ, ਰੋਟੀ ਲੂਣ ਸਲੂਣੇ ਦੇ ਨਾਲ ਖਾਈਏ, ਬੰਦਾ ਸੁਖੀ ਨਹੀਂ ਆਪਣੀ ਥਾਂ ਜਿਹਾ, ਬੱਸ, ਮੈਂ ਤਾਂ ਰਹਿਣਾ ਈ ਨਹੀਂ, ਹਾਏ ਮੇਰੀ ਕੋਠੀ, ਆਪਣੇ ਖੂਨ ਪਸੀਨੇ ਨਾਲ ਬਣਾਈ...।'

ਇਹ ਤਾਂ ਸੱਚ ਸੀ ਕਿ ਉਸ ਦਾ ਗਹਿਣਾ-ਗੱਟਾ, ਉਮਰ ਭਰ ਜੋੜਿਆ ਪੈਸਾ-ਧੇਲਾ ਲੱਗ ਗਿਆ ਸੀ ਕੋਠੀ 'ਤੇ, ਉਹ ਸਾਰਾ ਸਾਰਾ ਦਿਨ ਰੋੜੀ ਕੁੱਟਦੀ ਰਹਿੰਦੀ। ਮਿਸਤਰੀਆਂ, ਮਜ਼ਦੂਰਾਂ ਮਗਰ ਖੂੰਡੀ ਖੜਕਾਉਂਦੀ ਫਿਰਦੀ। 'ਰੇਤਾ ਖਿਲਾਰੀ ਜਾਂਦੇ ਨੇ, ਸੀਮੈਂਟ ਸੰਭਾਲਦੇ ਨੀ, ਮਿਸਤਰੀ ਗੱਲਾਂ ਕਰਦੇ ਰਹਿੰਦੇ ਨੇ...।' ਹਰ ਸਮੇਂ ਉਹਦੀ ਖੂੰਡੀ ਤੇ ਹਥੌੜੀ ਟੱਕ ਟੱਕ, ਠੱਕ ਠੱਕ ਕਰਦੀ ਰਹਿੰਦੀ।

ਅੰਤ ਹਾਰ ਕੇ ਸਭ ਨੇ ਹਥਿਆਰ ਸੁੱਟ ਦਿੱਤੇ। ਪੰਜਾਬ ਜਾਂਦੇ ਭਾਈਬੰਦ ਨਾਲ ਜਹਾਜ਼ੇ ਚੜ੍ਹਾ ਦਿੱਤਾ। ਕੀ ਕਰਦੇ, ਅੱਕ ਚੱਬਣਾ ਪਿਆ। ਹੁਣ ਸਾਰਾ ਦਿਨ ਉਹਦੀ ਚਿੰਤਾ ਰਹਿੰਦੀ ਹੈ। ਜਾ ਸਕਦੇ ਨਹੀਂ। ਕੰਮ ਛੱਡੀਏ ਤਾਂ ਮੌਰਗੇਜਾਂ ਟੁੱਟਦੀਆਂ ਨੇ। ਨਹੀਂ ਜਾਂਦੇ, ਲੋਕ ਫਿਟਕਾਰਦੇ ਨੇ। ਮੁੰਡਿਆਂ ਦੀ ਯੂਨੀਵਰਸਿਟੀ ਪੜ੍ਹਾਈ ਦੇ ਖਰਚੇ ਪੇਸ਼ ਨਹੀਂ ਜਾਣ ਦਿੰਦੇ। ਕਨਸੋਆਂ ਮਿਲਦੀਆਂ ਹਨ, 'ਉਹ ਕੋਠੀ 'ਚ ਬੈਠੀ ਹੈ, ਸੋਟੀ ਸਹਾਰੇ ਕੁੱਬੀ ਕੁੱਬੀ ਤੁਰਦੀ, ਚੁਗਾਠਾਂ, ਅਲਮਾਰੀਆਂ 'ਤੇ ਸਿਉਂਕ ਮਾਰੂ ਦਵਾਈ ਪਾਉਂਦੀ ਫਿਰਦੀ ਏ, ਮੇਰੀ ਕੋਠੀ, ਮੇਰੀ ਜਾਨ, ਮੈਂ ਤਾਂ ਏਥੇ ਹੀ ਮਰੂੰ...!'

ਸਬਰ ਨਾ ਕਰੀਏ ਤਾਂ ਕੀ ਕਰੀਏ, ਭਾਈ! ਮਰ ਹੁੰਦਾ ਨਈਂ! ਪਤਾ ਨਹੀਂ ਕਿਸ ਦਿਨ ਅਣਹੋਣੀ ਵਾਪਰ ਜਾਵੇ! ਹੁਣ ਸੁਣਿਐ ਕੁਝ ਜ਼ਿਆਦਾ ਹੀ ਢਿੱਲੀ ਹੋ ਗਈ ਸੀ। ਵੱਡੀ ਕੁੜੀ ਆ ਕੇ ਲੈ ਗਈ ਐ। ਹੋਇਆ ਨਾ ਇਹ ਇੱਕ ਕੋਠੀ ਲੱਗੀ ਮਾਈ ਦਾ ਦੁਖਾਂਤਕ ਅੰਤਕਾਲ।

ਤਕਦੀਰਾਂ

ਲਿਖਣ ਵਾਲੇ ਲਿਖ ਲੈਂਦੇ ਨੇ
ਖੁਦ ਦੀਆਂ ਤਕਦੀਰਾਂ ਨੂੰ।
ਜਿਹੜੇ ਲੜਾਉਂਦੇ ਰਹਿੰਦੇ ਨੇ
ਨਿੱਤ ਹੀ ਤਦਬੀਰਾਂ ਨੂੰ।

ਦੁੱਖ-ਸੁੱਖ ਤੇ ਵਾਧੇ-ਘਾਟੇ
ਸਦਾ ਹੀ ਚਲਦੇ ਰਹਿਣੇ ਨੇ,
ਰੋਣ ਵਾਲਿਆਂ ਰੋਈ ਜਾਣਾ
ਐਵੇਂ ਮੱਥੇ ਦੀਆਂ ਲਕੀਰਾਂ ਨੂੰ।

ਹੱਕ ਮਾਰ ਕੇ ਹੱਕਦਾਰਾਂ ਦਾ
ਦਸ ਕਿੱਥੇ ਲੈ ਕੇ ਜਾਵੇਗਾ,
ਨਾਲ ਨੀਂ ਕੋਈ ਲੈ ਜਾਂਦਾ
ਇਥੇ ਬਣਾਈਆਂ ਜਗੀਰਾਂ ਨੂੰ।

ਅੱਜ ਵੀ ਡੋਲੇ ਤੋਰੇ ਜਾਂਦੇ ਨੇ
ਨਾਲ ਵਿਦੇਸ਼ੀ ਬੁੱਢਿਆਂ ਦੇ,
ਕਦੋਂ ਮਿਲੂ ਫੈਸਲੇ ਦੀ ਆਜ਼ਾਦੀ
ਦੇਸ਼ ਮੇਰੇ ਦੀਆਂ ਹੀਰਾਂ ਨੂੰ?

ਨਾ ਲਾਵੇ ਕੋਈ ਤ੍ਰਿਵੇਣੀ
ਟਾਹਲੀ, ਅੰਬ ਤੇ ਜਾਮਣ ਨੂੰ,
ਫਿਰ ਕਿੱਥੋਂ ਛਾਂ ਲੱਭਣੀ ਹੈ
ਰਾਹ ਚਲਦੇ ਰਾਹਗੀਰਾਂ ਨੂੰ।

ਕੌਣ ਪੀਰ-ਪੈਗੰਬਰਾਂ ਦੀਆਂ
ਚਲਦਾ ਹੁਣ ਸਿੱਖਿਆਵਾਂ 'ਤੇ,
ਲੋਕੀਂ ਪੂਜਦੇ ਪੱਥਰ ਦੀਆਂ
ਮੂਰਤਾਂ ਅਤੇ ਤਸਵੀਰਾਂ ਨੂੰ।

-ਮਨਦੀਪ ਗਿੱਲ ਧੜਾਕ
ਫੋਨ: 91-99881-11134

ਸਵਰਾਜਬੀਰ, ਸਾਹਿਤ ਅਤੇ ਸਥਾਪਤੀ

ਸਵਰਾਜਬੀਰ ਅੱਜ ਨਾਟਕ ਦੇ ਖੇਤਰ ਦਾ ਅਹਿਮ ਨਾਂ ਹੈ। ਉਸ ਨੇ ਇਤਿਹਾਸ ਅਤੇ ਮਿਥਿਹਾਸ ਦੀ ਬਾਤ ਸੁਣਾਉਂਦਿਆਂ ਇਨ੍ਹਾਂ ਸਾਰੀਆਂ ਗੱਲਾਂ-ਬਾਤਾਂ ਨੂੰ ਵਰਤਮਾਨ ਦੇ ਪ੍ਰਸੰਗਾਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਇਹੀ ਉਸ ਦੇ ਨਾਟਕਾਂ ਦੀ ਖੂਬਸੂਰਤੀ ਹੈ। ਉਹਨੇ ਪੜ੍ਹਾਈ ਡਾਕਟਰੀ ਦੀ ਕੀਤੀ, ਨੌਕਰੀ ਪੁਲਿਸ ਦੀ ਅਤੇ ਸਾਹਿਤ ਸਿਰਜਣਾ ਵਿਚ ਪਹਿਲਾਂ ਕਵਿਤਾ ਤੇ ਫਿਰ ਨਾਟਕ ਵਿਚ ਘਮਸਾਨ ਮਚਾਇਆ। ਜਸਵੀਰ ਸਮਰ ਨੇ ਆਪਣੇ ਇਸ ਲੇਖ ਵਿਚ ਉਸ ਦੇ ਨਾਟਕਾਂ ਤੋਂ ਇਲਾਵਾ ਸਥਾਪਤੀ ਅਤੇ ਸਥਾਪਤੀ ਦੀਆਂ ਗੁੰਝਲਾਂ ਬਾਰੇ ਵੀ ਕੁਝ ਸਵਾਲ ਉਠਾਏ ਹਨ ਜੋ ਸਾਹਿਤ ਦੇ ਨਾਲ ਨਾਲ ਸਿਆਸਤ ਵਿਚ ਮੋਕਲੇ ਰਾਹ ਖੋਲ੍ਹਣ ਬਾਰੇ ਸੂਹਾਂ ਦਿੰਦੇ ਹਨ। -ਸੰਪਾਦਕ

ਪੱਤਣ ਚੁੱਪ ਨੇ
ਜਿਉਂ ਸਾਰੇ ਮਲਾਹ ਮਰ ਗਏ ਹੋਣ
ਜਿਉਂ ਔਰਤਾਂ ਆਪਣੇ ਬਦਨਾਂ ਤੋਂ ਜ਼ਿਆਦਾ
ਖਾਮੋਸ਼ ਹੋ ਗਈਆਂ ਹੋਣ
ਜਿਉਂ ਜੰਗਲ ਵਿਚ ਸਾਰੇ ਰੁੱਖ
ਇਕੱਲੇ ਹੋ ਗਏ ਹੋਣ...।

ਇਹ ਸਵਰਾਜਬੀਰ ਹੈ, ਕਵਿਤਾ ਕਹਿੰਦਾ ਸਵਰਾਜਬੀਰ। ਉਹਦੀ ਪੋਟਲੀ ਵਿਚੋਂ ਤਿੰਨ ਕਾਵਿ-ਪੁਸਤਕਾਂ ਨਿਕਲੀਆਂ: 'ਆਪਣੀ ਆਪਣੀ ਰਾਤ' (1985), 'ਸਾਹਾਂ ਬਾਣੀ' (1989) ਅਤੇ '23 ਮਾਰਚ' (1992)। ਉਹਦੀ ਹਰ ਕਿਤਾਬ ਸੁੱਚੀ ਕਵਿਤਾ ਦੇ ਵਿਹੜੇ ਵਿਚ ਅਗਲਾ ਕਦਮ ਸਾਬਤ ਹੋਈ। ਇਹ ਮਾਨਤਾ ਉਹਦੀ ਨਹੀਂ, ਉਹਦੇ ਆਲੋਚਕਾਂ ਦੀ ਹੈ। ਉਹਦੀਆਂ ਇਹ ਕਵਿਤਾਵਾਂ ਅਸਲ ਵਿਚ ਆਪਣੇ ਵਕਤਾਂ ਨਾਲ ਕੀਤੀਆਂ ਬਾਤਾਂ ਹਨ। ਇਨ੍ਹਾਂ ਵਿਚ ਕਰੂਰ ਵਕਤਾਂ ਵਾਲਾ ਦਰਦ ਥਾਂ-ਪੁਰ-ਥਾਂ ਪੁੜਿਆ ਪਿਆ ਹੈ। ਇਸ ਕਵਿਤਾ ਅੰਦਰ ਚਿਣਗ ਹੈ, ਕੋਈ ਤਾਂਘ ਹੈ; ਬੇਵਸੀ ਤੇ ਉਦਾਸੀ ਵੀ ਹੈ, ਪਰ ਕਵਿਤਾ ਦਾ ਮੂੰਹ ਅਗਾਂਹ ਵੱਲ ਹੈ। ਇਹ ਵਕਤ ਦੀਆਂ ਅੱਖਾਂ ਵਿਚ ਅੱਖਾਂ ਪਾ

ਜਸਵੀਰ ਸਮਰ

ਕੇ ਦੇਖਣ ਦਾ ਜੇਰਾ ਦਿਖਾਉਂਦੀ ਹੈ। ਉਹਨੇ ਖੁਦ ਤਸਲੀਮ ਕੀਤਾ ਹੈ: "ਅਸੀਂ (ਸ਼ਾਇਰ ਲੋਕ) ਆਪਣੇ ਵਕਤ ਦੀ ਵੀਣੀ 'ਤੇ ਲਾਲ ਧਾਗਾ ਬੰਨ੍ਹਣ ਦਾ ਯਤਨ ਕਰ ਰਹੇ ਸਾਂ।"

ਉਹ ਜਦੋਂ ਕਵਿਤਾ ਦੇ ਵਿਹੜੇ ਤੋਂ ਨਾਟਕ ਦੇ ਮੰਚ ਵੱਲ ਧਾਇਆ ਤਾਂ ਸਭ ਨੂੰ ਲੱਗਿਆ, ਮਾਨੋ ਇਹ ਪੰਜਾਬੀ ਨਾਟਕ ਦੇ ਧੰਨ-ਭਾਗ ਸਨ। ਇਕ ਤੋਂ ਬਾਅਦ ਇਕ ਨਾਟਕ ਨਾਲ ਉਹਨੇ ਬੌਧਿਕ ਬੁਲੰਦੀਆਂ ਛੋਹੀਆਂ। ਉਹਨੇ ਪੂਰਾ ਟੁਣਕਾ ਕੇ ਜਚਾ ਦਿੱਤਾ ਕਿ ਲਿਖਾਰੀ ਦਾ ਮਤਲਬ ਹੁੰਦਾ ਕੀ ਹੈ! ਮਿਹਨਤ ਅਤੇ ਲਗਨ ਨਾਲ ਲਿਖੀਦਾ ਕਿਵੇਂ ਹੈ! ਤੇ ਦੱਸਿਆ ਕਿ ਨਾਟਕ ਇਵੇਂ ਵੀ ਲਿਖ ਸਕੀਦਾ ਹੈ! ਉਹਦੇ ਨਾਟਕਾਂ ਦਾ ਚੌਖਟਾ ਬਹੁਤ ਚੌੜੇਰਾ ਹੈ, ਦਿਸਹੱਦਿਆਂ ਤੋਂ ਪਾਰ ਦੇਖਦੀ ਅੱਖ ਵਾਂਗ। ਉਹਨੇ ਨਾਟਕ ਲਿਖਿਆ ਨਹੀਂ, ਜੀਵਿਆ; ਤੇ ਨਾਲੇ ਖੇਡੇ ਜਾਣ ਵਾਲਾ ਨਾਟਕ ਲਿਖਿਆ। ਲਿਖਤ ਦੀ ਜੂਨੇ ਪੈਣ ਤੋਂ ਲੈ ਕੇ ਸਟੇਜ ਉਤੇ ਮੜਿੱਕਣ ਤਕ ਰਚਨਾ ਬਥੇਰੀਆਂ ਤਬਦੀਲੀਆਂ ਥਾਣੀਂ ਗੁਜ਼ਰਦੀ ਹੈ। ਇਹ ਤਬਦੀਲੀ, ਜਾਂ ਕਹਿ ਲਓ ਲਿਖਤ ਦਾ ਨਿਖਾਰ, ਇਕੱਲੇ-ਇਕਹਿਰੇ ਬੰਦੇ ਜਾਂ ਵਿਚਾਰ ਦਾ ਕੰਮ ਨਹੀਂ। ਇਹਦੇ ਲਈ ਲਾਮ ਅਤੇ ਲਾਮਬੰਦੀ ਲੋੜੀਂਦੀ ਹੈ।

ਸਵਰਾਜਬੀਰ ਇਸ ਪੱਖੋਂ ਭਾਗਾਂ ਵਾਲਾ ਨਿਕਲਿਆ ਕਿ ਉਹਨੂੰ ਅਜਿਹੇ ਸਾਹਿਤ-ਸਾਥੀਆਂ ਦੀ ਢਾਣੀ ਮਿਲੀ ਜਿਨ੍ਹਾਂ ਨੇ ਉਹਦੀਆਂ ਰਚਨਾਵਾਂ ਅੰਦਰ ਬਲਦੀ ਲਾਟ ਦਾ ਨਿੱਘ/ਸੇਕ ਦੂਣ-ਸਵਾਇਆ ਕੀਤਾ। ਇਸ ਸਫਰ ਬਾਰੇ ਗੱਲਾਂ ਸਵਰਾਜਬੀਰ ਦੀ ਹਰ ਲਿਖਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਪਈਆਂ ਲੱਭ ਜਾਂਦੀਆਂ ਹਨ। ਇਸ ਤੋਂ ਉਹਦੇ ਸਬਰ ਦੀ ਕਨਸੋਅ ਵੀ ਮਿਲ ਜਾਂਦੀ ਹੈ। ਉਹਨੂੰ ਆਪਣੇ ਨਾਟਕ ਛਪਵਾਉਣ ਦੀ ਕਦੀ ਕੋਈ ਕਾਹਲ ਨਹੀਂ ਪਈ। ਉਹਦੇ ਨਾਟਕ ਸਟੇਜ ਵਾਲਾ ਮਾਣ ਹੰਢਾਉਣ ਤੋਂ ਕਈ ਕਈ ਸਾਲ ਬਾਅਦ ਪੁਸਤਕ ਵਾਲਾ ਰੂਪ ਧਾਰਦੇ ਰਹੇ ਹਨ। ਇਸ ਸਬਰ-ਸੰਤੋਖ ਅਤੇ ਬੌਧਿਕ ਨਾਟਕ ਦੀ ਬੁਲੰਦੀ ਵਾਲੇ ਸਿਦਕ ਤੇ ਸਿਰੜ ਦੇ ਬੀਜ ਭਾਵੇਂ ਉਹਦੀ ਕਵਿਤਾ ਵਿਚੋਂ ਵੀ ਝਾਤੀਆਂ ਮਾਰਦੇ ਹਨ, ਪਰ ਪੰਜਾਬੀ ਰੰਗਮੰਚ ਉਹਦੇ ਨਾਟਕਾਂ ਅਤੇ ਇਨ੍ਹਾਂ ਦੇ ਮੰਚਨ ਨਾਲ ਇਕ ਵਾਰ ਤਾਂ ਸਰਸ਼ਾਰ ਹੋ ਉਠਿਆ।

ਨਾਟ ਖੇਤਰ ਵਿਚ ਉਸ ਦੀ ਜੁਗਲਬੰਦੀ ਰੰਗਕਰਮੀ ਕੇਵਲ ਧਾਲੀਵਾਲ ਨਾਲ ਬਣੀ। ਕੋਈ ਜ਼ਮਾਨਾ ਸੀ ਜਦੋਂ ਗੁਰਸ਼ਰਨ ਸਿੰਘ ਅਤੇ ਗੁਰਦਿਆਲ ਸਿੰਘ ਫੁੱਲ ਦੀ ਜੁਗਲਬੰਦੀ ਨਾਲ ਨਾਟਕ ਦੇ ਖੂਹ ਦੀਆਂ ਟਿੰਡਾਂ ਗਿੜੀਆਂ ਸਨ ਅਤੇ ਦਰਸ਼ਕਾਂ ਨੇ ਮਿੱਠੇ ਪਾਣੀ ਵਾਂਗ ਇਨ੍ਹਾਂ ਸਟੇਜ-ਪੇਸ਼ਕਾਰੀਆਂ ਨੂੰ ਚੀਂਡ ਲਾਇਆ ਸੀ, ਪਿਆਸ ਬੁਝਾਈ ਸੀ। ਫਿਰ ਹਰਪਾਲ ਟਿਵਾਣਾ ਅਤੇ ਹਰਚਰਨ ਸਿੰਘ ਦੀ ਜੋੜੀ ਨੇ ਵੀ ਇਸ ਰਾਹ ਉਤੇ ਆਪਣੇ ਕਦਮ ਪੂਰੀ ਸਿਦਕਦਿਲੀ ਨਾਲ ਅਗਾਂਹ ਵਧਾਏ ਅਤੇ ਗੁਰਸ਼ਰਨ-ਗੁਰਦਿਆਲ ਜੋੜੀ ਤੋਂ ਊਣਾ ਰਹਿ ਗਿਆ ਕਲਾ-ਕੌਲਾ ਆਪਣੇ ਕਲਾ-ਪ੍ਰਤਾਪ ਨਾਲ ਭਰਨ ਦਾ ਯਤਨ ਕੀਤਾ। ਹੁਣ ਨਾਟਕ ਦਾ ਇਹ ਸਫਰ ਕੇਵਲ ਧਾਲੀਵਾਲ ਅਤੇ ਸਵਰਾਜਬੀਰ ਦੇ ਰੂਪ ਵਿਚ ਜਾਰੀ ਹੈ; ਤੇ ਇਸ ਵਾਰ ਕਲਾ ਅਤੇ ਕਿਰਤ ਨੇ ਜਿਹੜੀ ਉਡਾਣ ਭਰੀ ਹੈ, ਉਸ ਦਾ ਕੋਈ ਤੋੜ ਨਹੀਂ ਲੱਭਦਾ। ਕਿਰਤ ਵਾਲੇ ਸਵਰਾਜਬੀਰ ਨੇ ਇਤਿਹਾਸ ਤੇ ਮਿਥਿਹਾਸ, ਵਰਤਮਾਨ ਤੇ ਭਵਿੱਖ ਦੇ ਸਾਗਰਾਂ ਵਿਚ ਚੁੱਭੀ ਮਾਰ ਕੇ ਅਜਿਹੇ ਮੋਤੀ ਲੱਭੇ ਅਤੇ ਅਜਿਹੀ ਤਰਤੀਬ ਵਿਚ ਸਜਾਏ ਕਿ ਪੰਜਾਬੀ ਸਾਹਿਤ ਜਗਤ ਅਸ਼ ਅਸ਼ ਕਰ ਉਠਿਆ। ਇਸੇ ਤਰ੍ਹਾਂ ਰੰਗਮੰਚ ਦੀ ਕਲਾ ਵਾਲੇ ਸ਼ਾਹਸਵਾਰ ਕੇਵਲ ਧਾਲੀਵਾਲ ਨੇ ਕਿਰਤ ਖਾਤਰ ਹੋਰ ਕਮਾਈਆਂ ਇਸ ਢੰਗ ਨਾਲ ਕੀਤੀਆਂ ਕਿ ਕਿਰਤ ਤੇ ਕਲਾ ਦੀ ਜੁਗਲਬੰਦੀ ਲਾਜਵਾਬ ਹੋ ਨਿਬੜੀ। ਤੁਸੀਂ ਕਿਰਤ ਦਾ ਪਾਠ ਕਰੋ ਜਾਂ ਕਲਾ ਦੇ ਦਰਸ਼ਨ; ਜਾਪਦਾ ਹੈ, ਇਹ ਜੁਗਲਬੰਦੀ ਪੰਜਾਬੀ ਸਾਹਿਤ ਦਾ ਹਾਸਲ ਹੈ।

ਕੇਵਲ ਧਾਲੀਵਾਲ ਨੇ ਤਾਂ ਸਵਰਾਜਬੀਰ ਦੇ ਖੇਡੇ ਗਏ ਸਭ ਤੋਂ ਪਹਿਲੇ ਨਾਟਕ 'ਕ੍ਰਿਸ਼ਨ' ਨੂੰ ਵਿਚ ਕੋਈ ਵੀ ਗੱਲ ਬੜੇ ਲੁਕਵੇਂ ਢੰਗ ਨਾਲ ਕਹਿਣ ਦੀ ਜੁਗਤ ਹੁੰਦੀ ਹੈ। ਆਪਣੇ ਮੁੱਢਲੇ ਨਾਟਕਾਂ ਵਿਚ ਸਵਰਾਜਬੀਰ ਇਹ ਤਣੀ ਘੁੱਟ ਕੇ ਫੜ ਲੈਂਦਾ ਹੈ ਅਤੇ ਨਾਟਕ-ਦਰ-ਨਾਟਕ ਮਿੱਥਾਂ ਭੰਨਦਾ ਹੈ। ਇਸ ਭੰਨ-ਤੋੜ ਵਿਚ ਉਹ ਕਿਉਂਕਿ ਵਰਤਮਾਨ ਦੀਆਂ ਲੜੀਆਂ ਲਗਾਤਾਰ ਜੋੜੀ ਜਾਂਦਾ ਹੈ, ਉਹਦੀਆਂ ਰਚਨਾਵਾਂ ਆਪਣਾ ਵੱਖਰਾ ਰੰਗ ਛੱਡਣ ਲਗਦੀਆਂ ਹਨ। ਲਿਖਾਰੀ ਦਾ ਇਹ ਸਫਰ ਬਹੁਤ ਸਹਿਜ ਅਤੇ ਸੂਹਜ ਵਾਲਾ ਹੈ।

ਰਤਾ ਕੁ ਗਹੁ ਨਾਲ ਤੱਕੀਏ ਤਾਂ ਲੱਭਦਾ ਹੈ ਕਿ ਸਵਰਾਜਬੀਰ ਦੇ ਨਾਟਕ ਉਹਦੀਆਂ ਕਵਿਤਾਵਾਂ ਦਾ ਹੀ ਵਿਸਥਾਰ ਹਨ। 'ਆਪਣੇ ਬਦਨਾਂ ਤੋਂ ਵੀ ਜ਼ਿਆਦਾ ਖਾਮੋਸ਼ ਹੋਈਆਂ ਔਰਤਾਂ' ਵਰਗੇ ਬਿੰਬ ਨਾਟਕਾਂ ਵਿਚ ਥਾਂ-ਪੁਰ-ਥਾਂ ਝਾਤੀਆਂ ਮਾਰਦੇ ਦਿਸਦੇ ਹਨ। ਵਾਧਾ ਇਹ ਹੋਇਆ ਹੈ ਕਿ ਨਾਟਕਾਂ ਅੰਦਰ ਕਾਵਿ-ਸਿਰਜਣਾ ਦੀ ਚਿਣਾਈ ਵੱਖ ਵੱਖ ਪ੍ਰਸੰਗਾਂ ਮੁਤਾਬਕ ਲਗਾਤਾਰ ਹੋਈ ਜਾਂਦੀ ਹੈ ਜਿਵੇਂ ਸਾਉਣ ਮਹੀਨੇ ਮੀਂਹ ਦੀਆਂ ਕਣੀਆਂ ਉਤਰਦੀਆਂ ਹਨ। ਉਹ ਖੁਦ ਆਪਣੀਆਂ ਸਾਰੀਆਂ ਕਵਿਤਾਵਾਂ ਨੂੰ ਇਕ ਹੀ ਕਵਿਤਾ ਆਖਦਾ ਹੈ ਜਿਹੜੀਆਂ ਪੰਜਾਬ

ਕਾਵਿ-ਪੁਸਤਕਾਂ 'ਆਪਣੀ ਆਪਣੀ ਰਾਤ', 'ਸਾਹਾਂ ਬਾਣੀ' ਅਤੇ '23 ਮਾਰਚ' ਤੋਂ ਬਾਅਦ 'ਕ੍ਰਿਸ਼ਨ', ਨਾਟਕ ਦੇ ਰੂਪ ਵਿਚ ਸਵਰਾਜਬੀਰ ਦੀ ਪਹਿਲੀ ਰਚਨਾ ਸੀ। ਉਹਦਾ ਕ੍ਰਿਸ਼ਨ ਮਿਥਿਹਾਸ ਤੇ ਲੋਕਧਾਰਾ ਅੰਦਰ ਸਜਾ ਕੇ ਬਿਠਾਇਆ ਕ੍ਰਿਸ਼ਨ ਨਹੀਂ। ਕਿਤੇ ਵੀ ਮੱਖਣ ਚੋਰੀ ਕਰਨ ਵਾਲੇ ਲੜਿੱਕੇ ਨਹੀਂ, ਨਾ ਗੋਪੀਆਂ ਨਾਲ ਲੀਲ੍ਹਾ ਦੇ ਵੇਰਵੇ ਹਨ, ਬੰਸਰੀ ਵੀ ਕਿਤੇ ਨਹੀਂ ਸੁਣਦੀ; ਇਹ ਕ੍ਰਿਸ਼ਨ ਤਾਂ ਸੱਤਾ ਸਾਂਭੀ ਬੈਠਾ ਸ਼ਾਸਕ ਹੈ। ਇਸ ਵਿਚੋਂ ਮੁੱਖਧਾਰਾ ਦੀਆਂ ਲੜੀਆਂ ਫੁੱਟਦੀਆਂ ਹਨ ਅਤੇ ਇਹ ਸਹਿਜੇ ਸਹਿਜੇ ਆਵਾਮ ਵਿਚੋਂ ਉਠ ਕੇ ਹੋਕਾ ਦੇ ਰਹੇ ਨਾਇਕ 'ਜ਼ੁਰਾ' ਦੁਆਲੇ ਕੱਸਣੀਆਂ ਅਰੰਭ ਹੋ ਜਾਂਦੀਆਂ ਹਨ। ਕ੍ਰਿਸ਼ਨ ਦੀਆਂ ਕਥਾਵਾਂ ਨਾਲ ਸਾਡਾ ਮਿਥਿਹਾਸ ਭਰਿਆ ਪਿਆ ਹੈ, ਪਰ ਲਿਖਾਰੀ ਨੇ ਆਪਣੇ ਨਾਟਕ ਲਈ ਜਿਹੜੀਆਂ ਘਟਨਾਵਾਂ ਚੁਣੀਆਂ ਹਨ, ਉਹ ਗੌਰ ਕਰਨ ਵਾਲੀਆਂ ਹਨ। ਇਨ੍ਹਾਂ ਘਟਨਾਵਾਂ ਰਾਹੀਂ ਸਥਾਪਤੀ ਆਪਣੇ ਪੂਰੇ ਜਲੌਅ ਵਿਚ ਅਤੇ ਪੂਰੇ ਜ਼ਾਲਿਮਾਨਾ ਰੂਪ ਵਿਚ ਨਮੂਦਾਰ ਹੁੰਦੀ ਹੈ। ਨਾਟਕ ਭਾਵੇਂ ਜ਼ੁਰਾ ਦੇ ਐਕਸ਼ਨ ਨਾਲ ਅਖੀਰ ਵੱਲ ਵਧਦਾ ਹੈ, ਪਰ

ਸਵਰਾਜਬੀਰ ਨੇ ਇਤਿਹਾਸ ਤੇ ਮਿਥਿਹਾਸ, ਵਰਤਮਾਨ ਤੇ ਭਵਿੱਖ ਦੇ ਸਾਗਰਾਂ ਵਿਚ ਚੁੱਭੀ ਮਾਰ ਕੇ ਅਜਿਹੇ ਮੋਤੀ ਲੱਭੇ ਅਤੇ ਅਜਿਹੀ ਤਰਤੀਬ ਵਿਚ ਸਜਾਏ ਕਿ ਪੰਜਾਬੀ ਸਾਹਿਤ ਜਗਤ ਅਸ਼ ਅਸ਼ ਕਰ ਉਠਿਆ...ਕੇਵਲ ਧਾਲੀਵਾਲ ਨੇ ਤਾਂ ਸਵਰਾਜਬੀਰ ਦੇ ਸਭ ਤੋਂ ਪਹਿਲੇ ਨਾਟਕ 'ਕ੍ਰਿਸ਼ਨ' ਨੂੰ ਧਰਮਵੀਰ ਭਾਰਤੀ ਦੇ ਮਸ਼ਹੂਰ ਨਾਟਕ 'ਅੰਧਾ ਯੁਗ' ਦੇ ਬਰਾਬਰ ਤੋਲਿਆ ਹੈ। ਅਸਲ ਵਿਚ ਸਵਰਾਜਬੀਰ ਬਹੁਤ ਉਚੇ ਪੱਧਰ 'ਤੇ ਜਾ ਕੇ ਅਤੇ ਵਿਰਾਟ ਚੌਖਟੇ ਅੰਦਰ ਖਲੋ ਕੇ ਨਾਟਕ ਰਚਨਾ ਕਰਦਾ ਹੈ।

ਧਰਮਵੀਰ ਭਾਰਤੀ ਦੇ ਮਸ਼ਹੂਰ ਨਾਟਕ 'ਅੰਧਾ ਯੁਗ' ਦੇ ਬਰਾਬਰ ਤੋਲਿਆ ਹੈ। ਅਸਲ ਵਿਚ ਸਵਰਾਜਬੀਰ ਜਿਸ ਪੱਧਰ 'ਤੇ ਜਾ ਕੇ ਅਤੇ ਜਿਸ ਚੌਖਟੇ ਅੰਦਰ ਖਲੋ ਕੇ ਨਾਟਕ ਰਚਨਾ ਕਰਦਾ ਹੈ, ਉਸ ਨੂੰ ਮੰਚ ਉਤੇ ਸਾਕਾਰ ਕਰਨਾ ਖਾਲਾ ਜੀ ਦਾ ਵਾੜਾ ਨਹੀਂ। ਉਹਨੇ ਮਿੱਥਾਂ ਵਿਚੋਂ ਨਾਟਕ ਸਿਰਜੇ ਅਤੇ ਪੰਜਾਬੀ ਨਾਟਕਕਾਰੀ ਬਾਰੇ ਰੂੜ੍ਹ ਹੋਈਆਂ ਕਈ ਮਿੱਥਾਂ ਤੋੜ ਸੁੱਟੀਆਂ। ਉਸ ਦੇ ਅੰਦਾਜ਼ ਅੰਦਰ ਵਿਰਾਟਤਾ ਹੈ। ਇਸ ਹਿਸਾਬ, ਜੁਗਲਬੰਦੀ ਦੀ ਇਹ ਯਾਤਰਾ ਵਾਰ ਵਾਰ ਸਟੇਜ ਦੀਆਂ ਪੌੜੀਆਂ ਚੜ੍ਹਦੀ ਅਤੇ ਦਰਸ਼ਕਾਂ ਦੇ ਵਿਹੜੇ ਉਤਰਦੀ ਰਹੀ ਹੈ; ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਸਿਆਲਾਂ ਨੂੰ ਚੱਲ ਰਹੇ ਨਾਟਕ ਦੌਰਾਨ ਸਿਰ ਤੋਂ ਠੰਢ ਝਰਦੀ ਹੈ, ਖਾਮੋਸ਼!

ਸਵਰਾਜਬੀਰ ਨੇ ਪੜ੍ਹਾਈ ਡਾਕਟਰੀ ਦੀ, ਤੇ ਨੌਕਰੀ ਪੁਲਿਸ ਦੀ ਕੀਤੀ ਅਤੇ ਸਾਹਿਤ ਸਿਰਜਣਾ ਵਿਚ ਸ਼ਬਦਾਂ ਤੇ ਅਰਥਾਂ ਦਾ ਘਮਸਾਨ ਰਚਾ ਦਿੱਤਾ। ਸਾਹਿਤ ਪੜ੍ਹਦਾ ਪੜ੍ਹਦਾ ਉਹ ਖੱਬੇ ਪੱਖੀ ਸਾਹਿਤ ਨੂੰ ਮੂੰਹ ਮਾਰਨ ਲੱਗ ਪਿਆ। ਇਸ ਸਾਹਿਤ ਨੇ ਉਹਨੂੰ ਸੰਸਾਰ ਦੇ ਮੋਕਲੇ ਪਿੜ ਅੰਦਰ ਚੱਲ ਰਹੇ ਸੰਘਰਸ਼ ਤੱਕਣ ਦਾ ਨਜ਼ਰੀਆ ਬਖਸ਼ਿਆ। ਇਸੇ ਗੇੜ ਵਿਚੋਂ ਕਵਿਤਾ ਉਤਰੀ। ਇਹ ਸਵੈ ਦੀ ਤਲਾਸ਼ ਤਾਂ ਸੀ ਹੀ, ਲੋਕਾਈ ਨੂੰ ਵੱਜਦੀਆਂ ਸੱਟਾਂ ਉਤੇ ਫਹਿਆ ਧਰਨ ਵਰਗਾ ਅਹਿਸਾਸ ਵੀ ਸੀ। ਫਿਰ ਜਦੋਂ 20ਵੀਂ ਸਦੀ ਦੇ 90ਵਿਆਂ ਦੌਰਾਨ ਸੰਸਾਰ ਵਿਚ ਸੰਘਰਸ਼ ਦਾ ਗੜ੍ਹ ਤਿੜਿਆ ਤਾਂ ਮਿਥਿਹਾਸ ਵੱਲ ਮੋੜਾ ਪਿਆ। ਨਾਬਰੀ ਵਾਲੇ ਨੈਣ-ਨਕਸ਼ਾਂ ਦੀ ਸ਼ਨਾਖਤ ਹੋਣ ਲੱਗ ਪਈ। ਇਸ ਸ਼ਨਾਖਤ ਵਿਚੋਂ ਹੀ ਕਵਿਤਾ ਨੂੰ ਕਈ ਸਾਲ ਲੱਗਿਆ ਰਿਹਾ ਨੱਕਾ, ਨਾਟਕ ਦੇ ਰੂਪ ਵਿਚ ਟੁੱਟ ਗਿਆ ਅਤੇ ਛੇਤੀ ਹੀ ਝਰਨੇ ਵਾਂਗ ਵਹਿ ਤੁਰਿਆ। ਕਹਿੰਦੇ ਹਨ ਕਿ ਮਿੱਥ ਦੇ ਖੇਤੇ ਬਾਰੇ ਖਰਾ ਖਿਆਲ ਹਨ। ਖੇਤਾ ਲਗਾਤਾਰ ਸੁੱਕ ਰਿਹਾ ਹੈ, ਇਸ ਲਈ ਜਦੋਂ ਕਵਿਤਾ ਦੀਆਂ ਸੀਮਾਵਾਂ ਉਜਾਗਰ ਹੋਈਆਂ ਤਾਂ ਉਹਨੇ ਇਤਿਹਾਸ-ਮਿਥਿਹਾਸ ਵੱਲ ਝਾਤੀ ਮਾਰੀ। ਉਹਦੀ ਕਵਿਤਾ ਵਿਚ ਬੈਠੇ ਨਾਇਕ ਉਹਨੂੰ ਖੱਬੇਪੱਖੀ/ਲੋਕਪੱਖੀ ਸਿਆਸਤ ਦੇ ਸੇਕ ਨਾਲ ਨਿੱਘ ਦਿੰਦੇ ਰਹੇ ਸਨ, ਇਸੇ ਲਈ ਜਦੋਂ ਉਹ ਇਤਿਹਾਸ-ਮਿਥਿਹਾਸ ਵੱਲ ਮੁੜਿਆ ਤਾਂ ਲੋਕ ਪੱਖ ਵਾਲੇ ਨਾਇਕਾਂ ਦੀ ਤਲਾਸ਼ ਵਿਚ ਜੁਟ ਗਿਆ। ਨਾਇਕ ਲੱਭੇ ਤਾਂ ਇਨ੍ਹਾਂ ਨੂੰ ਮਹਾਂ ਯਾਤਰਾ ਉਤੇ ਤੋਰ ਦਿੱਤਾ ਅਤੇ ਇਹ ਮਹਾਂ ਯਾਤਰਾ ਹੁਣ ਅੱਜ ਤਕ ਅੱਪੜ ਗਈ ਹੈ। ਖੁਦ ਨਾਇਕ ਦੀ ਤਲਾਸ਼ ਚੌਥੀ ਕੂਟ ਹੈ। ਇਹ ਚੌਥੀ ਕੂਟ ਹੀ ਨਾਇਕ ਦਾ ਰਾਹ ਤੈਅ ਕਰਦੀ ਹੈ।

ਸਵਰਾਜਬੀਰ ਦੇ ਨਾਟਕ ਜੂਝ ਰਹੇ ਨਾਇਕ ਦੀ ਦੋ-ਧਾਰੀ ਮਹਾਂ ਯਾਤਰਾ ਹੈ। ਕਦੀ ਉਹ ਮਿਥਿਹਾਸ-ਇਤਿਹਾਸ ਨੂੰ ਹੁਣ ਦੇ ਸਮੇਂ ਤਕ ਲੈ ਆਉਂਦਾ ਹੈ ਅਤੇ ਕਦੀ ਵਰਤਮਾਨ ਤੋਂ ਪਿਛਾਂਹ ਵੱਲ ਮੁੜਦਾ ਮੁੜਦਾ ਇਤਿਹਾਸ-ਮਿਥਿਹਾਸ ਵੱਲ ਤਾਣੀ ਤਣਦਾ ਚਲਾ ਜਾਂਦਾ ਹੈ। ਇਹ ਕਾਰਜ ਆਸਾਨ ਨਹੀਂ, ਸਾਧਾਰਨ ਵੀ ਨਹੀਂ; ਪਰ ਲਿਖਾਰੀ ਦੇ ਜ਼ੋਰ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ। ਨਾਟਕਾਂ ਵਿਚ ਮਾਂਜੀਆਂ ਹੋਈ ਪ੍ਰਾਚੀਨ ਕਥਾਵਾਂ ਨਵੇਂ ਰੰਗ ਉਘਾੜਦੀਆਂ ਹਨ, ਇਨ੍ਹਾਂ ਨਾਲ ਸਮਕਾਲ ਦਾ ਰਿਸ਼ਤਾ ਇੰਨਾ ਪੀਡਾ ਜਾਪਦਾ ਹੈ ਕਿ ਕਈ ਵਾਰ ਤਾਂ ਰਸ਼ਕ ਹੋਣ ਲਗਦਾ ਹੈ। ਇਹ ਅਸਲ ਵਿਚ ਪੁਰਾਤਨ ਸਾਖੀਆਂ ਦੇ ਬਹਾਨੇ ਅੱਜ ਦੀਆਂ ਕਹਾਣੀਆਂ ਹਨ ਜਿਹੜੀਆਂ ਕਰੂਰ ਵਕਤਾਂ ਦੌਰਾਨ ਪੱਛੇ ਬੰਦੇ ਦਾ ਪਿੱਛਾ ਕਰ ਰਹੀਆਂ ਹਨ। ਸਵਰਾਜਬੀਰ ਦਾ ਨਾਇਕ ਇਨ੍ਹਾਂ ਸਾਰੇ ਕਰੂਰ ਹਾਲਾਤ ਤੋਂ ਪਾਸਾ ਨਹੀਂ ਵੱਟਦਾ, ਸਗੋਂ ਇਨ੍ਹਾਂ ਨਾਲ ਖਹਿ ਖਹਿ ਕੇ ਲੰਘਦਾ ਹੈ।

ਇਸ ਤੋਂ ਪਹਿਲਾਂ ਪਹਿਲਾਂ ਲਿਖਾਰੀ ਕ੍ਰਿਸ਼ਨ ਨਾਲ ਜੁੜੀਆਂ ਮਿੱਥਾਂ ਦੇ ਤੂੰਬੇ ਉਡਾ ਦਿੰਦਾ ਹੈ। ਉਤਨੇ ਹੀ ਸਹਿਜ ਨਾਲ, ਜਿੰਨੇ ਸਹਿਜ ਨਾਲ ਜ਼ੁਰਾ ਨੂੰ ਘੇਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ।

ਨਾਟਕ 'ਮੇਦਨੀ' ਵਿਚ ਇਹ ਸਥਾਪਤੀ ਵੱਖਰੀ ਤਰ੍ਹਾਂ ਦੀ ਹੈ, ਹਾਲਾਂਕਿ ਮਾਂ-ਧੀ ਵਾਲਾ ਰਿਸ਼ਤਾ ਇਸ ਨਾਟਕ ਵਿਚ ਵੀ ਜ਼ਾਲਮ-ਮਜ਼ਲੂਮ ਵਾਲਾ ਹੀ ਹੈ। ਸੱਤਾ ਦੀ ਖੇਡ ਹੌਲੀ ਹੌਲੀ ਪਿਆਰ-ਮੁਹੱਬਤ ਨੂੰ ਤੀਲ੍ਹਾ ਤੀਲ੍ਹਾ ਕਰ ਸੁੱਟਦੀ ਹੈ। ਲਿਖਾਰੀ ਸੱਤਾ ਅਤੇ ਪਿਆਰ ਦੀ ਇਸ ਕਹਾਣੀ ਵਿਚੋਂ ਧਾਰਮਿਕ ਡੇਰਿਆਂ ਅਤੇ ਧਾਰਮਿਕਤਾ ਦਾ ਮੁਲੰਮਾ ਐਨ ਰੂਹ ਨਾਲ ਖੁਰਚ ਖੁਰਚ ਕੇ ਉਤਾਰ ਦਿੰਦਾ ਹੈ। ਨਾਟਕ 'ਧਰਮ ਗੁਰੂ' ਵਿਚ ਵੀ ਧਾਰਮਿਕਤਾ ਦਾ ਮੁਲੰਮਾ ਇਸੇ ਤਰਜ਼ 'ਤੇ ਲਾਹਿਆ ਗਿਆ ਹੈ ਅਤੇ ਲਿਖਾਰੀ ਦਰਸ਼ਕਾਂ/ਪਾਠਕਾਂ ਦੇ ਜ਼ਿਹਨ ਅੰਦਰ ਇਹ ਸਵਾਲ ਛੱਡ ਜਾਂਦਾ ਹੈ ਕਿ 'ਧਰਮ ਬੰਦੇ ਲਈ' ਹੈ ਜਾਂ 'ਬੰਦਾ ਧਰਮ ਲਈ' ਹੈ? ਇਸ ਨਾਟਕ ਵਿਚ ਵੀ 'ਕ੍ਰਿਸ਼ਨ' ਅਤੇ 'ਮੇਦਨੀ' ਵਾਂਗ ਦੋ ਜੁੱਟ ਉਭਰਦੇ ਹਨ। ਧਰਮ ਗੁਰੂ ਅਤੇ ਸਤਿਆਵ੍ਰਤ ਆਪੋ-ਆਪਣਾ ਧਰਮ ਪਾਲਦੇ ਹਨ। ਅਖੀਰ ਹਾਲਾਤ ਵਿਚੋਂ ਪੈਦਾ ਹੋਈ ਵੰਗਾਰ, ਸਤਿਆਵ੍ਰਤ ਨੂੰ 'ਕ੍ਰਿਸ਼ਨ' ਦੇ ਬਾਗੀ ਜ਼ੁਰਾ ਅਤੇ 'ਮੇਦਨੀ' ਦੀ ਧੀ ਵਾਲੀ ਕਤਾਰ ਵਿਚ ਲਿਆ ਖਲ੍ਹਾਰਦੀ ਹੈ। ਇਹ ਤਿੰਨੇ ਨਾਇਕ ਸਮਾਜ ਦੀ ਜਕੜ ਤੋਂ ਮੁਕਤੀ ਵੱਲ ਵਧਦੇ ਹਨ।

ਸਵਰਾਜਬੀਰ ਦੇ ਹੋਰ ਨਾਟਕ ਵਿਸ਼ੇ ਤੇ ਪੇਸ਼ਕਾਰੀ ਪੱਖੋਂ ਵੀ ਨਿਆਰੇ ਤੇ ਨਿਵੇਕਲੇ ਹੋਣ ਦੇ ਬਾਵਜੂਦ ਉਪਰ ਚਰਚਾ ਵਿਚ ਆਏ ਤਿੰਨੇ ਅਹਿਮ ਨਾਟਕਾਂ ਤੋਂ ਵੱਖਰੇ ਨਹੀਂ। ਇਨ੍ਹਾਂ ਅੰਦਰ ਵੀ ਇਨ੍ਹਾਂ ਦੇ ਹੀ ਅੰਸ਼ ਧੂਤੇ ਹੋਏ ਹਨ। 'ਸ਼ਾਇਰੀ' ਦੀ ਪੀਰੋਂ ਦਾ ਤੀਹਰਾ ਸਫਰ ਲਿਖਾਰੀ ਦੀ ਸਿਰਜਣਾ-ਉਡਾਰੀ ਦਾ ਹੀ ਕਮਾਲ ਹੈ। 'ਕੱਲਰ' ਵਿਚ ਪਰਵਾਸ ਦੀ ਪਰਿਕਰਮਾ ਜਿਸ ਰੰਗ-ਢੰਗ ਵਿਚ ਹੋਈ ਹੈ, ਉਸ ਨਾਲ ਸਵਾਲਾਂ ਦੀਆਂ ਸੈਆਂ ਕੜੀਆਂ ਜੁੜੀਆਂ ਹੋਈਆਂ ਹਨ। 'ਹੱਕ' ਵਿਚ ਵੰਡ ਦੇ ਵਢਾਂਗੇ ਅਤੇ ਦਲਿਤਾਂ ਦੇ ਦਰਦ ਦੀ ਜਿਹੜੀ ਬੇਵਸੀ ਸਿੰਮਦੀ ਹੈ, ਉਹ ਨਾਟਕ ਪੜ੍ਹਦਿਆਂ-ਦੇਖਦਿਆਂ ਦਰਿਆ ਬਣ ਜਾਂਦੀ ਹੈ। ਜਿਸ ਵੀ ਨਾਟਕ ਦੀ ਚਰਚਾ ਕਰੋ, ਲਿਖਾਰੀ ਦੀ ਅੱਖ ਦਾ ਸੇਕ, ਨਾਲ ਦੀ ਨਾਲ ਮਹਿਸੂਸ ਹੋਣ ਲਗਦਾ ਹੈ। ਸਾਹਿਤ ਅਕਾਦਮੀ ਵੱਲੋਂ ਇਨਾਮ-ਯਾਫਤਾ ਨਾਟਕ 'ਮੱਸਿਆ ਦੀ ਰਾਤ' ਦੀ ਚੁਗਾਠ ਨੂੰ ਹੀ ਧਿਆਓ ਜ਼ਰਾ: ਪਿਤਰੀ ਦਾਬੇ ਦੇ ਅੰਬਰ ਵਿਚ ਉਡ ਰਹੀਆਂ ਗਿਰਝਾਂ ਅਤੇ ਅੰਧਵਿਸ਼ਵਾਸ ਦੇ ਪਾਤਾਲ ਵਿਚ ਗਰਕਦੀਆਂ ਸੱਧਰਾਂ ਪਿੱਛਾ ਨਹੀਂ ਛੱਡਦੀਆਂ। ਦ੍ਰਿਸ਼ਾਂ ਦੀ ਤਰਤੀਬ ਅਤੇ ਮੂੰਹ-ਜ਼ੋਰ ਲਿਖਤ ਦਾ ਵੇਗ ਦੇਖੋ, ਇਕ ਮੋੜ ਉਤੇ ਪੁੱਜ ਕੇ ਅੰਧਵਿਸ਼ਵਾਸ ਦੇ ਚੱਕਰ ਚਲਾ ਰਹੀ ਮਾਤਾ ਅਤੇ ਆਵਾਮ ਦਾ ਦੁੱਖ ਹਰਨ ਵਾਲਾ ਡਾਕਟਰ ਇਕੋ ਕਤਾਰ ਵਿਚ ਖੜ੍ਹੇ ਦਿਸਦੇ ਹਨ।

ਕੋਈ ਵੇਲਾ ਸੀ ਜਦੋਂ ਸਵਰਾਜਬੀਰ ਸਥਾਪਤੀ ਨਾਲ ਦਸਤਪੰਜਾ ਚਾਹੁੰਦਾ ਸੀ, ਪਰ ਛੇਤੀ ਹੀ ਸਥਾਪਤੀ ਦਾ ਹਿੱਸਾ ਬਣ ਗਿਆ। ਪੁਲਿਸ ਅਫਸਰ ਵਜੋਂ ਉਹਦੀ ਨਿਯੁਕਤੀ ਮੇਘਾਲਿਆ ਦੀ ਹੈ। ਉਹ ਹੁੱਬ ਕੇ ਦੱਸਦਾ ਹੈ ਕਿ ਨੌਜਵਾਨਾਂ ਨੂੰ ਮੁੱਖਧਾਰਾ ਵਿਚ ਲਿਆਉਣ ਲਈ ਉਹਨੇ ਕੁਝ ਕੁ ਕੰਮ ਕੀਤਾ। ਇਹ ਪ੍ਰਸੰਗ ਭਾਵੇਂ ਕਬਾਇਲੀ ਅਤੇ ਗੈਰ ਕਬਾਇਲੀਆਂ ਵਿਚਕਾਰ ਹੋਏ ਨਸਲੀ ਦੰਗਿਆਂ ਦਾ ਹੈ, ਪਰ ਸਵਰਾਜਬੀਰ ਦੀਆਂ ਲਿਖਤਾਂ ਤਾਂ ਮੁੱਖਧਾਰਾ ਨੂੰ ਲਲਕਾਰਦੀਆਂ ਹਨ! ਠੀਕ ਹੈ ਕਿ ਮਸਲਾ ਰੁਜ਼ਗਾਰ ਦਾ ਵੀ ਹੈ, ਪਰ ਪੰਜਾਬ ਤੋਂ ਪਰਦੇਸੀ ਹੋ ਕੇ ਆਪੋ-ਆਪਣਾ ਭਵਿਖ ਭਾਲ ਰਹੇ ਜਿਊੜਿਆਂ ਬਾਬਤ ਤਾਂ ਉਹਦੇ ਅੰਦਰੋਂ ਹਉਕਾ ਨਿਕਲਦਾ ਹੈ, ਪਰ ਆਪਣੇ ਰੁਜ਼ਗਾਰ ਲਈ ਸਥਾਪਤੀ-ਵਿਰੋਧ ਤੋਂ ਸਥਾਪਤੀ ਦਾ ਹਿੱਸਾ ਬਣਨ ਵਾਲਾ ਰਾਹ ਉਹ ਬੜੇ ਸਹਿਜ ਨਾਲ ਹੀ ਤੈਅ ਕਰ ਲੈਂਦਾ ਹੈ; ਇਹੀ ਨਹੀਂ, ਫਿਰ ਆਪਣੀਆਂ ਸਾਹਿਤ-ਕਿਰਤਾਂ ਉਹਨੂੰ ਵਕਤ ਦੀ ਵੀਣੀ ਉਤੇ ਲਾਲ ਧਾਗਾ ਬੰਨ੍ਹਦੀਆਂ ਵੀ ਪ੍ਰਤੀਤ ਹੁੰਦੀਆਂ ਹਨ। ਨਵੀਂ ਦਿੱਲੀ ਅੰਦਰ 23 ਫਰਵਰੀ ਨੂੰ ਸਾਹਿਤ ਅਕਾਦਮੀ ਵਾਲਾ ਇਨਾਮ ਲੈਣ ਵੇਲੇ ਦਿੱਤੇ ਭਾਸ਼ਣ ਵਿਚ ਉਹ ਸ਼ਾਇਰ ਅਤੇ ਨਾਟਕਕਾਰ ਜੋਸ ਰੀਵੇਰਾ ਦੇ ਹਵਾਲੇ ਨਾਲ ਆਖਦਾ ਹੈ: 'ਅਸੀਂ ਨਾਟਕ ਕਿਉਂ ਲਿਖਦੇ ਹਾਂ?... ਅਸੀਂ ਨਾਟਕ ਲਿਖਦੇ ਹਾਂ ਤਾਂ ਕਿ ਅਸੀਂ ਨਿਰਾਸ਼ਾ ਤੇ ਬੇਤਰਤੀਬੀ ਨੂੰ ਕੋਈ ਤਰਤੀਬ ਦੇ ਸਕੀਏ।' ਸਵਰਾਜਬੀਰ ਅਤੇ ਰੀਵੇਰਾ ਦੇ ਇਸ ਪ੍ਰਸੰਗ ਨੂੰ ਸਮਝਣ-ਸਮਝਾਉਣ ਲਈ ਸਾਨੂੰ ਹਾਵਰਡ ਜ਼ਿਨ ਨੂੰ ਧਿਆਉਣਾ ਪਵੇਗਾ ਜਿਹੜਾ ਲਿਖਦਾ ਹੈ: 'ਸਮੱਸਿਆ ਇਹ ਹੈ ਕਿ ਲੋਕ ਆਗਿਆਕਾਰੀ ਹਨ, ਜੇਲ੍ਹਾਂ ਮਾਮੂਲੀ ਜਿਹੇ ਚੋਰਾਂ ਨਾਲ ਭਰੀਆਂ ਪਈਆਂ ਹਨ ਅਤੇ ਮੁਲਕ ਨੂੰ ਮਹਾਂ ਚੋਰ ਚਲਾ ਰਹੇ ਹਨ।' ਇਹ ਦਰਅਸਲ ਸਾਡੇ ਸਮਿਆਂ ਦਾ ਸੱਚ ਹੈ ਜਿਸ ਵਿਚੋਂ ਸਥਾਪਤੀ ਅਤੇ ਸਥਾਪਤੀ-ਵਿਰੋਧ ਦੀਆਂ ਸੁਰਾਂ ਸਹਿਜੇ ਹੀ ਫੜੀਆਂ ਜਾ ਸਕਦੀਆਂ ਹਨ।

ਸਥਾਪਤੀ ਦੀਆਂ ਸੁਰਾਂ ਬਾਰੇ ਅਡੂਰਨੋ ਨੇ ਬੜੇ ਕੰਮ ਦੀ ਟਿੱਪਣੀ ਕੀਤੀ ਹੈ। ਆਖਦਾ ਹੈ: ਮਸਲੇ ਉਜਾਗਰ ਹੁੰਦੇ ਹਨ ਜੋ ਲੋਕ-ਮਨ ਅੰਦਰ ਪਹਿਲਾਂ ਹੀ ਪਏ ਅਹਿਸਾਸ ਛੇੜਦੇ ਹਨ, ਪਰ ਛੂਹ ਕੇ ਛੱਡ ਦਿੱਤੇ ਜਾਂਦੇ ਹਨ, ਤੇ ਉਥੋਂ ਹੀ ਵਾਪਸੀ ਸ਼ੁਰੂ ਹੋ ਜਾਂਦੀ ਹੈ। ਦਰਅਸਲ, ਸਥਾਪਤੀ ਨੇ ਪਿੱਛੇ ਹੀ ਮੁੜਨਾ ਹੁੰਦਾ ਹੈ। ਕਦਮ ਅਗਾਂਹ ਜਾਣਗੇ ਤਾਂ ਅਗਲਾ ਰਾਹ ਇਨਕਲਾਬ ਦਾ ਅਰੰਭ ਹੋ ਜਾਂਦਾ ਹੈ। ਪੰਜਾਬ ਹੀ ਨਹੀਂ, ਬਲਕਿ ਭਾਰਤ ਅੰਦਰ ਖੱਬੀਆਂ ਪਾਰਟੀਆਂ ਦੇ ਰਸਾਤਲ ਵਿਚ ਜਾਣ ਦਾ ਇਕ ਤਕੜਾ ਕਾਰਨ ਇਹੀ ਹੈ ਕਿ ਇਹ ਅਗਲਾ ਕਦਮ ਭੁੱਲ ਗਈਆਂ ਹਨ। ਬਲਜਿੰਦਰ ਨਸਰਾਲੀ ਦੀ ਕਹਾਣੀ ਹੈ: 'ਕ੍ਰਾਂਤੀ ਕਿਉਂ ਨਹੀਂ ਆਉਂਦੀ'? ਉਂਜ ਹੈ ਤਾਂ ਇਹ ਪਿਆਰ ਕਹਾਣੀ, ਪਰ ਇਸ ਕਹਾਣੀ ਦੇ ਨਾਂ ਨੇ ਕਹਾਣੀ ਨੂੰ ਸੁਧੀ ਸਿਆਸੀ ਬਣਾ ਦਿੱਤਾ ਹੈ। ਕਹਾਣੀ ਦਾ ਮੁੱਖ ਪਾਤਰ ਆਪਣੀ ਵਿਦਿਆਰਥਣ ਕ੍ਰਾਂਤੀ ਨੂੰ ਪਿਆਰ ਕਰਦਾ ਹੈ, ਉਸ ਨੂੰ ਪਾਉਣਾ ਚਾਹੁੰਦਾ ਹੈ, ਪਰ ਸਮੱਸਿਆ ਇਹ ਹੈ ਕਿ ਆਪਣੀ ਪਤਨੀ ਨੂੰ ਵੀ ਨਹੀਂ ਛੱਡਣਾ ਚਾਹੁੰਦਾ ਜਿਸ ਦੇ ਅਹਿਸਾਨਾਂ ਥੱਲੇ ਉਹ ਦਬਿਆ ਪਿਆ ਹੈ। ਉਹ ਉਡੀਕਦਾ ਰਹਿ ਜਾਂਦਾ ਹੈ, ਪਰ ਇਕ

(ਬਾਕੀ ਅਗਲੇ ਸਫੇ 'ਤੇ)

ਕਿਸਮਤ ਦਾ ਸਿਕੰਦਰ-ਸੁਖਦੇਵ ਮਾਦਪੁਰੀ

ਦਗਦੇ ਚਿਹਰੇ

ਮਾਰਕਸੀ ਚਿੰਤਕ, ਭਾਸ਼ਾ ਵਿਗਿਆਨੀ ਅਤੇ ਕਹਾਣੀਕਾਰ ਮਰਹੂਮ ਸੁਰਜੀਤ ਖੁਰਸ਼ੀਦੀ ਨੇ ਦਸੰਬਰ 1992 ਵਿਚ ਲੋਕਧਾਰਾ ਨੂੰ ਸਮਰਪਿਤ ਸੁਖਦੇਵ ਮਾਦਪੁਰੀ ਦਾ ਵੱਖਰੇ ਤੇ ਵਿਲੱਖਣ ਅੰਦਾਜ਼ ਵਿਚ ਰੇਖਾ ਚਿੱਤਰ ਲਿਖਿਆ ਸੀ ਜੋ ਪਹਿਲਾਂ ਕਿਧਰੇ ਵੀ ਨਹੀਂ ਛਪਿਆ। ਹੁਣ ਮਾਦਪੁਰੀ 83ਵੇਂ ਵਰ੍ਹੇ ਵਿਚ ਪ੍ਰਵੇਸ਼ ਕਰ ਰਿਹਾ ਹੈ। ਪੇਸ਼ ਹੈ, ਮਾਦਪੁਰੀ ਦੀ ਸ਼ਖਸੀਅਤ ਨੂੰ ਪਾਠਕਾਂ ਦੇ ਰੂਬਰੂ ਕਰਨ ਵਾਲਾ ਇਹ ਲੇਖ। -ਸੰਪਾਦਕ

ਕਰੀਬ ਪੰਜੀ ਸਾਲ ਪੁਰਾਣੀ ਗੱਲ ਹੈ ਜਦੋਂ ਸੁਖਦੇਵ ਮਾਦਪੁਰੀ ਬਾਰੇ ਲਿਖਦਿਆਂ ਉਸ ਨੂੰ ਨੈਪੋਲੀਅਨ ਬੋਨਾਪਾਰਟ ਨਾਲ ਤੁਲਨਾ ਦਿੱਤੀ ਸੀ। ਅੱਜ ਪਤਾ ਨਹੀਂ ਕਿਉਂ ਉਸ ਬਾਰੇ ਗੱਲ ਕਰਦਿਆਂ ਮੈਨੂੰ ਸਿਕੰਦਰ ਮਹਾਨ ਚੇਤੇ ਆ ਗਿਆ ਹੈ। ਉਹੋ ਗੁੰਦਵਾਂ ਤੇ ਮਧਰਾ ਜਿਹਾ ਕੱਦ, ਉਹੋ ਮਨ ਮੋਹ ਲੈਣ ਵਾਲੇ ਨੈਣ ਨਕਸ਼। ਸਿਕੰਦਰ ਮਹਾਨ ਵਾਂਗ ਹੀ ਜਿਧਰ ਨੂੰ ਇਸ ਦੀ ਕਲਮ ਦੇ ਘੋੜੇ ਦਾ ਮੂੰਹ ਹੋ ਗਿਆ, ਉਧਰ ਨੂੰ ਹੀ ਫਤਿਹ ਨੁਸਰਤ ਅਤੇ ਕਾਮਯਾਬੀ ਦੀ ਦੇਵੀ ਹਮਰਕਾਬ ਹੋ ਜਾਂਦੀ ਹੈ।

ਸੁਰਜੀਤ ਖੁਰਸ਼ੀਦੀ
ਫੋਨ: 91-94630-34472

ਅਸੀਂ ਉਸ ਦੇ ਕਰੀਬ ਸਾਰੇ ਸਮਕਾਲੀ, ਹੁਣ ਪੋਪਲੇ ਮੂੰਹਾਂ ਵਾਲੇ, ਨਕਲੀ ਦੰਦ-ਬੀੜਾਂ ਵਾਲੇ, ਚਸ਼ਮਿਆਂ ਦੇ ਰਹਿਮ ਦੇ ਪਾਤਰ ਹਾਂ। ਪਰ ਜਾਪਦਾ ਹੈ, ਸੁਖਦੇਵ ਮਾਦਪੁਰੀ ਨੇ ਵਰ੍ਹਿਆਂ ਦੇ ਪੈਰਾਂ ਨੂੰ ਜੂੜ ਪਾ ਰੱਖਿਆ ਹੈ। ਉਹੋ ਮੋਮੋਠਗਣੀ ਦੱਖ, ਉਹੋ ਮਾਸੂਕਾਨਾ ਅੱਖਾਂ ਦੀ ਚਮਕ, ਉਹੋ ਰਫਤਾਰ, ਗੁਫਤਾਰ ਅਤੇ ਪੋਚਵੀਂ ਦਸਤਾਰ- ਜੋ ਪਹਿਲੇ ਥੀ ਸੋ ਅਬ ਵੀ ਹੈ। ਸਦਾ ਬਹਾਰ ਜੁਆਨੀ ਦਾ ਨੁਸਖਾ ਕਿਸੇ ਨੇ ਦੱਸਿਆ ਹੈ ਕਿ ਜੁਆਨਾਂ ਦੀ ਸੰਗਤ ਵਿਚ ਰਿਹਾ ਜਾਵੇ ਪਰ ਇਹ ਭਲਾਮਾਨਸ ਸਦਾ ਬਹਾਰ ਜੁਆਨ ਤਾਂ ਹੈ ਹੀ ਇਹਨੇ ਬੱਚਿਆਂ ਵਾਂਗ ਨਿਰਛੱਲ ਅਤੇ ਮਾਸੂਮ ਰਹਿਣ ਲਈ ਸਾਡੇ ਪੋਤਰਿਆਂ ਦੋਹਤਰਿਆਂ ਦੀ ਸੰਗਤ ਅਪਨਾ ਲਈ ਹੈ, ਬਾਲ ਪੱਤਰਕਾਵਾਂ ਦੇ ਜ਼ਰੀਏ ਆਮ ਲੋਕਾਂ ਵਿਚ ਯਾਨਿ ਧਰਤੀ ਦੇ ਬਹੁਤ ਨੇੜੇ ਵਿਚਰਦੇ ਹਨ। ਇਸੇ ਲਈ ਉਨ੍ਹਾਂ ਵਿਚੋਂ ਧਰਤੀ ਦੀ ਮਹਿਕ, ਮਿੱਟੀ ਦੀ ਸੁੱਧੀ-ਸੁੱਧੀ ਗੰਧ ਆਉਂਦੀ ਹੈ। ਸੁਖਦੇਵ ਮਾਦਪੁਰੀ ਨੇ ਆਪਣੀ ਕਲਮ ਦੇ ਜੌਹਰ ਦਿਖਾਉਣ ਲਈ ਆਮ ਲੋਕਾਂ ਅਤੇ ਲੋਕ ਸੱਭਿਆਚਾਰ ਨੂੰ ਚੁਣਿਆ ਹੈ। ਉਹ ਆਮ ਲੋਕਾਈ ਵਿਚ ਜਨਮਿਆ ਅਤੇ ਪ੍ਰਵਾਨ ਚੜ੍ਹਿਆ। ਇਸੇ ਲਈ ਖੁਦ ਉਸ ਵਿਚੋਂ ਉਸ ਦੀ ਲਿਖਤ ਵਿਚੋਂ, ਕਰਨੀ ਅਤੇ ਕਥਨੀ ਵਿਚੋਂ ਸਾਡੀ ਆਪਣੀ ਮਿੱਟੀ ਦੀ ਮਹਿਕ ਆਉਂਦੀ ਹੈ। ਉਹ ਵਗਦੀਆਂ ਸ਼ਾਹਰਾਹਾਂ 'ਤੇ ਨਹੀਂ ਤੁਰਿਆ। ਉਸ ਨੇ ਆਪਣੀ ਡਗਰ ਆਪ ਤਲਾਸ਼ ਕੀਤੀ ਹੈ ਅਤੇ ਉਸ ਡਗਰ 'ਤੇ ਅਜੇ ਤੱਕ ਕੇਵਲ ਉਸ ਦੇ ਆਪਣੇ ਹੀ ਪੈਰਾਂ ਦੇ ਪਗ ਚਿੰਨ੍ਹ ਹਨ।

'ਬਾਤ ਪਾਵਾਂ ਬਤੋਲੀ ਪਾਵਾਂ' ਵਾਲਾ ਸਿਲਸਿਲਾ, 'ਲੋਕ ਬੁਝਾਰਤਾਂ' (1956) ਪੁਸਤਕ ਛਪ ਜਾਣ ਦੇ ਨਾਲ ਹੀ ਨਹੀਂ ਮੁਕਿਆ, ਨਿਰੰਤਰ ਜਾਰੀ ਹੈ। ਲੋਕ ਗੀਤ 'ਗਾਉਂਦਾ ਪੰਜਾਬ' ਇਕੱਤਰ ਕੀਤੇ। ਇਸ ਪੁਸਤਕ ਦਾ ਨਾਂ ਅਸਲ ਵਿਚ 'ਗਾਉਂਦਾ ਮਾਲਵਾ' ਹੋਣਾ ਚਾਹੀਦਾ ਸੀ। ਪਰ ਅੱਜ ਮਾਲਵਾ ਹੀ ਸਹੀ ਅਰਥਾਂ ਵਿਚ ਪੰਜਾਬ ਦੀ ਨੁਮਾਇੰਦਗੀ ਕਰਦਾ ਹੈ, ਇਸ ਲਈ ਇਹ ਨਾਂ ਠੀਕ ਹੈ। ਇਸ ਪੁਸਤਕ ਵਿਚ ਉਸ ਨੇ ਅਸਲ ਵਿਚ ਲੋਕ ਗੀਤ ਇਕੱਤਰ ਨਹੀਂ ਕੀਤੇ, ਮਾਲਵੇ ਦੀਆਂ ਬੋਲੀਆਂ ਹਨ। ਜਿਵੇਂ ਕਲੀਆਂ ਅਤੇ ਕਵੀਸ਼ਰੀ ਮਾਲਵੇ ਦੀ ਪਹਿਚਾਣ ਹਨ, ਇਸੇ ਤਰ੍ਹਾਂ ਦੋ ਦੋ ਮਿਸਰਿਆਂ ਵਾਲੀਆਂ ਬੋਲੀਆਂ ਵੀ ਮਾਲਵੇ ਦੇ ਸਭਿਆਚਾਰ ਦਾ ਮਾਣ ਹਨ। ਇਹ ਬੋਲੀਆਂ ਮਾਲਵੇ ਵਿਚ ਮੁਟਿਆਰਾਂ ਗਿੱਧੇ ਵਿਚ ਨੱਚ ਨੱਚ ਕੇ ਗਾਉਂਦੀਆਂ ਹਨ ਤਾਂ ਧਮਕ ਜਲੰਧਰ ਪੈਂਦੀ ਹੈ। ਮਲਵਈ ਗੱਭਰੂ ਅਖਾੜਿਆਂ ਵਿਚ ਜਾਂ ਮੇਲਿਆਂ-ਠੇਲਿਆਂ, ਛਪਾਰ ਦੇ ਮੇਲੇ ਜਾਂ ਜਗਰਾਵਾਂ ਦੀ ਰੋਸ਼ਨੀ ਮੌਕੇ ਗਾਉਂਦੇ ਹਨ ਤਾਂ ਜੁਆਨੀਆਂ ਝੂਮ ਝੂਮ ਉਠਦੀਆਂ ਹਨ। ਸੁਖਦੇਵ ਮਾਦਪੁਰੀ ਨੇ ਇਸ ਪੁਸਤਕ ਵਿਚ ਇਹ ਬੋਲੀਆਂ ਹੀ ਸੰਭਾਲੀਆਂ ਹਨ।

ਜਦੋਂ ਇਹ ਪੁਸਤਕ ਛਪੀ ਸੀ ਤਾਂ ਮੈਂ ਉਸ ਨੂੰ ਕਿਹਾ ਸੀ, ਯਾਰ ਤੂੰ ਉਹ ਬੋਲੀਆਂ ਸਾਂਭ ਲਈਆਂ ਹਨ ਜੋ ਪੰਜਾਬਣ ਮੁਟਿਆਰਾਂ ਨੇ ਆਪਣੇ ਢੋਲ ਸਿਪਾਹੀ ਦੇ ਵਿਛੋੜੇ ਵਿਚ ਜਾਂ ਪੇਕਿਆਂ ਸਹੇਲੀਆਂ ਦੇ ਹੇਰਵੇ ਵਿਚ ਗਾਈਆਂ ਹਨ ਪਰ ਜੋ ਬੋਲੀਆਂ ਪੰਜਾਬ ਦੇ ਛੜਿਆਂ ਨੇ ਗਾਈਆਂ ਹਨ ਅਤੇ ਲਿਖਤੀ ਰੂਪ ਵਿਚ ਨਹੀਂ ਲਿਆਂਦੀਆਂ ਜਾ ਸਕਦੀਆਂ, ਉਨ੍ਹਾਂ ਨੂੰ ਕੌਣ ਸਾਂਭੇਗਾ? ਤਾਂ ਸੁਖਦੇਵ ਮਾਦਪੁਰੀ ਖਾਸੀ ਦੇਰ ਤੱਕ ਖਚਰੀ ਜਿਹੀ ਹਾਸੀ ਹੱਸਦਾ ਮੇਰੇ ਵੱਲ ਝਾਕਦਾ ਰਿਹਾ। ਉਂਜ ਇਨ੍ਹਾਂ ਬੋਲੀਆਂ ਦਾ ਵੀ ਚੋਖਾ ਭੰਡਾਰਾ ਹੈ, ਉਸ ਪਾਸ।

ਪੰਜਾਬ ਦੀਆਂ ਪ੍ਰੀਤ ਕਹਾਣੀਆਂ ਬਾਰੇ ਉਸ ਪੁਸਤਕ ਲਿਖੀ ਸੀ, 'ਨੈਣਾਂ ਦੇ ਵਣਜਾਰੇ।' ਉਹ ਵੀ ਆਮ ਲੀਹ ਤੋਂ ਹਟ ਕੇ ਲਿਖੀ। ਉਨ੍ਹਾਂ ਕਹਾਣੀਆਂ ਵਿਚ ਹਵਾਲੇ ਜਾਂ ਮਿਸਾਲਾਂ ਲਈ ਉਸ



ਸੁਖਦੇਵ ਮਾਦਪੁਰੀ

ਨੇ ਕਿੱਸਾ ਕਾਵਿ ਨਹੀਂ ਵਰਤਿਆ ਸਗੋਂ ਉਹ ਗੀਤ ਵਰਤੇ ਜੋ ਸਾਡੇ ਪਿੰਡਾਂ ਵਿਚ ਔਰਤਾਂ ਗਾਉਂਦੀਆਂ ਹਨ ਅਤੇ ਕਿਧਰੇ ਵੀ ਸੰਭਾਲੇ ਨਹੀਂ ਸਨ ਗਏ। ਰੇਡੀਓ ਅਤੇ ਟੀ.ਵੀ. 'ਤੇ ਵਿਦਵਤਾ ਦਾ ਪ੍ਰਦਰਸ਼ਨ ਕਰਨ ਲਈ ਤਕਰੀਰਾਂ ਨਹੀਂ ਕੀਤੀਆਂ। ਪੰਜਾਬ ਦੇ ਮੇਲਿਆਂ-ਠੇਲਿਆਂ ਦਾ ਭਰਪੂਰ ਜ਼ਿਕਰ ਕੀਤਾ ਹੈ ਅਤੇ ਸਾਡੇ ਸਾਹਮਣੇ ਲੋਕ ਸਾਜ ਇਕਤਾਰੇ, ਕਾਟੋਆਂ, ਢੋਲ, ਛੈਣੇ, ਬੁਘਤੇ, ਮੱਘੇ ਆਦਿ ਸਾਕਾਰ ਹੋ ਜਾਂਦੇ ਹਨ, ਬੱਕਰੇ ਬੋਲੇ ਜਾਂਦੇ ਹਨ।

ਲੋਕ ਧੁਨਾਂ 'ਤੇ ਗਾਏ ਜਾਂਦੇ ਗੀਤਾਂ, ਹੇਰਿਆਂ, ਸਿਠਣੀਆਂ ਅਤੇ ਤ੍ਰਿੰਞਣਾਂ ਤੇ ਫੁਲਕਾਰੀਆਂ ਬਾਰੇ ਵੀ ਉਸ ਗੱਲਾਂ ਕੀਤੀਆਂ ਹਨ। ਲੋਕ ਧੁਨਾਂ ਨੂੰ ਪਿੰਡੋਂ ਰਿਕਾਰਡ ਕਰਕੇ ਆਪ ਰੇਡੀਓ ਤੇ ਟੀ.ਵੀ. ਕਲਾਕਾਰਾਂ ਨੂੰ ਗਾਉਣ ਦਾ ਵੱਲ ਦੱਸਿਆ। ਜਿਸ ਪਾਸੇ ਵੀ ਧਾਵਾ ਕੀਤਾ, ਸਿਕੰਦਰ ਮਹਾਨ ਵਾਂਗ ਹੀ ਕੀਤਾ ਅਤੇ ਜਿੱਤ ਦੇ ਝੰਡੇ ਝੁਲਾਏ ਹਨ। ਪੁਰਾਣੇ ਅਧਿਆਪਕ ਸਾਥੀ ਅਜੇ ਭੁੱਲੇ ਨਹੀਂ ਹੋਣੇ ਜਦੋਂ ਅਧਿਆਪਕ ਜਥੇਬੰਦੀ ਦੇ ਅਧਿਆਪਕ ਸੁਖਦੇਵ ਮਾਦਪੁਰੀ ਨੇ ਇਕ ਆਕੜ ਖਾਂ ਅਫਸਰ ਦੇ ਪੱਬ ਚੁਕਾਏ ਸਨ। ਨੌਬਤ ਇਸ਼ਤਿਹਾਰਬਾਜ਼ੀ ਤੱਕ ਪੁੱਜ ਗਈ ਸੀ। ਪਰ ਇਸ਼ਤਿਹਾਰ ਦਾ ਸਿਰਲੇਖ ਚੀਖ ਚੀਖ ਕੇ ਦੱਸ ਰਿਹਾ ਸੀ ਕਿ ਪਰਦੇ ਦੇ ਪਿੱਛੇ ਬੈਠਾ ਲਿਖਣ ਵਾਲਾ ਬੰਦਾ ਕੌਣ ਹੋ ਸਕਦਾ ਹੈ। ਸਿਰਲੇਖ



ਸੀ, 'ਕਰਤੂਤਾਂ ਵਿਰਕ ਦੀਆਂ।' ਸੁਖਦੇਵ ਦੀ ਥਾਂ ਕੋਈ ਹੋਰ ਹੁੰਦਾ ਤਾਂ ਲਿਖਦਾ ਵਿਰਕ ਦੀਆਂ ਕਰਤੂਤਾਂ-ਇਹਨੂੰ ਕਹਿੰਦੇ ਹਨ, ਸ਼ਬਦਾਂ ਦੀ ਸ਼ਿਲਪਕਾਰੀ।

ਅੱਜ ਦਾਜ ਪ੍ਰਥਾ ਵਿਰੋਧੀ ਮਾਹੌਲ ਸਰਗਰਮ ਹੈ। ਫਿਲਮਾਂ ਬਣ ਰਹੀਆਂ ਹਨ, ਲੇਖ ਲਿਖੇ ਜਾ ਰਹੇ ਹਨ, ਲਹਿਰਾਂ ਚੱਲ ਰਹੀਆਂ ਹਨ ਪਰ ਸੁਖਦੇਵ ਨੇ ਕੋਈ ਤੀਹ ਵਰ੍ਹੇ ਪਹਿਲਾਂ ਦਾਜ ਵਿਰੁਧ ਨਾਟਕ 'ਪਰਾਇਆ ਧਨ' ਲਿਖਿਆ ਸੀ ਜੋ ਉਨ੍ਹਾਂ ਸਮਿਆਂ ਵਿਚ ਮੰਚ 'ਤੇ ਖੇਡਿਆ ਵੀ ਗਿਆ ਸੀ। ਅੱਜ ਕੱਲ ਉਹ ਵਿਆਹਾਂ 'ਤੇ ਗਾਏ ਜਾਣ ਵਾਲੇ ਗੀਤ ਇਕੱਤਰ ਕਰ ਰਿਹਾ ਹੈ। ਇਨ੍ਹਾਂ ਦੀ ਤਰਜ ਨੂੰ ਰਿਕਾਰਡ ਕਰਕੇ ਸਾਂਭ ਰਿਹਾ ਹੈ। ਇਹ ਸਿਨਫ ਹੁਣ ਲਗਭਗ ਅਲੋਪ ਸਮਝੋ। ਇਹ ਕਿਰਤ ਇਕ ਵਡਮੁੱਲੀ ਦੇਣ ਹੋਵੇਗੀ। (ਇਹ 'ਮਹਿੰਦੀ ਸ਼ਗਨਾਂ ਦੀ' ਪੁਸਤਕ ਵਿਚ ਸਾਂਭੇ ਗਏ ਹਨ।)

ਸੁਖਦੇਵ ਮਾਦਪੁਰੀ ਅੱਜ ਬੱਚਿਆਂ ਲਈ ਛਪਦੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਮਾਸਕ ਪੱਤਰਾਂ-ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਦਾ ਸੰਪਾਦਕ ਹੈ। ਬੱਚਿਆਂ ਲਈ ਪਰਚੇ ਸੰਪਾਦਿਤ ਕਰਨੇ ਕੋਈ ਬੱਚਿਆਂ ਦੀ ਖੇਡ ਨਹੀਂ ਹੈ। ਇਥੇ ਵੀ ਇਸ ਸਿਕੰਦਰ ਦੇ ਝੰਡੇ ਝੁੱਲ ਰਹੇ ਹਨ। ਪਰਚਿਆਂ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਅੱਠ ਵਰ੍ਹਿਆਂ ਦੇ ਨਾਬਾਲਗਾਂ ਤੋਂ ਲੈ ਕੇ ਅੱਸੀ ਵਰ੍ਹਿਆਂ ਦੇ ਬਾਲਗ ਬੱਚਿਆਂ ਲਈ ਇਕ ਸਮਾਨ ਖਿੱਚ ਰੱਖਦੇ ਹਨ। ਇਨ੍ਹਾਂ ਪਰਚਿਆਂ ਲਈ ਇਹ ਵੱਡੇ ਵੱਡੇ ਲੇਖਕਾਂ ਤੋਂ ਲਿਖਵਾ ਸਕਣ ਵਿਚ ਸਫਲ ਹੈ।

ਸੁਖਦੇਵ ਮਾਦਪੁਰੀ ਦੀ ਕੀਮਤ ਪਾਉਣ ਦਾ ਕਿਸੇ ਨੂੰ ਹੌਸਲਾ ਨਹੀਂ ਪਿਆ। ਆਪਣੀ ਕਦਰ ਬਾਰੇ ਉਸ ਨੂੰ ਪੂਰਾ ਪੂਰਾ ਗਿਆਨ ਹੈ। ਇਸੇ ਲਈ ਕਿਸੇ ਮਾਣ ਸਨਮਾਨ ਬਾਰੇ ਉਸ ਨੇ ਕਦੇ ਸੋਚਿਆ ਤੱਕ ਵੀ ਨਹੀਂ। ਉਹ ਆਪਣੇ ਕੰਮ ਅਤੇ ਕੰਮ ਕਰਨ ਦੇ ਢੰਗ ਵਿਚੋਂ ਹੀ ਮਾਣ ਪ੍ਰਾਪਤ ਕਰ ਕਰਦਾ ਹੈ। ਉਂਜ ਸੁਖਦੇਵ ਹੈ ਬਹੁਤ ਘਾਗ, ਦੇਖਣ ਨੂੰ ਹੀ ਮੋਮੋਠਗਣਾ ਹੈ। ਅੱਖਾਂ ਕੁੜੀਆਂ ਵਰਗੀਆਂ ਹਨ, ਭੋਲੀਆਂ ਜਿਹੀਆਂ ਪਰ ਤਿੱਖੀਆਂ ਇਤਨੀਆਂ ਕਿ ਧੁਰ ਅੰਦਰ ਤੱਕ ਦੀ ਖਬਰ ਲੈ ਲੈਂਦੀਆਂ ਹਨ।

ਸੁਖਦੇਵ ਮਾਦਪੁਰੀ ਅਜੇ ਮਾਸ਼ਾ ਅੱਲਾ, ਜੁਆਨ ਹੈ। ਕਲਮ ਨੂੰ ਅਜੇ ਮਜ਼ਬੂਤੀ ਅਤੇ ਦ੍ਰਿੜਤਾ ਨਾਲ ਫੜਿਆ ਹੋਇਆ ਹੈ। ਉਸ ਦੀਆਂ ਜੜ੍ਹਾਂ ਧਰਤੀ ਵਿਚ ਹਨ ਅਤੇ ਉਹ ਲੋਕਾਂ ਵਿਚ ਵਿਚਰਦਾ ਹੈ। ਉਸ ਪਾਸੋਂ ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਨੂੰ ਅਜੇ ਬਹੁਤ ਆਸਾਂ ਹਨ। ਅਜੇ ਪੰਜਾਬੀ ਸਾਹਿਤ ਨੂੰ ਉਸ ਦੀ ਦੇਣ ਬਾਰੇ ਮੁਲਾਂਕਣ ਕਰਨ ਦਾ ਸਮਾਂ ਨਹੀਂ ਹੈ। ਹਾਂ, ਹੱਲਾ ਸ਼ੇਰੀ ਦੇਣ ਵਿਚ ਕੋਈ ਹਰਜ ਨਹੀਂ।

ਸਵਰਾਜਬੀਰ, ਸਾਹਿਤ ਤੇ ਸਥਾਪਤੀ

(ਪਿਛਲੇ ਸਫੇ ਦੀ ਬਾਕੀ)

ਦਿਨ ਕ੍ਰਾਂਤੀ ਨਹੀਂ ਆਉਂਦੀ! ਕਹਾਣੀ ਦਾ ਸਿਆਸੀ ਸੁਨੇਹਾ ਇਹੀ ਹੈ ਕਿ ਪਿਛੋਕੜ ਵਾਲੇ ਕੰਬਲ ਤੋਂ ਛੁਟਕਾਰਾ ਪਾਏ ਬਗੈਰ ਅਗਾਂਹ ਵਧਿਆ ਨਹੀਂ ਜਾ ਸਕਦਾ। ਕ੍ਰਾਂਤੀ ਲਿਆਉਣੀ ਹੈ ਤਾਂ ਪੁਰਾਣੇ ਨੂੰ ਤਿਲਾਂਜਲੀ ਦੇਣੀ ਹੀ ਪੈਣੀ ਹੈ।

ਇਸ ਪ੍ਰਸੰਗ ਵਿਚ ਇਕ ਵਾਰ ਫਿਰ ਇਨਾਮ-ਯਾਫਤਾ ਨਾਟਕ 'ਮੱਸਿਆ ਦੀ ਰਾਤ' ਵੱਲ ਆਉਂਦੇ ਹਾਂ। ਇਸ ਨਾਟਕ ਦਾ ਪਹਿਲਾ ਨਾਂ 'ਪੁੱਤਰ ਮਿੱਠੜੇ ਮੇਵੇ' ਸੀ। 'ਮੱਸਿਆ ਦੀ ਰਾਤ' ਵਾਲਾ ਨਾਂ ਰੰਗਕਰਮੀ ਕੇਵਲ ਧਾਲੀਵਾਲ ਦਾ ਸੁਝਾਇਆ ਹੋਇਆ ਹੈ। ਅੱਖਾਂ ਮੀਚ ਕੇ ਵੀ ਕਿਹਾ ਜਾ ਸਕੇਗਾ ਕਿ ਪਹਿਲੇ ਨਾਂ ਵਿਚੋਂ ਸਥਾਪਤੀ ਵਾਲੀਆਂ ਗੂੰਜਾਂ ਪੈ ਰਹੀਆਂ ਹਨ। 'ਮੱਸਿਆ ਦੀ ਰਾਤ' ਨਾਂ ਵਿਚ ਸਥਾਪਤੀ ਉਤੇ ਚੋਭ ਸ਼ਾਮਲ ਹੋ ਗਈ ਹੈ।

ਹੁਣ ਜ਼ਿਹਨ ਵਿਚ ਉਥਲ-ਪੁਥਲ ਇਸ ਸੋਚ ਨਾਲ ਹੋ ਰਹੀ ਹੈ ਕਿ ਜੇ ਲਿਖਾਰੀ ਸਥਾਪਤੀ-ਮੁਖਾਲਿਫਾਂ ਵਾਲੀ ਕਤਾਰ ਵਿਚ ਹੁੰਦਾ, ਤਾਂ ਭਲਾ ਉਸ ਦੇ ਨਾਟਕ ਜਾਂ ਹੋਰ ਲਿਖਤਾਂ ਕੀ ਭਾਅ ਮਾਰਦੀਆਂ? 'ਕੱਲਰ' ਜਾਂ ਹੋਰ ਕਿਸੇ ਨਾਟਕ ਦਾ ਅੰਤ, ਜਾਂ ਨਾਟਕ ਦੇ ਹੋਰ ਦ੍ਰਿਸ਼ਾਂ ਦਾ ਰੰਗ ਕਿਸ ਤਰ੍ਹਾਂ ਦਾ ਉਘੜਦਾ? ਉਹ 'ਮੇਦਨੀ' ਵਰਗੇ ਸ਼ਕਤੀਸ਼ਾਲੀ ਨਾਟਕ ਵਿਚ ਸਥਾਪਤੀ ਦਾ ਪ੍ਰਸੰਗ ਸਿਰਜਦਾ ਸਿਰਜਦਾ ਅਖੀਰ ਵਿਚ ਕਤਲ ਦੇ ਨਾਲ ਨਾਲ ਖੁਦਕੁਸ਼ੀ ਬਾਰੇ ਭੁਲੇਖਾ ਸਿਰਜਦਾ ਕਿ ਨਾ? 'ਕ੍ਰਿਸ਼ਨ' ਵਰਗਾ ਘੋਰ ਸਿਆਸੀ ਨਾਟਕ ਜਦੋਂ 'ਲੋਕੋ! ਕੌਣ ਜਿੱਤਿਆ ਕੌਣ ਹਾਰਿਆ ਹੈ?' ਦਾ ਸਵਾਲ ਛੱਡਦਾ ਹੈ ਤਾਂ ਇਹ ਸਵਾਲ ਲੋਕਾਂ/ਦਰਸ਼ਕਾਂ/ਪਾਠਕਾਂ ਲਈ ਹੀ ਨਹੀਂ, ਲਿਖਾਰੀ ਲਈ ਵੀ ਬੜਾ ਅਹਿਮ ਬਣ ਜਾਂਦਾ ਹੈ। ਇਸ ਸਵਾਲ ਵਿਚ ਅਧੂਰਨੋ ਦੀ ਟਿੱਪਣੀ, ਪ੍ਰਛਾਵਾਂ ਬਣ ਕੇ ਉਭਰਦੀ ਹੈ। ਕੀ ਲਿਖਾਰੀ ਇੰਨਾ ਵਿਰਾਟ ਸਿਆਸੀ ਪਿੜ ਵਗਲ ਕੇ ਪਿਛਾਂਹ ਤਾਂ ਨਹੀਂ ਪਰਤ ਰਿਹਾ? ਇਸ ਸਵਾਲ ਦੀਆਂ ਪਰਤਾਂ ਖੁੱਲ੍ਹਣ ਵੇਲੇ, ਜ਼ਿਹਨ ਅੰਦਰ ਸਵਾਲ ਮੱਲੋ-ਮੱਲੀ ਆਣ ਜੁੜਦਾ ਹੈ ਕਿ ਜੇ ਲਿਖਾਰੀ ਨੇ ਧਰਮ ਅਤੇ ਧਾਰਮਿਕਤਾ ਦੇ ਕੁਰਾਹਿਆਂ ਦੇ ਨਾਲ ਨਾਲ, ਪੰਜਾਬ ਦੀ ਸਥਾਪਤੀ ਵੱਲੋਂ ਕੀਤੀਆਂ ਤੱਦੀਆਂ ਬਾਰੇ ਗੱਲ ਕਰਨੀ ਹੁੰਦੀ, ਤਾਂ ਭਲਾ ਕਿਸ ਤਰ੍ਹਾਂ ਕਰਦਾ?

ਕੁਝ ਸਾਲ ਪਹਿਲਾਂ ਚੰਡੀਗੜ੍ਹ ਦੇ ਇਕ ਕਾਲਜ ਵਿਚ ਵਿਦਿਆਰਥੀਆਂ ਦੇ ਰੂ-ਬ-ਰੂ ਦੌਰਾਨ ਸਵਰਾਜਬੀਰ ਨੇ ਰਚਨਾਵਾਂ ਵਿਚ ਹਰ ਤਰ੍ਹਾਂ ਦੀ ਸਥਾਪਤੀ ਖਿਲਾਫ ਜੂਝਣ, ਪਰ ਇਸ ਦੇ ਉਲਟ, ਹਕੀਕਤ ਵਿਚ ਸਥਾਪਤੀ ਦਾ ਹਿੱਸਾ ਹੋਣ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਮਨ ਵਿਚ ਸਦਾ ਬਣਦੀ-ਵਿਗਸਦੀ ਦੋਚਿਤੀ ਬਾਰੇ ਗੱਲ ਛੋਹੀ ਸੀ। ਇਸ ਸਵਾਲ ਤੋਂ ਬਾਅਦ ਰੂ-ਬ-ਰੂ ਦਾ ਸਮੁੱਚਾ ਮੁਹਾਣ ਹੀ ਇਸ ਬਣਦੀ-ਵਿਗਸਦੀ ਦੋਚਿਤੀ ਵੱਲ ਮੁੜ ਗਿਆ ਸੀ। ਇਨਾਮ ਲੈਣ ਵਾਲੇ ਸਮਾਗਮ ਦੌਰਾਨ ਭਾਸ਼ਣ ਵੇਲੇ ਉਹਨੇ ਜੋਸ ਰੀਵੇਰਾ ਦਾ ਸਹਾਰਾ ਲਿਆ, ਆਪਣੀ ਇਕ ਇੰਟਰਵਿਊ ਵਿਚ ਗੱਲ ਰੁਜ਼ਗਾਰ ਨਾਲ ਵੀ ਜੋੜੀ, ਪਰ ਜਿੰਨਾ ਟਕਰਾਅ ਸਥਾਪਤੀ ਅਤੇ ਸਥਾਪਤੀ-ਵਿਰੋਧ ਦਾ ਹੈ, ਉਤਨੀ ਲੰਮੀ ਤੇ ਉਚੀ ਛਾਲ ਇਹ ਗੱਲਾਂ ਸ਼ਾਇਦ ਮਾਰ ਨਹੀਂ ਸਕੀਆਂ।

ਖੈਰ! ਇਹ ਗੱਲ ਸੋਲਾਂ ਆਨੇ ਸੱਚ ਹੈ ਕਿ ਉਹਨੇ ਵਕਤਾਂ ਦੀ ਵੀਣੀ ਉਤੇ ਲਾਲਾ ਧਾਗਾ ਸਜਾਉਣ ਦਾ ਯਤਨ ਜ਼ਰੂਰ ਕੀਤਾ ਹੈ। ਉਸ ਦਾ ਦਾਈਆ ਹੈ ਕਿ ਲਿਖਾਰੀ ਭਾਸ਼ਾ ਨੂੰ ਗਾਲਿਬ ਸਮਾਜਕ ਵਿਚਾਰਧਾਰਾ ਤੋਂ ਆਜ਼ਾਦ ਕਰਵਾਉਣ ਲਈ ਲੜੇ। ਉਹਦੀ ਕਵਿਤਾ ਪੜ੍ਹਦਿਆਂ ਅਤੇ ਨਾਟਕ ਦੇਖਦਿਆਂ ਇੰਨੀ ਕੁ ਤਸੱਲੀ ਜ਼ਰੂਰ ਹੁੰਦੀ ਹੈ। ਉਹਦੇ ਨਾਟਕਾਂ ਦੀ ਇਕ ਤਾਕਤ ਉਹਦੀ ਕਵਿਤਾ ਅਤੇ ਕਾਵਿ-ਮੁਹਾਵਰਾ ਹੈ। ਇਸ ਮੁਹਾਵਰੇ ਦੀ ਆਪਣੀ ਜਾਨ ਅਤੇ ਆਪਣਾ ਵੱਖਰਾ ਤਾਣ ਹੈ। ਮੁਹਾਵਰੇ ਦੀ ਇਸ ਜਾਨ ਅਤੇ ਤਾਣ ਦੇ ਸਿਰ ਉਤੇ ਹੀ ਉਹਨੇ ਨਾਟਕ ਦੇ ਖੇਤਰ ਅੰਦਰ ਮਾਣ ਖੱਟਿਆ ਹੈ। ਉਹਦੇ ਜੜੇ ਸ਼ਬਦ ਮੌਲਦੇ ਬਿਰਖਾਂ ਵਰਗੇ ਹਨ, ਇਨ੍ਹਾਂ ਵਿਚੋਂ ਹੀ ਕਰੂੰਬਲਾਂ ਫੁੱਟਦੀਆਂ ਹਨ, ਪੱਤੀਆਂ ਭਾਤੀ ਮਾਰਦੀਆਂ ਹਨ ਅਤੇ ਪੱਤੀਆਂ ਤੋਂ ਛਾਂ ਦੀ ਆਸ ਰੱਖ ਹੀ ਲਈ ਜਾਂਦੀ ਹੈ।

ਇਹ ਲੇਖ ਸਵਰਾਜਬੀਰ ਦੀ ਕਵਿਤਾ ਨਾਲ ਸ਼ੁਰੂ ਕੀਤਾ ਸੀ। ਦਰਅਸਲ ਉਹਦੀ ਕਵਿਤਾ ਦੀ ਨਿਵੇਕਲੀ ਮਹਿਮਾ ਹੈ। ਇਹ ਮਹਿਮਾ ਹਰ ਨਾਟਕ ਦੇ ਆਰ-ਪਾਰ ਫੈਲੀ ਹੋਈ ਹੈ। ਹੇਠਾਂ ਦਿੱਤੀਆਂ ਕਾਵਿ-ਟੁਕੜੀਆਂ ਕ੍ਰਮਵਾਰ ਉਹਦੀਆਂ ਤਿੰਨਾਂ ਕਾਵਿ-ਪੁਸਤਕਾਂ ਵਿਚੋਂ ਹਨ। ਇਸ ਵਿਚੋਂ ਉਸ ਦਾ ਸਾਹਿਤ-ਸਫਰ ਵੀ ਪਲਕਾਂ ਝਪਕਾਉਂਦਾ ਭਾਸਦਾ ਹੈ:

ਪਿਆਰ ਮੇਰੀ ਆਖਰੀ ਜ਼ਿਦ ਹੈ।...
ਸਾਫ ਤੇ ਸਾਵੀਆਂ ਨੇ ਸੜਕਾਂ
ਜਿਹਨਾਂ 'ਤੇ ਜਮਹੂਰੀ ਫੌਜੀ
ਉਵੇਂ ਹੀ ਮੁਸਤੈਦੀ ਨਾਲ
ਕਰਦੇ ਨੇ ਕਵਾਇਦ।
(ਆਪਣੀ ਆਪਣੀ ਰਾਤ)
ਉਹ ਵਾਪਸ ਆਉਂਦਾ ਹੈ/ਕਿਉਂਕਿ
ਉਹ ਦੁਸ਼ਮਣਾਂ ਦਾ ਪੱਕਾ ਦੁਸ਼ਮਣ ਹੁੰਦਾ ਹੈ
ਉਹ ਯਾਰਾਂ ਦਾ ਅਤਿ ਡੂੰਘਾ ਯਾਰ ਹੁੰਦਾ ਹੈ।
(ਸਾਹਾਂ ਥਾਣੀਂ)
ਰੋਟੀ ਦੇ ਬਦਰੰਗ, ਖੁਦਗਰਜ ਅਸੀਂ
ਸਵੈ-ਮੱਕਾਰੀ 'ਚ ਘੜੇ ਆਪਣੇ ਬੁੱਤ ਅਸੀਂ।
(23 ਮਾਰਚ)

('ਸਿਰਜਣਾ' ਤੋਂ ਧੰਨਵਾਦ ਸਹਿਤ)

ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜਾਤਾਂ-ਗੋਤਾਂ ਦੇ ਨਾਂ ਬਣ ਗਏ

(ਸਫਾ 28 ਦੀ ਬਾਕੀ)

ਮਿਲਣੀ ਦੀ ਇਹੋ ਵਿਡੰਬਨਾ ਹੈ।"

ਅਫਸੋਸ ਨਾਲ ਲਿਖ ਰਿਹਾ ਹਾਂ ਕਿ ਅੱਜ ਦੋਵੇਂ ਦਿੱਲੋਂ ਭਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁਕੇ ਨੇ। ਬਿਨਾ ਇਕ ਦੂਸਰੇ ਨੂੰ ਮਿਲੇ।

ਹੋਰ ਚੜ੍ਹਦੇ ਪਾਸੇ ਫਿਰ ਡੁਗਰ ਦਾ ਇਲਾਕਾ ਆਉਂਦਾ ਹੈ। ਨਾਰੋਵਾਲ ਦਾ ਚੜ੍ਹਦਾ ਪਾਸਾ, ਜੰਮੂ ਦਾ ਹੇਠਲਾ ਤੇ ਗੁਰਦਾਸਪੁਰ। ਜਿਹੜਾ ਇਲਾਕਾ ਪਹਾੜਾਂ ਦੇ ਪੈਰਾਂ ਵਿਚ ਪਏ, ਜਿਥੇ ਤੇਜੀ ਨਾਲ ਚੋਅ ਵਹਿੰਦੇ ਹਨ ਤੇ ਇਲਾਕਾ ਉਚਾ ਨੀਵਾਂ ਕਰ ਦਿੰਦੇ ਹਨ, ਉਹਨੂੰ ਡੁਗਰ ਕਿਹਾ ਜਾਂਦਾ ਹੈ ਤੇ ਵਸਨੀਕਾਂ ਨੂੰ ਡੋਗਰੇ। ਕੁਦਰਤੀ ਇਨ੍ਹਾਂ ਦੀ ਜ਼ਬਾਨ ਡੋਗਰੀ ਵੀ ਥੋੜ੍ਹੀ ਮੁਖਤਲਿਫ ਹੀ ਹੈ। ਇਸ ਇਲਾਕੇ ਦੇ ਰਾਜਪੂਤਾਂ ਨੂੰ ਵੀ ਡੋਗਰੇ ਹੀ ਕਿਹਾ ਜਾਂਦਾ ਹੈ ਭਾਵੇਂ ਉਨ੍ਹਾਂ ਦਾ ਮੂਲ ਇਲਾਕਾ ਰਾਜਸਥਾਨ ਹੈ।

ਦਰਿਆ ਰਾਵੀ ਦੇ ਨਾਲ ਨਾਲ ਲਗਦੇ ਇਲਾਕੇ ਨੂੰ ਬੇਟ ਕਹਿੰਦੇ ਨੇ। ਵਸਨੀਕ ਬੇਟੀਏ ਕਹਾਉਂਦੇ ਨੇ।

ਫਿਰ ਲਾਹੌਰ ਤੋਂ ਚੜ੍ਹਦੇ ਪਾਸੇ ਦਾ ਜਿਹੜਾ ਇਲਾਕਾ ਹੈ, ਇਹ ਮਾਝੇ ਦਾ ਇਲਾਕਾ ਕਹਾਉਂਦਾ ਹੈ। ਇਹਨੂੰ ਕਈ ਲੋਕ ਮਾਂਝਾ ਵੀ ਲਿਖ ਦਿੰਦੇ ਨੇ। ਇਥੋਂ ਦੇ ਲੋਕ ਬਹੁਤ ਦਲੇਰ ਗਿਣੇ ਗਏ ਹਨ। ਮੈਂ ਇਕ ਖਬਰ ਪੜ੍ਹ ਰਿਹਾ ਸਾਂ, ਕਸੂਰ ਲਾਗੇ ਕੋਈ ਦੋਧੀ ਦੁੱਧ ਲੈ ਕੇ ਜਾ ਰਿਹਾ ਸੀ ਤੇ ਗਲ ਵਿਚ ਪਿਸਤੌਲ ਪਾਈ ਹੋਈ ਸੀ। ਇਕ ਪੁਲਸੀਏ ਦੀ ਨਿਗਾਹ ਪੈ ਗਈ। ਉਸ ਰੋਕ ਕੇ ਲਾਇਸੈਂਸ ਮੰਗਿਆ। ਦੋਧੀ ਨੇ ਬਖਸ਼ ਦੇਣ ਦਾ ਵਾਸਤਾ ਪਾਇਆ ਪਰ ਪੁਲਿਸ ਵਾਲਾ ਕੁਝ ਮੁੱਠ ਨਿੰਘੀ ਕਰਨਾ ਚਾਹੁੰਦਾ ਸੀ। ਦੋਧੀ ਝਣਨ ਨੂੰ ਤਿਆਰ ਨਹੀਂ ਸੀ। ਤਕਰਾਰ ਹੋਈ ਤੇ ਦੋਧੀ ਨੇ ਗੋਲੀ ਮਾਰ ਪੁਲਿਸ ਇੰਸਪੈਕਟਰ ਮਾਰ ਦਿਤਾ।

ਇਸੇ ਤਰ੍ਹਾਂ ਬਾਗੜ ਦਾ ਇਲਾਕਾ ਹੈ, ਜਿਥੋਂ ਦੇ ਲੋਕ ਬਾਗੜੀਏ ਕਹਾਉਂਦੇ ਨੇ। ਇਹ ਅਸਲ ਵਿਚ ਪੂਰਬੀ ਪੰਜਾਬ, ਹਰਿਆਣੇ ਤੇ ਰਾਜਸਥਾਨ-ਮਸਲਨ ਹਿਸਾਰ, ਸਿਰਸਾ, ਫਤਿਆਬਾਦ, ਭਿਵਾਨੀ, ਹਨੂਮਾਨਗੜ੍ਹ, ਸ੍ਰੀ ਗੰਗਾਨਗਰ ਆਦਿ ਦਾ ਇਲਾਕਾ ਹੈ। ਥੋੜ੍ਹਾ ਜਿਹਾ ਇਲਾਕਾ ਬਹਾਵਲਪੁਰ ਪਾਕਿਸਤਾਨ ਦਾ ਵੀ ਇਸ ਵਿਚ ਆਉਂਦਾ ਹੈ। ਲਾਹੌਰ ਵਿਚ ਇਕ ਪਿੰਡ ਆ ਚੁਕਾ ਹੈ, ਡਿਫੈਂਸ ਦੇ ਇਲਾਕੇ ਵਿਚ, ਜਿਹਦਾ ਨਾਂ ਹੈ-ਬਾਗੜੀਆਂ।

ਕਾਫੀ ਅੱਗੇ ਜਾ ਕੇ ਮੇਵਾਤ ਦਾ ਇਲਾਕਾ ਪੈਂਦਾ ਹੈ। ਵਸਨੀਕ ਮਿਓ ਕਹਾਉਂਦੇ ਨੇ ਤੇ ਸਾਰੇ ਮੁਸਲਮਾਨ ਨੇ। ਕੁਝ ਪਾਕਿਸਤਾਨ ਆ ਗਏ ਨੇ ਤੇ ਕੁਝ ਓਧਰ ਹੀ ਰਹਿੰਦੇ ਨੇ। ਸੋ ਜੋ ਵੀ ਉਸ ਇਲਾਕੇ ਦਾ ਹੋਵੇ, ਉਹਨੂੰ ਮੇਓ ਕਹਿੰਦੇ ਨੇ ਭਾਵੇਂ ਮੁਸਲਮਾਨ ਹੋਵੇ, ਭਾਵੇਂ ਹਿੰਦੂ ਤੇ ਭਾਵੇਂ ਕਿਸੇ ਵੀ ਜਾਤ ਗੋਤ ਦਾ ਹੋਵੇ।

ਚਾਹੀਦਾ ਨਹੀਂ

ਸਾਮ, ਦਾਮ, ਦੰਡ, ਭੇਦ ਨਾਲ ਰਾਜ ਕਰਨਾ
ਸੇਵਾ ਆਖ ਕੇ ਲੁੱਟਣਾ, ਚਾਹੀਦਾ ਨਹੀਂ।
ਦਾਅਵਤ ਮੁਫਤ ਦੀ ਵਿਆਹ 'ਚ ਜੇ ਖਾਧੀ
ਸ਼ਗਨੋਂ ਖਿਸਕਣਾ ਫੋਟੋ 'ਚੋਂ, ਚਾਹੀਦਾ ਨਹੀਂ।
ਪੱਤਰਕਾਰ ਨੂੰ ਸਿਆਸਤੀ ਜਦੋਂ ਵਰਤੇ
ਝੂਠਾ ਸਰਵੇ ਅਖਬਾਰ ਦਾ, ਚਾਹੀਦਾ ਨਹੀਂ।
ਬੈਠਾ ਜੇਲ੍ਹ 'ਚੋਂ 'ਗਿੱਲ' ਤੋਂ ਵੋਟ ਮੰਗਦੈ
ਨੇਤਾ ਕਾਤਿਲ-ਬਲੈਕੀਆ, ਚਾਹੀਦਾ ਨਹੀਂ।
-ਜੁਗਰਾਜ ਗਿੱਲ, ਅਬੋਹਰਵੀ
ਫੋਨ: 704-257-6693

ਅੰਮ੍ਰਿਤਸਰ ਤੋਂ ਪ੍ਰੀਤਨਗਰ

ਉਘੇ ਨਾਵਲਕਾਰ ਨਾਨਕ ਸਿੰਘ ਦੇ ਫਰਜ਼ੰਦ ਡਾਕਟਰ ਕਰਤਾਰ ਸਿੰਘ ਸੂਰੀ ਨੇ ਆਪਣੀ ਇਸ ਲਿਖਤ ਵਿਚ ਪ੍ਰੀਤ ਨਗਰ ਅਤੇ ਆਪਣੇ ਲੋਪੋਕੀ ਸਕੂਲ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਹਨ। ਇਨ੍ਹਾਂ ਯਾਦਾਂ ਵਿਚ ਉਸ ਵਕਤ ਦੇ ਵਿਦਿਅਕ ਢਾਂਚੇ ਦੇ ਨੈਣ-ਨਕਸ਼ ਝਾਤੀਆਂ ਮਾਰਦੇ ਸਾਫ ਦਿਸਦੇ ਹਨ। ਉਨ੍ਹਾਂ ਆਪਣੇ ਅਧਿਆਪਕਾਂ ਦੇ ਨੈਣ-ਨਕਸ਼ ਬੜੀ ਰੂਹ ਲਾ ਕੇ ਉਲੀਕੇ ਹਨ। ਇਸੇ ਕਰ ਕੇ ਇਹ ਲਿਖਤ ਵਾਰ ਵਾਰ ਪੜ੍ਹਨ ਨੂੰ ਦਿਲ ਮਚਲਦਾ ਹੈ। ਇਹ ਲਿਖਤ ਪਾਠਕਾਂ ਦੀ ਨਜ਼ਰ ਹੈ। -ਸੰਪਾਦਕ

ਸਾਲ 1938 ਦਾ ਸੀ, ਬਾਊ ਜੀ (ਨਾਵਲਕਾਰ ਨਾਨਕ ਸਿੰਘ) ਨੂੰ ਸ. ਗੁਰਬਖਸ਼ ਸਿੰਘ ਦਾ ਖਤ ਆ ਗਿਆ ਕਿ ਮਾਡਲ ਟਾਊਨ, ਲਾਹੌਰ ਦੀ ਇਕ ਕਾਲੋਨੀ ਵਿਚ ਕੁਝ ਕੋਠੀਆਂ ਕਿਰਾਏ 'ਤੇ ਲੈ ਕੇ ਮੁਢਲੇ ਪ੍ਰੀਤ ਸੈਨਿਕਾਂ ਦੀ ਰਿਹਾਇਸ਼ ਦਾ ਬੰਦੋਬਸਤ ਹੋ ਗਿਆ ਹੈ, ਪ੍ਰੈਸ ਲਗਾ ਲਈ ਗਈ ਹੈ। ਜਲਦੀ ਹੀ ਆਪਣੇ ਪਰਿਵਾਰ ਸਮੇਤ ਇਥੇ ਆਉਣ ਲਈ ਬੇਨਤੀ ਕਰਾਂਗਾ।

ਸੱਚਮੁੱਚ ਦੀ ਕੁਝ ਸਮੇਂ ਬਾਅਦ ਸ. ਗੁਰਬਖਸ਼ ਸਿੰਘ ਦੀ ਚਿੱਠੀ ਆ ਗਈ ਜਿਸ ਵਿਚ ਮਾਡਲ ਟਾਊਨ ਪਹੁੰਚਣ ਦਾ ਸੱਦਾ ਦਿੱਤਾ ਹੋਇਆ ਸੀ। ਅਸੀਂ ਸਾਰਾ ਪਰਿਵਾਰ ਪਹਿਲਾਂ ਤੋਂ ਹੀ ਉਥੇ ਪਹੁੰਚਣ ਦੀ ਤਿਆਰੀ ਕਰ ਚੁਕੇ ਸਾਂ। ਮੇਰੀ ਤੇ ਕੁਲਦੀਪ ਦੀ ਪੜ੍ਹਾਈ ਛੁਡਾ ਲਈ ਗਈ। ਕੁਲਵੰਤ ਜਿਸ ਨੂੰ ਇਸੇ ਸਾਲ ਸਕੂਲ ਦਾਖ਼ਲ ਕਰਾਇਆ ਜਾਣਾ ਸੀ, ਨਾ ਕਰਾਇਆ ਜਾ ਸਕਿਆ। ਅਸੀਂ ਸਾਰਾ ਪਰਿਵਾਰ ਲਾਹੌਰ ਲਈ ਰਵਾਨਾ ਹੋ ਗਏ।

ਕਰਤਾਰ ਸਿੰਘ ਸੂਰੀ

ਮਾਡਲ ਟਾਊਨ ਪਹੁੰਚ ਕੇ ਸਾਡੇ ਪਰਿਵਾਰ ਨੂੰ ਕੋਠੀ ਦਾ ਅੱਧਾ ਹਿੱਸਾ ਰਿਹਾਇਸ਼ ਲਈ ਮਿਲ ਗਿਆ, ਦੂਸਰੇ ਅੱਧ ਵਿਚ ਗਿਆਨੀ ਭਜਨ ਸਿੰਘ ਜੋ 'ਅੰਮ੍ਰਿਤ' ਰਸਾਲੇ ਦੇ ਸਹਾਇਕ ਸੰਪਾਦਕ ਰਹਿ ਚੁਕੇ ਸਨ, ਆ ਠਹਿਰੇ। ਇਨ੍ਹਾਂ ਤੋਂ ਇਲਾਵਾ ਪਿਆਰਾ ਸਿੰਘ ਸਹਿਰਾਈ, ਪਿਆਰਾ ਸਿੰਘ ਦਾਤਾ, ਦੀਨ ਦਿਆਲ, ਅਮਰ ਸਿੰਘ ਬੀ.ਏ. ਅਤੇ ਤਾਰਾ ਸਿੰਘ ਮਲਹੋਤਰਾ ਆਦਿ ਸੰਸਾਰ ਪ੍ਰੀਤ-ਮੰਡਲ ਦੇ ਮੈਂਬਰ ਵੀ ਮਾਡਲ ਟਾਊਨ ਪਹੁੰਚ ਚੁਕੇ ਸਨ। ਇਸ ਤੋਂ ਪਹਿਲਾਂ ਸ. ਗੁਰਬਖਸ਼ ਸਿੰਘ 'ਨਿਰੰਕਾਰੀ' ਲਾਹੌਰ ਤੋਂ ਆਪਣਾ 'ਦਰਬਾਰ ਪ੍ਰੈਸ' ਅਤੇ ਉਸ ਦਾ ਸਾਰਾ ਸਟਾਫ ਲੈ ਕੇ ਮਾਡਲ ਟਾਊਨ ਪਹੁੰਚੇ ਹੋਏ ਸਨ। ਭਾਪਾ ਪ੍ਰੀਤਮ ਸਿੰਘ, ਪੰਡਿਤ ਦੇਵੀ ਦਿਆਲ, ਸੋਹਣ ਸਿੰਘ ਤੇ ਮਹੇਸ਼ਰ ਸਿੰਘ ਵੀ ਆ ਗਏ ਸਨ।

ਗਿਆਨੀ ਭਜਨ ਸਿੰਘ ਦਾ ਲੜਕਾ ਸੇਵਾ ਜੋ ਮੈਥੋਂ ਦੋ ਕੁ ਸਾਲ ਵੱਡਾ ਸੀ, ਮੇਰਾ ਚੰਗਾ ਮਿੱਤਰ ਬਣ ਗਿਆ। ਕੁਝ ਮਹੀਨਿਆਂ ਬਾਅਦ 1938 ਵਿਚ ਹੀ ਇਹ ਸਾਰਾ ਪ੍ਰੀਤ-ਕਾਫਲਾ ਮਾਡਲ ਟਾਊਨ ਲਾਹੌਰ ਤੋਂ ਆਪਣੇ ਪੱਕੇ ਕਿਆਮ ਲਈ ਪ੍ਰੀਤ ਨਗਰ ਰਵਾਨਾ ਹੋ ਗਿਆ।

ਪ੍ਰੀਤ ਨਗਰ ਵਿਚ ਪ੍ਰੀਤ ਸੈਨਿਕਾਂ ਲਈ ਅੱਠ ਕੋਠੀਆਂ ਬਣ ਕੇ ਤਿਆਰ ਹੋ ਚੁਕੀਆਂ ਸਨ। ਸਾਨੂੰ ਸੱਤ ਨੰਬਰ ਕੋਠੀ ਅਲਾਟ ਹੋਈ। ਇਕ ਨੰਬਰ ਦੀ ਕੋਠੀ ਸ. ਗੁਰਬਖਸ਼ ਸਿੰਘ ਦੀ ਸੀ ਤੇ ਬਾਕੀ ਦੀਆਂ ਕੋਠੀਆਂ ਵਿਚ ਗਿਆਨੀ ਭਜਨ ਸਿੰਘ, ਕਰਤਾਰ ਸਿੰਘ ਸਚਦੇਵ, ਅਮਰ ਸਿੰਘ, ਪਿਆਰਾ ਸਿੰਘ ਸਹਿਰਾਈ ਅਤੇ ਦਰਸ਼ਨ ਸਿੰਘ ਆਦਿ ਰਹਿਣ ਲੱਗ ਪਏ। ਇਕ ਇਕ ਵਿਚ ਦੋ-ਦੋ ਪਰਿਵਾਰ ਰਹਿੰਦੇ ਸਨ। ਸਾਡੇ ਨਾਲ ਪੰਡਿਤ ਦੌਲਤ ਰਾਮ ਦਾ ਪਰਿਵਾਰ ਆ ਗਿਆ ਸੀ। ਇਹ ਪੰਡਿਤ ਦੌਲਤ ਰਾਮ ਉਹੀ ਸੀ ਜਿਸ ਤੋਂ ਗੁਰਬਖਸ਼ ਸਿੰਘ ਹੁਰਾਂ ਨੇ ਪ੍ਰੀਤ ਨਗਰ ਵਾਲੀ ਸਾਰੀ ਜ਼ਮੀਨ ਖਰੀਦੀ ਸੀ।

ਪ੍ਰੀਤ ਨਗਰ ਦਾ ਮਾਹੌਲ: ਪ੍ਰੀਤ ਨਗਰ ਵਿਚ ਸਾਡੇ ਸਮੇਤ ਹੋਰ ਵੀ ਪਰਿਵਾਰ ਵੱਖ-ਵੱਖ ਥਾਂਵਾਂ ਤੋਂ ਆਏ ਸਨ, ਸਭ ਨੂੰ ਇਥੋਂ ਦੀ ਜ਼ਿੰਦਗੀ, ਰਹਿਣੀ-ਬਹਿਣੀ, ਸਾਂਝੇ ਲੰਗਰ ਵਿਚ ਖਾਣਾ-ਪਕਾਉਣਾ ਤੇ ਇਸਤਰੀ-ਪੁਰਸ਼ਾਂ ਵਿਚਲੀ ਆਪਸੀ ਖੁੱਲ੍ਹ ਬੜੀ ਅਨੋਖੀ, ਪਰ ਸੁਖਾਵੀਂ ਤੇ ਖੁਸ਼ਗਵਾਰ ਲੱਗੀ ਸੀ। ਸਭਨਾਂ ਨੂੰ ਇਥੋਂ ਦਾ ਹਾਸਿਆਂ ਤੇ ਖੁਸ਼ੀਆਂ ਖਿਲਾਰਦਾ ਪ੍ਰੀਤ-ਮਾਹੌਲ ਮੋਹਿਤ ਕਰਨ ਲੱਗਾ।

ਪ੍ਰੀਤ ਨਗਰ ਦੀ ਆਪਣੀ ਕਲੱਬ ਵਿਚ ਇਸਤਰੀਆਂ, ਮਰਦ ਤੇ ਬੱਚੇ ਸਭ ਹਿੱਸਾ ਲੈਂਦੇ, ਬੈਡਮਿੰਟਨ ਤੇ ਵਾਲੀਬਾਲ ਆਦਿ ਖੇਡ ਸਾਰੇ ਰਲ ਕੇ ਖੇਡਦੇ, ਮੈਚ ਹੁੰਦੇ, ਨਾਟਕ ਖੇਡੇ ਜਾਂਦੇ, ਪਿਕਨਿਕਾਂ ਮਨਾਈਆਂ ਜਾਂਦੀਆਂ। ਕੁਝ ਹੀ ਦਿਨਾਂ ਵਿਚ ਇਹ ਸਾਰਾ ਪ੍ਰੀਤ-ਪਰਿਵਾਰ ਆਪਸ ਵਿਚ ਘੁਲ ਮਿਲ ਗਿਆ। ਬੱਚਿਆਂ ਦੀ ਆਪਸੀ ਸਾਂਝ ਵਧ ਗਈ।

1938 ਵਿਚ ਪ੍ਰੀਤ ਨਗਰ ਦਾ ਆਪਣਾ ਕੋਈ ਸਕੂਲ ਨਹੀਂ ਸੀ। ਮੇਰੇ ਦੋ ਛੋਟੇ ਭਰਾ ਕੁਲਦੀਪ ਤੇ ਕੁਲਵੰਤ ਤਾਂ ਪ੍ਰੀਤ ਨਗਰ ਰਹਿ ਕੇ ਹੀ ਸਹਿਰਾਈ ਜੀ ਤੋਂ ਘਰ ਵਿਚ ਹੀ ਪੜ੍ਹਦੇ ਰਹੇ। ਇਸੇ ਤਰ੍ਹਾਂ ਸ. ਗੁਰਬਖਸ਼ ਸਿੰਘ ਦੇ ਵੱਡੇ ਬੱਚਿਆਂ ਨੇ ਇਕ ਸਾਲ ਘਰ ਵਿਚ ਰਹਿ ਕੇ ਹੀ ਪੜ੍ਹਾਈ ਕੀਤੀ, ਪਰ ਮੈਂ ਤੇ ਗਿਆਨੀ ਭਜਨ ਸਿੰਘ ਦਾ ਲੜਕਾ ਸੇਵਾ ਸਿੰਘ ਲੋਪੋਕੀ ਦੇ ਡਿਸਟ੍ਰਿਕਟ ਬੋਰਡ ਹਾਈ ਸਕੂਲ ਵਿਚ ਦਾਖਲ ਹੋ ਗਏ। ਮੈਂ ਪੰਜਵੀਂ ਜਮਾਤ ਵਿਚ ਤੇ ਸੇਵਾ ਛੇਵੀਂ ਜਮਾਤ ਵਿਚ ਦਾਖਲ ਹੋਏ ਸਾਂ।

ਲੋਪੋਕੀ ਦਾ ਸਕੂਲ: ਪ੍ਰੀਤ ਨਗਰ ਤੋਂ ਲੋਪੋਕੀ ਇਕ ਮੀਲ ਦੀ ਦੂਰੀ 'ਤੇ ਸੀ, ਜਿਥੇ ਤੱਕ ਕੱਚੀ ਸੜਕ ਜਾਂਦੀ ਸੀ। ਰਸਤੇ ਵਿਚ ਕਈ ਟੋਏ-ਟਿੱਬੇ ਆਉਂਦੇ, ਸੜਕ ਦੇ ਦੋਹੀਂ ਪਾਸੀਂ ਹਰੇ ਭਰੇ ਖੇਤ ਲਹਿ-ਲਹਾ ਰਹੇ ਹੁੰਦੇ, ਰਾਹ ਵਿਚ ਵਿਸ਼ਾਲ ਬੋਹੜਾਂ ਦੀ ਝੰਗੀ ਸੀ। ਬਰਸਾਤਾਂ ਦੇ ਮੌਸਮ ਵਿਚ ਟੋਏ ਪਾਣੀ ਨਾਲ ਭਰ ਜਾਂਦੇ, ਕੱਚੀ ਸੜਕ ਦੀ ਮਿੱਟੀ ਖੋਭਾ ਬਣ ਜਾਂਦੀ। ਚਿੱਕੜ ਤੇ ਖੋਭਿਆਂ ਵਿਚੋਂ ਲੰਘਦੇ ਅਸੀਂ ਪੈਦਲ ਸਕੂਲ ਪਹੁੰਚਦੇ ਸਾਂ। ਜੁੱਤੀਆਂ ਹੱਥ ਵਿਚ ਫੜ ਲੈਂਦੇ ਤੇ ਪਜਾਮੇ ਟੁੰਗ ਲੈਂਦੇ। ਜਦੋਂ ਮੀਂਹ ਵਰ੍ਹ ਰਿਹਾ ਹੁੰਦਾ, ਮੈਂ ਤੇ ਸੇਵਾ ਛੱਤਰੀਆਂ ਲੈ ਕੇ ਆਉਂਦੇ ਸਾਂ, ਪਰ ਕੱਪੜੇ ਫਿਰ ਵੀ ਗਿੱਲੇ ਹੋ ਜਾਂਦੇ ਤੇ ਤੇਜ਼ ਹਵਾ ਵਿਚ ਛੱਤਰੀਆਂ ਉਡ-ਉਡ ਜਾਂਦੀਆਂ ਸਨ, ਜਿਨ੍ਹਾਂ ਦੀਆਂ ਕਮਾਨੀਆਂ ਵਿੰਗੀਆਂ ਟੇਢੀਆਂ ਹੋ ਜਾਂਦੀਆਂ ਤੇ ਕਈ ਵਾਰੀ ਬਿਲਕੁਲ ਪੁੱਠੀਆਂ ਹੋ ਜਾਂਦੀਆਂ।

ਗਰਮੀਆਂ ਦੇ ਦਿਨਾਂ ਵਿਚ ਸਖਤ ਗਰਮੀ ਪੈਂਦੀ ਸੀ। ਕੜਕਦੀ ਦੁਪਹਿਰ ਵਿਚ ਸਕੂਲੋਂ ਵਾਪਸ ਆਉਂਦਿਆਂ ਤਾਂ ਪਸੀਨੇ ਨਾਲ ਕੱਪੜੇ ਤਰ-ਬਤਰ ਹੋ ਜਾਂਦੇ। ਜਦੋਂ ਪਿਆਸ ਨਾਲ ਮੂੰਹ ਸੁੱਕਣ ਲੱਗ ਜਾਂਦਾ ਤਾਂ ਆਸ ਪਾਸ ਦੇ ਕਿਸੇ ਖੇਤਰ ਵਿਚ ਵਗਦੇ ਹਲਟ ਤੋਂ ਬੁੱਕਾਂ ਨਾਲ ਪਾਣੀ ਪੀਣਾ ਤੇ ਮੂੰਹ ਵੀ ਧੋਣਾ। ਜਦੋਂ ਬੋਹੜਾਂ ਕੋਲ ਪਹੁੰਚਣਾ, ਤਾਂ ਛਾਂ ਹੇਠ ਲੰਮੇ ਪੈ ਜਾਣਾ। ਕਈ ਵਾਰੀ ਨੀਂਦ ਨੇ ਗਲਬਾ ਪਾ ਲੈਣਾ ਤੇ ਅੱਖ ਲੱਗ ਜਾਣੀ, ਪਰ ਫਿਰ ਅੱਖਾਂ ਮਲਦੇ, ਆਪੋ ਆਪਣਾ ਬਸਤਾ ਚੁੱਕ ਕੇ ਘਰ ਤੁਰ ਪੈਣਾ।

ਲੋਪੋਕੀ ਪਿੰਡ ਵਿਚੋਂ ਲੰਘ ਕੇ ਸਾਡੇ ਡਿਸਟ੍ਰਿਕਟ ਬੋਰਡ ਹਾਈ ਸਕੂਲ ਨੂੰ ਰਾਹ ਜਾਂਦਾ ਸੀ ਜੋ ਪਿੰਡੋਂ ਬਾਹਰਵਾਰ ਸੀ। ਅਸੀਂ ਪਿੰਡ ਦੀਆਂ ਗਲੀਆਂ ਵਿਚੋਂ ਲੰਘਦੇ ਹੋਏ, ਚੌੜੀ ਗਲੀ ਵਿਚੋਂ ਹੋ ਕੇ ਸਕੂਲ ਪਹੁੰਚਦੇ ਸਾਂ। ਉਸ ਗਲੀ ਵਿਚ ਹਲਵਾਈ ਦੀ ਦੁਕਾਨ ਸੀ ਜਿਸ ਦੇ ਇਕ ਕੜਾਹੇ ਵਿਚ ਦੁੱਧ ਕੜ੍ਹ ਰਿਹਾ ਹੁੰਦਾ ਤੇ ਦੂਸਰੇ ਪਾਸੇ ਉਸ ਨੇ ਵੱਡੇ ਥਾਲ ਵਿਚ ਤਾਜ਼ੀ ਬਰਫੀ ਰੱਖੀ ਹੋਣੀ। ਆਮ ਤੌਰ 'ਤੇ ਜਦੋਂ ਅਸੀਂ ਉਸ ਦੀ ਦੁਕਾਨ ਕੋਲ ਪਹੁੰਚਦੇ ਤਾਂ ਉਹ ਬਰਫੀ ਦੀਆਂ ਵੱਡੀਆਂ ਵੱਡੀਆਂ ਟੁਕੜੀਆਂ ਕੱਟ ਰਿਹਾ ਹੁੰਦਾ। ਮੈਨੂੰ ਤੇ ਸੇਵੇ ਨੂੰ ਖਰਚਣ ਲਈ ਘਰੋਂ ਪੈਸੇ ਮਿਲਦੇ ਸਨ, ਸੋ ਅਸੀਂ ਉਸ ਦੀ ਦੁਕਾਨ ਤੋਂ ਅੱਧ ਅੱਧ ਪਾਅ ਬਰਫੀ ਖਰੀਦ ਲੈਣੀ ਤੇ ਰਸਤੇ ਵਿਚ ਬੜੇ ਸਵਾਦ ਨਾਲ ਖਾਂਦੇ ਹੋਏ ਸਕੂਲ ਪਹੁੰਚ ਜਾਣਾ। ਮੈਂ ਅੱਜ ਤੱਕ ਉਸ ਵਰਗੀ ਬਰਫੀ ਕਦੀ ਨਹੀਂ ਖਾਧੀ।

ਸਕੂਲ ਦੀ ਇਮਾਰਤ ਬਹੁਤ ਵੱਡੀ ਸੀ ਜਿਸ ਦੀ ਚਾਰ ਦੀਵਾਰੀ ਦੇ ਅੰਦਰ ਖੁੱਲ੍ਹਾ ਦਲਾਨ ਸੀ ਜਿਸ ਵਿਚ ਕੁਝ ਦੁਕਾਨਾਂ ਵੀ ਸਨ- ਕਿਤਾਬਾਂ ਤੇ ਸਟੇਸ਼ਨਰੀ ਅਤੇ ਖਾਣ-ਪੀਣ ਦੀਆਂ ਚੀਜ਼ਾਂ ਦੀਆਂ। ਇਸੇ ਦਲਾਨ ਦੇ ਦੂਸਰੇ ਪਾਸੇ ਕੋਠੀਨੁਮਾ ਕਵਾਟਰ ਬਣਿਆ ਹੋਇਆ ਸੀ ਜਿਸ ਵਿਚ ਹੈਡਮਾਸਟਰ ਵਾਹਿਦ ਬਖਸ਼ ਦੀ ਰਿਹਾਇਸ਼ ਸੀ ਤੇ ਉਸ ਦੇ ਪਿਛਲੇ ਪਾਸੇ ਚਪੜਾਸੀਆਂ ਤੇ ਚੌਕੀਦਾਰਾਂ ਦੇ ਕਵਾਟਰ ਸਨ। ਸਕੂਲ ਦੀ ਬਿਲਡਿੰਗ ਦੇ ਪਿਛਲੇ ਪਾਸੇ ਖੁੱਲ੍ਹੀਆਂ ਗਰਾਊਂਡਾਂ ਸਨ, ਹਾਕੀ ਫੁੱਟਬਾਲ ਤੇ ਵਾਲੀਬਾਲ ਆਦਿ ਦੀਆਂ।

ਸਾਡੇ ਸਕੂਲ ਦੇ ਬਹੁਤੇ ਮਾਸਟਰ ਤੇ ਵਿਦਿਆਰਥੀ ਮੁਸਲਮਾਨ ਸਨ। ਸਵੇਰੇ ਪ੍ਰਾਰਥਨਾ ਹੁੰਦੀ ਜਿਸ ਵਿਚ ਉਰਦੂ ਨਗਮਾ 'ਲਬ ਪੈ ਆਈ ਹੈ ਦੁਆ, ਬਨ ਕੇ ਤਮੰਨਾ ਮੇਰੀ। ਜ਼ਿੰਦਗੀ ਹੋ ਸ਼ਮਹਾ ਕੀ ਸੂਰਤ ਐ ਖੁਦਾਇਆ ਮੇਰੀ।' ਤੇ ਜਾਂ ਫਿਰ 'ਖੁਦਾਇਆ ਕੌਨ ਹੈ ਸਾਨੀ ਤੇਰਾ ਸਾਰੇ ਜ਼ਮਾਨੇ ਮੇਂ' ਗਾਇਆ ਜਾਂਦਾ ਸੀ। ਇਕ ਮੁੰਡਾ ਅੱਗੇ ਬੋਲਦਾ ਸੀ ਤੇ ਬਾਕੀ ਸਭ ਮਗਰ।

ਛੇਤੀ ਹੀ ਆਪਣੀ ਜਮਾਤ ਦੇ ਮੁੰਡਿਆਂ ਨਾਲ ਮੇਰੀ ਚੰਗੀ ਜਾਣ ਪਛਾਣ ਤੇ ਕੁਝ ਇਕ ਨਾਲ ਦੋਸਤੀ ਹੋ ਗਈ। ਮੇਰੇ ਪੱਕੇ ਦੋਸਤਾਂ ਵਿਚੋਂ ਦੋ ਸਕੇ ਭਰਾ ਸਨ- ਗੁਰਦੀਪ ਗਾਂਧੀ ਤੇ ਸੁਰਜੀਤ ਗਾਂਧੀ। ਇਹ ਦੋਵੇਂ ਸੱਕੀ ਨਦੀ ਦੇ ਕੋਲੋਂ ਪਿੰਡ ਤਰ੍ਹੀਣ (ਸੌਤੀਆਂ) ਤੋਂ ਲਗਭਗ ਪੰਜ ਛੇ ਮੀਲਾਂ ਦਾ ਪੈਂਡਾ ਪਾਰ ਕਰ ਕੇ ਸਕੂਲ ਪਹੁੰਚਦੇ ਸਨ। ਪੜ੍ਹਾਈ ਵਿਚ ਇਹ ਦੋਵੇਂ ਬੜੇ ਜ਼ਹੀਨ ਤੇ ਮਿਹਨਤੀ ਸਨ ਤੇ ਆਪਣੀ ਜਮਾਤ ਵਿਚੋਂ ਅੱਵਲ ਜਾਂ ਦੋਇਮ ਰਹਿੰਦੇ ਸਨ। ਤੀਸਰਾ ਮੇਰਾ ਮੁਸਲਮਾਨ ਦੋਸਤ ਸੀ ਅਬਦੁੱਲ ਰਹਿਮਾਨ ਜੋ ਅਰਾਈਆਂ ਦਾ ਪੁੱਤਰ ਸੀ ਤੇ ਪ੍ਰੀਤ ਨਗਰ ਦੇ ਨਾਲ ਦੇ ਪਿੰਡ ਚੱਕ ਮਿਸ਼ਰੀ ਖਾਂ ਦਾ ਰਹਿਣ ਵਾਲਾ ਸੀ।

ਪੰਜਵੀਂ ਪਾਸ ਕਰਨ ਤੋਂ ਬਾਅਦ ਜਦੋਂ ਮੈਂ ਲੋਪੋਕੀ ਦਾ ਸਕੂਲ ਛੱਡ ਕੇ ਪ੍ਰੀਤ ਨਗਰ ਦੇ ਆਪਣੇ ਸਕੂਲ ਵਿਚ ਦਾਖਲ ਹੋ ਗਿਆ, ਉਹ ਤਾਂ ਵੀ ਮੈਨੂੰ ਮਿਲਣ ਆਉਂਦਾ ਹੁੰਦਾ ਸੀ। ਪੜ੍ਹਾਈ ਵਿਚ ਵੀ ਲਾਇਕ, ਗੱਲਬਾਤ ਦਾ ਸਲੀਕਾ ਬੜਾ ਚੰਗਾ ਤੇ ਕੋਮਲ ਰੁਚੀਆਂ ਰੱਖਣ ਵਾਲਾ ਉਹ ਮੁੰਡਾ ਸੀ। ਉਸ ਨੂੰ ਫੁੱਲਾਂ ਨਾਲ ਬਹੁਤ ਪਿਆਰ ਸੀ, ਪਰ ਬਦਕਿਸਮਤੀ ਨੂੰ ਉਹ 1947 ਦੀ ਵੰਡ ਵੇਲੇ ਸਾਡੇ ਹੀ ਹਮਵਤਨਾਂ ਹੱਥੋਂ ਕਤਲ ਹੋ ਗਿਆ।

ਹੈਡਮਾਸਟਰ ਵਾਹਿਦ ਬਖਸ਼ ਬੜਾ ਸਖਤ ਆਦਮੀ ਸੀ। ਉਹ ਸਕੂਲ ਵਿਚਲੀ ਕਿਸੇ ਵੀ ਬਦ-ਇੰਤਜ਼ਾਮੀ ਨੂੰ ਪਸੰਦ ਨਹੀਂ ਸੀ ਕਰਦਾ। ਉਸ ਦੇ ਹੁੰਦਿਆਂ ਨਾ ਕੋਈ ਟੀਚਰ ਤੇ ਨਾ ਹੀ ਮੁੰਡਾ ਪੂਰਾ ਪੀਰੀਅਡ ਖਤਮ ਹੋਣ ਤੋਂ ਪਹਿਲਾਂ ਕਲਾਸ ਵਿਚੋਂ ਨਿਕਲਣ ਦੀ ਜੁਰਅਤ ਕਰ ਸਕਦਾ ਸੀ। ਉਹ ਭਾਵੇਂ ਸਖਤ ਸੀ, ਪਰ ਬਹੁਤ ਕਾਮਯਾਬ ਪ੍ਰਬੰਧਕ ਸੀ। ਜਦੋਂ ਵੀ ਕੋਈ ਮੁੰਡਾ ਹੈਡਮਾਸਟਰ ਦੇ ਕੋਲੋਂ ਲੰਘਦਾ, ਆਪਣੇ ਸੱਜੇ ਹੱਥ ਨੂੰ ਮੱਥੇ ਕੋਲ ਲਿਜਾ ਕੇ ਹੈਡਮਾਸਟਰ ਸਾਹਿਬ ਨੂੰ ਝੁਕ ਕੇ ਸਲਾਮ ਕਰਦਿਆਂ ਕਹਿੰਦਾ, 'ਅਸਲਾਮਾ ਉਲੈਕਮ ਜਨਾਬ।'

ਮਾਸਟਰ ਦੀਨਾ ਨਾਥ ਸ਼ਰਮਾ: ਮਾਸਟਰ ਦੀਨਾ ਨਾਥ ਸ਼ਰਮਾ ਅੰਗਰੇਜ਼ੀ ਦਾ ਮਾਸਟਰ ਸੀ ਜੋ ਬਹੁਤ ਹੀ ਲਾਇਕ ਤੇ ਨਰਮ ਸੁਭਾਅ ਦਾ ਬੰਦਾ ਸੀ। ਉਹ ਪਗੜੀ ਬੰਨ੍ਹਦਾ ਤੇ ਪੱਗ ਦਾ ਪਿਛਲਾ ਲੜ ਵੀ ਟੁੰਗਿਆ ਹੁੰਦਾ ਸੀ। ਉਸ ਨੇ ਸ਼ਾਇਦ ਹੀ ਕਦੇ ਕਿਸੇ ਮੁੰਡੇ ਨੂੰ ਮਾਰਿਆ ਹੋਵੇ! ਪਿੰਡ ਦੇ ਮੁੰਡਿਆਂ ਦੀ ਅੰਗਰੇਜ਼ੀ ਅਕਸਰ ਕਮਜ਼ੋਰ ਹੁੰਦੀ ਹੈ, ਇਸ ਗੱਲ ਦਾ ਪੰਡਿਤ ਦੀਨਾ ਨਾਥ ਨੂੰ ਪੂਰਾ ਅਹਿਸਾਸ ਸੀ। ਉਹ ਕਿਹਾ ਕਰਦਾ ਸੀ ਕਿ ਜਿਸ ਨੂੰ ਅੰਗਰੇਜ਼ੀ ਦੀ ਗਰਾਮਰ ਆ ਗਈ, ਉਸ ਨੂੰ ਅੰਗਰੇਜ਼ੀ ਆ ਗਈ; ਤੇ ਜਿਸ ਦਾ ਸ਼ਬਦ ਭੰਡਾਰ ਜਿੰਨਾ ਵਧ ਗਿਆ ਤੇ ਸ਼ਬਦ ਜੋੜ ਸਹੀ ਯਾਦ ਹੋ ਗਏ, ਉਹ ਓਨਾ ਹੀ ਚੰਗਾ ਅੰਗਰੇਜ਼ੀਦਾਨ ਬਣ ਗਿਆ।

ਮਾਸਟਰ ਦੀਨਾ ਨਾਥ ਅੰਗਰੇਜ਼ੀ ਗਰਾਮਰ ਬੜੇ ਸਰਲ ਤੇ ਰੌਚਕ ਢੰਗ ਨਾਲ ਇਸ ਤਰ੍ਹਾਂ ਪੜ੍ਹਾਉਂਦਾ ਸੀ ਕਿ ਹਰ ਬੱਚੇ ਨੂੰ ਪੂਰੀ ਤਰ੍ਹਾਂ ਸਮਝ ਆ ਜਾਂਦੀ ਸੀ ਤੇ ਯਾਦ ਵੀ ਹੋ ਜਾਂਦੀ। ਉਸ ਦੀ ਸਿਖਾਈ ਹੋਈ ਗਰਾਮਰ ਤੇ ਉਸ ਦੀ ਸਹੀ ਵਰਤੋਂ ਬੜੀ ਮਿਹਨਤ ਤੇ ਲਗਨ ਨਾਲ ਸਾਨੂੰ ਸਿਖਾਈ ਸੀ। ਸਪੈਲਿੰਗ ਯਾਦ ਕਰਵਾਉਣ ਲਈ ਉਹ ਕਲਾਸ ਕੋਲੋਂ ਮੁਹਾਰਨੀ ਬੁਲਵਾਉਂਦਾ ਸੀ। ਪਹਿਲਾਂ ਉਹ ਕਿਸੇ ਸ਼ਬਦ ਦੇ ਸਪੈਲਿੰਗ ਆਪ ਬੋਲਦਾ, ਫਿਰ ਆਪਣੇ ਪਿਛੇ ਬੋਲਣ ਲਈ ਕਹਿੰਦਾ। ਇਸ ਤਰ੍ਹਾਂ ਮੁਸ਼ਕਿਲ ਤੋਂ ਮੁਸ਼ਕਿਲ ਸ਼ਬਦ ਜੋੜ ਜ਼ੁਬਾਨੀ ਯਾਦ ਹੋ ਜਾਂਦੇ। ਫਿਰ ਉਹ ਘਰ ਦਾ ਕੰਮ ਦੇਣ ਸਮੇਂ ਹਰ ਰੋਜ਼ ਅੰਗਰੇਜ਼ੀ ਦੇ ਪੰਜ ਸ਼ਬਦ ਦਿੰਦਾ ਜਿਨ੍ਹਾਂ ਦੇ ਸ਼ਬਦ ਜੋੜ ਘਰੋਂ ਯਾਦ ਕਰ ਕੇ ਆਉਣਾ ਹੁੰਦਾ ਸੀ ਤੇ ਕਲਾਸ ਵਿਚ ਆ ਕੇ ਸੁਣਾਉਣੇ ਹੁੰਦੇ ਸਨ। ਇਸ ਤੋਂ ਇਲਾਵਾ ਉਹ ਖੁਸ਼ਖਤ ਲਿਖਾਈ 'ਤੇ ਬੜਾ ਜ਼ੋਰ ਦਿੰਦਾ ਸੀ। ਚਾਰ ਲਕੀਰੀ ਅੰਗਰੇਜ਼ੀ ਦੀ ਕਾਪੀ ਉਤੇ 'ਜੀ' ਦੀ ਨਿੱਬ ਨਾਲ ਕਿਵੇਂ ਖੁਸ਼ਖਤ ਲਿਖਣਾ ਹੈ, ਉਹ ਸਾਨੂੰ ਸਿਖਾਉਂਦਾ। ਹਰ ਇਕ ਦੀ ਕਾਪੀ 'ਤੇ ਪਹਿਲਾਂ ਆਪ ਲਿਖਦਾ, ਫਿਰ ਉਹੋ ਜਿਹਾ ਲਿਖਣ ਲਈ ਘਰ ਦਾ ਕੰਮ ਵੀ ਦਿੰਦਾ ਤੇ ਕਲਾਸ ਵਿਚ ਵੀ ਕਰਾਉਂਦਾ। ਉਹ ਮੁੰਡਿਆਂ ਦਾ ਹਰਮਨ ਪਿਆਰਾ ਅਧਿਆਪਕ ਸੀ, ਇਸੇ ਲਈ ਲੱਗਦੀ ਵਾਹ ਕਦੀ ਕਿਸੇ ਮੁੰਡੇ ਨੇ ਉਸ ਦੀ ਕਲਾਸ ਵਿਚ ਨਾਗਾ ਨਹੀਂ ਸੀ ਪਾਇਆ।

ਇਥੇ ਮੈਨੂੰ ਮਾਸਟਰ ਦੀਨਾ ਨਾਥ ਨਾਲ ਮੇਰੀ ਲਗਭਗ ਪੈਂਤੀ ਸਾਲਾਂ ਬਾਅਦ ਹੋਈ ਅਚਾਨਕ ਮੁਲਾਕਾਤ ਦਾ ਚੇਤਾ ਆ ਗਿਆ ਹੈ।

ਸ਼ਾਇਦ 1973 ਜਾਂ 74 ਦਾ ਸਾਲ ਸੀ, ਮੈ

ਅੰਮ੍ਰਿਤਸਰ ਤੋਂ ਪ੍ਰੀਤਨਗਰ

(ਪਿਛਲੇ ਸਫੇ ਦੀ ਬਾਕੀ)

ਹੋਈ ਸਿਆਹੀ ਬਣਾ ਕੇ ਲਿਖਦੇ ਹੁੰਦੇ ਸਾਂ।

ਉਂਜ ਤਾਂ ਮੁੰਡੇ ਮਾਸਟਰਾਂ ਤੇ ਹੈਡਮਾਸਟਰ ਦੀਆਂ ਫਰਮਾਇਸ਼ਾਂ ਪੂਰੀਆਂ ਕਰਦੇ ਰਹਿੰਦੇ, ਕਦੀ-ਕਦੀ ਕੋਈ ਮਾਸਟਰ ਕਿਸੇ ਮੁੰਡੇ ਨੂੰ ਘਰੋਂ ਘਿਓ ਲਿਆਉਣ ਲਈ ਕਹਿ ਦਿੰਦਾ ਤੇ ਕੋਈ ਗੰਨੇ ਜਾਂ ਸਾਗ। ਕਿਸੇ ਦੀ ਮੱਝ ਸੂੰਦੀ ਤਾਂ ਮਾਸਟਰ ਲਈ ਬੌਲ਼ੀ ਲੈ ਕੇ ਜਾਣੀ ਤਾਂ ਹਰ ਹਾਲਤ ਵਿਚ ਬਣਦੀ ਸੀ। ਕੋਈ ਕਿਸੇ ਮਾਸਟਰ ਲਈ ਦੁੱਧ ਲਿਆ ਰਿਹਾ ਹੈ ਤੇ ਅਰਾਈਆਂ ਦਾ ਕੋਈ ਮੁੰਡਾ ਹਰੀ ਤਾਜ਼ੀ ਸਬਜ਼ੀ। ਓ.ਟੀ. ਮੌਲਵੀ ਦੀਆਂ ਫਰਮਾਇਸ਼ਾਂ ਬਾਕੀਆਂ ਨਾਲੋਂ ਵੱਧ ਹੁੰਦੀਆਂ! ਉਂਜ ਉਹ ਮੁੰਡਿਆਂ ਦੀ ਤੌਫੀਕ ਦੇਖ ਕੇ ਫਰਮਾਇਸ਼ ਪਾਉਂਦਾ ਸੀ।

ਇਕ ਦਿਨ ਮੌਲਵੀ ਓ.ਟੀ. ਨੇ ਸਾਡੀ ਜਮਾਤ ਨੂੰ ਇਹ ਖੁਸ਼ਖਬਰੀ ਸੁਣਾਈ ਕਿ ਅੱਲਾਹ ਤਾਲਾ ਨੇ ਉਸ ਨੂੰ ਫਰਜ਼ੰਦ (ਪੁੱਤਰ) ਦੀ ਦਾਤ ਬਖਸ਼ੀ ਹੈ। ਅਸੀਂ ਸਭਨਾਂ ਨੇ ਮੌਲਵੀ ਨੂੰ ਮੁਬਾਰਕ ਦਿੱਤੀ। ਮੌਲਵੀ ਨੇ ਸਾਨੂੰ ਸਮਝਾਇਆ ਕਿ ਮੁਬਾਰਕ ਸਿਰਫ ਮੂੰਹ ਨਾਲ ਹੀ ਨਹੀਂ ਦੇਈਦੀ, ਸਾਡੇ ਘਰ ਆ ਕੇ ਮੁਬਾਰਕ ਦਿਓ। ਕੋਈ ਚੰਗਾ ਜਿਹਾ ਤੋਹਫਾ ਲਿਆਓ ਜਿਸ ਨਾਲ ਸਾਡੀ ਬੇਗਮ ਵੀ ਖੁਸ਼ ਹੋ ਜਾਏ। ਮੁੰਡਿਆਂ ਨੇ ਘਰ ਆ ਕੇ ਆਪੋ ਆਪਣੇ ਮਾਪਿਆਂ ਨੂੰ ਇਹ ਗੱਲ ਦੱਸੀ ਤੇ ਮਾਪੇ ਅੰਮ੍ਰਿਤਸਰ ਤੋਂ ਤੋਹਫੇ ਖਰੀਦ ਕੇ ਮਾਸਟਰ ਦੇ ਘਰ ਦੇਣ ਗਏ।

ਕਾਫੀ ਦਿਨਾਂ ਬਾਅਦ ਇਕ ਦਿਨ ਮੌਲਵੀ ਸਾਹਿਬ ਨੇ ਜਮਾਤ ਵਿਚ ਮੈਨੂੰ ਮੁਖਾਤਿਬ ਹੋ ਕੇ ਤੇ ਸਭ ਨੂੰ ਸੁਣਾ ਕੇ ਕਿਹਾ, "ਬੱਚਾ ਛੋਟਾ ਹੋਣ ਕਰ ਕੇ ਰੋਂਦਾ ਬਹੁਤ ਹੈ, ਉਸ ਦੀ ਅੰਮਾ ਨੂੰ ਘਰ ਦਾ ਕੰਮ ਵੀ ਕਰਨਾ ਪੈਂਦਾ ਹੈ, ਮੈਂ ਮਦਰੱਸੇ ਆਉਣਾ ਹੁੰਦਾ ਹੈ, ਇਸ ਲਈ ਬੱਚੇ ਨੂੰ ਕੌਣ ਚੁੱਕੀ ਫਿਰੇ। ਬੱਚਿਓ! ਜੇ ਕਿਸੇ ਦੇ ਘਰ ਕੋਈ ਪੰਘੂੜਾ ਹੋਵੇ ਤਾਂ ਕੁਝ ਚਿਰ ਲਈ ਮੈਨੂੰ ਲਿਆ ਦੇਵੋ। ਬੱਚਾ ਪੰਘੂੜੇ ਵਿਚ ਪਿਆ ਰਿਹਾ ਕਰੇਗਾ।"

ਸੁਣ ਕੇ ਸਾਰੇ ਮੁੰਡੇ ਇਕ ਦੂਜੇ ਦੇ ਮੂੰਹ ਵੱਲ ਤੱਕਣ ਲੱਗੇ। ਪਿੰਡਾਂ ਦੇ ਗਰੀਬ ਬੱਚਿਆਂ ਨੇ ਤਾਂ ਪੰਘੂੜਾ ਦੇਖਿਆ ਤੱਕ ਨਹੀਂ ਸੀ। ਮਾਸਟਰ ਮੇਰੇ ਵੱਲ ਤੱਕ ਰਿਹਾ ਸੀ। ਮੈਨੂੰ ਝੱਟ ਖਿਆਲ ਆਇਆ ਕਿ ਸਾਡੇ ਘਰ ਬਹੁਤ ਵਧੀਆ ਪੰਘੂੜਾ ਫਾਲਤੂ ਪਿਆ ਹੈ ਜੋ ਬੜੇ ਸਾਲਾਂ ਤੋਂ ਸਟੋਰ ਵਿਚ ਰੱਖਿਆ ਹੋਇਆ ਹੈ। ਮੈਂ ਝੱਟ ਕਹਿ ਦਿੱਤਾ, "ਮੌਲਵੀ ਜੀ, ਸਾਡੇ ਘਰ ਪੰਘੂੜਾ ਹੈ, ਤੁਸੀਂ ਲੈ ਲੈਣਾ।" ਮਾਸਟਰ ਸੁਣ ਕੇ ਬਾਗ ਬਾਗ ਹੋ ਗਿਆ। ਮੈਂ ਬਾਊ ਜੀ ਨੂੰ ਪਹਿਲਾਂ ਹੀ ਸਾਰੀ ਗੱਲ ਦੱਸ ਚੁਕਾ ਸਾਂ। ਅਗਲੇ ਦਿਨ ਉਹ ਪ੍ਰੀਤ ਨਗਰ ਸਾਡੇ ਘਰ ਪੰਘੂੜਾ ਲੈਣ ਆ ਗਿਆ।

ਬਾਊ ਜੀ ਨੇ ਖੁਸ਼ੀ ਖੁਸ਼ੀ ਉਹ ਪੰਘੂੜਾ ਮਾਸਟਰ ਸਾਹਿਬ ਨੂੰ ਦੇ ਦਿੱਤਾ। ਮੁੜ ਕੇ ਉਹ ਪੰਘੂੜਾ ਸਾਨੂੰ ਵਾਪਸ ਨਹੀਂ ਮਿਲਿਆ। ਪਤਾ ਨਹੀਂ, ਮੌਲਵੀ ਸਾਹਿਬ ਨੇ ਬਾਅਦ ਵਿਚ ਆਪਣੇ ਕਿੰਨੇ ਕੁ ਫਰਜ਼ੰਦਾਂ ਨੂੰ ਉਸ ਵਿਚ ਝੂਟੇ ਦਿਵਾਏ ਹੋਣਗੇ! ਉਂਜ, ਏਨਾ ਜ਼ਰੂਰ ਯਾਦ ਹੈ ਕਿ ਉਸ ਤੋਂ ਬਾਅਦ ਜਿੰਨਾ ਸਮਾਂ ਵੀ ਮੈਂ ਸਕੂਲ ਵਿਚ ਪੜ੍ਹਦਾ ਰਿਹਾ, ਮੌਲਵੀ ਜੀ ਮੇਰੇ 'ਤੇ ਖਾਸ ਮਿਹਰਬਾਨ ਰਹੇ।

ਲੋਪੋਕੀ ਸਕੂਲ ਵਿਚ ਮੈਂ ਪੂਰਾ ਇਕ ਸਾਲ ਪੜ੍ਹਿਆ। ਪੰਜਵੀਂ ਜਮਾਤ ਪਾਸ ਕਰ ਕੇ ਛੇਵੀਂ ਵਿਚ ਪ੍ਰੀਤ ਨਗਰ ਦੇ ਆਪਣੇ ਬਣੇ ਐਕਟਿਵਿਟੀ ਸਕੂਲ ਵਿਚ ਦਾਖਲ ਹੋ ਗਿਆ।

#

ਪੰਜ ਬਿਰਖਾਂ ਦੇ ਵਿਛੜਨ ਦਾ ਦਰਦ

ਘਰ ਤੋਂ ਥੋੜ੍ਹੀ ਦੂਰ ਪਿੰਡ ਤੋਂ ਬਾਹਰ ਵੱਲ ਪੈਂਦੀ ਮੋਟਰ 'ਤੇ ਪੰਜ ਰੁੱਖ ਗੂੜ੍ਹੀ ਛਾਂ ਦੇ ਹਾਮੀਦਾਰ ਸਨ। ਬਚਪਨ ਤੋਂ ਹੀ ਜਦੋਂ ਉਸ ਮੋਟਰ ਕੋਲੋਂ ਲੰਘਣਾ, ਮੇਰਾ ਮਨ ਚਾਅ ਤੇ ਹੁਲਾਸ ਨਾਲ ਭਰ ਜਾਣਾ। ਤਿੰਨ ਰੁੱਖ ਪਹੀ ਦੇ ਇੱਕ ਪਾਸੇ ਸਨ ਤੇ ਦੋ ਦੂਜੇ ਪਾਸੇ, ਜੋ ਹੌਲੀ ਹੌਲੀ ਇੱਕ ਦੂਜੇ ਵੱਲ ਝੁਕ ਕੇ ਇੱਕ ਗੁਫਾ ਜਿਹੀ ਬਣਾਉਂਦੇ ਸਨ।

ਸਵੇਰ-ਸ਼ਾਮ ਜਦੋਂ ਵੀ ਸੈਰ ਕਰਨ ਜਾਣਾ, ਪੰਜ ਕੁ ਮਿੰਟ ਉਨ੍ਹਾਂ ਰੁੱਖਾਂ ਕੋਲ ਜ਼ਰੂਰ ਖੜ੍ਹਨਾ।

ਕੰਵਲ ਭੱਟੀ ਬੂਥਗੜ੍ਹ
ਫੋਨ: 91-97801-00348

ਉਨ੍ਹਾਂ ਰੁੱਖਾਂ 'ਚ ਇੱਕ ਸੰਤੁਸ਼ਟੀ ਦੇਣ ਵਾਲੀ ਅਵੱਲੀ ਜਿਹੀ ਸ਼ਕਤੀ ਸੀ। ਜਦੋਂ ਮੈਂ ਰੁੱਖਾਂ ਦੀ ਛਾਂਵੇਂ ਜਾ ਬੈਠਣਾ ਤਾਂ ਇੰਜ ਪ੍ਰਤੀਤ ਹੋਣਾ ਜਿਵੇਂ ਮੇਰੇ ਬਜ਼ੁਰਗ ਮੈਨੂੰ ਆਸ਼ੀਰਵਾਦ ਦੇ ਰਹੇ ਹੋਣ। ਅੱਤ ਦੀ ਗਰਮੀ ਵਿਚ ਉਹ ਰੁੱਖ ਪਿੰਡ ਦੇ ਬਜ਼ੁਰਗਾਂ, ਨੌਜਵਾਨਾਂ ਤੇ ਬੱਚਿਆਂ ਦਾ ਰਹਿਣ ਆਸਰਾ ਸਨ। ਪਤਾ ਨਹੀਂ ਕਿੰਨੇ ਕੁ ਪੰਛੀ ਉਨ੍ਹਾਂ ਰੁੱਖਾਂ 'ਤੇ ਦਿਨ ਰਾਤ ਚੀਂ-ਚੀਂ ਕਰਦੇ ਰਹਿੰਦੇ।

ਰੋਜ਼ ਸ਼ਾਮ ਦੀ ਤਰ੍ਹਾਂ ਅੱਜ ਫਿਰ ਮੈਂ ਸੈਰ ਕਰਨ ਉਨ੍ਹਾਂ ਰੁੱਖਾਂ ਵਾਲੇ ਰਸਤੇ ਗਈ, ਦੂਰੋਂ ਤੁਰੀ ਆਉਂਦੀ ਨੂੰ ਮੋਟਰ ਦਾ ਦ੍ਰਿਸ਼ ਧੁੰਦਲਾ ਨਜ਼ਰ ਆ ਰਿਹਾ ਸੀ ਪਰ ਜਿਉਂ ਜਿਉਂ ਨੇੜੇ ਗਈ ਤਾਂ ਹਰੇ ਕਚੂਰ ਰੁੱਖ, ਜਿਨ੍ਹਾਂ ਨੇ ਮੋਟਰ ਦਾ ਕੋਠਾ ਢਕਿਆ ਹੋਇਆ ਸੀ, ਵਿਚੋਂ ਇੱਕ ਵੀ ਮੌਜੂਦ ਨਹੀਂ ਸੀ। ਸਿਰਫ ਮੋਟਰ ਦਾ ਸੁੰਨਾ ਜਿਹਾ ਕੋਠਾ ਦਿਸ ਰਿਹਾ ਸੀ। ਮੇਰਾ ਮੱਥਾ ਇੱਕ ਦਮ ਪਸੀਨੇ ਨਾਲ ਭਿੱਜ ਗਿਆ, ਦਿਲ ਦੀ ਹਾਲਤ ਇਸ ਤਰ੍ਹਾਂ ਹੋ ਗਈ ਜਿਵੇਂ ਕੋਈ ਬਹੁਤ ਪਿਆਰਾ ਖਿਡਾਉਣਾ ਗੁਆਚ ਗਿਆ ਹੋਵੇ। ਜਦੋਂ ਮੋਟਰ ਦੇ ਬਿਲਕੁਲ ਕੋਲ ਗਈ ਤਾਂ ਪੰਜ ਰੁੱਖਾਂ ਦੀਆਂ ਲਾਸ਼ਾਂ ਪਹੀ ਦੇ ਸੱਜੇ ਤੇ ਖੱਬੇ ਪਈਆਂ ਸਨ। ਮੈਂ ਭੱਜ ਕੇ ਉਨ੍ਹਾਂ ਕੋਲ ਗਈ।

ਹਾਏ ਰੱਬਾ, ਆਹ ਕੀ ਹੋ ਗਿਆ? ਕੀਹਨੇ ਕਰ'ਤਾ ਇਹ? ਮੇਰੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ। ਹੰਝੂ ਪਰਲ ਪਰਲ ਵਗਣ ਲੱਗੇ। ਮੈਂ ਕੱਟੇ ਰੁੱਖਾਂ ਨੂੰ ਹੱਥ ਲਾ ਲਾ ਦੇਖ ਰਹੀ ਸੀ। ਮਨ ਦੀ ਹਾਲਤ ਕਮਲਿਆਂ ਵਰਗੀ ਹੋ ਰਹੀ ਸੀ। ਸਰੀਰ ਨੇ ਜਵਾਬ ਦੇ ਦਿੱਤਾ ਤੇ ਮੈਂ ਗੋਡਿਆਂ ਭਾਰ ਮੋਏ ਰੁੱਖਾਂ ਵਿਚਾਲੇ ਬੈਠ ਗਈ। ਹਵਾ ਦਾ ਬੁੱਲਾ ਆਇਆ, ਰੁੱਖਾਂ ਦੇ ਪੱਤਿਆਂ 'ਚ ਖੜ ਖੜ ਪੈਦਾ ਹੋਈ ਪਰ ਇਹ ਖੜ ਖੜ ਖੁਸ਼ੀ ਦੀ ਨਹੀਂ ਸਗੋਂ ਦਰਦ ਦੀ ਸੀ। ਜਿਵੇਂ ਮੈਨੂੰ ਕਹਿ ਰਹੀ ਹੋਵੇ 'ਕਿਉਂ ਝੱਲੀ ਹੋਈ ਐਂ! ਮਰਿਆ ਹੋਇਆ ਵੀ ਕਦੇ ਕੋਈ ਜਿਉਂਦਾ ਹੋਇਐ ਭਲਾਂ'?

ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਇਹ ਕੀ ਹੋਇਐ? ਕਿੱਦਾਂ ਹੋਇਐ? ਕੀਹਨੇ ਕੀਤਾ? ਕਿਉਂ ਕੀਤਾ? ਦਿਲ ਧਾਹਾਂ ਮਾਰ ਕੇ ਰੋਣ ਨੂੰ ਕਰ ਰਿਹਾ ਸੀ। ਇੰਨੇ ਨੂੰ ਮੋਟਰ ਦਾ ਮਾਲਕ ਮੌਢੇ 'ਤੇ ਕਹੀ ਰੱਖੀ ਆ ਗਿਆ। ਉਸ ਨੂੰ ਦੇਖ ਕੇ ਬਹੁਤ ਗੁੱਸਾ ਚੜ੍ਹਿਆ ਪਰ ਚੁੱਪ ਵੀ ਧਾਰੀ ਨਹੀਂ ਸੀ ਜਾ ਸਕਦੀ। ਇਸ ਕਤਲੇਆਮ ਦਾ ਕਾਰਨ ਤਾਂ ਪੁੱਛਣਾ ਹੀ ਸੀ। 'ਅੰਕਲ, ਆਹ ਵਿਚਾਰੇ ਦਰਖਤ ਕਾਹਤੋਂ ਵੱਢ'ਤੇ।' ਮੈਂ ਇੱਕ ਦਮ ਪੁੱਛਿਆ। ਪਹਿਲਾਂ ਤਾਂ ਹਮੇਸ਼ਾ ਇੱਕ ਦਮ ਫਤਿਹ ਬੁਲਾਇਆ ਕਰਦੀ ਸਾਂ ਪਰ ਅੱਜ ਮੇਰਾ ਫਤਿਹ ਬੁਲਾਉਣ ਦਾ ਭੋਰਾ ਵੀ ਮਨ ਨਾ ਕੀਤਾ।

"ਓ ਪੁੱਤਰਾ, ਵਾਢੀ ਦਾ ਸਮਾਂ ਹੈ ਟਰੈਕਟਰ ਟਰਾਲੀਆਂ ਤੇ ਕੰਬਾਈਨ ਲੰਘਾਉਣੇ ਔਖੇ ਹੁੰਦੇ ਸਨ, ਡਿੰਕਾ ਲਾਈ ਜਾਂਦੇ ਸੀ ਤਾਂ ਕਰ ਕੇ ਵੱਢਣੇ ਪਏ। ਨਾਲੇ ਇਹ ਕਿਹੜਾ ਬੰਦੇ ਨੇ ਭਾਈ, ਕਹਿ ਦਾਂਗੇ, 'ਹੋਈਂ ਬਾਈ ਪਰੇ, ਸੰਦ ਲੰਘਾਉਣੇ ਨੇ।' ਹਾ ਹਾ ਹਾ ਹਾ...।"

ਮੋਟਰ ਦੇ ਮਾਲਕ ਨੇ ਇੰਜ ਜਵਾਬ ਦਿੱਤਾ ਜਿਵੇਂ ਕੋਈ ਵੱਡੀ ਬਹਾਦਰੀ ਤੇ ਸਮਾਜ ਭਲਾਈ ਦਾ ਕੰਮ ਕੀਤਾ ਹੋਵੇ। ਉਸ ਦਾ ਹਾਸਾ ਮੈਨੂੰ ਭਿਆਨਕ ਰਾਖਸ਼ ਦੀ ਤਰ੍ਹਾਂ ਲੱਗਿਆ। ਮੈਥੋਂ ਇਹ ਵੀ ਨਾ ਕਹਿ ਹੋਇਆ ਕਿ ਸੰਦ ਦੂਜੇ ਪਾਸਿਓਂ ਵੀ ਤਾਂ ਲੰਘਾਏ ਜਾ ਸਕਦੇ ਸਨ। ਪਰ ਹੁਣ ਕੀ ਹੋ ਸਕਦਾ ਸੀ। ਮੈਂ ਚੁੱਪ ਕਰਕੇ ਮੋਏ ਰੁੱਖਾਂ ਕੋਲੋਂ ਲੰਘ ਕੇ ਘਰ ਦੇ ਰਾਹੇ ਪੈ ਗਈ।

ਉਨ੍ਹਾਂ ਰੁੱਖਾਂ ਦਾ ਕਤਲ ਮੈਨੂੰ ਬਜ਼ੁਰਗਾਂ ਦਾ ਕਤਲ ਜਾਪਿਆ। ਜਦੋਂ ਦੀ ਮੈਂ ਸੋਝੀ ਸੰਭਾਲੀ ਸੀ, ਉਦੋਂ ਤੋਂ ਹੀ ਇਹ ਰੁੱਖ ਹਰੇ-ਭਰੇ ਸਨ। ਪ੍ਰਤੀਤ ਤਾਂ ਇੰਜ ਹੁੰਦਾ ਸੀ ਜਿਵੇਂ ਇਹ ਰੁੱਖ ਉਨ੍ਹਾਂ ਦੇ ਵੱਡੇ ਵਡੇਰਿਆਂ ਨੇ ਲਾਏ ਹੋਣ। ਕਿਉਂਕਿ ਆਪਣੇ ਹੱਥੀਂ ਲਾ ਕੇ ਅਤੇ ਪਾਲ ਕੇ ਕੋਈ ਵੀ ਵਿਅਕਤੀ ਉਸ ਦਾ ਕਤਲ ਨਹੀਂ ਕਰ ਸਕਦਾ। ਪਰ ਉਸ ਮੋਟਰ ਦੇ ਮਾਲਕ ਨੇ ਆਪਣੇ ਬਜ਼ੁਰਗਾਂ ਦਾ ਕਤਲ ਕਰ ਦਿੱਤਾ ਸੀ। ਰੁੱਖਾਂ ਦੀ ਕੀਮਤ ਇਨ੍ਹਾਂ ਪੱਥਰ ਦਿਲਾਂ ਨੂੰ ਕੌਣ ਸਮਝਾਵੇ? ਅਕਸਰ ਮਨੁੱਖ ਦੇ ਕਤਲ ਦੀ ਤਾਂ ਅਦਾਲਤਾਂ ਵੱਲੋਂ ਵੱਡੀ ਸਜ਼ਾ ਦਿੱਤੀ ਜਾਂਦੀ ਹੈ ਪਰ ਜੇ ਰੁੱਖਾਂ ਦਾ ਕਤਲ ਕਰਨ ਵਾਲਿਆਂ ਨੂੰ ਵੀ ਸਜ਼ਾ ਸੁਣਾਈ ਜਾਂਦੀ ਤਾਂ ਸ਼ਾਇਦ ਅੱਜ ਉਹ ਬਜ਼ੁਰਗਾਂ ਨਿਆਈਂ ਪੰਜ ਰੁੱਖ-ਦੋ ਤੂਤ, ਦੋ ਨਿੰਮਾਂ ਅਤੇ ਇੱਕ ਕਿੱਕਰ ਜਿਉਂਦੇ ਹੁੰਦੇ। ਹੁਣ ਉਨ੍ਹਾਂ ਰੁੱਖਾਂ ਬਿਨਾ ਸੁੰਨੇ ਤੇ ਉਜਾੜ ਵਰਗੇ ਰਸਤੇ ਨੇ ਪਿੰਡ ਦੀ ਚੜ੍ਹਦੀ ਵਾਲੇ ਪਾਸੇ ਨਾਲੋਂ ਮੇਰਾ ਮੋਹ ਤੋੜ ਜਿਹਾ ਦਿੱਤਾ ਹੈ।

ਮਿਨੀ ਕਹਾਣੀ

ਪਸੀਨਾ

ਰੱਬ ਨੇ ਧਰਤੀ 'ਤੇ ਆਉਂਦੇ ਸਮੇਂ ਸੋਚਿਆ ਸੀ ਕਿ ਉਥੇ ਬਹੁਤਾ ਖਰਚਾ ਨਹੀਂ ਹੋਣਾ। ਪਰ ਜਿਹੜਾ ਨਾਲ ਲਿਆਂਦਾ ਸੀ, ਸਭ ਖਰਚ ਹੋ ਗਿਆ।

ਰੱਬ ਚਾਹੁੰਦਾ ਤਾਂ ਅੱਖ ਪਲਕਾਰੇ ਵਿਚ ਪੈਸਾ ਪੈਦਾ ਕਰ ਲੈਂਦਾ ਪਰ ਉਸ ਨੇ ਮਿਹਨਤ-ਮਜ਼ਦੂਰੀ ਕਰਕੇ ਢਿੱਡ ਭਰਨ ਦੀ ਵਿਉਂਤ ਬਣਾਈ। ਕੰਮ ਤਾਂ ਉਸ ਨੂੰ ਮਿਲ ਗਿਆ ਪਰ ਬੜੀ ਮੁਸ਼ਕਿਲ ਨਾਲ।

ਗਰਮੀ ਦੇ ਦਿਨ ਸਨ। ਸਭ ਮਜ਼ਦੂਰਾਂ ਨੂੰ ਪਸੀਨਾ ਆ ਰਿਹਾ ਸੀ ਪਰ ਰੱਬ ਨੂੰ ਨਹੀਂ। ਇਕ ਮਜ਼ਦੂਰ ਦਾ ਧਿਆਨ ਉਸ ਵੱਲ ਗਿਆ। ਉਹਨੇ ਦੂਜੇ ਨੂੰ ਕਿਹਾ। ਦੂਜੇ ਨੇ ਤੀਜੇ ਨੂੰ ਦੱਸਿਆ। ਇਸ ਤਰ੍ਹਾਂ ਸਭ ਮਜ਼ਦੂਰਾਂ ਵਿਚ ਇਹ ਗੱਲ ਫੈਲ ਗਈ।

ਉਨ੍ਹਾਂ ਸਿਆਣ ਲਿਆ ਕਿ ਇਹ ਰੱਬ ਹੀ ਹੈ ਜੋ ਮਜ਼ਦੂਰ ਦਾ ਰੂਪ ਧਾਰ ਕੇ ਸਾਹਮਣੇ ਆ ਬੈਠਾ ਹੈ। ਉਨ੍ਹਾਂ ਨੇ ਅੱਜ ਹੀ ਰੇਡੀਓ 'ਤੇ ਗੀਤ ਸੁਣਿਆ ਸੀ, "ਪਤਾ ਨਹੀਂ ਕਿਸ ਭੇਸ 'ਚ ਟੱਕਰੇ, ਬੰਦਿਆ ਤੈਨੂੰ ਭਗਵਾਨ ਓਏ।"

ਸਭ ਮਜ਼ਦੂਰ ਆ ਕੇ ਉਸ ਦੇ ਚਰਨਾਂ ਵਿਚ ਡਿੱਗਣ ਲੱਗੇ। ਜਜ਼ਬਾਤੀ ਹੋਣ ਲੱਗੇ। ਰੋਣ ਲੱਗੇ। ਗਾਉਣ ਲੱਗੇ। ਮਨੌਤਾਂ ਮੰਗਣ ਲੱਗੇ।

ਪ੍ਰੇਸ਼ਾਨ ਰੱਬ ਨੂੰ ਪਸੀਨਾ ਆ ਗਿਆ।

-ਵਿਸ਼ਣੂ ਨਾਗਰ

ਅਨੁਵਾਦ: ਮੁਲਖ ਸਿੰਘ ਪਿੱਪਲੀ

ਫੋਨ: 91-94162-55877

'ਸੁੱਚੇ ਸੂਰਮੇ ਨੂੰ ਨਰੈਣ ਸਿੰਘ ਦੀ ਚਿੱਠੀ' ਲਿਖਣ ਵਾਲਾ ਗੁਰਜੰਟ ਵਿਰਕ

ਕਈ ਬੰਦੇ ਅਜਿਹੇ ਹੁੰਦੇ ਹਨ ਜੋ ਸਾਰੀ ਉਮਰ ਸੰਘਰਸ਼ ਕਰੀ ਜਾਂਦੇ ਹਨ ਪਰ ਆਪਣੇ ਮੁਕਾਮ 'ਤੇ ਪਹੁੰਚਣ ਤੋਂ ਪਹਿਲਾਂ ਹੀ ਦੁਨੀਆਂ ਛੱਡ ਜਾਂਦੇ ਹਨ, ਪਰ ਕੁਝ ਅਜਿਹੇ ਵੀ ਹੁੰਦੇ ਹਨ ਜੋ ਬਹੁਤ ਥੋੜ੍ਹੇ ਸਮੇਂ ਵਿਚ ਹੀ ਰਹਿੰਦੀ ਦੁਨੀਆਂ ਤੱਕ ਨਾਂ ਚਮਕਾਉਣ ਵਾਲਾ ਕੰਮ ਕਰ ਜਾਂਦੇ ਹਨ। ਪੰਜਾਬੀ ਗੀਤ-ਸੰਗੀਤ ਦੇ ਖੇਤਰ ਵਿਚ ਅਜਿਹੀਆਂ ਬਹੁਤ ਕਹਾਣੀਆਂ ਯਥਾਰਥ ਦੇ ਨੇੜੇ ਹਨ।

ਗੁਰਜੰਟ ਸਿੰਘ ਵਿਰਕ ਇੱਕ ਅਜਿਹਾ ਹੀ ਗਾਇਕ ਤੇ ਗੀਤਕਾਰ ਹੈ ਜਿਸ ਦੀ ਲਿਖੀ ਤੇ

ਸੁਰਜੀਤ ਜੱਸਲ
ਫੋਨ: 91-98146-07737

ਮੁਹੰਮਦ ਸਦੀਕ ਦੀ ਗਾਈ ਲੋਕ ਗਾਥਾ 'ਸੁੱਚੇ ਸੂਰਮੇ ਨੂੰ ਨਰੈਣ ਸਿੰਘ ਦੀ ਚਿੱਠੀ' ਇੱਕ ਸ਼ਾਹਕਾਰ ਰਚਨਾ ਬਣ ਗਈ, ਜਿਸ ਕਰਕੇ ਗੁਰਜੰਟ ਵਿਰਕ ਅੱਜ ਵੀ ਜਾਣਿਆਂ ਜਾਂਦਾ ਹੈ। ਬਠਿੰਡਾ ਜ਼ਿਲ੍ਹੇ ਵਿਚ ਭਗਤਾ ਭਾਈ ਕਾ ਨੇੜਲੇ ਪਿੰਡ ਥਰਾਜ 'ਚ ਰਹਿ ਰਿਹਾ ਇਹ ਗੀਤਕਾਰ ਆਪਣੇ ਵੇਲਿਆਂ ਦਾ ਇੱਕ ਨਾਮੀ ਗੀਤਕਾਰ ਤੇ ਗਾਇਕ ਰਿਹਾ ਹੈ ਪਰ ਅਧਰੰਗ ਦਾ ਅਟੈਕ ਹੋਣ ਕਰਕੇ ਪਿਛਲੇ ਪੰਦਰਾਂ ਸਾਲਾਂ ਤੋਂ ਮੰਜੇ 'ਤੇ ਪਿਆ ਹੈ, ਉਸ ਦੀ ਹਾਲਤ ਇਨ੍ਹੀਂ ਦਿਨੀਂ ਚਿੰਤਾਜਨਕ ਬਣੀ ਹੋਈ ਹੈ। ਮੰਜੇ 'ਤੇ ਪਏ ਵਿਰਕ ਨੂੰ ਅਨੇਕਾਂ ਹੋਰ ਬਿਮਾਰੀਆਂ ਨੇ ਘੇਰਿਆ ਹੋਇਆ ਹੈ। ਹੁਣ ਉਸ ਦੀ ਪਹਿਲਾਂ ਵਾਲੀ ਯਾਦਦਾਸ਼ਤ ਵੀ ਨਹੀਂ ਰਹੀ, ਪਰ ਸਦੀਕ ਦੀ ਗਾਈ ਇਹ ਲੋਕ ਗਾਥਾ ਉਸ ਨੂੰ ਚੇਤੇ ਹੈ। ਬਾਕੀ ਗੀਤਾਂ 'ਚੋਂ ਹੁਣ ਉਸ ਨੂੰ ਆਪਣੇ ਗਾਏ ਬਹੁਤੇ ਗੀਤਾਂ ਦੇ ਮੁਖੜੇ ਵੀ ਯਾਦ ਨਹੀਂ ਰਹੇ। ਉਸ ਦਾ ਬੇਟਾ ਉਸ ਨੂੰ ਯਾਦ ਕਰਵਾਉਣ 'ਚ ਮਦਦ ਕਰਦਾ ਹੈ ਤਾਂ ਉਹ ਦੱਸਦਾ ਹੈ ਕਿ ਸਦੀਕ ਵਾਲਾ ਇਹ ਗੀਤ ਉਸ ਨੇ ਖੇਤ ਕੰਮ ਕਰਦਿਆਂ ਲਿਖਿਆ ਸੀ ਤੇ ਅਕਸਰ ਸਟੇਜਾਂ 'ਤੇ ਗਾਉਂਦਾ ਹੁੰਦਾ ਸੀ। ਜਦ ਇੱਕ ਸਟੇਜ 'ਤੇ ਸਦੀਕ ਨੇ ਸੁਣਿਆ ਤਾਂ ਉਸ ਨੇ ਆਪਣੀ ਆਵਾਜ਼ ਵਿਚ ਰਿਕਾਰਡ ਕਰਵਾਉਣ ਲਈ ਲੈ ਲਿਆ।

ਗੁਰਜੰਟ ਵਿਰਕ ਦਾ ਜਨਮ 70 ਸਾਲ ਪਹਿਲਾਂ ਪਿੰਡ ਥਰਾਜ ਵਿਖੇ ਪਿਤਾ ਸ. ਕਰਤਾਰ ਸਿੰਘ ਤੇ ਮਾਤਾ ਮੁਖਤਿਆਰ ਕੌਰ ਦੇ ਘਰ ਹੋਇਆ। ਨਿੱਕੀ ਉਮਰੇ ਬਨੇਰਿਆਂ 'ਤੇ ਵੱਜਦੇ ਸਪੀਕਰ ਸੁਣਨ ਦੇ ਸ਼ੌਕ ਨੇ ਗੁਰਜੰਟ ਦੇ ਮਨ ਨੂੰ ਕਲਾ ਨਾਲ ਜੋੜ ਲਿਆ। ਸਕੂਲ ਪੜ੍ਹਦਿਆਂ ਉਹ ਸਨਿਚਰਵਾਰ ਦੀ ਬਾਲ ਸਭਾ 'ਚ ਗਾਉਣ ਵਾਲਾ ਅਧਿਆਪਕਾਂ ਅਤੇ ਸਹਿਪਾਠੀਆਂ ਦਾ ਚਹੇਤਾ ਗਾਇਕ ਹੁੰਦਾ ਸੀ। ਲਾਲ ਚੰਦ ਯਮਲੇ ਦੇ ਗੀਤ ਸੁਣਨ ਦਾ ਬਹੁਤ ਸ਼ੌਕੀਨ ਗੁਰਜੰਟ ਇੱਕ ਦਿਨ ਗਾਇਕੀ ਦੀ ਗੁਰ-ਵਿੱਦਿਆ ਲੈਣ ਲਈ ਯਮਲੇ ਦੇ ਚਰਨੀਂ ਜਾ ਲੱਗਿਆ।

ਗੁਰਜੰਟ ਨੇ ਗਾਇਕੀ ਦੀ ਸ਼ੁਰੂਆਤ ਸੋਲੋ ਗੀਤਾਂ ਨਾਲ ਕੀਤੀ। ਨੇੜੇ-ਤੇੜੇ ਹੁੰਦੇ ਸੰਗੀਤ ਸਮਾਗਮਾਂ ਵਿਚ ਉਸ ਦੀ ਹਾਜ਼ਰੀ ਸਰੋਤਿਆਂ ਦਾ ਭਰਪੂਰ ਮਨੋਰੰਜਨ ਕਰਦੀ। ਹੌਲੀ ਹੌਲੀ ਉਹਦੀ ਗੱਲ ਲੁਧਿਆਣੇ ਕਲਾਕਾਰਾਂ ਦੇ ਦਫਤਰਾਂ 'ਚ ਹੋਣ ਲੱਗੀ। ਕੁਲਦੀਪ ਮਾਣਕ ਨੇੜਲੇ ਪਿੰਡਾਂ ਦਾ ਹੋਣ ਕਰਕੇ ਅਕਸਰ ਹੀ ਗੁਰਜੰਟ ਕੋਲ ਆਉਂਦਾ ਰਿਹਾ। ਕਈ ਸਾਲ ਮਾਣਕ ਅਤੇ ਵਿਰਕ 'ਚ ਭਾਈਆਂ ਵਰਗੀ ਸਾਂਝ ਰਹੀ। ਮਾਣਕ ਨੇ ਜਦ ਵੀ ਆਪਣੇ ਪਿੰਡ ਜਲਾਲ ਆਉਣਾ ਤਾਂ ਉਸ ਦਾ ਦੂਜਾ ਟਿਕਾਣਾ ਗੁਰਜੰਟ ਕੋਲ ਪਿੰਡ ਥਰਾਜ ਹੀ ਹੁੰਦਾ। ਗੁਰਜੰਟ ਵੀ ਕਈ ਕਈ ਦਿਨ ਮਾਣਕ ਕੋਲ ਲੁਧਿਆਣੇ ਰਹਿੰਦਾ ਰਿਹਾ।



ਜਦ ਗੁਰਜੰਟ ਆਪਣੇ ਗਾਇਕੀ ਦੇ ਕੈਰੀਅਰ ਦੇ ਸਿਖਰ ਉਪਰ ਸੀ, ਅੱਜ ਦੇ ਅਨੇਕਾਂ ਨਾਮੀ ਗਾਇਕ ਉਨ੍ਹੀਂ ਦਿਨੀਂ ਸੰਘਰਸ਼ ਕਰ ਰਹੇ ਸਨ। ਵਿਰਕ ਨੇ ਆਪਣੇ ਉਸ ਦੌਰ ਵਿਚ ਨਰਿੰਦਰ ਬੀਬਾ, ਸਵਰਨ ਲਤਾ, ਜਗਮੋਹਨ ਕੌਰ, ਸੁਦੇਸ਼ ਕਪੂਰ, ਸੁਰਿੰਦਰ ਸੋਨੀਆ, ਦਿਲਜੀਤ ਕੌਰ ਆਦਿ ਕਈ ਨਾਮੀ ਸਹਿ-ਗਾਇਕਾਵਾਂ ਨਾਲ ਸਟੇਜਾਂ 'ਤੇ ਗਾਇਆ। ਇੱਕ ਗੱਲ ਹੋਰ ਦੱਸੀ, ਸਰਦੂਲ ਸਿਕੰਦਰ ਦਾ ਉਨ੍ਹੀਂ ਦਿਨੀਂ ਲੁਧਿਆਣੇ ਉਨ੍ਹਾਂ ਦੇ ਦਫਤਰ ਵਿਚ ਕਾਫੀ ਆਉਣ-ਜਾਣ ਸੀ। ਉਹ ਸਦੀਕ ਦੀ ਗਾਈ 'ਰੋਡਵੇਜ਼ ਦੀ ਲਾਰੀ' ਨੂੰ ਵੱਖ ਵੱਖ ਗਾਇਕਾਂ ਦੀ ਆਵਾਜ਼ ਵਿਚ ਗਾਉਂਦਾ ਹੁੰਦਾ। ਗੁਰਜੰਟ ਵਿਰਕ ਦੇ ਕਹਿਣ 'ਤੇ ਹੀ ਉਸ ਨੇ ਪਹਿਲੀ ਟੇਪ ਰਿਕਾਰਡ ਕਰਵਾਈ।

ਗੁਰਜੰਟ ਵਿਰਕ ਦੇ ਅਨੇਕਾਂ ਗੀਤ ਉਸ ਦੀ ਆਪਣੀ ਆਵਾਜ਼ ਵਿਚ 'ਵਰਮਾ ਰਿਕਾਰਡਿੰਗ ਕੰਪਨੀ' ਨੇ ਪੱਥਰ ਦੇ ਤਵਿਆਂ 'ਤੇ ਰਿਕਾਰਡ ਕੀਤੇ। ਇਸ ਤੋਂ ਇਲਾਵਾ ਉਸ ਦੀਆਂ ਦੋ ਟੇਪਾਂ 'ਫੁਲਕਾਰੀ' (ਸੋਲੋ) ਅਤੇ 'ਵਿਆਹ ਦੀ ਝਾਕ' (ਡਿਊਟ-ਨਵਦੀਪ ਕੌਰ) ਮਾਰਕਿਟ ਵਿਚ ਆਈਆਂ। ਗੁਰਜੰਟ ਵਿਰਕ ਦੇ ਗੀਤ ਸੱਭਿਆਚਾਰਕ ਤੇ ਮਿਆਰੀ ਸਨ। ਉਸ ਨੇ ਜ਼ਿਆਦਾਤਰ ਪਰਿਵਾਰਕ ਗੀਤ ਹੀ ਲਿਖੇ। ਉਸ ਦੀ ਲਿਖਣਸ਼ੈਲੀ ਆਮ ਗੀਤਕਾਰਾਂ ਤੋਂ ਬਹੁਤ ਹਟ ਕੇ ਹੈ। ਉਸ ਦੇ ਲਿਖੇ ਅਤੇ ਗਾਏ ਗੀਤਾਂ 'ਚੋਂ ਕੁਝ ਰਿਕਾਰਡ ਗੀਤ ਹਨ:

-ਭਾਗ ਤੇ ਘੁੰਕਰ ਦਿੰਦੇ ਦੁੱਖ ਵੀਰਨਾ
(ਮੁਹੰਮਦ ਸਦੀਕ)

-ਨਕਲੀ ਡਾਕਟਰ ਬਣ ਕੇ
(ਕਰਤਾਰ ਰਮੂਲਾ-ਨਵਦੀਪ ਨੀਤੂ)

-ਕਾਹਦਾ ਸਿੱਖਿਆ ਤੂੰ ਗਾਉਣਾ
(ਕੁਲਦੀਪ ਸ਼ੇਰਗਿੱਲ)

-ਕੱਲ੍ਹ ਤੁਰੀ ਜਾਂਦੀ ਗੋਰੀ ਮੈਂ ਬੁਲਾਈ ਬੋਲੇ
(ਖੁਦ ਗੁਰਜੰਟ ਵਿਰਕ)

-ਕਣਕਾਂ ਦੇ ਰੰਗ ਪੱਕ ਗਏ
(ਖੁਦ ਗੁਰਜੰਟ ਵਿਰਕ)

-ਕਿਹੜੇ ਪਿੰਡ ਤੂੰ ਜਾਣਾ ਮੇਲਣੇ
(ਖੁਦ ਗੁਰਜੰਟ ਵਿਰਕ)

ਅਕਸਰ ਪਹਿਲੇ ਜ਼ਮਾਨੇ ਦੇ ਗੀਤਕਾਰਾਂ ਪੱਲੇ ਤਾਂ ਫੋਕੀ ਬੱਲੇ ਬੱਲੇ ਹੀ ਰਹੀ ਹੈ। ਪਰ ਨਹੀਂ, ਵਿਰਕ ਉਨ੍ਹਾਂ ਗੀਤਕਾਰਾਂ-ਗਾਇਕਾਂ 'ਚੋਂ ਨਹੀਂ। ਉਸ ਕੋਲ ਰੱਬ ਦਾ ਦਿੱਤਾ ਪਹਿਲਾਂ ਹੀ ਬਹੁਤ ਕੁਝ ਹੈ। ਚੰਗੀ ਜ਼ਮੀਨ ਦੇ ਮਾਲਕ ਇਸ ਜੱਟ ਦੇ ਪੁੱਤ ਨੇ ਗਾਇਕੀ ਦੇ ਨਾਲ ਨਾਲ, ਦੱਬ ਕੇ ਵਾਹ ਤੇ ਰੱਜ ਕੇ ਖਾਹ ਦੇ ਰਾਹ ਤੁਰਦਿਆਂ ਮਿਹਨਤ ਦਾ ਲੜ ਨਹੀਂ ਛੱਡਿਆ। ਗੁਰਜੰਟ ਵਿਰਕ ਦਾ ਵਿਆਹ ਮਨਜੀਤ ਕੌਰ ਨਾਲ ਹੋਇਆ। ਧੀਆਂ-ਪੁੱਤ ਬਾਹਰਲੇ ਮੁਲਕਾਂ 'ਚ ਸੈਟ ਹਨ। ਛੋਟਾ ਬੇਟਾ ਬਿੱਟੂ ਵਿਰਕ ਪੰਜਾਬ ਵਿਚ ਹੀ ਹੈ, ਜੋ ਆਪਣੇ ਪਿਤਾ ਅਤੇ ਖੇਤੀਬਾੜੀ ਦੀ ਸੰਭਾਲ ਕਰਦਾ ਹੈ।

ਬਿੱਟੂ ਵਿਰਕ ਮੁਤਾਬਕ ਗੁਰਜੰਟ ਵਿਰਕ ਪਿੰਡ ਥਰਾਜ ਵਿਚ ਬਣੇ ਇੱਕ ਵਿਰਾਸਤੀ ਸੱਭਿਆਚਾਰਕ ਮੰਚ ਦੇ ਸੀਨੀਅਰ ਮੀਤ ਪ੍ਰਧਾਨ ਰਹੇ। ਕਈ ਸਾਲ ਇਸ ਮੰਚ ਵਲੋਂ ਸੱਭਿਆਚਾਰਕ ਮੇਲੇ ਵੀ ਕਰਵਾਏ ਜਾਂਦੇ ਰਹੇ। ਇਸ ਮੰਚ ਰਾਹੀਂ ਇੱਕ ਵਾਰੀ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲਾ ਵੀ ਕਰਵਾਇਆ ਗਿਆ। ਸਮਾਜ ਸੇਵਾ ਦੇ ਕੰਮਾਂ ਨਾਲ ਵੀ ਵਿਰਕ ਪਰਿਵਾਰ ਪਹਿਲਾਂ ਤੋਂ ਹੀ ਜੁੜਿਆ ਹੋਇਆ ਹੈ। ਉਸ ਨੇ ਆਪਣੇ ਪਿਤਾ ਸ. ਕਰਤਾਰ ਸਿੰਘ ਦੀ ਯਾਦ ਵਿਚ ਇੱਕ ਏਕੜ ਜ਼ਮੀਨ ਪਿੰਡ ਦੀ ਡਿਸਪੈਂਸਰੀ ਲਈ ਦਾਨ ਵਜੋਂ ਦਿੱਤੀ ਹੋਈ ਹੈ। ਉਚੇ ਲੰਮੇ ਕੱਦ ਤੇ ਭਰਵੇਂ ਜੁੱਸੇ ਵਾਲਾ ਗੁਰਜੰਟ ਵਿਰਕ ਬਿਮਾਰੀ ਕਰਕੇ ਅੱਜ ਮੰਜੇ 'ਤੇ ਅੱਧਾ ਹੋਇਆ ਪਿਆ ਹੈ। ਹਮੇਸ਼ਾ ਹਸੂੰ ਹਸੂੰ ਕਰਦੇ ਚਿਹਰੇ ਦਾ ਮਾਲਕ ਗੁਰਜੰਟ ਆਪਣੇ ਅਤੀਤ 'ਚ ਗੁਆਚਿਆ ਅਕਸਰ ਉਦਾਸ ਹੋ ਜਾਂਦਾ ਹੈ।

ਸਾਡੀਆਂ ਰਸਮਾਂ ਸਾਡੇ ਗੀਤ

ਨੀਲਮ ਸੈਣੀ
ਫੋਨ: 510-502-0551

ਮਿਲਣੀ ਦੀ ਰਸਮ ਅਤੇ ਗੀਤ

ਨੀਲਮ ਸੈਣੀ ਦੀ ਕਾਨੀ ਨੇ ਪੰਜਾਬੀ ਸਭਿਆਚਾਰ ਨਾਲ ਗੜੁੰਦ 'ਸਾਡੀਆਂ ਰਸਮਾਂ ਸਾਡੇ ਗੀਤ' ਦੀ ਰਚਨਾ ਕੀਤੀ ਹੈ। ਇਸ ਵਿਚ ਪੰਜਾਬੀ ਸਭਿਆਚਾਰ ਠਾਠਾਂ ਮਾਰ ਰਿਹਾ ਹੈ। ਪੰਜਾਬੀ ਜੀਵਨ ਦਾ ਪਲ-ਪਲ ਲੋਕ ਗੀਤਾਂ ਵਿਚ ਪਰੋਇਆ ਮਿਲਦਾ ਹੈ ਅਤੇ ਰਸਮਾਂ-ਰਿਵਾਜ਼ਾਂ ਨੂੰ ਪ੍ਰਨਾਏ ਲੋਕ ਗੀਤ ਸਾਡੇ ਸਭਿਆਚਾਰ ਦਾ ਸਰਮਾਇਆ ਹਨ। ਲਿਖਾਰੀ ਨੇ ਇਨ੍ਹਾਂ ਰੀਤਾਂ ਦੇ ਪ੍ਰਸੰਗ ਵਿਚ ਲੋਕ ਗੀਤਾਂ ਬਾਰੇ ਸੱਦ ਲਾਈ ਹੈ ਜਿਹੜੇ ਵੱਖ-ਵੱਖ ਮੌਕਿਆਂ 'ਤੇ ਸਾਡੇ ਸਮਾਗਮਾਂ ਦਾ ਸ਼ਿੰਗਾਰ ਵੀ ਬਣਦੇ ਹਨ। ਇਸ ਵਾਰ ਲਿਖਾਰੀ ਨੇ ਮਿਲਣੀ ਦੀ ਰਸਮ ਅਤੇ ਸਿੱਠਣੀਆਂ ਨਾਲ ਸਬੰਧਤ ਗੀਤਾਂ ਬਾਰੇ ਖੂਬ ਚਰਚਾ ਛੇੜੀ ਹੈ। -ਸੰਪਾਦਕ

ਪਹਿਲਾਂ-ਪਹਿਲ ਕੁੜੀ ਵਾਲੇ ਪਿੰਡ ਜੰਞ ਢੁਕਦੇ ਹੀ ਵਸੀਮੇ (ਹੱਦ-ਬੰਨੇ) ਤੋਂ ਵਾਜਾ ਵੱਜਣਾ ਸ਼ੁਰੂ ਹੋ ਜਾਂਦਾ ਸੀ। ਜੰਞ ਦੇ ਸਵਾਗਤ ਅਤੇ ਬਾਕੀ ਜਾਂਞੀਆਂ-ਮਾਂਜੀਆਂ ਦੀ ਜਾਣ ਪਛਾਣ ਲਈ ਮਿਲਣੀ ਕੀਤੀ ਜਾਂਦੀ ਸੀ। ਮਿਲਣੀ ਦਾ ਭਾਵ ਹੈ 'ਮੇਲ-ਮਿਲਾਪ' ਕਰਨਾ। ਇਹ ਮਿਲਣੀ ਪਿੰਡ ਦਾ 'ਨਾਈ' ਕਰਵਾਉਂਦਾ ਸੀ। ਵਿਆਹ ਵਾਲੇ ਘਰ ਸਤਿਕਾਰ ਨਾਲ 'ਨਾਈ' ਨੂੰ ਰਾਜਾ ਅਤੇ 'ਨੈਣ' ਨੂੰ ਰਾਣੀ ਆਖ ਕੇ ਸੰਬੋਧਨ ਕੀਤਾ ਜਾਂਦਾ ਸੀ। ਵਿਆਹ ਦੇ

ਬਹੁਤੇ ਸ਼ਗਨ ਇਨ੍ਹਾਂ ਵੱਲੋਂ ਹੀ ਕਰਵਾਏ ਜਾਂਦੇ ਸਨ। ਪਹਿਲੀ ਮਿਲਣੀ ਮੁੰਡੇ ਦੇ ਬਾਪ ਦੀ ਕੁੜੀ ਦੇ ਬਾਪ ਨਾਲ ਕਰਵਾਈ ਜਾਂਦੀ ਸੀ। ਇਸ ਤੋਂ ਬਾਅਦ ਦੋਵਾਂ ਧਿਰਾਂ ਦੇ ਖ਼ਾਸ ਰਿਸ਼ਤੇਦਾਰ ਬਾਬੇ, ਨਾਨੇ, ਮਾਮੇ, ਚਾਚੇ, ਤਾਏ, ਫੁੱਫੜ, ਭਰਾ ਅਤੇ ਜੀਜੇ ਆਦਿ ਦੀਆਂ ਮਿਲਣੀਆਂ ਇਕ ਦੂਜੇ ਦੇ ਗਲ਼ਾਂ ਵਿਚ ਹਾਰ ਪਾ ਕੇ ਕਰਵਾਈਆਂ ਜਾਂਦੀਆਂ ਸਨ। ਖ਼ਾਸ ਰਿਸ਼ਤੇਦਾਰਾਂ ਨੂੰ ਮਾਣ ਵਜੋਂ ਪਗੜੀ ਜਾਂ ਕੰਬਲ ਦਿੱਤੇ ਜਾਂਦੇ ਸਨ। ਇਸ ਰਸਮ ਦਾ ਅਸਲ ਮੰਤਵ ਤਾਂ ਬੂਹੇ ਢੁੱਕੀ ਜੰਞ ਦਾ ਸਵਾਗਤ ਅਤੇ ਦੋਵਾਂ ਧਿਰਾਂ ਦੇ ਅਹਿਮ ਰਿਸ਼ਤੇਦਾਰਾਂ ਦਾ ਮਾਣ-ਸਨਮਾਨ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਜਾਣ ਪਛਾਣ ਕਰਵਾਉਣਾ ਹੀ ਹੁੰਦਾ ਸੀ।

ਅੱਜ ਦੇ ਸਮੇਂ ਵਿਚ ਵੀ ਕੰਬਲਾਂ ਅਤੇ ਸੋਨੇ ਦੀਆਂ ਮੁੰਦੀਆਂ ਨਾਲ ਮਿਲਣੀ ਕੀਤੀ ਜਾਂਦੀ ਹੈ। ਹੁਣ ਤਾਂ ਸਹੁਰੇ ਪਰਿਵਾਰ ਵਲੋਂ ਮੁੰਦੀਆਂ ਦੀ ਮੰਗ ਵੀ ਕੀਤੀ ਜਾਂਦੀ ਹੈ। ਇਸ ਮਾਮਲੇ ਵਿਚ ਇਥੇ ਹੀ ਬੱਸ ਨਹੀਂ, ਕਈ ਰਿਸ਼ਤੇਦਾਰ ਮੁੰਦੀ ਨਾ ਪਵਾਉਣ ਕਾਰਨ ਜਾਂ ਮੁੰਦੀ ਹਲਕੀ ਹੋਣ ਕਾਰਨ ਰੁੱਸਦੇ ਵੀ ਦੇਖੇ ਜਾਂਦੇ ਹਨ। ਇਸ ਲਈ ਮਿਲਣੀ ਦੀ ਰਸਮ ਮੇਲ ਮਿਲਾਪ ਨਾਲੋਂ ਬੋਝ ਵਧੇਰੇ ਪ੍ਰਤੀਤ ਹੁੰਦੀ ਹੈ।

ਪਰਦੇਸਾਂ ਵਿਚ ਇਹ ਮਿਲਣੀ ਧਰਮ ਅਸਥਾਨ ਵਿਚ ਖੜ੍ਹ ਕੇ ਹੀ ਕੀਤੀ ਜਾਂਦੀ ਹੈ। ਮਿਲਣੀ ਦੇ ਗੀਤ ਬਹੁਤ ਘੱਟ ਗਾਏ ਜਾਂਦੇ ਹਨ। ਕਈ ਵਾਰੀ ਵਿਆਹ ਕਿਸੇ ਦੂਜੀ ਸਭਿਅਤਾ ਵਿਚ ਹੋ ਰਿਹਾ ਹੁੰਦਾ ਹੈ। ਦੂਜੀ ਧਿਰ ਦੀ ਬੋਲੀ ਅਤੇ ਸੰਸਕ੍ਰਿਤੀ ਵੱਖਰੀ ਹੋਣ ਕਾਰਨ ਇਹ ਸਿੱਠਣੀਆਂ ਸਹਿਕਦੀਆਂ ਹੀ ਰਹਿ ਜਾਂਦੀਆਂ ਹਨ:

ਮੇਲਾ ਮਿਲਣੀ ਦਾ, ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਬਾਬਾ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਨਾਨਾ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਬਾਬਲ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਮਾਮਾ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਚਾਚਾ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।

ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਫੁੱਫੜ ਬਰਖ਼ੁਰਦਾਰ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਮੇਲ ਦਿਓ ਮਹਾਰਾਜ, ਮੇਲਾ ਮਿਲਣੀ ਦਾ।
ਇਸ ਮਿਲਣੀ ਵਿਚ ਕੌਣ-ਕੌਣ ਚਾਹੀਦਾ?
ਮਾਸੜ ਬਰਖ਼ੁਰਦਾਰ, ਮੇਲਾ ਮਿਲਣੀ ਦਾ।

ਉਚੇ ਉਚੇ ਸੱਜਣੋਂ ਵੇ!
ਵੇ ਕੋਈ ਢੁਕੇ ਉਚਿਆਂ ਦੇ ਬਾਰ,
ਉਚੇ ਥੋਨੂੰ ਤਾਂ ਜਾਣੀਏਂ।
ਜੇ ਉਚੇ ਕਰੋ, ਵੇ ਉਚੇ ਹਾਕਮੋਂ ਵੇ ਵਿਹਾਰ।

ਸਾਡੇ ਨਵੇਂ ਸੱਜਣ ਘਰ ਆਏ,
ਵੱਜ ਰਹੀਆਂ ਬੰਸਰੀਆਂ।
ਸਾਡੀ ਸੀਤਾ ਨੂੰ ਵਿਆਹੁਣ ਆਏ,
ਵੱਜ ਰਹੀਆਂ ਬੰਸਰੀਆਂ।

ਤੈਨੂੰ ਕੀ ਹੋਇਆ ਮਾਮਾ?
ਧੱਕਾ ਦੇ ਕੇ ਸੁੱਟ ਵੇ,
ਲੰਮਾ ਪਾ ਕੇ ਕੁੱਟ ਵੇ।
ਇਹਦੀ ਸੜੀਓ ਲੰਗੋਟੀ,
ਲੀਖ਼ਾਂ ਨਾਲ ਜੜੀ ਓਏ।
ਜੂੰਆਂ ਨਾਲ ਭਰੀ ਓਏ,
ਜੂੰਆਂ ਨਾਲ ਭਰੀ ਓਏ।

ਸਾਡਾ ਮੱਖਣਾਂ ਦਾ ਪਲ਼ਿਆ,
ਗੋਹੇ ਨਾਲ ਮਿਲਿਆ।
ਸਾਡਾ ਅੰਬ ਦੀ ਸੀ ਬੂਟਾ,
ਅੱਕਾਂ ਨਾਲ ਮਿਲਿਆ।
ਸਾਡਾ ਕੱਲ੍ਹ ਦਾ ਸੀ ਮੁੰਡਾ,
ਬੁੱਢੇ ਨਾਲ ਮਿਲਿਆ।
ਸਾਡਾ ਲੰਮ-ਸੁਲੰਮਾ,
ਮਧਰੇ ਨਾਲ ਮਿਲਿਆ।

ਚਾਹ-ਪਾਣੀ ਵੇਲੇ ਦੀਆਂ ਸਿੱਠਣੀਆਂ

ਮਿਲਣੀ ਤੋਂ ਬਾਅਦ ਵਾਜਿਆਂ-ਗਾਜਿਆਂ ਨਾਲ ਜੰਞ ਚਾਹ ਪੀਣ ਲਈ ਜਾਂਦੀ ਸੀ। ਚਾਹ-ਪਾਣੀ ਦਾ ਪ੍ਰਬੰਧ ਘਰ ਦੇ ਵਿਹੜੇ ਜਾਂ ਪਿੰਡ ਦੇ ਕਿਸੇ ਹੋਰ ਢੁਕਵੇਂ ਸਥਾਨ 'ਤੇ ਕੀਤਾ ਹੁੰਦਾ ਸੀ। ਇਸ ਥਾਂ ਤੇ ਤੰਬੂ, ਚਾਨਣੀਆਂ ਅਤੇ ਝੰਡੀਆਂ ਲਗਾ ਕੇ ਸਜਾਵਟ ਕੀਤੀ ਹੁੰਦੀ ਸੀ। ਜਾਂਞੀ ਚਾਹ ਪੀਂਦੇ ਸਨ ਅਤੇ ਕੁੜੀ ਦੀਆਂ ਚਾਚੀਆਂ-ਤਾਈਆਂ, ਭਰਜਾਈਆਂ, ਮਾਮੀਆਂ, ਸਹੇਲੀਆਂ ਅਦਿ ਸਿੱਠਣੀਆਂ ਦਿੰਦੀਆਂ ਸਨ। ਇਹ ਸਿੱਠਣੀਆਂ ਲਾੜੇ ਅਤੇ ਉਸ ਦੇ ਖ਼ਾਸ ਰਿਸ਼ਤੇਦਾਰਾਂ ਸਮੇਤ ਨਾਲ ਆਏ ਸਾਰੇ ਜਾਂਞੀਆਂ ਦੇ ਹਿੱਸੇ ਆ ਜਾਂਦੀਆਂ ਸਨ। ਸਿੱਠਣੀਆਂ ਇਕ ਕਿਸਮ ਨਾਲ ਮਿੱਠੀਆਂ ਗਾਲ੍ਹਾਂ ਹੀ ਹੁੰਦੀਆਂ ਹਨ। ਇਸ ਲਈ ਅਜੋਕੇ ਸਮੇਂ ਵਿਚ ਮਾਂ, ਭੈਣਾਂ-ਭਰਜਾਈਆਂ ਅਤੇ ਹੋਰ ਸਭ ਰਿਸ਼ਤੇਦਾਰ ਔਰਤਾਂ ਜੰਞ ਵਿਚ ਸ਼ਾਮਿਲ ਹੋਣ ਕਾਰਨ ਵੀ ਸਿੱਠਣੀਆਂ ਦੇਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਇਸ ਲਈ ਇਹ ਰਸਮ ਲੋਪ ਹੋ ਰਹੀ ਹੈ।

ਲਾੜਾ ਉਸ ਦੇਸੋਂ ਆਇਆ,
ਜਿਥੇ ਤੂਤ ਵੀ ਨਾ।
ਇਹਦੀ ਬਾਂਦਰ ਵਰਗੀ ਬੂਥੀ,
ਉਤੇ ਰੂਪ ਵੀ ਨਾ।

ਲਾੜਾ ਉਸ ਦੇਸੋਂ ਆਇਆ,
ਜਿਥੇ ਟਾਹਲੀ ਵੀ ਨਾ।
ਇਹਦਾ ਡੱਡੂ ਵਰਗਾ ਮੂੰਹ,
ਉਤੇ ਲਾਲੀ ਵੀ ਨਾ।

ਵਿਹੜੇ ਤਾਂ ਸਾਡੇ ਪੱਥਰ ਦੀ ਕੂੰਡੀ,
ਪੁੱਟੋ ਨੀ ਕੁੜੀਓ ਇਸ ਵਿਚੋਲਣ ਦੀ ਚੂੰਡੀ।
ਲਾੜਾ ਪਸੰਦ ਦਾ ਨਹੀਂ,
ਲਾੜਾ ਪਸੰਦ ਦਾ ਨਹੀਂ,
ਬੋਲੱਜਿਓ ਲੱਜ ਤੁਹਾਨੂੰ ਨਹੀਂ।

ਕਿਹਨੇ ਵੇ ਤੈਨੂੰ 'ਬਲਵੀਰ'...
ਵਿਚੋਲਾ ਬਣਾਇਆ,
ਵਿਚੋਲਾ ਤਾਂ ਤੈਨੂੰ ਬਣਨਾ ਨਾ ਆਇਆ।
ਰਾਈਆਂ ਦਾ ਛੋਕਰਾ,
ਸਾਡਾ ਜੀਜਾ ਬਣਾਇਆ।
ਸਬਜੀ ਤਾਂ ਵੇਚਣ ਸਾਡੇ, ਵੇੜ੍ਹੇ ਨੂੰ ਆਇਆ।
ਸਬਜੀ ਪਸੰਦ ਦੀ ਨਹੀਂ,
ਸਬਜੀ ਪਸੰਦ ਦੀ ਨਹੀਂ।
ਬੋਲੱਜਿਓ ਲੱਜ ਤੁਹਾਨੂੰ ਨਹੀਂ!

ਵਿਹੜੇ ਤਾਂ ਸਾਡੇ ਤੂੜੀ ਦਾ ਕੁੱਪ ਆ,
ਲਾੜਾ ਤਾਂ ਸੱਦਦਾ ਪਿਓ ਨੂੰ ਪੁੱਤ ਆ।
ਇਹ ਗੱਲ ਬਣਦੀ ਨਹੀਂ...
ਇਹ ਗੱਲ ਬਣਦੀ ਨਹੀਂ...
ਬੋਲੱਜਿਓ ਲੱਜ ਤੁਹਾਨੂੰ ਨਹੀਂ!
ਲਾੜਾ ਓਸ ਦੇਸੋਂ ਆਇਆ,
ਜਿਥੇ ਅੱਕ ਵੀ ਨਾ।
ਇਹਦੀ ਬਾਂਦਰ ਵਰਗੀ ਬੂਥੀ,
ਉਤੇ ਨੱਕ ਵੀ ਨਾ।
ਲਾੜਾ ਓਸ ਦੇਸੋਂ ਆਇਆ,
ਜਿਥੇ ਝਾੜੀ ਵੀ ਨਾ।
ਇਹਦੀ ਬਾਂਦਰ ਵਰਗੀ ਬੂਥੀ,
ਉਤੇ ਦਾੜ੍ਹੀ ਵੀ ਨਾ।

ਵਿਹੜੇ ਤਾਂ ਸਾਡੇ ਮੁੱਢ ਮਕਈ ਦਾ,
ਦਾਣੇ ਤਾਂ ਮੰਗਦਾ ਉਧਲ ਗਈ ਦਾ।
ਭੱਠੀ ਤਪਾਉਣੀ ਪਈ...
ਭੱਠੀ ਤਪਾਉਣੀ ਪਈ...
ਬੋਲੱਜਿਓ ਲੱਜ ਤੁਹਾਨੂੰ ਨਹੀਂ!

ਸਾਡੇ ਤਾਂ ਵਿਹੜੇ ਤਾਣਾ ਤਣੀਂਦਾ,
ਲਾੜੇ ਦਾ ਪਿਓ ਤਾਂ ਕਾਣਾ ਸੁਣੀਂਦਾ।
ਐਨਕ ਲਵਾਉਣੀ ਪਈ...
ਐਨਕ ਲਵਾਉਣੀ ਪਈ...
ਬੋਲੱਜਿਓ ਲੱਜ ਤੁਹਾਨੂੰ ਨਹੀਂ!

ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ।
ਜੰਞ ਤੇ ਸੱਜਦੀ ਨਹੀਂ...
ਜੰਞ ਤੇ ਸੱਜਦੀ ਨਹੀਂ...
ਬੋਲੱਜਿਓ ਲੱਜ ਤੁਹਾਨੂੰ ਨਹੀਂ!

ਛੱਪੜਾਂ ਦਾ ਡੱਡੂ ਸਾਡਾ ਮਾਸੜ ਸੁਣੀਂਦਾ,
ਕੰਧਾਂ ਦੀ ਕਿਰਲੀ ਸਾਡੀ ਮਾਸੀ ਸੁਣੀਂਦੀ।
ਇਹ ਗੱਲ ਬਣਦੀ ਨਹੀਂ...
ਇਹ ਗੱਲ ਬਣਦੀ ਨਹੀਂ...
ਬੋਲੱਜਿਓ ਲੱਜ ਤੁਹਾਨੂੰ ਨਹੀਂ!

ਜਾਂਞੀ ਓਸ ਪਿੰਡੋਂ ਆਏ,
ਜਿਥੇ ਰੁੱਖ਼ ਵੀ ਨਾ।
ਇਨ੍ਹਾਂ ਦੇ ਤੌੜਿਆਂ ਜਿਡੇ ਮੂੰਹ,
ਉਤੇ ਮੁੱਛ ਵੀ ਨਾ।

ਜੰਞ ਤੋਂ ਬਾਅਦ ਕੁੜੀ ਵਾਲਿਆਂ ਦੀ ਚਾਹ ਪੀਣ ਦੀ ਵਾਰੀ ਹੁੰਦੀ ਹੈ।

ਗੁਰੂ ਅਰਜਨ

ਜੂਨ ਮਹੀਨਾ ਅਤਿ ਤਪਸ਼ ਦਾ
ਵਰ੍ਹਦੇ ਅੱਗ ਅੰਗਿਆਰ।
ਸਬਰਾਂ ਭਾਣਾ ਮੰਨਿਆ
ਸਿੱਖਿਆ ਜੋ ਕਰਤਾਰ।

ਗੁਰੂ ਅਰਜਨ ਸ਼ਾਂਤੀ ਪੁੰਜ ਜੋ
ਤੱਤੀ ਤਵੀ 'ਤੇ ਬੈਠਿਆ ਆ।
ਜਾਲਮ ਜੁਲਮ ਜ਼ਬਰ ਤੱਕ
ਖੁਦ ਸੋਚ ਰਹੇ ਘਬਰਾ।

ਬਲਦੀ ਸੜ੍ਹਦੀ ਰੇਤ ਵੀ
ਰਹੀ ਸੀਸ 'ਤੇ ਪੈ।
ਸ਼ਾਂਤ ਮਨ ਅਡੋਲ ਚਿਤ ਗੁਰੂ
ਮਨ ਵਿਚ ਰਤਾ ਨਾ ਖਹਿ।

ਸੂਰਜ ਲਾਇਆ ਤਾਣ ਅੱਜ
ਧਰਤ ਜਿਉਂ ਤਪੇ ਤੰਦੂਰ।
ਗੁਰੂ ਅਰਜਨ ਹੱਥ ਤਸਬੀ ਫਿਰੇ
ਮੌਨ ਚਿਤ ਬੈਠੇ ਹਜ਼ੂਰ।

ਜ਼ੁਲਮ ਜ਼ਬਰ ਹੱਦ ਹੋ ਗਈ
ਸਭ ਜੱਗ ਪਾਵੇ ਵੈਣ।
ਹੌਸਲਿਆਂ ਦੰਦਲ ਪੈ ਗਈ
ਕੋਈ ਸੁਣੇ ਨਾ ਕਹਿਣ ਕਹਾਣ।

ਸਿਰੜ ਧਰਮ ਨਾ ਡੋਲਿਆ
ਗੁਰੂ ਅਰਜਨ ਏਤ ਮਹਾਨ।
ਸ਼ਹਾਦਤ ਲਾਸਾਨੀ ਦੇ ਰਹੇ
ਕਰ ਧਰਮ ਤੋਂ ਜਾਨ ਕੁਰਬਾਨ।

ਭਾਣਾ ਮਿੱਠਾ ਮੰਨਿਆ
ਲਿਖਿਆ ਜੋ 'ਉਸ' ਆਪ।
ਰਿਸਦੇ ਛਾਲੇ ਦੇਹ 'ਤੇ
ਗੁਰਾਂ ਦੇ ਮਨ ਸੰਤਾਪ।

ਨੀਂਹ ਰੱਖੀ ਸੱਚ ਧਰਮ ਦੀ
ਗੁਰੂ ਅਰਜਨ ਤਿਆਗੇ ਸਵਾਸ।
ਮੁੱਢ ਸ਼ਹਾਦਤ ਬੰਨ੍ਹਿਆ
ਕਰ ਪਹਿਲ ਗੁਰੂ ਅਰਜਨ ਆਪ।

ਜਦ ਤੱਕ ਜਗਤ ਸੰਸਾਰ ਏਹ
ਅਦੁੱਤੀ ਕਾਇਮ ਮਿਸਾਲ।
ਗੁਰੂ ਅਰਜਨ ਪ੍ਰਤਖਿ ਹਰਿ
ਬਣੇ ਸੱਚ ਧਰਮ ਦੀ ਢਾਲ।

-ਪ੍ਰੋ. ਮਨਜੀਤ ਸ਼ਿਕਾਗੋ
ਫੋਨ: 815-793-7168

ਜੂਨ ਚੁਰਾਸੀ

ਜੂਨ ਚੁਰਾਸੀ ਖੂਨੀ ਸਾਕਾ
ਸਿੱਖ ਕਿਵੇਂ ਭੁਲ ਜਾਣ।
ਹਰਿਮੰਦਰ ਜਖਮੀ,
ਅਕਾਲ ਤਖਤ ਢਹਿਢੇਰੀ
ਅੱਖਾਂ ਸਾਹਵੇਂ ਆਣ।
ਬੇਦੋਸ਼ੀ ਸੀ ਸੰਗਤ ਮਾਰੀ
ਸਮੇਂ ਦੀਆਂ ਸਰਕਾਰਾਂ
ਕਦੀ ਜੂਨ ਤੇ ਕਦੀ ਨਵੰਬਰ
ਕੋਝੀਆਂ ਮਾਰੀਆਂ ਮਾਰਾਂ।
ਜੂਨ ਨਵੰਬਰ ਹਰੇ ਹੋ ਜਾਂਦੇ
ਇਹ ਨਾਸੂਰ ਨੇ ਰਿਸਦੇ।
ਪਤਾ ਨਹੀਂ ਕਦੋਂ ਤੱਕ ਰਹਿਣਾ
ਇਸ ਗੁਲਾਮੀ ਵਿਚ ਪਿਸਦੇ।

-ਚਰਨਜੀਤ ਸਿੰਘ ਸਾਹੀ
ਫੋਨ: 317-430-6545

ਗਜ਼ਲ

ਮੁੜ ਨਾ ਮਿਲੀ ਪਰੀਤ, ਜ਼ਮਾਨਾ ਬੀਤ ਗਿਆ।
ਖੋਏ ਦਿਲ ਦੇ ਮੀਤ, ਜ਼ਮਾਨਾ ਬੀਤ ਗਿਆ।
ਦਿਲ ਦੇ ਹਾਣੀ ਇਕ ਇਕ ਕਰਕੇ ਚਲੇ ਗਏ
ਰਹਿ ਗਏ ਗਜ਼ਲਾਂ-ਗੀਤ, ਜ਼ਮਾਨਾ ਬੀਤ ਗਿਆ।
ਵਗਦੀ ਲੂਅ ਵਿਚ ਉਡਦੇ ਸਾਡੇ ਖਾਬ ਗਏ
ਰੁਮਕੀ ਨਾ 'ਵਾ ਸੀਤ, ਜ਼ਮਾਨਾ ਬੀਤ ਗਿਆ।
ਖੁਰਚਣ ਧਰਤੀ ਬੁੱਢੇ ਖੇਤਾਂ ਵਿਚ ਬਹਿ ਕੇ
ਲੱਭਦੇ ਫਿਰਨ ਅਤੀਤ, ਜ਼ਮਾਨਾ ਬੀਤ ਗਿਆ।
ਨਜ਼ਰ-ਫਜ਼ਰ ਦਾ ਮਾਂ ਨੂੰ ਖੌਫ ਸਤਾਉਂਦਾ ਜਦ
ਦਿੰਦੀ ਘੋਲ ਤਬੀਤ, ਜ਼ਮਾਨਾ ਬੀਤ ਗਿਆ।
ਰਿਸ਼ਤੇ-ਨਾਤੇ, ਦੋਸਤੀਆਂ ਦੇ ਰੰਗ ਬਦਲੇ
ਗਈ ਪੁਰਾਣੀ ਰੀਤ, ਜ਼ਮਾਨਾ ਬੀਤ ਗਿਆ।
ਹਵਾ-ਪਾਣੀ ਦੀ ਕਦਰ ਮਾਪਿਆਂ ਵਾਂਗ ਘਟੀ
ਹੋਈ ਧਰਤਿ ਪਲੀਤ, ਜ਼ਮਾਨਾ ਬੀਤ ਗਿਆ।
ਧੜਕ ਰਹੇ ਦਿਲ ਦੀ ਰਗ ਉਤੇ ਹੱਥ ਧਰੀ
ਗਾਉਂਦਾ ਜੀ ਜਗਜੀਤ, ਜ਼ਮਾਨਾ ਬੀਤ ਗਿਆ।
'ਪੱਪੇ' 'ਮੋਹਣੀ' ਨਾ 'ਲੀਲ੍ਹਾ' ਨਾ 'ਰਾਜ' ਦਿਸੀ
ਮਿਲੀ ਨਾ 'ਸ਼ਰਨ' 'ਸੁਮੀਤ', ਜ਼ਮਾਨਾ ਬੀਤ ਗਿਆ।
ਚਿੱਤਰਕਾਰ ਮਹਿੰਦਰ ਨੀਲੋਂ ਖੁਰਸ਼ੀਦੀ
ਚਲਾ ਗਿਆ 'ਸੁਰਜੀਤ', ਜ਼ਮਾਨਾ ਬੀਤ ਗਿਆ।

-ਗੁਰਦਿਆਲ ਦਲਾਲ
ਫੋਨ: 91-98141-85363

ਗੌਹਰ ਖਾਨ: ਨਫਰਤ ਵੰਡਣ ਵਾਲਿਆਂ ਨੂੰ ਕਰਾਰਾ ਜਵਾਬ

ਭਾਰਤ ਅਤੇ ਪਾਕਿਸਤਾਨ ਵਿਚਕਾਰ ਰਿਸ਼ਤਿਆਂ ਦੀਆਂ ਉਲਝੀਆਂ ਤੰਦਾਂ ਬਹੁਤ ਵਾਰ ਬੜਾ ਵਿਕਰਾਲ ਰੂਪ ਅਖਤਿਆਰ ਕਰ ਜਾਂਦੀਆਂ ਹਨ। ਅੱਜ ਕੱਲ੍ਹ ਕਿਉਂਕਿ ਕੇਂਦਰ ਵਿਚ ਹਿੰਦੂਤਵਵਾਦੀਆਂ ਦੀ ਸਰਕਾਰ ਹੈ, ਇਸ ਲਈ ਸੰਘ ਪੱਖੀ ਲੋਕ ਖੂਬ ਸਰਗਰਮੀ ਦਿਖਾ ਰਹੇ ਹਨ। ਉਨ੍ਹਾਂ ਦਾ ਆਖਣਾ ਹੈ ਕਿ ਹੁਣ ਮੁਲਕ ਵਿਚ ਉਨ੍ਹਾਂ ਦੀ ਸਰਕਾਰ ਹੈ, ਜੇ ਉਹ ਹੁਣ ਵੀ ਆਪਣੀ ਮਰਜ਼ੀ ਨਹੀਂ ਕਰਨਗੇ ਤਾਂ ਹੋਰ ਕਦੋਂ ਕਰਨਗੇ? ਇਨ੍ਹਾਂ ਦੀ ਇਸ ਮਨਮਰਜ਼ੀ ਦਾ ਸ਼ਿਕਾਰ ਰੋਜ਼ ਕੋਈ ਨਾ ਕੋਈ ਬਣ ਜਾਂਦਾ ਹੈ।

ਹਾਲ ਹੀ ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਏ ਕ੍ਰਿਕਟ ਚੈਂਪੀਅਨਜ਼ ਟਰਾਫ਼ੀ ਮੈਚ ਤੋਂ ਬਾਅਦ ਅਦਾਕਾਰਾ ਗੌਹਰ ਖਾਨ ਨੇ ਇੰਸਟਾਗਰਾਮ ਉਤੇ ਆਪਣੀ ਤਸਵੀਰ ਕੀ ਪਾਈ, ਹਿੰਦੂਵਾਦੀ ਉਸ ਦੇ ਮਗਰ ਹੀ ਪੈ ਗਏ! ਗੌਹਰ ਖਾਨ ਨੇ ਵੀ ਜਵਾਬ ਰਤਾ ਖੜਕਾ ਕੇ ਦਿੱਤਾ। ਅਸਲ ਵਿਚ ਕਿਸੇ ਕੱਟੜਪੰਥੀ ਨੇ ਤਸਵੀਰ ਉਤੇ ਲਿਖ ਮਾਰਿਆ ਕਿ "ਗੌਹਰ ਖਾਨ, ਮੈਨੂੰ ਦੁੱਖ ਹੈ ਕਿ ਤੁਹਾਡੀ ਟੀਮ ਮੈਚ ਹਾਰ ਗਈ। ਚਲੋ, ਕੋਈ ਗੱਲ ਨਹੀਂ, ਪਾਕਿਸਤਾਨ ਨੂੰ ਅਗਲੀ ਵਾਰ ਮੌਕੇ ਮਿਲੇਗਾ।" ਯਾਦ ਰਹੇ ਕਿ ਹਿੰਦੂ ਕੱਟੜਪੰਥੀ ਮੁਸਲਮਾਨ ਘੱਟ-ਗਿਣਤੀਆਂ ਨੂੰ ਵਾਰ ਵਾਰ ਆਪਣੇ ਨਿਸ਼ਾਨੇ ਦਾ ਸ਼ਿਕਾਰ ਬਣਾ ਰਹੇ ਹਨ, ਪਰ ਜਵਾਬ ਵਿਚ ਗੌਹਰ ਖਾਨ ਨੇ ਲਿਖ ਦਿੱਤਾ- "ਮੇਰਾ ਦੇਸ਼ ਭਾਰਤ ਹੈ, ਪਰ ਲਗਦਾ ਹੈ ਕਿ ਤੁਸੀਂ ਕਿਸੇ ਹੋਰ ਗ੍ਰਹਿ ਤੋਂ ਆਏ ਹੋ। ਮੈਂ ਹਰ ਦੇਸ਼, ਹਰ ਧਰਮ ਦਾ ਆਦਰ ਕਰਦੀ ਹਾਂ, ਪਰ ਤੁਹਾਡੇ ਵਰਗ ਹੋਛੇ ਬੰਦੇ ਕਿਤੇ ਜਿੱਤ ਨਹੀਂ ਸਕਦੇ। ਫਿਰ ਵੀ ਤੁਹਾਡੇ ਲਈ ਦੁਆ ਕਰਾਂਗੀ।" ਗੌਹਰ ਖਾਨ ਦੇ ਪ੍ਰਸ਼ੰਸਕਾਂ ਦੀ ਉਸ ਨੂੰ ਸਲਾਹ ਸੀ ਕਿ ਅਜਿਹੇ ਲੋਕਾਂ ਨਾਲ ਗੱਲ ਕਰਨ ਦਾ ਫਾਇਦਾ ਕੋਈ ਨਹੀਂ। ਇਹ ਲੋਕ ਤਾਂ ਮਿਥ ਕੇ ਸੋਸ਼ਲ ਮੀਡੀਆ ਉਤੇ ਅਜਿਹਾ ਕਰਦੇ ਹਨ ਤਾਂ ਕਿ ਵੱਖ-ਵੱਖ ਮਸਲਿਆਂ 'ਤੇ ਸੰਘ ਦਾ ਪ੍ਰਚਾਰ ਕੀਤਾ ਜਾ ਸਕੇ। ਯਾਦ ਰਹੇ ਕਿ ਗੌਹਰ ਖਾਨ ਤੋਂ ਪਹਿਲਾਂ ਕਈ ਸ਼ਖਸੀਅਤਾਂ ਵੀ ਇਨ੍ਹਾਂ ਆਰ.ਐਸ.ਐਸ ਪੱਖੀਆਂ ਦੀ ਟਰੋਲਿੰਗ ਦਾ ਸ਼ਿਕਾਰ ਹੋ ਚੁੱਕੀਆਂ ਹਨ। ਇਨ੍ਹਾਂ ਵਿਚ ਅਦਾਕਾਰਾ ਸਵਰਾ ਭਾਸਕਰ ਅਤੇ ਲਿਖਾਰੀ ਅਰੁੰਧਤੀ ਰਾਏ ਸ਼ਾਮਲ ਹਨ।

-ਕੀਰਤ ਕਾਸ਼ਣੀ

ਸ਼ਰੂਤੀ ਦੀ ਹਸਰਤ

ਉਘੀਆਂ ਫਿਲਮੀ ਹਸਤੀਆਂ ਕਮਲ ਹਸਨ ਅਤੇ ਸਾਰਿਕਾ ਦੀ ਵੱਡੀ ਧੀ ਸ਼ਰੂਤੀ ਹਸਨ ਦਾ ਡਾਵਾਂਡੋਲ ਹੋਇਆ ਕਰੀਅਰ ਸੰਭਲਣ ਦਾ ਨਾਂ ਨਹੀਂ ਲੈ ਰਿਹਾ। ਉਸ ਦੀ ਹੁਣੇ ਹੁਣੇ ਆਈ ਫਿਲਮ 'ਬਹਿਨ ਹੋਗੀ ਤੇਰੀ' ਇਕ ਤਾਂ ਬਾਕਸ ਆਫ਼ਿਸ 'ਤੇ ਬਹੁਤੀ ਚੱਲੀ ਨਹੀਂ, ਦੂਜੇ ਉਸ ਦੀ ਹਲਕੀ ਅਦਾਕਾਰੀ ਦੀ ਵੀ ਨੁਕਤਾਚੀਨੀ ਹੋਈ ਹੈ। ਇਸ ਮਾਮਲੇ 'ਤੇ ਫ਼ਿਲਮ ਦੇ ਡਾਇਰੈਕਟਰ ਅਜੇ ਪੰਨਾ ਲਾਲ ਦੀ ਵੀ ਬਹੁਤ ਆਲੋਚਨਾ ਹੋਈ ਹੈ।

ਅਜੇ ਪੰਨਾ ਲਾਲ ਦੀ ਇਹ ਪਲੇਠੀ ਫਿਲਮ ਹੈ ਅਤੇ ਇਸ ਫਿਲਮ ਵਿਚ ਰਾਜ ਕੁਮਾਰ ਰਾਓ ਵਰਗਾ ਹੰਢਿਆ-ਵਰਤਿਆ ਕਲਾਕਾਰ ਵੀ ਹੈ। ਰਾਓ ਨੇ ਆਪਣੀਆਂ ਹੋਰ ਫਿਲਮਾਂ ਵਾਂਗ ਇਸ ਫਿਲਮ ਵਿਚ ਵੀ ਕਮਾਲ ਦੀ ਅਦਾਕਾਰੀ ਦਾ ਮੁਜ਼ਾਹਰਾ ਕੀਤਾ ਹੈ, ਪਰ ਇਹ ਫਿਲਮ ਸਿਰਫ਼ ਰਾਜ ਕੁਮਾਰ ਰਾਓ ਦਾ 'ਵੰਨਮੈਨ ਸ਼ੋਅ' ਹੋ ਕੇ ਰਹਿ ਗਈ ਹੈ। ਫਿਲਮ ਵਿਚ ਅਜਿਹੇ ਕਈ ਮੌਕੇ ਆਉਂਦੇ ਹਨ, ਜਿਥੇ ਫਿਲਮ ਦਾ ਡਾਇਰੈਕਟਰ ਅਜੇ ਪੰਨਾ ਲਾਲ ਅਤੇ ਫਿਲਮ ਦੀ ਨਾਇਕਾ ਸ਼ਰੂਤੀ ਹਸਨ ਆਪੋ ਆਪਣਾ ਰੰਗ ਦਿਖਾ ਸਕਦੇ ਸਨ, ਪਰ ਦੋਵੇਂ ਹੀ ਖੁੰਝ ਗਏ, ਕਿਉਂਕਿ ਵਿਨੀਤ ਬਿਆਸ ਨੇ ਕਹਾਣੀ ਹੀ ਇਸ ਤਰ੍ਹਾਂ ਦੀ ਲਿਖੀ ਹੈ।

ਫਿਲਮ ਦੀ ਕਹਾਣੀ ਦਾ ਨਾੜੂਆਂ ਰੱਖੜੀ ਨਾਲ ਬੰਨ੍ਹਿਆ ਹੋਇਆ ਹੈ ਅਤੇ ਫਿਲਮ ਵਿਚ ਬਹੁਤ ਥਾਂਈਂ ਕਮੇਡੀ ਦੇ ਨਾਂ ਉਤੇ ਮਾੜੇ ਦ੍ਰਿਸ਼ ਫਿਲਮਾਏ ਗਏ ਹਨ। ਸ਼ਰੂਤੀ ਹਸਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਆਪਣੇ ਪਿਤਾ ਕਮਲ ਹਸਨ ਦੀ ਫਿਲਮ 'ਹੇ ਰਾਮ' ਤੋਂ ਸੰਨ 2000 ਵਿਚ ਕੀਤੀ ਸੀ। ਉਸ ਤੋਂ ਬਾਅਦ ਉਸ ਨੂੰ ਕਈ ਹਿੰਦੀ ਫਿਲਮਾਂ ਮਿਲੀਆਂ, ਪਰ ਉਸ ਦਾ ਕਰੀਅਰ ਅਗਾਂਹ ਨਹੀਂ ਵਧ ਸਕਿਆ। ਹਾਂ, ਤੇਲਗੂ ਅਤੇ ਤਮਿਲ ਫਿਲਮਾਂ ਵਿਚ ਉਸ ਨੇ ਕੁਝ ਥਾਂ ਜ਼ਰੂਰ ਬਣਾ ਨਹੀ ਹੈ ਪਰ ਉਹ ਅਤੇ ਉਸ ਦਾ ਪਿਤਾ ਚਾਹੁੰਦੇ ਹਨ ਕਿ ਸ਼ਰੂਤੀ ਹਿੰਦੀ ਫਿਲਮਾਂ ਦੀ ਸਫ਼ਲ ਨਾਇਕਾ ਬਣੇ।

ਮਨਮੋਹਨ ਸਿੰਘ 'ਤੇ ਬਣ ਰਹੀ ਫਿਲਮ ਦੀਆਂ ਗੁੱਝੀਆਂ ਰਮਜ਼ਾਂ

ਗੁਰਜੰਟ ਸਿੰਘ

ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਮੀਡੀਆ ਸਲਾਹਕਾਰ ਰਹੇ ਅਤੇ ਪੱਤਰਕਾਰ ਸੰਜੇ ਬਾਰੂ ਦੀ 2014 ਵਿਚ ਛਪੀ ਕਿਤਾਬ ਉਤੇ ਫਿਲਮ ਬਣਾਉਣ ਦਾ ਐਲਾਨ ਹੋ ਗਿਆ ਹੈ। ਇਹ ਫਿਲਮ 2019 ਵਿਚ ਆ ਰਹੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਰਿਲੀਜ਼ ਕਰਨ ਦੀ ਯੋਜਨਾ ਹੈ। ਯਾਦ ਰਹੇ ਕਿ ਕਿਤਾਬ ਵਿਚ ਸੰਜੇ ਬਾਰੂ ਨੇ ਕੁਝ ਮਾਮਲਿਆਂ 'ਤੇ ਡਾ. ਮਨਮੋਹਨ ਸਿੰਘ ਦੀ ਬੜੀ ਤਿੱਖੀ ਆਲੋਚਨਾ ਕੀਤੀ ਹੋਈ ਹੈ। ਇਸ ਵਿਚ ਸਾਫ਼ ਕਿਹਾ ਗਿਆ ਹੈ ਕਿ ਉਨ੍ਹਾਂ ਦੇ ਕਾਰਜਕਾਲ ਦੌਰਾਨ ਪ੍ਰਧਾਨ ਮੰਤਰੀ ਦਫ਼ਤਰ 'ਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ ਸੀ। ਵੱਖ ਵੱਖ ਵਿਭਾਗਾਂ ਦੀਆਂ ਫਾਈਲਾਂ ਡਾ. ਮਨਮੋਹਨ ਸਿੰਘ ਦੇ ਟੇਬਲ 'ਤੇ ਪੁੱਜਣ ਦੀ ਥਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਘਰੇ ਪੁੱਜ ਜਾਂਦੀਆਂ ਸਨ। ਇਸ ਬਾਰੇ ਚਰਚਾ ਤਾਂ ਮੀਡੀਆ ਵਿਚ ਵੀ ਹੁੰਦੀ ਰਹੀ ਹੈ। ਸੋਨੀਆ ਗਾਂਧੀ ਦੇ ਫ਼ਰਜ਼ੰਦ ਅਤੇ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਤਾਂ ਦੋ ਤਿੰਨ ਵਾਰ ਡਾ. ਮਨਮੋਹਨ ਸਿੰਘ ਨੂੰ ਨਾਮੋਸ਼ੀ ਵਾਲੀ ਹਾਲਤ ਵਿਚ ਵੀ ਧੱਕ ਦਿੱਤਾ ਸੀ। ਸੰਜੇ ਬਾਰੂ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ ਉਸ ਵੇਲੇ ਡਾ. ਮਨਮੋਹਨ ਸਿੰਘ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਪਾਸੇ ਹੋ ਜਾਣਾ ਚਾਹੀਦਾ ਸੀ, ਪਰ ਉਹ ਅਜਿਹਾ ਨਹੀਂ ਕਰ ਸਕੇ। ਹੋਰ ਤਾਂ ਹੋਰ ਉਨ੍ਹਾਂ ਦੀ ਸਰਕਾਰ ਦੌਰਾਨ ਸਿਰੇ ਦੇ ਘਪਲੇ ਹੋਏ ਪਰ ਪ੍ਰਧਾਨ ਮੰਤਰੀ ਇਸ ਬਾਰੇ ਟੋਹ ਤੱਕ ਨਾ ਲਾ ਸਕੇ। ਇਹ ਸਾਰੀਆਂ ਗੱਲਾਂ ਇਸ ਕਿਤਾਬ ਦਾ ਹਿੱਸਾ ਹਨ ਜੋ ਹੁਣ ਆਰ.ਐਸ.ਐਸ ਪੱਖੀ ਦਸਤਾਵੇਜ਼ੀ ਫਿਲਮਸਾਜ਼ ਅਸ਼ੋਕ ਪੰਡਿਤ ਵੱਲੋਂ ਪ੍ਰੋਡਿਊਸ ਕੀਤੀ ਜਾ ਰਹੀ ਹੈ।

ਇਸ ਫਿਲਮ ਦੇ ਨਿਰਦੇਸ਼ਨ ਦਾ ਜ਼ਿੰਮਾ ਨਵੇਂ ਫਿਲਮਸਾਜ਼ ਵਿਜੇ ਰਤਨਾਕਰ ਗੱਟੇ ਨੂੰ ਦਿੱਤਾ ਗਿਆ ਹੈ। ਫਿਲਮ ਦੀ ਪਟਕਥਾ ਕੌਮੀ ਪੁਰਸਕਾਰ ਜੇਤੂ ਫਿਲਮਸਾਜ਼ ਹੰਸਲ ਮਹਿਤਾ ਜਿਸ ਦੀਆਂ ਕਈ ਫਿਲਮਾਂ (ਸ਼ਾਹਿਦ, ਅਲੀਗੜ੍ਹ, ਸਿਟੀ ਲਾਈਟਸ) ਬਹੁਤ ਚਰਚਾ ਕਰਵਾ ਚੁੱਕੀਆਂ ਹਨ। ਸਿਆਸੀ ਮਾਹਿਰਾਂ ਅਨੁਸਾਰ ਇਹ ਫਿਲਮ ਅਗਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਵਜੋਂ ਹੀ ਤਿਆਰ ਕਰਵਾਈ ਜਾ ਰਹੀ ਹੈ ਤਾਂ ਕਿ ਕਾਂਗਰਸ ਤੇ ਡਾ. ਮਨਮੋਹਨ ਸਿੰਘ ਨੂੰ ਠਿੱਠ ਕੀਤਾ ਜਾ ਸਕੇ ਅਤੇ ਆਮ ਲੋਕਾਂ ਨੂੰ ਇਕ ਵਾਰ ਫਿਰ ਇਨ੍ਹਾਂ ਲੋਕਾਂ ਦੀਆਂ ਨਾਕਾਮੀਆਂ ਬਾਰੇ ਚੇਤੇ ਕਰਵਾਇਆ ਜਾ ਸਕੇ। ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਦੀ 2014 ਵਾਲੀਆਂ ਲੋਕ ਸਭਾ ਚੋਣਾਂ ਵਿਚ ਜਿੱਤ ਦਾ ਸਭ ਤੋਂ ਵੱਡਾ ਕਾਰਨ ਕਾਂਗਰਸ ਤੇ ਡਾ. ਮਨਮੋਹਨ ਸਿੰਘ ਦੀਆਂ ਨਾਕਾਮੀਆਂ ਅਤੇ ਭ੍ਰਿਸ਼ਟਾਚਾਰ ਹੀ ਬਣਿਆ ਸੀ। ਉਂਜ ਹੁਣ ਦੇਖਣਾ ਇਹ ਹੈ ਕਿ ਇਸ ਫਿਲਮ ਦਾ ਆਮ ਲੋਕਾਂ 'ਤੇ ਅਸਰ ਕਿੰਨਾ ਪੈਂਦਾ ਹੈ। ਇਹ ਨੁਕਤਾ ਵੀ ਮੀਡੀਆ ਵਿਚ ਉਡ ਰਿਹਾ ਹੈ ਕਿ ਡਾ. ਮਨਮੋਹਨ ਸਿੰਘ ਦੀ ਮਨਜ਼ੂਰੀ ਤੋਂ ਬਿਨਾਂ ਇਹ ਫਿਲਮ ਬਣ ਵੀ ਸਕਦੀ ਹੈ ਜਾਂ ਨਹੀਂ? ਫਿਲਮ ਵਿਚ ਮਨਮੋਹਨ ਸਿੰਘ ਵਾਲਾ ਕਿਰਦਾਰ ਅਨੁਪਮ ਖੇਰ ਨਿਭਾਅ ਰਿਹਾ ਹੈ।

'ਦਿ ਐਕਸੀਡੈਂਟਲ ਪ੍ਰਾਈਮ ਮਿਨਿਸਟਰ' ਕਿਤਾਬ ਜਿਸ ਦੇ ਆਧਾਰ ਉਤੇ ਫਿਲਮ ਬਣ ਰਹੀ ਹੈ ਅਤੇ (ਹੇਠਾਂ) ਡਾ. ਮਨਮੋਹਨ ਸਿੰਘ ਦੇ ਰੋਲ ਵਿਚ ਅਨੁਪਮ ਖੇਰ।

Gill Financial & Insurance Services

31080 Union City Blvd# 201, Union City, CA 94587

Insurance

*Auto *Home *Business *Life
*Health Insurance

*ਆਟੋ *ਹੋਮ *ਬਿਜਨਸ *ਲਾਈਫ *ਹੈਲਥ ਇੰਸ਼ੋਰੈਂਸ

Save up to 25%

Get all the discounts.

Specialize in:

*Retirement Planning (401K-IRA-SEPIRA)
*Education Funding
*Tax Planning
*Estate Planning
*Investment Planning
*Business Continuation
*Mortgage Protection
*Family Life Insurance

Manjit Gill
CA Ins Lic#0B23990

24 years experience

Call Manjit Gill, Ph: 510-888-1180

ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

Rates as low as 2.0%

ਸੰਪਰਕ ਕਰੋ:
ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863

www.Transportationfunding.com

Transportation Funding Group, Inc. Minneapolis, MN 55426